ਸ਼ਾਂਤ ਸਰਘੀ ਵੇਲਾ

ਬੋਰਿਸ ਵਾਸੀਲਿਯੇਵ

ਸ਼ਾਂਤ ਸਰਘੀ ਵੇਲਾ

ਬੋਰਿਸ ਵਾਸੀਲਿਯੇਵ

ਦਸਤਕ ਪ੍ਰਕਾਸ਼ਨ

Brought to you by Archive of Punjab

ਸ਼ਾਂਤ ਸਰਘੀ ਵੇਲਾ

ਬੋਰਿਸ ਵਾਸੀਲਿਯੇਵ

Vasilyev B.

THE DAWNS ARE QUIET HERE...

In Punjabi

ਅਨੁਵਾਦਕ — ਕਰਨਜੀਤ ਸਿੰਘ

ਪਹਿਲੀ ਵਾਰ — ਅਕਤੂਬਰ 2007

ਪ੍ਰਕਾਸ਼ਕ : ਦਸਤਕ ਪ੍ਰਕਾਸ਼ਨ
(ਪੰਜਾਬੀ ਵਿਭਾਗ, ਪਰੀਕਲਪਨਾ ਪ੍ਰਕਾਸ਼ਨ,
ਜਨਚੇਤਨਾ, ਡੀ-68, ਨਿਰਾਲਾ ਨਗਰਾ ਲਖਨਊ - 226020)

ਪੁਸਤਕ ਪ੍ਰਾਪਤੀ 154, ਸ਼ਹੀਦ ਕਰਨੈਲ ਸਿੰਘ ਨਗਰ, ਫੇਜ਼-3,
ਪੱਖੋਵਾਲ ਰੋਡ, ਲੁਧਿਆਣਾ।
ਫੋਨ : 98886-55663

ਕੀਮਤ : 30 ਰੁਪਏ

Brought to you by Archive of Punjab

ਸ਼ਾਂਤ ਸਰਘੀ ਵੇਲ਼ਾ

ਸਟੇਸ਼ਨ ਨੰਬਰ 171 ਉੱਤੇ ਬਾਰਾਂ ਮਕਾਨ, ਅੱਗ ਬੁਝਾਉਣ ਵਾਲ਼ੇ ਸਾਜ਼ ਸਮਾਨ ਦਾ ਸ਼ੈਡ ਅਤੇ ਇੱਕ ਨੀਵਾਂ ਜਿਹਾ ਲੰਮਾ ਸਾਰਾ ਮਾਲਖਾਨਾ ਜੋ ਇਸ ਸਦੀ ਦੇ ਸ਼ੁਰੂ ਵਿੱਚ ਸੁਚੱਜ ਨਾਲ਼ ਘੜੇ ਹੋਏ ਪੱਥਰਾਂ ਦੀ ਚਿਣਾਈ ਕਰਕੇ ਉਸਾਰੇ ਗਏ ਸਨ ਅਜੇ ਤੱਕ ਖੜ੍ਹੇ ਸਨ। ਪਾਣੀ ਦੀ ਟੈਂਕੀ ਵਾਲ਼ਾ ਬੁਰਜ ਪਿਛਲੇ ਹਵਾਈ ਹਮਲੇ ਵਿੱਚ ਤਹਿਸ ਨਹਿਸ ਹੋ ਗਿਆ ਸੀ ਅਤੇ ਗੱਡੀਆਂ ਹੁਣ ਇਸ ਸਟੇਸ਼ਨ ਉੱਤੇ ਨਹੀਂ ਖਲੋਂਦੀਆਂ ਸਨ। ਭਾਵੇਂ ਹੁਣ ਜਰਮਨ ਬੰਬਾਰੀ ਨਹੀਂ ਸਨ ਕਰ ਰਹੇ, ਪਰ ਹਾਲੇ ਵੀ ਉਹ ਸਟੇਸ਼ਨ ਉੱਤੇ ਵਿਖਾਈ ਦੇ ਜਾਂਦੇ ਸਨ। ਇਸੇ ਕਰਕੇ ਹੀ ਸੋਵੀਅਤ ਕਮਾਂਡ ਨੇ ਪੇਸ਼ਬੰਦੀ ਦੇ ਤੌਰ 'ਤੇ ਦੋ ਚੁਨਾਲੀਆਂ ਹਵਾਮਾਰ ਤੋਪਾਂ ਤਿਆਰ ਬਰ ਤਿਆਰ ਰੱਖੀਆਂ ਹੋਈਆਂ ਸਨ।

ਇਹ ਮਈ 1942 ਦੇ ਦਿਨਾਂ ਦੀ ਗੱਲ ਹੈ। ਪੱਛਮ ਵੱਲ (ਸਿਲ੍ਹੀਆਂ ਰਾਤਾਂ ਨੂੰ ਭਾਰੀ ਤੋਪਾਂ ਦੀ ਮਨਹੂਸ ਗਰਜ ਸੁਣਾਈ ਦਿੰਦੀ ਸੀ) ਦੋਵਾਂ ਧਿਰਾਂ ਨੇ ਦੋ-ਦੋ ਮੀਟਰ ਡੂੰਘੀਆਂ ਖੰਦਕਾਂ ਪੁੱਟ ਲਈਆਂ ਸਨ ਅਤੇ ਅਖੀਰ 'ਚ ਆਮ੍ਹੋ ਸਾਹਮਣੇ ਮੋਰਚੇ ਲਾ ਕੇ ਬਹਿ ਗਈਆਂ ਸਨ। ਪੂਰਬ ਵੱਲ ਜਰਮਨ ਸੈਨਾਵਾਂ ਨਹਿਰ ਉੱਤੇ ਅਤੇ ਮੂਰਮਾਨਸਕ ਰੇਲ ਲਾਈਨ ਉੱਤੇ ਰਾਤ ਦਿਨ ਬੰਬ ਵਰ੍ਹਾ ਰਹੀਆਂ ਸਨ। ਉੱਤਰ ਵਾਲ਼ੇ ਪਾਸੇ ਸਮੁੰਦਰੀ ਰਸਤਿਆਂ ਦੀ ਖਾਤਰ ਸਖਤ ਲੜਾਈ ਹੋ ਰਹੀ ਸੀ। ਦੱਖਣ ਵਿੱਚ ਘੇਰੇ ਵਿੱਚ ਆਇਆ ਹੋਇਆ ਲੈਨਿਨਗ੍ਰਾਦ ਡਟਵਾਂ ਮੁਕਾਬਲਾ ਕਰੀ ਜਾ ਰਿਹਾ ਸੀ।

ਪਰ ਇਹ ਥਾਂ ਸੀ ਜਿਵੇਂ ਕੋਈ ਸੈਨੇਟੋਰੀਅਮ ਹੋਵੇ। ਆਲੇ-ਦੁਆਲ਼ੇ ਦੇ ਅਮਨ ਚੈਨ ਅਤੇ ਵਿਹਲ ਸਦਕਾ ਫੌਜੀ ਸਿਪਾਹੀ ਹੌਲੇ ਫੁੱਲ ਮਹਿਸੂਸ ਕਰ ਰਹੇ ਸਨ ਜਿਵੇਂ ਭਾਫ-ਇਸ਼ਨਾਨ ਕੀਤਾ ਹੁੰਦਾ ਹੈ ਅਤੇ ਬਚਦੇ ਬਾਰਾਂ ਮਕਾਨਾਂ ਵਿੱਚ ਅਜੇ ਵੀ ਏਹੋ ਜਿਹੀਆਂ ਮੁਟਿਆਰਾਂ ਅਤੇ ਵਿਧਵਾ ਔਰਤਾਂ ਮੌਜੂਦ ਸਨ ਜਿਹੜੀਆਂ ਲਗਭਗ ਹਰ ਚੀਜ਼ 'ਤੇ ਠਰ੍ਹਾ ਪਾਉਣ ਜਾਣਦੀਆਂ ਸਨ, ਮੱਛਰਾਂ ਦੀ ਭੀਂ ਭੀਂ ਤੋਂ ਵੀ। ਨਵੇਂ ਤੋਪਚੀ ਪਹਿਲੇ ਤਿੰਨ ਦਿਨ ਰੱਜ ਕੇ ਸੌਂਦੇ ਅਤੇ ਹਾਲਤ ਦਾ ਜ਼ਾਇਜ਼ਾ ਲੈਂਦੇ, ਚੌਥੇ ਦਿਨ ਕਿਸੇ ਦੇ ਨਾਮ-ਦਿਵਸ ਦਾ ਜ਼ਸ਼ਨ ਸ਼ੁਰੂ ਹੋ ਜਾਂਦਾ ਤੇ ਉਸ ਤੋਂ ਮਗਰੋਂ ਸ਼ਰਾਬ ਦੀ ਤਿੱਖੀ ਮੁਸ਼ਕ ਸਾਰੇ ਸਟੇਸ਼ਨ ਉਤੇ ਫੈਲੀ ਰਹਿੰਦੀ।

ਉਦਾਸੇ ਜਿਹੇ ਚਿਹਰੇ ਵਾਲ਼ਾ, ਸਟੇਸ਼ਨ ਦਾ ਕੁਮੇਦਾਨ ਸਾਰਜੈਂਟ ਮੇਜਰ, ਫੇਦੋਤ ਵਾਸਕੋਵ, ਹਰ ਨਿੱਕੀ ਮੋਟੀ ਗੱਲ 'ਤੇ ਉਤਲੇ ਅਫਸਰਾਂ ਨੂੰ ਰਿਪੋਰਟਾਂ ਲਿਖਦਾ ਰਹਿੰਦਾ। ਜਦੋਂ ਰਿਪੋਰਟ ਦੀ ਗਿਣਤੀ ਦਸ ਤੱਕ ਪਹੁੰਚ ਜਾਂਦੀ ਤਾਂ ਉਸ ਦਾ ਵੱਡਾ ਅਫਸਰ ਵਾਸਕੋਵ ਨੂੰ ਸਧਾਰਨ ਜਿਹੀ ਝਾੜ ਪਾ ਦੇਂਦਾ ਅਤੇ ਉਹਨਾਂ ਵਿਹਲੜ ਮੌਜੀਆਂ ਦੀ ਅੱਧੀ ਪਲਟਨ ਦੀ ਥਾਂ ਜਿਨ੍ਹਾਂ ਦੀਆਂ ਗੱਲ੍ਹਾਂ ਫੁੱਲ ਗਈਆਂ ਹੁੰਦੀਆਂ ਨਵੇਂ ਬੰਦੇ ਭੇਜ ਦਿੰਦਾ। ਹਫਤਾ ਕੁ ਭਰ ਕੁਮੇਦਾਨ ਸਹਾਇਤਾ ਮੰਗੇ ਬਗੈਰ ਹੀ ਕੰਮ ਚਲਾ ਲੈਂਦਾ ਜਿਸ ਤੋਂ ਮਗਰੋਂ ਹਰ ਗੱਲ ਇੰਨ ਬਿਨ ਪਹਿਲਾਂ ਵਾਂਗ ਹੀ ਦੁਹਰਾਈ ਜਾਂਦੀ ਤੇ ਅਖੀਰ ਉਤੇ ਆਪਣੀਆਂ ਪਹਿਲੀਆਂ ਰਿਪੋਰਟਾਂ ਦੀਆਂ ਨਕਲਾਂ ਬਣਾਉਣ ਲਈ ਮਜ਼ਬੂਰ ਹੋ ਜਾਂਦਾ। ਸਿਰਫ ਇੰਨਾ ਫਰਕ ਹੁੰਦਾ ਸੀ ਕਿ ਹੁਣ ਇਹਨਾਂ ਉੱਤੇ ਨਾਂ ਤੇ ਤਾਰੀਖਾਂ ਨਵੀਆਂ ਹੁੰਦੀਆਂ

ਸਨ।

"ਵਕਤ ਜਾਇਆ ਕਰਨਾ!" ਮੇਜਰ ਕੜਕਿਆ ਜਿਹੜਾ ਸੱਜਰੀਆਂ ਰਿਪੋਰਟਾਂ ਦੇ ਸਿਲਸਿਲੇ ਵਿੱਚ ਜਾਂਚ ਪੜਤਾਲ ਕਰਨ ਆਇਆ ਸੀ। "ਨਾਲ਼ੇ ਵਕਤ ਨਾਲ਼ੇ ਕਾਗਜ਼! ਤੂੰ ਕੀ ਏਂ, ਕੁਮੇਦਾਨ ਏਂ ਜਾਂ ਕੋਈ ਲਿਖਾਰੀ?"

"ਸ਼ਰਾਬ ਨਾ ਪੀਣ ਵਾਲ਼ਿਆਂ ਨੂੰ ਭੇਜੋ ਮੇਰੇ ਕੋਲ਼!" ਵਾਸਕੋਵ ਨੇ ਹਠਧਰਮੀ ਨਾਲ਼ ਦੁਆਰਾ ਆਖਿਆ। ਭਾਵੇਂ ਉੱਚਾ ਬੋਲਣ ਵਾਲ਼ੇ ਅਫਸਰਾਂ ਕੋਲ਼ੋਂ ਉਸਨੂੰ ਡਰ ਲਗਦਾ ਸੀ ਪਰ ਉਹ ਆਪਣੇ ਮੋਰਚੇ 'ਤੇ ਡਟਿਆ ਰਿਹਾ। "ਸ਼ਰਾਬ ਨਾ ਪੀਂਦੇ ਹੋਣ 'ਤੇ... ਜਿਹੜੇ ਘੱਗਰੀਆਂ ਦੇ ਮਗਰ ਮਗਰ ਲਾਲ਼ਾਂ ਨਾ ਛਡਦੇ ਫਿਰਨ।"

"ਤੇਰਾ ਮਤਲਬ ਹੈ ਖੁਸਰੇ ਭੇਜ ਦੇਵਾਂ?"

"ਤੁਸੀਂ ਸਭ ਕੁੱਝ ਜਾਣਦੇ ਓ, " ਸਾਰਜੈਂਟ ਮੇਜ਼ਰ ਨੇ ਦਬੀ ਜਬਾਨ ਨਾਲ਼ ਆਖਿਆ।

"ਬਹੁਤ ਅੱਛਾ, ਵਾਸਕੋਵ", ਸਖਤੀ ਵਿੱਚ ਆ ਗਏ ਮੇਜ਼ਰ ਨੇ ਆਖਿਆ। ਉਹਦੀ ਆਵਾਜ਼ ਤੋਂ ਡਰ ਲਗਦਾ ਸੀ। "ਹੁਣ ਉਹੋ ਹੀ ਆਉਣਗੇ, ਜਿਹੜੇ ਨਾ ਸ਼ਰਾਬ ਪੀਣ, ਨਾ ਤੀਵੀਆਂ ਮਗਰ ਫਿਰਨ। ਪਰ ਵੇਖ ਲੈ, ਸਾਰਜੈਂਟ ਮੇਜ਼ਰ, ਤੂੰ ਉਹਨਾਂ ਨਾਲ਼ ਨਜਿੱਠ ਲਵੇਂਗਾ......"

"ਜੀ ਸਾਹਿਬ", ਕੁਮੇਦਾਨ ਨੇ ਰੁੱਖਾ ਜਿਹਾ ਜਵਾਬ ਦਿੱਤਾ। ਮੇਜ਼ਰ ਉਹਨਾਂ ਹਵਾ ਮਾਰ ਤੋਪਚੀਆਂ ਨੂੰ ਆਪਣੇ ਨਾਲ਼ ਲੈ ਗਿਆ ਜਿਹੜੇ ਇਮਤਿਹਾਨ ਵਿੱਚ ਪੂਰੇ ਨਹੀਂ ਉੱਤਰੇ ਸਨ ਅਤੇ ਵਾਸਕੋਵ ਨੂੰ ਦਿੱਤਾ ਬਚਨ ਦੁਹਰਾਇਆ ਕਿ ਉਹ ਐਸੇ ਬੰਦੇ ਭੇਜੇਗਾ ਜਿਹੜੇ ਔਰਤਾਂ ਅਤੇ ਘਰ ਦੀ ਕੱਢੀ ਸ਼ਰਾਬ ਤੋਂ ਖੁਦ ਸਾਰਜੈਂਟ ਮੇਜ਼ਰ ਨਾਲ਼ੋਂ ਵੀ ਬਹੁਤ ਕਤਰਾਉਂਦੇ ਹੋਣ। ਪਰ ਜਾਹਿਰ ਸੀ ਕਿ ਇਸ ਇਕਰਾਰ ਨੂੰ ਪੂਰਾ ਕਰਨਾ ਕੋਈ ਸੌਖਾ ਕੰਮ ਨਹੀਂ ਸੀ ਕਿਉਂਕਿ ਤਿੰਨ ਦਿਨ ਲੰਘ ਗਏ ਸਨ ਅਤੇ ਅਜੇ ਤੱਕ ਬਹੁੜਿਆ ਕੋਈ ਨਹੀਂ ਸੀ।

"ਇਹ ਬੜਾ ਪੇਚੀਦਾ ਸਵਾਲ ਏ, " ਸਾਰਜੈਂਟ ਮੇਜ਼ਰ ਨੇ ਆਪਣੀ ਮਕਾਨ ਮਾਲਕਣ, ਮਾਰੀਆ ਨਿਕੀਫੋਰੋਵਨਾ ਨੂੰ ਆਖਿਆ। "ਦੋ ਦਸਤਿਆਂ ਦਾ ਮਤਲਬ ਹੈ ਲਗਭਗ ਵੀਹ ਬੰਦੇ ਜਿਹੜੇ ਸ਼ਰਾਬ ਨਾ ਪੀਂਦੇ ਹੋਣ। ਮੇਰਾ ਖਿਆਲ ਏ ਜੇ ਪੂਰਾ ਮੁਹਾਜ਼ ਵੀ ਫੋਲ ਮਾਰਨ ਤਾਂ ਇਨੇ ਬੰਦੇ ਨਾ ਲੱਭ ਸਕਣ..."

ਪਰ ਹੋਇਆ ਇਹ ਕਿ ਉਹਦੇ ਸ਼ੱਕ ਤੌਖਲੇ ਬੇਬੁਨਿਆਦ ਨਿੱਕਲੇ। ਅਗਲੇ ਦਿਨ ਸਵੇਰ ਉਹਦੀ ਮਕਾਨ ਮਾਲਕਣ ਨੇ ਦੱਸਿਆ ਕਿ ਤੋਪਚੀ ਪਹੁੰਚ ਗਏ ਹਨ। ਉਹਦੀ ਆਵਾਜ਼ ਵਿੱਚ ਕੁੱਝ ਨੰਗਾ ਜਿਹਾ ਵਿਅੰਗ ਸੀ, ਪਰ ਸਾਰਜੈਂਟ ਮੇਜਰ ਹਾਲੇ ਜਾਗੋਮੀਟੀ ਵਿੱਚ ਹੋਣ ਕਰਕੇ ਚੰਗੀ ਤਰਾਂ ਕੁੱਝ ਸਮਝ ਨਹੀਂ ਸੀ ਸਕਿਆ। ਉਹਨੇ ਬਸ ਉਹੋ ਸਵਾਲ ਪੁੱਛਿਆ ਜਿਹੜਾ ਉਹਨੂੰ ਬਹੁਤਾ ਵੱਢ-ਵੱਢ ਖਾ ਰਿਹਾ ਸੀ, "ਉਹਨਾਂ ਨਾਲ਼ ਕੋਈ ਅਫਸਰ ਵੀ ਏ?"

"ਜਾਪਦਾ ਤਾਂ ਨਹੀਂ।"

"ਸ਼ੁਕਰ ਹੈ ਰੱਬ ਦਾ!" ਸਾਰਜੈਂਟ ਮੇਜ਼ਰ ਸੱਚੀ ਲਗਨ ਨਾਲ਼ ਕੁਮੇਦਾਨ ਦੇ ਫਰਜ ਨਿਭਾ ਰਿਹਾ ਸੀ। "ਅਖਤਿਆਰ ਵੰਡਿਆ ਜਾਏ ਤਾਂ ਇਹਦੇ ਨਾਲ਼ੋਂ ਮਾੜੀ ਗੱਲ ਕੋਈ ਨਹੀਂ।"

"ਰਤਾ ਠਹਿਰ ਜਾ, ਐਵੇਂ ਖੁਸ਼ ਨਾ ਹੋ," ਉਹਦੀ ਮਕਾਨ ਮਾਲਕਣ ਨੇ ਆਖਿਆ। ਉਹਦੇ ਬੁੱਲ੍ਹਾਂ 'ਤੇ ਇੱਕ ਗੁੱਝੀ ਜਿਹੀ ਮੁਸਕਾਨ ਸੀ।

"ਖੁਸ਼ੀਆਂ ਤਾਂ ਅਸੀਂ ਲੜਾਈ ਮੁੱਕਣ 'ਤੇ ਮਨਾਵਾਂਗੇ," ਸੋਚੀਂ ਪਏ ਵਾਸਕੋਵ ਨੇ ਆਖਿਆ, ਸਿਰ ਉੱਤੇ ਟੋਪੀ ਰੱਖੀ ਤੇ ਬਾਹਰ ਚਲਾ ਗਿਆ।

ਵਿਹੜਾ ਲੰਘਣ ਲੱਗਾ ਸੀ ਕਿ ਇੱਕ ਦਮ ਉਹਦੇ ਪੈਰ ਥਾਂ 'ਤੇ ਹੀ ਜੰਮ ਗਏ। ਉਂਘਲਾਉਂਦੀਆਂ ਹੋਈਆਂ ਕੁੜੀਆਂ ਦੋ ਕਤਾਰਾਂ ਵਿੱਚ ਉਹਦੇ ਸਾਹਮਣੇ ਖੜ੍ਹੀਆਂ ਸਨ। ਸਾਰਜੈਂਟ-ਮੇਜ਼ਰ ਨੂੰ ਲੱਗਾ ਜਿਵੇਂ ਉਹ ਕੋਈ ਸੁਪਨਾ ਵੇਖ ਰਿਹਾ ਹੋਵੇ ਅਤੇ ਉਹ ਅੱਖਾਂ ਝਮਕਣ ਲੱਗਾ ਤਾਂ ਜੋ ਨਜ਼ਰ ਸਾਫ ਹੋ ਜਾਏ। ਪਰ ਤੋਪਚੀਆਂ ਨੇ ਜਿਹੜੀਆਂ ਫੌਜੀ ਕਮੀਜ਼ਾਂ ਪਾਈਆਂ ਹੋਈਆਂ ਸਨ ਉਹ ਐਸੀਆਂ ਥਾਵਾਂ ਤੋਂ ਚੁਸਤੀ ਨਾਲ਼ ਅਗਾਂਹ ਨੂੰ ਉੱਭਰੀਆਂ ਹੋਈਆਂ ਸਨ ਜਿਨ੍ਹਾਂ ਦਾ ਫੌਜ ਦੇ ਨੇਮਾਂ ਵਿੱਚ ਉਚੇਚਾ ਜ਼ਿਕਰ ਨਹੀਂ ਸੀ ਅਤੇ ਰੰਗ-ਬਰੰਗੇ ਤੇ ਵੰਨ-ਸੁਵੰਨੇ ਕੁੰਡਲ ਉਹਨਾਂ ਦੀਆਂ ਟੋਪੀਆਂ ਹੇਠਾਂ ਖਿੱਲਰੇ ਹੋਏ ਸਨ।

"ਕਾਮਰੇਡ ਸਾਰਜੈਂਟ-ਮੇਜ਼ਰ, ਵਿਸ਼ੇਸ਼ ਹਵਾਮਾਰ ਬਟਾਲੀਅਨ ਦੀ ਪੰਜਵੀਂ ਕੰਪਨੀ, ਤੀਜੀ ਪਲਟਨ, ਦਾ ਪਹਿਲਾ ਤੇ ਦੂਜਾ ਦਸਤਾ ਟਿਕਾਣੇ ਦੀ ਹਿਫਾਜਤ ਕਰਨ ਲਈ ਹਾਜ਼ਰ," ਸੀਨੀਅਰ ਕੁੜੀ ਨੇ ਸਪਾਟ ਆਵਾਜ਼ ਵਿੱਚ ਰਿਪੋਰਟ ਦਿੱਤੀ। "ਸਾਰਜੈਂਟ ਕਿਰੀਆਨੋਵਾ, ਸਹਾਇਕ ਪਲਟਨ ਕਮਾਂਡਰ, ਇਤਲਾਹ ਦਿੰਦੀ ਹੈ।"

"ਠੀਕ", ਕੁਮੇਦਾਨ ਨੇ ਜਿਸ ਢੰਗ ਨਾਲ਼ ਆਖਿਆ ਉਸ ਤਰਾਂ ਨੇਮਾਂ ਵਿੱਚ ਲਿਖਿਆ ਗਿਆ ਸੀ। "ਸੋ ਉਹਨਾਂ ਨੂੰ ਸ਼ਰਾਬ ਨਾ ਪੀਣ ਵਾਲ਼ੇ ਲੱਭ ਪਏ..."

ਸਾਰਾ ਦਿਨ ਉਹ ਕੁਹਾੜੀ ਫੜ ਕੇ ਅੱਗ ਬੁਝਾਉਣ ਵਾਲ਼ੇ ਇੰਜਣ ਦੇ ਸ਼ੈੱਡ ਵਿੱਚ ਸੌਣ ਵਾਸਤੇ ਫੱਟੀਆਂ ਨੂੰ ਬੀੜਨ ਠੋਕਣ ਲੱਗਾ ਰਿਹਾ ਕਿਉਂਕਿ ਨਵੇਂ ਤੋਪਚੀਆਂ ਨੇ ਸਥਾਨਕ ਲੋਕਾਂ ਦੇ ਘਰੀਂ ਰਹਿਣ ਤੋਂ ਇਨਕਾਰ ਕਰ ਦਿੱਤਾ ਸੀ। ਕੁੜੀਆਂ ਫੱਟੇ ਫੜਾਉਂਦੀਆਂ ਰਹੀਆਂ ਤੇ ਹੋਰ ਜੋ ਕੁੱਝ ਉਹਨਾਂ ਨੂੰ ਆਖਿਆ ਗਿਆ ਕਰਦੀਆਂ ਰਹੀਆਂ ਤੇ ਹਰ ਵਕਤ ਇਉਂ ਟਰ-ਟਰ ਕਰਨ ਲੱਗੀਆਂ ਰਹੀਆਂ ਜਿਵੇਂ ਉੱਥੇ ਬਹੁਤ ਸਾਰੀਆਂ ਗੁਟਾਰਾਂ ਆ ਲੱਥੀਆਂ ਹੋਣ। ਸਾਰਜੈਂਟ ਮੇਜਰ ਨੇ ਉਦਾਸ ਚੁੱਪ ਧਾਰੀ ਰੱਖੀ। ਉਸਨੂੰ ਆਪਣੇ ਹਾਕਮ ਹੋਣ ਦਾ ਅਹਿਸਾਸ ਮਾਰ ਰਿਹਾ ਸੀ।

"ਮੈਨੂੰ ਪੁੱਛੇ ਬਗੈਰ ਕੈਂਪ ਤੋਂ ਬਾਹਰ ਪੈਰ ਨਹੀਂ ਪਾਉਣਾ", ਜਦੋਂ ਸਭ ਕੁੱਝ ਤਿਆਰ ਹੋ ਗਿਆ ਤਾਂ ਉਹਨੇ ਆਖਿਆ।

"ਰਸਭਰੀਆਂ ਚੁਗਣ ਜਾਣ ਵਾਸਤੇ ਵੀ ?" ਲਾਖੇ ਵਾਲ਼ਾਂ ਵਾਲ਼ੀ ਮੂੰਹਫਟ ਨੇ ਪੁੱਛਿਆ। ਵਾਸਕੋਵ ਦਾ ਧਿਆਨ ਪਹਿਲਾਂ ਹੀ ਉਹਦੇ ਵੱਲ ਚਲਾ ਗਿਆ ਸੀ।

"ਰਸਭਰੀਆਂ ਨਹੀਂ ਅਜੇ ਕਿਧਰੇ, " ਉਸ ਨੇ ਆਖਿਆ।

"ਖਟਕਲ ਤੋੜ ਕੇ ਲਿਆ ਸਕਦੀਆਂ ?" ਕਿਰੀਆਨੋਵਾ ਜਾਣਨਾ ਚਾਹੁੰਦੀ ਸੀ। "ਚੱਜ ਦੀ ਰੋਟੀ ਬਗੈਰ ਸਾਨੂੰ ਮੁਸ਼ਕਲ ਹੋਵੇਗੀ, ਕਾਮਰੇਡ ਸਾਰਜੈਂਟ-ਮੇਜ਼ਰ, ਲਿੱਸੇ ਕਮਜ਼ੋਰ ਹੋ ਜਾਵਾਂਗੇ।"

ਸਾਰਜੈਂਟ-ਮੇਜ਼ਰ ਵਾਸਕੋਵ ਦੀਆਂ ਹਾਕਮਾਨਾਂ ਨਜ਼ਰਾਂ ਤਣੀਆਂ ਹੋਈਆਂ ਫੌਜੀ ਕਮੀਜਾਂ ਉੱਤੇ ਦੀ ਫਿਰ ਗਈਆਂ, ਪਰ ਉਹ ਨਰਮ ਪੈ ਗਿਆ "ਦਰਿਆ ਤੋਂ ਅਗਾਂਹ ਨਹੀਂ ਜਾਣਾ। ਵਾਦੀ ਵਿੱਚ ਬਥੇਰੀ ਹੈ ਖਟਕਲ।"

ਸਟੇਸ਼ਨ ਉੱਤੇ ਪੂਰੀ ਤਰਾਂ ਅਮਨ ਚੈਨ ਸੀ ਪਰ ਕੁਮੇਦਾਨ ਦੇ ਦਿਲ ਨੂੰ ਕੋਈ ਸੁਖ ਸ਼ਾਂਤੀ ਨਹੀਂ ਸੀ। ਤੋਪਚੀ ਕੁੜੀਆਂ ਬੜੀਆਂ ਹੁੱਲੜਬਾਜ਼ ਅਤੇ ਖਰੂਦ ਕਰਨ ਵਾਲ਼ੀਆਂ ਸਨ ਅਤੇ ਸਾਰਜੈਂਟ-

ਮੇਜ਼ਰ ਨੂੰ ਇਉਂ ਮਹਿਸੂਸ ਹੋਣ ਲੱਗ ਪਿਆ ਸੀ ਜਿਵੇਂ ਉਹ ਆਪਣੇ ਹੀ ਘਰ ਵਿੱਚ ਕੋਈ ਪ੍ਰਾਹੁਣਾ ਹੋਵੇ। ਉਹਨੂੰ ਧੁੜਕੂ ਲੱਗਾ ਰਹਿੰਦਾ ਕਿ ਕੋਈ ਗਲਤ ਗੱਲ ਨਾ ਆਖ ਬੈਠੇ ਜਾਂ ਕੋਈ ਗਲਤ ਕੰਮ ਕਰ ਨਾ ਬੈਠੇ ਅਤੇ ਜਿੱਥੋਂ ਤੱਕ ਬੂਹੇ 'ਤੇ ਠੱਕ ਠੱਕ ਕੀਤੇ ਬਗੈਰ ਕਮਰੇ ਵਿੱਚ ਦਾਖਲ ਹੋਣ ਦਾ ਸਵਾਲ ਸੀ—ਜੇ ਕਦੇ ਉਹ ਸਬੱਬ ਨਾਲ਼ ਭੁੱਲ ਜਾਂਦਾ ਤਾਂ ਇੱਕ ਖੌਫਨਾਕ ਚੀਕ ਚਿਹਾੜਾ ਮੱਚ ਜਾਂਦਾ ਅਤੇ ਉਹ ਵਾਪਸ ਮੁੜ ਆਉਂਦਾ। ਸਭ ਤੋਂ ਵੱਡਾ ਡਰ ਇਸ ਗੱਲ ਦਾ ਸੀ ਕਿ ਕੋਈ ਐਸਾ ਮਜ਼ਾਕ ਜਾਂ ਇਸ਼ਾਰਾ ਨਾ ਹੋ ਜਾਵੇ ਜਿਸ ਤੋਂ ਇਹ ਲੱਗੇ ਕਿ ਉਹਨਾਂ ਵਿੱਚੋਂ ਕਿਸੇ ਉੱਤੇ ਉਹਦੀ ਅੱਖ ਹੈ। ਇਸ ਕਰਕੇ ਉਹ ਹਮੇਸ਼ਾਂ ਹੇਠਾਂ ਜਮੀਨ ਵਿੱਚ ਨਜ਼ਰਾਂ ਗੱਡ ਕੇ ਤੁਰਦਾ ਸੀ ਜਿਵੇਂ ਆਪਣੀ ਪਿਛਲੇ ਮਹੀਨੇ ਦੀ ਤਨਖਾਹ ਗੁਆ ਬੈਠਾ ਹੋਵੇ।

"ਖੁਸ਼ ਰਿਹਾ ਕਰੋ ਤੁਸੀਂ, ਤੁਸੀਂ, ਏਡੇ ਉਦਾਸ ਕਿਉਂ ਜੇ", ਉਸਦੀ ਮਕਾਨ ਮਾਲਕਣ ਨੇ ਸਾਰਜੈਂਟ-ਮੇਜਰ ਨੂੰ ਉਹਦੇ ਮਾਤਹਿਤਾਂ ਨਾਲ਼ ਵੇਖਣ ਤੋਂ ਮਗਰੋਂ ਆਖਿਆ। ਤੁਹਾਡੀ ਪਿੱਠ ਪਿੱਛੇ ਉਹ ਤੁਹਾਨੂੰ ਬੁੱਢਾ ਆਖਦੀਆਂ ਨੇ, ਸੋ ਏਦਾਂ ਦਾ ਹੀ ਸਲੂਕ ਕਰੋ ਉਹਨਾਂ ਨਾਲ਼।"

ਸਾਰਜੈਂਟ-ਮੇਜ਼ਰ ਨੇ ਉਸੇ ਬਹਾਰ ਦੀ ਰੁੱਤ ਵਿੱਚ ਆਪਣਾ ਬੱਤੀਵਾਂ ਜਨਮ ਦਿਨ ਮਨਾਇਆ ਸੀ ਅਤੇ ਉਹ ਆਪਣੇ ਆਪ ਨੂੰ ਬੁੱਢਾ ਸਮਝਣ ਲਈ ਤਿਆਰ ਨਹੀਂ ਸੀ। ਸਾਰੀ ਗੱਲ ਉਤੇ ਵਿਚਾਰ ਕਰਕੇ ਉਹ ਇਸ ਨਤੀਜੇ ਉੱਤੇ ਪੁੱਜਾ ਕਿ ਜੋ ਕੁੱਝ ਉਸ ਨੇ ਹੁਣੇ ਸੁਣਿਆਂ ਹੈ ਉਹ ਸਿਰਫ ਉਹਦੀ ਮਕਾਨ-ਮਾਲਕਣ ਵੱਲੋਂ ਆਪਣੀ ਪੁਜੀਸ਼ਨ ਨੂੰ ਮਜ਼ਬੂਤ ਕਰਨ ਦੀ ਹੀ ਕੋਸ਼ਿਸ਼ ਹੈ। ਆਖਰ, ਬਹਾਰ ਦੀ ਇੱਕ ਰਾਤ ਉਹਨੇ ਸਾਰਜੈਂਟ-ਮੇਜ਼ਰ ਦੀ ਦਿਲ ਦੀ ਬਰਫ ਪਿਘਲਾ ਹੀ ਲਈ ਸੀ ਅਤੇ ਹੁਣ ਕੁਦਰਤੀ ਹੀ ਇਸ ਦੇ ਅੰਦਰ ਪੈਰ ਜਮਾਉਣ ਦੀ ਕੋਸ਼ਿਸ਼ ਕਰ ਰਹੀ ਸੀ।

ਰਾਤ ਵੇਲ਼ੇ ਤੋਪਚੀ ਕੁੜੀਆਂ ਨੇ ਤੋਪਾਂ ਦੀਆਂ ਅੱਠਾਂ ਦੀਆਂ ਅੱਠਾਂ ਨਾਲ਼ੀਆਂ ਵਿੱਚੋਂ ਜਰਮਨ ਹਵਾਈ ਜਹਾਜ ਉਤੇ ਗੋਲ਼ੇ ਦਾਗੇ ਅਤੇ ਦਿਨ ਵੇਲ਼ੇ ਉਹ ਆਪਣੇ ਅੰਦਰਲੇ ਕੱਪੜੇ ਧੋਂਦੀਆਂ ਰਹੀਆਂ ਅਤੇ ਅੱਗ ਬੁਝਾਉਣ ਵਾਲ਼ੇ ਸਾਜ਼-ਸਮਾਨ ਦੇ ਸ਼ੈਡ ਵਿੱਚ ਚਾਰੇ ਪਾਸੇ ਸੁੱਕਣੇ ਪਾਉਂਦੀਆਂ ਰਹੀਆਂ।

ਸਾਰਜੈਂਟ-ਮੇਜਰ ਨੂੰ ਇਹ ਗੱਲ ਗਲਤ ਲੱਗੀ ਤੇ ਉਹਨੇ ਸਾਰਜੈਂਟ ਕਿਰੀਆਨੋਵਾ ਨੂੰ ਦੋ ਟੁਕ ਆਖਿਆ ਕਿ ਇਸ ਤਰਾਂ ਕਰਨ ਨਾਲ਼ ਦੁਸ਼ਮਣ ਤੋਂ ਲੁਕਾ ਛੁਪਾ ਦਾ ਸਾਰਾ ਬੰਦੋਬਸਤ ਬੇਕਾਰ ਹੋ ਜਾਂਦਾ ਹੈ।

"ਪਰ ਇੱਕ ਹੁਕਮ ਹੈ", ਉਸ ਨੇ ਬਿਨਾਂ ਕਿਸੇ ਝਿਜਕ ਦੇ ਜਵਾਬ ਮੋੜਿਆ।

"ਕਿਸ ਤਰਾਂ ਦਾ ਹੁਕਮ ?"

"ਇਸੇ ਹੀ ਮਸਲੇ ਬਾਰੇ। ਇਸ ਵਿੱਚ ਆਖਿਆ ਗਿਆ ਹੈ ਕਿ ਸਾਰੀਆਂ ਹੀ ਫੌਜੀ ਔਰਤਾਂ ਸਭਨਾਂ ਹੀ ਮੁਹਾਜ਼ਾਂ ਉੱਤੇ ਆਪਣੇ ਅੰਦਰਲੇ ਕੱਪੜੇ ਸੁੱਕਣੇ ਪਾ ਸਕਦੀਆਂ ਹਨ।"

ਕੁਮੇਦਾਨ ਅੱਗੇ ਕੁੱਝ ਨਹੀਂ ਬੋਲਿਆ। ਇਹੋ ਜਿਹੀਆਂ ਕੁੜੀਆਂ ਨਾਲ਼ ਦਲੀਲਬਾਜ਼ੀ ਕਰਨ ਦਾ ਕੀ ਲਾਭ। ਇੱਕ ਵਾਰੀ ਉਹਨਾਂ ਨਾਲ਼ ਬਹਿਸ ਛੇੜ ਲਓ ਸਹੀ, ਪਤਝੜ ਦੇ ਆਉਣ ਤੱਕ ਖੀ ਖੀ ਕਰ ਕੇ ਹੱਸੀਂ ਜਾਣਗੀਆਂ......

ਦਿਨ ਨਿੱਘੇ ਸਨ ਤੇ ਹਵਾਵਾਂ ਨਹੀਂ ਚਲਦੀਆਂ ਸਨ। ਮੱਛਰ ਇਨਾ ਸੀ ਕਿ ਉਸ ਨੂੰ ਅੱਗੋਂ ਪਾਸੇ ਕਰਨ ਲਈ ਕੋਈ ਛਮਕ ਛਿਟੀ ਹੱਥ ਵਿੱਚ ਲਏ ਬਿਨਾਂ ਇੱਕ ਕਦਮ ਵੀ ਪੁੱਟ ਸਕਣਾ ਮੁਹਾਲ

ਸੀ। ਇਹ ਤਾਂ ਖ਼ੈਰ ਕੋਈ ਗੱਲ ਨਹੀਂ, ਫੌਜੀ ਨੂੰ ਹੱਥ ਵਿੱਚ ਛਿਟੀ ਰੱਖਣ ਦੀ ਇਜਾਜ਼ਤ ਹੈ, ਪਰ ਇਹ ਗੱਲ ਕਿ ਛੇਤੀ ਹੀ ਕੁਮੇਦਾਨ ਥਾਂ-ਥਾਂ ਖੰਘੂਰੇ ਮਾਰਦਾ ਸੁਣਾਈ ਦੇਣ ਲੱਗ ਪਿਆ ਜਿਵੇਂ ਉਹ ਸੱਚਮੁੱਚ ਹੀ ਬੁੱਢਾ ਆਦਮੀ ਹੋਵੇ—ਇਹ ਬਿਲਕੁਲ ਹੀ ਦੂਜੀ ਗੱਲ ਸੀ।

ਇਹ ਸਭ ਕੁੱਝ ਉਦੋਂ ਸ਼ੁਰੂ ਹੋਇਆ ਜਦੋਂ ਮਈ ਮਹੀਨੇ ਦੇ ਗਰਮੀ ਵਾਲ਼ੇ ਇੱਕ ਦਿਹਾੜੇ ਉਹ ਮਾਲਖਾਨੇ ਦੀ ਨੁੱਕਰ ਤੋਂ ਮੁੜਿਆ ਤਾਂ ਉਹਦੇ ਪੈਰ ਥਾਂ ’ਤੇ ਹੀ ਜੰਮ ਗਏ। ਅੱਠ ਗੋਰੇ ਚਿੱਟੇ ਨੰਗੇ ਇਸਤਰੀ ਬਦਨ ਵੇਖ ਕੇ ਉਹਦੀਆਂ ਅੱਖਾਂ ਚੁੰਧਿਆ ਗਈਆਂ ਤੇ ਉਹਨੂੰ ਆਪਣੇ ਆਪ ਕੋਲ਼ੋਂ ਸੇਕ ਆਉਂਦਾ ਮਹਿਸੂਸ ਹੋਇਆ। ਸਾਰੇ ਦਾ ਸਾਰਾ ਪਹਿਲਾ ਦਸਤਾ, ਜਿਸ ਵਿੱਚ ਇਸ ਦੀ ਕਮਾਂਡਰ ਜੂਨੀਅਰ ਸਾਰਜੈਂਟ ਓਸੀਆਨੀਨਾ ਵੀ ਸ਼ਾਮਲ ਸੀ, ਫੌਜੀ ਤਰਪਾਲ ਉੱਤੇ ਪਿਆ ਧੁੱਪ ਸੇਕ ਰਿਹਾ ਸੀ। ਸਭ ਦੇ ਬਦਨ ਉਵੇਂ ਹੀ ਨੰਗੇ ਸਨ ਜਿਵੇਂ ਮਾਂ ਦੇ ਪੇਟ ਵਿੱਚੋਂ ਜਨਮ ਲੈਣ ਵੇਲ਼ੇ ਸਨ। ਉਹ ਵਿਖਾਵੇ ਦੀ ਖਾਤਰ ਹੀ ਚੀਕ ਚਿਹਾੜਾ ਪਾ ਸਕਦੀਆਂ ਸਨ, ਪਰ ਨਹੀਂ ਉਹ ਚੁੱਪਚਾਪ ਤਰਪਾਲ ਵਿੱਚ ਆਪਣੇ ਨੱਕ ਤੁੰਨੀ ਪਈਆਂ ਰਹੀਆਂ ਜਿਸ ਕਰਕੇ ਸਾਰਜੈਂਟ ਮੇਜਰ ਨੂੰ ਇਉਂ ਪਿਛਾਂਹ ਮੁੜਨਾ ਪਿਆ ਜਿਵੇਂ ਕੋਈ ਬਾਗ ਵਿੱਚੋਂ ਚੋਰੀ ਫਲ ਤੋੜਦਾ ਮਾਲਕ ਦੇ ਵੇਖ ਲੈਣ ’ਤੇ ਮੁੜਦਾ ਹੈ। ਉਸ ਦਿਨ ਤੋਂ ਮਗਰੋਂ ਉਹ ਕਿਧਰੇ ਵੀ ਜਾਂਦਾ ਆਉਂਦਾ ਹਰ ਨੁਕਰ ਮੋੜ ’ਤੇ ਖਉਂ ਖਉਂ ਕਰਨ ਲੱਗ ਪਿਆ ਜਿਵੇਂ ਉਸਨੂੰ ਕਾਲ਼ੀ ਖੰਘ ਲੱਗੀ ਹੋਵੇ।

ਇਸ ਓਸੀਆਨੀਨਾ ਵੱਲ ਪਹਿਲਾਂ ਵੀ ਉਸਦਾ ਧਿਆਨ ਖਿੱਚਿਆ ਗਿਆ ਸੀ। ਉਹ ਬੜੀ ਕੁਰੱਖਤ ਜਿਹੀ ਲੱਗਦੀ ਸੀ। ਕਦੇ ਵੀ ਹਸਦੀ ਨਹੀਂ ਸੀ। ਉਹਦੇ ਬੁੱਲ੍ਹ ਤਾਂ ਮਾੜੇ ਜਿਹੇ ਫਰਕ ਪੈਂਦੇ ਸਨ ਪਰ ਉਹਦੀਆਂ ਅੱਖਾਂ ਵਿੱਚ ਹਮੇਸ਼ਾਂ ਵਾਂਗ ਗੰਭੀਰਤਾ ਤਣੀ ਰਹਿੰਦੀ ਸੀ। ਓਸੀਆਨੀਨਾ ਇੱਕ ਅਜੀਬ ਜਿਹੀ ਕੁੜੀ ਸੀ, ਤੇ ਇਸ ਕਰਕੇ ਹੀ ਵਾਸਕੋਵ ਨੇ ਆਪਣੀ ਮਕਾਨ-ਮਾਲਕਣ ਰਾਹੀਂ ਇਸ ਕੁੜੀ ਬਾਰੇ ਕੁੱਝ ਹੋਰ ਵਾਕਫੀ ਹਾਸਿਲ ਕਰਨ ਲਈ ਬੜੇ ਚੌਕਸ ਰਹਿ ਕੇ ਕੋਸ਼ਿਸ਼ ਕੀਤੀ ਸੀ। ਵੈਸੇ ਉਹਨੂੰ ਸਮਝ ਆ ਗਈ ਸੀ ਕਿ ਉਹਦੀ ਮਕਾਨ-ਮਾਲਕਣ ਆਪਣੇ ਇਸ ਕੰਮ ਉੱਤੇ ਬਹੁਤੀ ਖੁਸ਼ ਨਹੀਂ ਸੀ।

“ਉਹ ਵਿਧਵਾ ਏ”, ਮਾਰੀਆ ਨਿਕੀਫੋਰੋਵਨਾ ਨੇ ਇੱਕ ਦਿਨ ਮਗਰੋਂ ਰੁੱਖੇ ਜਿਹੇ ਢੰਗ ਨਾਲ਼ ਦੱਸਿਆ,ਤੇ ਉਹਨੇ ਆਪਣੇ ਬੁੱਲ੍ਹ ਨਪੀੜ ਲਏ। “ਸੋ ਉਹ ਇੱਕ ਅਨਾੜੀ ਨਹੀਂ, ਚਾਹੋ ਤਾਂ ਅੱਖ ਮਟੱਕਾ ਸ਼ੁਰੂ ਕਰ ਲਓ।”

ਵਾਸਕੋਵ ਅੱਗੋਂ ਕੁੱਝ ਨਹੀਂ ਬੋਲਿਆ। ਸਫਾਈ ਪੇਸ਼ ਕਰਨ ਨਾਲ਼ ਤੀਵੀਆਂ ਨੂੰ ਕੋਈ ਫਰਕ ਨਹੀਂ ਪੈਂਦਾ। ਉਹਨੇ ਆਪਣਾ ਕੁਹਾੜਾ ਚੁੱਕਿਆ ਤੇ ਬਾਹਰ ਨੂੰ ਤੁਰ ਪਿਆ। ਜਦੋਂ ਬੰਦੇ ਨੇ ਕੁੱਝ ਸੋਚਣਾ ਵਿਚਾਰਨਾ ਹੋਵੇ, ਲੱਕੜਾਂ ਪਾੜਨ ਨਾਲੋਂ ਚੰਗਾ ਹੋਰ ਕੋਈ ਕੰਮ ਨਹੀਂ। ਉਹਦੇ ਸੋਚਣ ਵਾਲ਼ਾ ਬੜਾ ਕੁੱਝ ਸੀ। ਉਹ ਆਪਣੇ ਖਿਆਲਾਂ ਨੂੰ ਕਿਸੇ ਠੁੱਕ ਤਰਤੀਬ ਵਿੱਚ ਬੰਨ੍ਹਣਾ ਚਾਹੁੰਦਾ ਸੀ।

ਹਾਂ, ਸਭ ਤੋਂ ਪਹਿਲੀ ਗੱਲ ਇਹ ਕਿ ਜ਼ਾਬਤਾ ਜ਼ਰੂਰੀ ਸੀ। ਠੀਕ ਹੈ, ਹੁਣ ਨਾ ਕੋਈ ਸ਼ਰਾਬ ਪੀਂਦਾ ਸੀ ਤੇ ਨਾ ਹੀ ਕੋਈ ਤੀਵੀਆਂ ਨਾਲ਼ ਯਾਰੀਆਂ ਗੰਢਦਾ ਫਿਰਦਾ ਸੀ—ਉਪਰੋਂ-ਉਪਰੋਂ ਵੇਖਣ ਨੂੰ ਸਭ ਕੁੱਝ ਠੀਕ ਠਾਕ ਸੀ। ਪਰ ਰਤਾ ਕੁ ਡੂੰਘਾ ਵੇਖਿਆਂ, ਬਹੁਤ ਸਾਰੀਆਂ ਬੇਨੇਮੀਆਂ ਦਿਸ ਪੈਂਦੀਆਂ ਸਨ।

“ਲੀਊਦਾ, ਵੇਰਾ, ਕਾਤੀਆ—ਪਹਿਰੇ ’ਤੇ ਖਲੋਣ ਦਾ ਵਕਤ ਹੋ ਗਿਐ! ਕਾਤੀਆ, ਇਹ

ਤੇਰੀ ਜ਼ੁੰਮੇਵਾਰੀ ਏ।"

ਹੁਣ ਇਹ ਕੋਈ ਪਹਿਰਾ ਦੇਣ ਦਾ ਤਰੀਕਾ ਸੀ? ਹਰ ਕੰਮ ਸਖ਼ਤੀ ਨਾਲ਼ ਫੌਜੀ ਨੇਮਾਂ ਮੁਤਾਬਿਕ ਕਰਨਾ ਜ਼ਰੂਰੀ ਹੈ। ਨੇਮਾਂ ਦਾ ਮਜ਼ਾਕ ਉਡਾਇਆ ਜਾ ਰਿਹਾ ਹੈ। ਉਸ ਨੂੰ ਕੁੱਝ ਕਰਨਾ ਪਏਗਾ, ਪਰ ਕੀ ਕਰੇ? ਉਸ ਨੇ ਉਹਨਾਂ ਦੀ ਅਫਸਰ ਕੁੜੀ ਨਾਲ਼ ਗੱਲ ਕਰਨ ਦੀ ਕੋਸ਼ਿਸ ਕੀਤੀ, ਪਰ ਕਿਰੀਆਨੋਵਾ ਨੇ ਸਿਰਫ ਏਨਾ ਆਖ ਛੱਡਿਆ ਸੀ–

"ਸਾਨੂੰ ਇਜ਼ਾਜਤ ਹੈ...ਜ਼ਾਤੀ ਤੌਰ 'ਤੇ ਚੀਫ ਕਮਾਂਡਰ ਕੋਲ਼ੋਂ।"

ਉਹ ਉਸ ਦੀ ਖਿੱਲੀ ਉਡਾ ਰਹੀਆਂ ਸਨ, ਚੁੜੇਲਾਂ।

"ਔਖਾ ਹੋ ਗਿਆ ਏ, ਸਾਰਜੈਂਟ–ਮੇਜਰ?"

ਉਸ ਨੇ ਮੂੰਹ ਭੁਆ ਕੇ ਵੇਖਿਆ। ਨਾਲ਼ ਦੀ ਗੁਆਂਢਣ ਸੀ, ਪੋਲੀਨਾ ਯੇਗੋਰੋਵਾ, ਪਰਲੇ ਦਰਜੇ ਦੀ ਬਦਚਲਣ। ਪਿਛਲੇ ਮਹੀਨੇ ਉਹਨੇ ਚਾਰ ਵਾਰੀ ਆਪਣਾ ਨਾਮ ਦਿਵਸ ਮਨਾਇਆ ਸੀ।

"ਧਿਆਨ ਰੱਖ, ਤੂੰ ਆਪਣੇ ਸਰੀਰ ਨੂੰ ਬਹੁਤੀ ਖੇਚਲ ਨਾ ਦੇ!

ਸਾਡੇ ਕੋਲ ਤੂੰ ਇੱਕੋ ਇੱਕ ਈ ਐਂ ਇੱਜੜ 'ਚ ਬੋਕ ਵਾਂਗੂੰ।"

ਉਹ ਠਹਾਕਾ ਮਾਰ ਕੇ ਹੱਸ ਪਈ ਅਤੇ ਜੰਗਲੇ ਉੱਤੇ ਇਉਂ ਉਲਰੀ ਕਿ ਉਹਦੀਆਂ ਛਾਤੀਆਂ ਨਜ਼ਰ ਆਉਣ ਲੱਗ ਪਈਆਂ ਜਿਵੇਂ ਭੱਠ ਵਿੱਚੋਂ ਕੱਢੀਆਂ ਸੱਜਰੀਆਂ ਡਬਲਰੋਟੀਆਂ ਹੋਣ।

"ਹੁਣ ਤੈਨੂੰ ਚਾਰ ਚੁਫੇਰੇ ਜਾਣਾ ਪਿਆ ਕਰੂ, ਆਜੜੀ ਵਾਂਗੂ।

ਇੱਕ ਸਾਤਾ ਇੱਕ ਘਰ, ਦੂਜਾ ਸਾਤਾ ਕਿਸੇ ਹੋਰ ਦੇ।ਅਸਾਂ ਕੁੜੀਆਂ ਨੇ ਹੁਣ ਤੇਰੇ ਬਾਰੇ ਏਦਾਂ ਹੀ ਫੈਸਲਾ ਕੀਤਾ ਏ।"

"ਤੂੰ, ਪੋਲੀਨਾ ਯੇਗੋਰੋਵਾ, ਕੋਈ ਚੱਜ ਦੀ ਗੱਲ ਕਰ। ਤੂੰ ਫੌਜੀ ਦੀ ਤੀਵੀਂ ਏ ਕਿ ਬੁੱਲੇ ਲੁਟਦੀ ਫਿਰਨ ਵਾਲ਼ੀ ਕੁੜੀ? ਸੁਚੱਜੀ ਬਣ।"

"ਕੋਈ ਨਹੀਂ, ਸਾਰਜੈਂਟ–ਮੇਜਰ। ਫੌਜੀ ਜਵਾਨ ਜਾਂ ਉਹਨਾਂ ਦੀਆਂ ਤੀਵੀਆਂ ਕੁੱਝ ਵੀ ਕਰਨ, ਦੋਸ਼ ਲੜਾਈ ਦੇ ਮੱਥੇ ਹੀ ਮੜ੍ਹਿਆ ਜਾਣੈ।"

ਇਸ ਤਰਾਂ ਦੀ ਔਰਤ ਦਾ ਉਹ ਕੀ ਕਰ ਸਕਦਾ ਸੀ? ਉਹਨੂੰ ਤਾਂ ਧੱਕੇ ਮਾਰ ਕੇ ਕੱਢ ਦੇਣਾ ਚਾਹੀਦਾ ਸੀ ਉਥੋਂ।ਪਰ ਕਿਵੇਂ? ਕਿੱਧਰ ਮਰ ਗਏ ਸਨ, ਸ਼ਹਿਰ ਦੇ ਹਾਕਮ? ਇਹ ਔਰਤ ਸਾਰਜੈਂਟ–ਮੇਜ਼ਰ ਦੇ ਅਧਿਕਾਰ ਹੇਠਲੇ ਇਲਾਕੇ ਤੋਂ ਬਾਹਰ ਸੀ। ਉੱਚਾ ਬੋਲਣ ਵਾਲ਼ੇ ਮੇਜਰ ਨੇ ਉਸ ਨੂੰ ਇਹ ਗੱਲ ਦੱਸੀ ਸੀ।

ਹਾਂ, ਬੜੀਆਂ ਗੱਲਾਂ ਸਨ ਉਹਦੇ ਸੋਚਣ ਵਾਲ਼ੀਆਂ। ਇਨੇ ਚਿਰ ਵਿੱਚ ਉਹਨੇ ਦੋ ਘਣ ਮੀਟਰ ਲੱਕੜਾਂ ਪਾੜ ਲੈਣੀਆਂ ਸਨ।ਪਰ ਵਿਚਾਰ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਸੀ, ਬਹੁਤ ਉਚੇਚਾ ਧਿਆਨ ਦੇ ਕੇ ਸਮਝਣ ਦੀ।

ਇਸ ਕਿਸਮ ਦੇ ਮਾਮਲਿਆਂ ਵਿੱਚ ਉਸ ਦੀ ਵੱਡੀ ਔਕੜ ਇਹ ਸੀ ਕਿ ਉਹ ਬਹੁਤਾ ਪੜ੍ਹਿਆ ਲਿਖਿਆ ਬੰਦਾ ਨਹੀਂ ਸੀ। ਇਹ ਠੀਕ ਹੈ ਕਿ ਉਹਨੂੰ ਪੜ੍ਹਨਾ, ਲਿਖਣਾ ਅਤੇ ਹਿਸਾਬ ਆਉਂਦਾ ਤਾਂ ਸੀ ਪਰ ਉਹਨੇ ਸਕੂਲ ਵਿੱਚ ਚਾਰ ਸਾਲ ਹੀ ਲਾਏ ਸਨ। ਇਸ ਦਾ ਕਾਰਨ ਇਹ ਸੀ ਕਿ ਜਦੋਂ ਉਹਦਾ ਚੌਥਾ ਸਾਲ ਖਤਮ ਹੋਇਆ ਤਾਂ ਇੱਕ ਰਿੱਛ ਨੇ ਉਹਦੇ ਪਿਓ ਨੂੰ ਜਾਨੋ ਮਾਰ

ਦਿੱਤਾ। ਜੇ ਉਹ ਕੁੜੀਆਂ ਇਹ ਰਿੱਛ ਵਾਲ਼ੀ ਗੱਲ ਕਿਤੇ ਸੁਣ ਲੈਣ ਤਾਂ ਕਿਵੇਂ ਹੱਸਣ ਉਹ! ਹੱਸਣਾ ਤਾਂ ਹੋਇਆ ਹੀ, ਉਹਦਾ ਪਿਓ ਨਾ ਤਾਂ ਪਹਿਲੀ ਸੰਸਾਰ ਜੰਗ ਵਿੱਚ ਗੈਸ ਦੀ ਜ਼ਹਿਰ ਚੜ੍ਹਨ ਨਾਲ਼ ਮਰਿਆ ਸੀ, ਨਾ ਹੀ ਖਾਨਾ ਜੰਗੀ ਵੇਲ਼ੇ ਛੁਰਾ ਵੱਜਣ ਨਾਲ਼, ਨਾ ਹੀ ਕਿਸੇ ਧਨੀ ਕਿਸਾਨ ਦੀ ਬੰਦੂਕ ਦੀ ਗੋਲ਼ੀ ਨਾਲ਼—ਉਹ ਤਾਂ ਬਿਮਾਰ ਹੋ ਕੇ ਬਿਸਤਰੇ 'ਤੇ ਪਿਆ ਵੀ ਨਹੀਂ ਸੀ ਮਰਿਆ। ਉਹਦੇ ਉੱਤੇ ਇੱਕ ਰਿੱਛ ਕੁੱਦ ਪਿਆ ਸੀ! ਇਸ ਲਾਣੇ ਨੇ ਤਾਂ ਰਿੱਛ ਚਿੜੀਆ-ਘਰ ਵਿੱਚ ਹੀ ਵੇਖਿਆ ਹੋਵੇਗਾ....

ਹਾਂ, ਫੈਦੋਵ ਵਾਸਕੋਵ, ਤੂੰ ਕੁਮੇਦਾਨ ਪਿਆ ਹੋ ਪਰ ਤੂੰ ਕਿਸੇ ਪਸਿੱਤੀ ਥਾਂ ਤੋਂ ਰਿੜ੍ਹਦਾ ਖੁੜ੍ਹਦਾ ਏਥੋਂ ਤੱਕ ਪੁੱਜਾ ਏਂ ਅਤੇ ਇਹ ਕੁੜੀਆਂ ਭਾਵੇਂ ਸਧਾਰਨ ਸਿਪਾਹੀ ਹੀ ਹੋਣ, ਵਿਗਿਆਨ ਦੀ ਕੁੱਝ ਨਾ ਕੁੱਝ ਸਮਝ ਰੱਖਦੀਆਂ ਹਨ। ਇਹਨਾਂ ਨੂੰ ਵੱਖ ਵੱਖ ਕੋਣਾਂ ਤੋਂ ਫਾਸਲਾ ਮਾਪਣ ਦੀ ਸਮਝ ਹੈ। ਜਿਸ ਤਰੀਕੇ ਨਾਲ਼ ਉਹ ਗੱਲ ਬਾਤ ਕਰਦੀਆਂ ਹਨ, ਉਸ ਤੋਂ ਲਗਦਾ ਹੈ ਕਿ ਉਹ ਸੱਤ ਜਾਂ ਸਗੋਂ ਨੌਂ ਸਾਲ ਸਕੂਲ ਵਿੱਚ ਜ਼ਰੂਰ ਪੜ੍ਹੀਆਂ ਹਨ। ਨੌਵਾਂ ਵਿੱਚੋਂ ਚਾਰ ਗਏ ਬਾਕੀ ਰਹਿ ਗਏ ਪੰਜ। ਇਸ ਦਾ ਮਤਲਬ ਸੀ ਕਿ ਉਹ ਆਪ ਜਿੰਨੇ ਵਰ੍ਹੇ ਸਕੂਲ ਗਿਆ ਓਸ ਤੋਂ ਵੱਧ ਸਾਲ ਪੜ੍ਹਾਈ ਵਿੱਚ ਉਹਨਾਂ ਨਾਲ਼ੋਂ ਪਿੱਛੇ ਸੀ।

ਆਪਣੀਆਂ ਉਦਾਸ ਸੋਚਾਂ ਵਿੱਚ ਡੁੱਬਾ ਵਸਕੋਵ ਅੰਨ੍ਹੇ ਜੋਸ਼ ਵਿੱਚ ਆਇਆ ਲੱਕੜਾਂ ਪਾੜੀ ਜਾਂਦਾ ਸੀ। ਪਰ ਦੋਸ਼ੀ ਕੌਣ ਸੀ। ਬੇਡੋਲ ਰਿੱਛ ਤਾਂ ਬਿਲਕੁਲ ਹੀ ਨਹੀਂ...

ਇਹ ਅਜੀਬ ਗੱਲ ਸੀ। ਹੁਣ ਤੱਕ ਉਹ ਜਿੰਦਗੀ ਵਿੱਚ ਆਪਣੇ ਆਪ ਨੂੰ ਖੁਸ਼ਕਿਸਮਤ ਸਮਝਦਾ ਆਇਆ ਸੀ। ਉਚੇਚੇ ਤੌਰ 'ਤੇ ਭਾਵੇਂ ਨਾ ਹੀ ਸਹੀ, ਪਰ ਤਾਂ ਵੀ ਉਸ ਨੂੰ ਗਿਲਾ ਸ਼ਿਕਵਾ ਵੀ ਕੋਈ ਨਹੀਂ ਸੀ। ਆਖਰ ਚਾਰ ਸਾਲ ਦੀ ਮਾਮੂਲੀ ਪੜ੍ਹਾਈ ਕਰ ਕੇ ਉਹਨੇ ਸੈਨਿਕ ਸਕੂਲ ਦੀ ਪੜ੍ਹਾਈ ਕਰ ਲਈ ਸੀ। ਦਸ ਸਾਲ ਨੌਕਰੀ ਕਰਨ ਮਗਰੋਂ ਸਾਰਜੈਂਟ-ਮੇਜਰ ਦਾ ਰੁਤਬਾ ਪਾ ਲਿਆ ਸੀ। ਇਸ ਪੱਖੋਂ ਉਹਦਾ ਕੁੱਝ ਨਹੀਂ ਸੀ ਵਿਗੜਿਆ, ਪਰ ਦੂਜੇ ਖੇਤਰਾਂ ਵਿੱਚ ਉਹ ਕਦੇ ਕਦੇ ਕੁੜਿੱਕੀ ਵਿੱਚ ਫਸ ਜਾਂਦਾ ਰਿਹਾ ਸੀ ਅਤੇ ਦੋ ਵਾਰੀ ਤਾਂ ਹੋਣੀ ਨੇ ਬਹੁਤ ਨੇੜਿਓਂ ਉਹਦੇ ਉੱਤੇ ਗੋਲੀਆਂ ਵਰ੍ਹਾਈਆਂ ਸਨ। ਫਿਰ ਵੀ ਫੇਦੋਤ ਵਾਸਕੋਵ ਇਸ ਸਭ ਕੁੱਝ ਅੱਗੇ ਡਟਿਆ ਰਿਹਾ ਸੀ। ਡਟਿਆ ਰਿਹਾ...

ਫਿਨਲੈਂਡ ਨਾਲ਼ ਲੜਾਈ ਤੋਂ ਥੋੜ੍ਹਾ ਚਿਰ ਪਹਿਲਾਂ ਉਸ ਨੇ ਫੌਜੀ ਹਸਪਤਾਲ ਦੀ ਇੱਕ ਨਰਸ ਨਾਲ਼ ਵਿਆਹ ਕਰਵਾ ਲਿਆ ਸੀ। ਉਹ ਬੜੇ ਸ਼ੋਖ ਸੁਭਾ ਵਾਲ਼ੀ ਮਨਮੌਜੀ ਕੁੜੀ ਨਿੱਕਲੀ, ਨੱਚਣ ਗਾਉਣ ਅਤੇ ਪੀਣ ਪਿਆਉਣ ਦੀ ਸ਼ੌਕੀਨ। ਉਹਨੇ ਇੱਕ ਪੁੱਤਰ ਨੂੰ ਜਨਮ ਦਿੱਤਾ ਜਿਸਦਾ ਨਾਂ ਉਹਨਾਂ ਨੇ ਰੱਖਿਆ, ਈਗਰ, ਈਗਰ ਵਾਸਕੋਵ। ਇਸ ਤੋਂ ਮਗਰੋਂ ਫਿਨਲੈਂਡ ਦੀ ਲੜਾਈ ਛਿੜ ਪਈ ਅਤੇ ਵਾਸਕੋਵ ਮੁਹਾਜ਼ 'ਤੇ ਜਾ ਡਟਿਆ ਤੇ ਜਦੋਂ ਉਹ ਦੋ ਮੈਡਲ ਲੈ ਕੇ ਮੁਹਾਜ਼ ਤੋਂ ਮੁੜਿਆ ਤਾਂ ਹੋਣੀ ਨੇ ਉਸਨੂੰ ਪਹਿਲੀ ਸੱਟ ਮਾਰੀ। ਜਿਸ ਵੇਲ਼ੇ ਉਹਨੇ ਬਰਫਾਂ ਵਿੱਚ ਆਪਣੀ ਜਾਨ ਜੋਖੋ ਵਿੱਚ ਪਾਈ ਹੋਈ ਸੀ, ਉਹਦੀ ਵਹੁਟੀ ਫੌਜ ਦੇ ਇੱਕ ਡੰਗਰ ਡਾਕਟਰ ਨਾਲ਼ ਨਿੱਕਲ ਗਈ ਤੇ ਉਹਦੇ ਨਾਲ਼ ਦੱਖਣ ਨੂੰ ਚਲੀ ਗਈ। ਵਾਸਕੋਵ ਨੇ ਉਸ ਨੂੰ ਤੁਰਤ ਤਲਾਕ ਦੇ ਦਿੱਤਾ, ਅਦਾਲਤ ਰਾਹੀਂ ਆਪਣਾ ਪੁੱਤਰ ਮੰਗ ਲਿਆ ਤੇ ਮੁੰਡੇ ਨੂੰ ਪਿੰਡ ਆਪਣੀ ਬੁੱਢੀ ਮਾਂ ਕੋਲ਼ ਭੇਜ ਦਿੱਤਾ। ਬਾਰਾਂ ਮਹੀਨੇ ਮਗਰੋਂ ਮੁੰਡੇ ਦੀ ਮੌਤ ਹੋ ਗਈ ਅਤੇ ਉਸ ਤੋਂ ਮਗਰੋਂ ਸਿਰਫ ਤਿੰਨ ਮੌਕੇ ਹੀ ਆਏ ਜਦੋਂ ਵਾਸਕੋਵ ਦੇ ਬੁੱਲ੍ਹਾਂ ਉੱਤੇ ਮੁਸਕਰਾਹਟ ਆਈ। ਉਸ ਜਨਰਲ ਨੂੰ ਵੇਖ ਕੇ ਜਿਹੜਾ ਉਹਦੀ ਛਾਤੀ

ਨਾਲ਼ ਮੈਡਲ ਲਾ ਰਿਹਾ ਸੀ ਸਰਜਨ ਵੱਲ ਵੇਖ ਕੇ ਜਿਸਨੇ ਉਹਦੇ ਮੋਢੇ ਵਿੱਚੋਂ ਗੋਲ਼ੇ ਦੀ ਖੋਲ ਦੀ ਪੱਚਰ ਕੱਢੀ ਸੀ ਅਤੇ ਆਪਣੀ ਹੁਣ ਵਾਲ਼ੀ ਮਕਾਨ ਮਾਲਕਣ ਮਾਰੀਆ ਨਿਕੀਫੋਰੋਵਨਾ ਦੀ ਤੀਖਣ ਬੁੱਧੀ ਉੱਤੇ।

ਉਸ ਖੋਲ ਦੀ ਪੱਚਰ ਦੇ ਸਦਕਾ ਹੀ ਉਸਨੂੰ ਹੁਣ ਵਾਲ਼ੀ ਪਦਵੀ ਮਿਲੀ ਸੀ। ਮਾਲਖਾਨੇ ਵਿੱਚ ਹਾਲੇ ਵੀ ਥੋੜ੍ਹਾ ਬਹੁਤ ਸਾਮਾਨ ਪਿਆ ਸੀ, ਪਰ ਇਸ ’ਤੇ ਪਹਿਰਾ ਦੇਣ ਵਾਲ਼ਾ ਸੰਤਰੀ ਕੋਈ ਨਹੀਂ ਸੀ। ਇਸ ਕਰਕੇ ਕੁਮੇਦਾਨ ਥਾਪ ਦਿੱਤਾ ਗਿਆ ਤੇ ਮਾਲਖਾਨੇ ਦੀ ਜਿੰਮੇਵਾਰੀ ਉਸਨੂੰ ਸੌਂਪ ਦਿੱਤੀ ਗਈ। ਦਿਨ ਵਿੱਚ ਤਿੰਨ ਵਾਰੀ ਵਾਸਕੋਵ ਮਾਲਖਾਨੇ ਦਾ ਚੱਕਰ ਲਾਉਂਦਾ, ਜੰਦਰਿਆਂ ਨੂੰ ਟੋਹ-ਟਾਹ ਕੇ ਵੇਖਦਾ ਅਤੇ ਇਸ ਕੰਮ ਲਈ ਰੱਖੀ ਕਿਤਾਬ ਵਿੱਚ ਆ ਕੇ ਮੁੜ ਮੁੜ ਉਹੋ ਗੱਲ ਲਿਖ ਦਿੰਦਾ- “ਮਾਲਖਾਨੇ ਦੀ ਪੜਤਾਲ ਕੀਤੀ ਗਈ। ਸਭ ਕੁੱਝ ਠੀਕ ਠਾਕ ਹੈ।” ਫਿਰ ਪੜਤਾਲ ਦਾ ਵਕਤ ਲਿਖ ਦਿੰਦਾ।

ਅਮਨ ਚੈਨ ਦੀ ਜਿੰਦਗੀ ਸੀ ਇਥੇ।ਅੱਜ ਦਿਨ ਤੱਕ ਅਮਨ ਚੈਨ ਦੀ।ਪਰ ਹੁਣ...ਸਾਰਜੈਂਟ-ਮੇਜਰ ਨੇ ਹੌਂਕਾ ਲਿਆ।

2

ਜੰਗ ਤੋਂ ਪਹਿਲਾਂ ਦੀਆਂ ਘਟਨਾਵਾਂ ਪਿੱਛੋਂ ਮਾਰਗਰੀਤਾ ਮੁਸ਼ਤਾਕੋਵਾ (ਸੰਖੇਪ ਵਿੱਚ ਰੀਤਾ) ਨੂੰ ਉਹ ਸ਼ਾਮ ਸਭ ਤੋਂ ਬਹੁਤੀ ਯਾਦ ਆਉਂਦੀ ਸੀ ਜਦੋਂ ਉਹਦੇ ਸਕੂਲ ਵੱਲੋਂ ਸਰਹੱਦੀ ਗਾਰਦ ਦੇ ਸੂਰਮਿਆਂ ਦੀ ਇੱਕ ਟੋਲੀ ਨਾਲ਼ ਮਿਲਣੀ ਦਾ ਪ੍ਰਬੰਧ ਕੀਤਾ ਗਿਆ ਸੀ। ਰੀਤਾ ਨੂੰ ਉਹ ਸ਼ਾਮ ਇਉਂ ਯਾਦ ਸੀ ਜਿਵੇਂ ਇਹ ਕੁੱਝ ਪਲ ਪਹਿਲਾਂ ਦੀ ਗੱਲ ਹੋਵੇ ਅਤੇ ਸੰਗਾਊ ਜਿਹਾ ਲੈਫਟੀਨੈਂਟ ਓਸੀਆਨਿਨ ਸਰਹੱਦ ਦੇ ਨੇੜੇ ਛੋਟੇ ਜਿਹੇ ਨਗਰ ਦੀ ਲੱਕੜ ਦੀ ਪਟੜੀ ਉੱਤੇ ਉਹਦੇ ਨਾਲ਼-ਨਾਲ਼ ਤੁਰ ਰਿਹਾ ਹੋਵੇ ਤੇ ਪਟੜੀ ਤੋਂ ਪੈਰਾਂ ਦਾ ਖੜਾਕ ਆ ਰਿਹਾ ਹੋਵੇ। ਲੈਫਟੀਨੈਂਟ ਆਪ ਸੂਰਮਿਆਂ ਵਿੱਚੋਂ ਨਹੀਂ ਸੀ। ਉਹ ਤਾਂ ਬਸ ਸਬੱਬ ਨਾਲ਼ ਹੀ ਡੈਲੀਗੇਸ਼ਨ ਵਿੱਚ ਸ਼ਾਮਲ ਕਰ ਲਿਆ ਗਿਆ ਸੀ ਅਤੇ ਉਸਨੂੰ ਡਾਢੀ ਸ਼ਰਮ ਆ ਰਹੀ ਸੀ।

ਰੀਤਾ ਕੁੱਝ ਕੁੱਝ ਸੰਗਾਊ ਸੁਭਾਅ ਵਾਲ਼ੀ ਸੀ। ਉਹ ਹਾਲ ਵਿੱਚ ਤਾਂ ਬੈਠੀ ਰਹੀ ਸੀ, ਪਰ ਨਾ ਉਹ ਰਸਮੀ ਤੌਰ ’ਤੇ ਸਵਾਗਤ ਕਰਨ ਵਿੱਚ ਸ਼ਾਮਲ ਹੋਈ ਤੇ ਨਾ ਹੀ ਸ਼ੌਕੀਆ ਕਲਾਕਾਰਾਂ ਵੱਲੋਂ ਪੇਸ਼ ਕੀਤੇ ਗਏ ਪ੍ਰੋਗਰਾਮ ਵਿੱਚ ਉਸ ਨੇ ਹਿੱਸਾ ਲਿਆ ਸੀ ਅਤੇ ਤੀਹਾਂ ਸਾਲਾਂ ਤੋਂ ਘੱਟ ਉਮਰ ਦੇ ਕਿਸੇ ਮਹਿਮਾਨ ਨਾਲ਼ ਜੇ ਉਸ ਨੂੰ ਗੱਲ ਕਰਨੀ ਪੈਂਦੀ ਤਾਂ ਉਹ ਪਹਿਲਾਂ ਹੀ ਫੌਰਨ ਸਾਰੀਆਂ ਮੰਜਲਾਂ ਉੱਤਰ ਕੇ ਚੂਹਿਆਂ ਨਾਲ਼ ਭਰੇ ਤਹਿਖਾਨੇ ਵਿੱਚ ਚਲੀ ਗਈ ਹੁੰਦੀ। ਲੈਫਟੀਨੈਂਟ ਓਸੀਆਨਿਨ ਅਤੇ ਰੀਤਾ ਸਬੱਬ ਨਾਲ਼ ਹੀ ਇੱਕ ਦੂਜੇ ਦੇ ਕੋਲ਼ ਬੈਠੇ ਹੋਏ ਸਨ। ਉਥੇ ਬੈਠੇ ਉਹ ਆਪਣੇ ਸਾਹਮਣੇ ਵੇਖੀਂ ਜਾ ਰਹੇ ਸਨ। ਕੋਈ ਰਤਾ ਜਿਨੀ ਹਿੱਲ ਜੁੱਲ ਦੀ ਵੀ ਹਿੰਮਤ ਨਹੀਂ ਸੀ ਕਰ ਰਿਹਾ। ਫਿਰ ਜਦੋਂ ਨੱਚਣ ਲਈ ਜੋੜੀ ਬਣਨ ਵਾਸਤੇ ਪਰਚੀਆਂ ਪਾਈਆਂ ਗਈਆਂ ਤਾਂ ਸਬੱਬ ਨਾਲ਼ ਉਹਨਾਂ ਦੇ ਇਕੱਠੇ ਨੱਚਣ ਵਾਸਤੇ ਪਰਚੀ ਨਿੱਕਲ ਆਈ। ਇਸ ਤੋਂ ਮਗਰੋਂ ਉਹ ਇੱਕ ਬਾਰੀ ਦੇ ਕੋਲ਼ ਖੜ੍ਹੇ ਹੋ ਗਏ ਸਨ ਅਤੇ ਬਾਅਦ ਵਿੱਚ...ਹਾਂ, ਬਾਅਦ ਵਿੱਚ ਉਹ ਉਹਨਾਂ ਦੇ ਘਰ ਗਿਆ ਸੀ।

ਏਹੋ ਮੌਕਾ ਸੀ ਜਦੋਂ ਰੀਤਾ ਨੇ ਆਪਣੀ ਚਤੁਰਾਈ ਦਾ ਵੱਡਾ ਜੌਹਰ ਵਿਖਾਇਆ ਸੀ। ਉਸਨੂੰ ਉਹ ਸਿੱਧੇ ਰਸਤੇ ਲੈ ਜਾਣ ਦੀ ਥਾਂ ਉਸੇ ਰਸਤੇ ਲੈ ਤੁਰੀ ਜਿਹੜਾ ਵਲ ਫੇਰ ਖਾ ਕੇ ਜਾਂਦਾ ਸੀ। ਪਰ

ਇਸ ਨਾਲ਼ ਵੀ ਕੋਈ ਫਰਕ ਨਹੀਂ ਸੀ ਪਿਆ। ਉਹਦੇ ਮੂਹੋਂ ਕੋਈ ਗੱਲ ਨਹੀਂ ਸੀ ਨਿੱਕਲੀ, ਸਿਵਾਏ ਗੀਤਾ ਕੋਲ਼ੋਂ ਸਿਗਰਟ ਪੀਣ ਦੀ ਇਜ਼ਾਜਤ ਲੈਣ ਦੇ ਅਤੇ ਉਹ ਵੀ ਹਰ ਵਾਰੀ ਦਬੀ ਜਬਾਨ ਨਾਲ਼ ਝਕਦਿਆਂ ਝਕਦਿਆਂ। ਜਿੰਨੀ ਵਾਰੀ ਵੀ ਉਹਨੇ ਇਜ਼ਾਜ਼ਤ ਮੰਗੀ, ਉਹਦੀ ਝਿਜਕ ਤੋਂ ਗੀਤਾ ਦਾ ਦਿਲ ਬਹਿ ਜਾਂਦਾ ਰਿਹਾ।

ਇੱਥੋਂ ਤੱਕ ਕਿ ਵਿਛੜਨ ਲੱਗਿਆਂ ਵੀ ਉਹਨਾਂ ਨੇ ਹੱਥ ਨਹੀਂ ਸੀ ਮਿਲਾਇਆ, ਸਿਰਫ ਇੱਕ ਦੂਜੇ ਅੱਗੇ ਸਿਰ ਹਿਲਾ ਛੱਡਿਆ ਸੀ—ਤੇ ਬਸ। ਫੇਰ ਲੈਫਟੀਨੈਂਟ ਸਰਹੱਦ ਉੱਤੇ ਆਪਣੇ ਦਸਤੇ ਵਿੱਚ ਚਲਾ ਗਿਆ ਅਤੇ ਹਰ ਸਨਿੱਚਰਵਾਰ ਉਹ ਗੀਤਾ ਨੂੰ ਬਹੁਤ ਹੀ ਛੋਟੀ ਜਿਹੀ ਚਿੱਠੀ ਲਿਖਦਾ। ਹਰ ਐਤਵਾਰ ਇੱਕ ਲੰਮੀ ਸਾਰੀ ਚਿੱਠੀ ਲਿਖ ਕੇ ਉਹ ਉਸ ਦਾ ਜਵਾਬ ਦਿੰਦੀ। ਗਰਮੀਆਂ ਆਉਣ ਤੱਕ ਇਸ ਤਰਾਂ ਹੀ ਹੁੰਦਾ ਰਿਹਾ ਅਤੇ ਜੂਨ ਵਿੱਚ ਉਹ ਤਿੰਨ ਦਿਨ ਵਾਸਤੇ ਉਸ ਛੋਟੀ ਜਿਹੀ ਨਗਰੀ ਵਿੱਚ ਆਇਆ। ਉਸ ਨੇ ਆ ਕੇ ਖ਼ਬਰ ਦਿੱਤੀ ਕਿ ਸਰਹੱਦ ਉੱਤੇ ਹੁਣ ਅਮਨ ਅਮਾਨ ਨਹੀਂ ਤੇ ਹੁਣ ਕਿਸੇ ਨੂੰ ਵੀ ਛੁੱਟੀ ਨਹੀਂ ਮਿਲਦੀ, ਇਸ ਲਈ ਉਹਨਾਂ ਵਾਸਤੇ ਜ਼ਰੂਰੀ ਹੈ ਕਿ ਤੁਰੰਤ ਹੀ ਰਜਿਸਟਰੀ ਦਫਤਰ ਜਾ ਕੇ ਵਿਆਹ ਕਰਾ ਲੈਣ। ਗੀਤਾ ਨੂੰ ਇਸ ਗੱਲ ਦੀ ਉੱਕਾ ਹੀ ਕੋਈ ਹੈਰਾਨੀ ਨਹੀਂ ਸੀ ਹੋਈ। ਪਰ ਰਜਿਸਟਰਾਰ ਦਫਤਰਸ਼ਾਹ ਨਿੱਕਲਿਆ ਤੇ ਉਸ ਨੇ ਉਹਨਾਂ ਦਾ ਵਿਆਹ ਕਰਨ ਤੋਂ ਇਸ ਕਰਕੇ ਇਨਕਾਰ ਕਰ ਦਿੱਤਾ ਕਿ ਹਾਲੇ ਗੀਤਾ ਦੀ ਉਮਰ ਅਠਾਰਾਂ ਸਾਲਾਂ ਤੋਂ ਸਾਢੇ ਪੰਜ ਮਹੀਨੇ ਘੱਟ ਸੀ। ਫਿਰ ਉਹ ਨਗਰੀ ਦੇ ਕੁਮੇਦਾਨ ਕੋਲ ਗਏ ਅਤੇ ਗੀਤਾ ਦੇ ਮਾਪਿਆਂ ਕੋਲ਼, ਤੇ ਅਖੀਰ ਉਹਨਾਂ ਦੀ ਇੱਛਾ ਪੂਰੀ ਹੋ ਗਈ।

ਗੀਤਾ ਆਪਣੀ ਜਮਾਤ ਵਿੱਚ ਵਿਆਹ ਕਰਾਉਣ ਵਾਲ਼ੀ ਪਹਿਲੀ ਕੁੜੀ ਸੀ। ਐਵੇਂ ਕਿਸੇ ਐਰੇ ਗੈਰੇ ਨਾਲ਼ ਨਹੀਂ, ਸਗੋਂ ਲਾਲ ਫੌਜ ਦੇ ਕਮਾਂਡਰ ਨਾਲ਼—ਤੇ ਉਹ ਵੀ ਸਰਹੱਦੀ ਗਾਰਦ ਦਾ ਕਮਾਂਡਰ। ਦੁਨੀਆਂ ਵਿੱਚ ਗੀਤਾ ਜਿਨਾ ਖੁਸ਼ ਭਲਾਂ ਹੋਰ ਕੌਣ ਹੋ ਸਕਦਾ ਸੀ!

ਸਰਹੱਦੀ ਚੌਂਕੀ ਵਾਲ਼ਿਆਂ ਨੇ ਉਸਨੂੰ ਬਿਨਾਂ ਕਿਸੇ ਹੀਲ ਹੁੱਜਤ ਦੇ ਇਸਤਰੀ ਸੋਵੀਅਤ ਵਾਸਤੇ ਚੁਣ ਲਿਆ ਤੇ ਸਾਰੀਆਂ ਸ੍ਰੇਣੀਆਂ ਵਿੱਚ ਉਸਦਾ ਨਾਂ ਦਰਜ ਕਰ ਲਿਆ। ਜਖਮੀਆਂ ਦੀ ਮੱਲ੍ਹਮ ਪੱਟੀ ਕਿਵੇਂ ਕਰਨੀ ਹੈ, ਗੋਲ਼ੀ ਕਿਵੇਂ ਚਲਾਉਣੀ ਹੈ, ਤੇ ਇਸਤੋਂ ਇਲਾਵਾ ਉਸ ਨੇ ਘੋੜਸਵਾਰੀ ਕਰਨੀ ਵੀ ਸਿੱਖੀ। ਇਹ ਵੀ ਸਿੱਖਿਆ ਕਿ ਗਰਨੇਡ ਕਿਵੇਂ ਸੁੱਟਣਾ ਹੈ ਅਤੇ ਗੈਸ ਦੇ ਹਮਲੇ ਸਮੇਂ ਆਪਣਾ ਬਚਾ ਕਿਵੇਂ ਕਰਨਾ ਹੈ। ਇੱਕ ਸਾਲ ਮਗਰੋਂ ਉਹਦੇ ਘਰ ਲੜਕਾ ਹੋਇਆ (ਉਹਨਾਂ ਨੇ ਉਹਦਾ ਨਾਂ ਅਲਬੇਰਤ ਰੱਖਿਆ—ਛੋਟਾ ਨਾਂ ਆਲਿਕ) ਅਤੇ ਇਸ ਤੋਂ ਇੱਕ ਸਾਲ ਮਗਰੋਂ ਲੜਾਈ ਛਿੜ ਪਈ।

ਲੜਾਈ ਦੇ ਪਹਿਲੇ ਦਿਨ ਗੀਤਾ ਉਹਨਾਂ ਕੁੱਝ ਲੋਕਾਂ ਵਿੱਚੋਂ ਸੀ ਜਿਨ੍ਹਾਂ ਨੂੰ ਹੱਥਾਂ ਪੈਰਾਂ ਦੀ ਨਹੀਂ ਸੀ ਪਈ। ਵੈਸੇ ਵੀ ਉਹ ਠੰਡੇ ਸੁਭਾਅ ਵਾਲ਼ੀ ਸਿਆਣੀ ਕੁੜੀ ਸੀ, ਪਰ ਇਸ ਵੇਲ਼ੇ ਠਰ੍ਹੰਮੇ ਦੀ ਸਿੱਧੀ ਸਾਦੀ ਵਜ੍ਹਾ ਇਹ ਸੀ ਕਿ ਮਈ ਵਿੱਚ ਉਹਨੇ ਆਲਿਕ ਨੂੰ ਨਾਨਕਿਆਂ ਦੇ ਭੇਜ ਦਿੱਤਾ ਹੋਇਆ ਸੀ ਅਤੇ ਇਸ ਤਰਾਂ ਉਹ ਦੂਜਿਆਂ ਦੇ ਬਾਲਾਂ ਨੂੰ ਬਚਾਉਣ ਦਾ ਕੰਮ ਕਰ ਸਕਦੀ ਸੀ।

ਸਰਹੱਦੀ ਚੌਂਕੀ ਸਤਾਰਾਂ ਦਿਨ ਮੁਕਾਬਲੇ ਵਿੱਚ ਡਟੀ ਰਹੀ। ਰਾਤ ਦਿਨ ਦੂਰ ਚਲਦੀਆਂ ਗੋਲ਼ੀਆਂ ਦੀ ਆਵਾਜ ਗੀਤਾ ਦੇ ਕੰਨ ਪੈਂਦੀ ਰਹੀ। ਚੌਂਕੀ ਦਾ ਹਾਲੇ ਕੁੱਝ ਨਹੀਂ ਸੀ ਵਿਗੜਿਆ। ਇਸ ਦੇ ਨਾਲ਼ ਹੀ ਆਸ ਬਣੀ ਹੋਈ ਸੀ ਕਿ ਪਤੀ ਦਾ ਵਾਲ ਵਿੰਗਾ ਨਹੀਂ ਸੀ ਹੋਇਆ ਅਤੇ

ਸਰਹੱਦੀ ਗਾਰਦ ਓਨਾ ਚਿਰ ਡਟੀ ਰਹੇਗੀ ਜਿਨਾ ਚਿਰ ਫੌਜੀ ਟੁਕੜੀਆਂ ਨਹੀਂ ਪਹੁੰਚੀਆਂ ਤੇ ਉਹਨਾਂ ਦੇ ਆ ਜਾਣ ਨਾਲ਼ ਇੱਟ ਦਾ ਜਵਾਬ ਪੱਥਰ ਨਾਲ਼ ਦਿੱਤਾ ਜਾਵੇਗਾ। ਪਰ ਦਿਨ ਲੰਘਦੇ ਗਏ, ਕੁਮਕ ਨਾ ਪਹੁੰਚੀ ਅਤੇ ਸਤਾਰਵੇਂ ਦਿਨ ਚੌਂਕੀ ਚੁੱਪ ਹੋ ਗਈ।

ਉਹ ਲੋਕ ਗੀਤਾ ਨੂੰ ਦੂਜੇ ਟੱਬਰਾਂ ਦੇ ਨਾਲ਼ ਹੀ ਉਥੋਂ ਕੱਢਣਾ ਚਾਹੁੰਦੇ ਸਨ, ਪਰ ਗੀਤਾ ਨੇ ਆਖਿਆ ਕਿ ਉਹਨੂੰ ਲੜਾਈ ਦੇ ਮੋਰਚਿਆਂ 'ਤੇ ਜਾਣ ਦੀ ਆਗਿਆ ਦਿੱਤੀ ਜਾਵੇ। ਉਸ ਨੂੰ ਧੱਕ ਧੁੱਕ ਕੇ ਮਾਲ ਗੱਡੀ ਦੇ ਡੱਬੇ ਵਿੱਚ ਵਾੜਿਆ ਜਾਂਦਾ, ਪਰ ਸੀਨੀਅਰ ਲੈਫਟੀਨੈਂਟ ਓਸੀਆਨਿਨ, ਚੌਂਕੀ ਨਾਇਬ ਦੀ ਸਿਰੜੀ ਪਤਨੀ ਦੋ ਦਿਨਾਂ ਵਿੱਚ ਫਿਰ ਕਿਲੇਬੰਦੀ ਵਾਲ਼ੇ ਇਲਾਕੇ ਦੇ ਸਦਰ ਮੁਕਾਮ ਮੁੜ ਆਉਂਦੀ। ਉਸ ਨੂੰ ਹਸਪਤਾਲ ਵਿੱਚ ਸੇਵਕਾ ਦੇ ਕੰਮ ਲਈ ਰੱਖ ਲਿਆ ਗਿਆ ਅਤੇ ਛੇ ਮਹੀਨਿਆਂ ਵਿੱਚ ਉਸ ਨੂੰ ਹਵਾਮਾਰ ਤੋਪਚੀ ਦੀ ਸਿਖਲਾਈ ਵਾਸਤੇ ਸੈਨਿਕ ਸਕੂਲ ਭੇਜ ਦਿੱਤਾ ਗਿਆ।

ਸੀਨੀਅਰ ਲੈਫਟੀਨੈਂਟ ਓਸੀਆਨਿਨਾ ਲੜਾਈ ਦੇ ਦੂਜੇ ਹੀ ਦਿਨ, ਸਵੇਰ ਵੇਲ਼ੇ ਇੱਕ ਜਵਾਬੀ ਹਮਲੇ ਵਿੱਚ ਮਾਰਿਆ ਗਿਆ ਸੀ, ਗੀਤਾ ਨੂੰ ਇਹ ਖ਼ਬਰ ਜੁਲਾਈ ਵਿੱਚ ਮਿਲੀ, ਜਦੋਂ ਸਰਹੱਦੀ ਗਾਰਦ ਦਾ ਇੱਕ ਸਾਰਜੈਂਟ ਕਿਸੇ ਚਮਤਕਾਰ ਨਾਲ਼ ਹੀ ਦੁਸ਼ਮਣ ਦੇ ਹੱਥ ਆਈ ਚੌਂਕੀ ਵਿੱਚੋਂ ਬਾਹਰ ਨਿੱਕਲ ਆਇਆ।

ਹੁਣ ਤੱਕ ਕਮਾਂਡ ਵਿੱਚ ਬਹਾਦਰ ਲੈਫਟੀਨੈਂਟ ਦੀ ਵਿਧਵਾ ਦੀ, ਜਿਸ ਦੇ ਚਿਹਰੇ ਉੱਤੇ ਕਦੇ ਕਿਸੇ ਮੁਸਕਾਨ ਨਹੀਂ ਸੀ ਵੇਖੀ, ਬੜੀ ਕਦਰ ਹੋ ਗਈ ਸੀ। ਹਦਾਇਤਾਂ ਦਿੰਦੇ ਸਮੇਂ ਉਸ ਦਾ ਜਿਕਰ ਆਉਂਦਾ ਸੀ ਤੇ ਉਹਨੂੰ ਇੱਕ ਮਿਸਾਲ ਕਰਕੇ ਪੇਸ਼ ਕੀਤਾ ਜਾਂਦਾ ਸੀ—ਅਤੇ ਉਹਦੀ ਜਾਤੀ ਬੇਨਤੀ ਮੰਨ ਲਈ ਗਈ ਸੀ। ਤੋਪਚੀ ਦੀ ਸਿਖਲਾਈ ਲੈਣ ਮਗਰੋਂ ਉਸ ਨੇ ਉਸੇ ਹਲਕੇ ਵਿੱਚ ਭੇਜੇ ਜਾਣ ਦੀ ਖਾਹਿਸ਼ ਜ਼ਾਹਿਰ ਕੀਤੀ ਸੀ ਜਿੱਥੇ ਉਹ ਸਰਹੱਦੀ ਚੌਂਕੀ ਸੀ, ਜਿੱਥੇ ਉਹਦਾ ਪਤੀ ਸੰਗੀਨਾਂ ਦੀ ਸਿਰਲੱਥ ਲੜਾਈ ਵਿੱਚ ਮਾਰਿਆ ਗਿਆ ਸੀ। ਮੁਹਾਜ਼ ਦੀਆਂ ਫੌਜਾਂ ਥੋੜ੍ਹਾ ਜਿਹਾ ਪਿੱਛੇ ਹਟ ਆਈਆਂ ਸਨ ਤੇ ਉਹਨਾਂ ਨੇ ਝੀਲ ਉਤੇ ਜੰਗਲ ਦੀ ਆੜ ਵਿੱਚ ਖੰਦਕਾਂ ਪੁੱਟ ਕੇ ਮੋਰਚੇ ਬਣਾ ਲਏ ਸਨ। ਹੁਣ ਮੋਰਚਾ ਪੁਰਾਣੀ ਸਰਹੱਦੀ ਚੌਂਕੀ ਅਤੇ ਉਸ ਛੋਟੀ ਜਿਹੀ ਨਗਰੀ ਦੇ ਕਿਤੇ ਵਿਚਕਾਰ ਜਿਹੇ ਜੰਮਿਆਂ ਹੋਇਆ ਸੀ ਜਿਸ ਨਗਰੀ ਵਿੱਚ ਲੈਫਟੀਨੈਂਟ ਓਸੀਆਨਿਨ ਅਤੇ ਸਕੂਲ ਵਿੱਚ ਨੌਵੀਂ "ਬੀ" ਦੀ ਵਿਦਿਆਰਥਣ ਦਾ ਮੇਲ ਹੋਇਆ ਸੀ।

ਹੁਣ ਗੀਤਾ ਖੁਸ਼ ਸੀ ਕਿਉਂਕਿ ਉਹ ਜੋ ਕੁੱਝ ਚਾਹੁੰਦੀ ਸੀ ਉਸ ਨੂੰ ਮਿਲ ਗਿਆ ਸੀ। ਇਥੋਂ ਤੱਕ ਕਿ ਆਪਣੇ ਪਤੀ ਦੀ ਮੌਤ ਦਾ ਖਿਆਲ ਵੀ ਉਸ ਦੇ ਚੇਤੇ ਦੀਆਂ ਧੁਰ ਅੰਦਰ ਦੀਆਂ ਨੁੱਕਰਾਂ ਵਿੱਚ ਕਿਧਰੇ ਜਾ ਵੜਿਆ ਸੀ। ਉਹਦੇ ਕੋਲ਼ ਕਰਨ ਵਾਸਤੇ ਕੰਮ ਸੀ, ਉਹਦੀਆਂ ਜਿੰਮੇਵਾਰੀਆਂ ਸਨ ਅਤੇ ਕੁੱਝ ਖਾਸ ਚੀਜ਼ਾਂ ਸਨ ਜਿਨ੍ਹਾਂ ਨਾਲ਼ ਉਸਨੂੰ ਨਫਰਤ ਸੀ। ਉਸ ਨੇ ਠਰ੍ਹੰਮੇ ਅਤੇ ਬੇਕਿਰਕੀ ਨਾਲ਼ ਨਫਰਤ ਕਰਨੀ ਸਿੱਖ ਲਈ ਸੀ ਭਾਵੇਂ ਉਹਦੀ ਤੋਪ ਦੇ ਅਮਲੇ ਨੇ ਦੁਸ਼ਮਣ ਦਾ ਹਾਲੇ ਕੋਈ ਵੀ ਹਵਾਈ ਜ਼ਹਾਜ ਨਹੀਂ ਸੀ ਡੇਗਿਆ, ਪਰ ਉਸ ਨੇ ਜਰਮਨਾਂ ਦੇ ਨਿਗਾਹਦਾਰੀ ਕਰਨ ਵਾਲ਼ੇ ਇੱਕ ਗੁਬਾਰੇ ਨੂੰ ਫੂੰਡ ਲਿਆ ਸੀ। ਇਹ ਲਟ ਲਟ ਬਲ ਉੱਠਿਆ ਸੀ, ਅੱਧ ਅਸਮਾਨੇ ਚੁਰੜ ਮੁਰੜ ਹੋ ਗਿਆ ਅਤੇ ਸੂਹੀਆ ਟੋਕਰੀ ਵਿੱਚੋਂ ਇਉਂ ਲੁੜ੍ਹਕ ਪਿਆ ਜਿਵੇਂ ਕੋਈ ਪੱਥਰ ਡਿਗਦਾ ਸੀ।

"ਦਾਗ ਦੇ ਗੋਲਾ, ਗੀਤਾ! ਦਾਗ ਦੇ!" ਤੋਪ ਦੇ ਅਮਲੇ ਦੀਆਂ ਦੂਜੀਆਂ ਕੁੜੀਆਂ ਰੌਲਾ

ਪਾਉਣ ਲੱਗ ਪਈਆਂ।

ਗੀਤਾ ਉਡੀਕਦੀ ਰਹੀ। ਉਸ ਨੇ ਹੇਠਾਂ ਲਹਿੰਦੇ ਆ ਰਹੇ ਟਿਮਕਣੇ ਤੋਂ ਆਪਣੀਆਂ ਨਜ਼ਰਾਂ ਨਹੀਂ ਹਟਾਈਆਂ। ਜਦੋਂ ਜ਼ਮੀਨ ਦੇ ਨੇੜੇ ਆ ਕੇ ਜਰਮਨ ਨੇ, ਨਿਰਸੰਦੇਹ ਆਪਣੇ ਜਰਮਨ ਖ਼ੁਦਾ ਦਾ ਸ਼ੁਕਰ ਮਨਾਉਂਦਿਆਂ, ਝਟਕੇ ਨਾਲ਼ ਆਪਣਾ ਪੈਰਾਸ਼ੂਟ ਖੋਹਲਿਆ, ਤਾਂ ਗੀਤਾ ਨੇ ਮਲਕੜੇ ਜਿਹੇ ਘੋੜਾ ਦੱਬ ਦਿੱਤਾ। ਚੌਹਾਂ ਨਾਲੀਆਂ ਵਿੱਚੋਂ ਨਿੱਕਲੇ ਗੋਲ਼ਿਆਂ ਦੀ ਥਾੜ੍ਹ ਨੇ ਉਸ ਕਾਲ਼ੇ ਜਿਹੇ ਅਕਾਰ ਦੇ ਤੂੰਬੇ ਉਡਾ ਦਿੱਤੇ ਅਤੇ ਜਿੱਤ ਦੇ ਜੈਕਾਰੇ ਮਾਰਦੀਆਂ ਕੁੜੀਆਂ ਨੇ ਚੁੰਮ-ਚੁੰਮ ਕੇ ਗੀਤਾ ਦਾ ਮੂੰਹ ਲਾਲ ਕਰ ਦਿੱਤਾ। ਗੀਤਾ ਦੇ ਬੁੱਲ੍ਹਾਂ ’ਤੇ ਬਸ ਇੱਕ ਬੇ ਰੌਣਕ ਜਿਹੀ ਮੁਸਕਾਨ ਸੀ। ਸਾਰੀ ਰਾਤ ਉਸ ਨੂੰ ਕੰਬਣੀਆਂ ਛਿੜੀਆਂ ਰਹੀਆਂ ਅਤੇ ਛੋਟੀ ਕਮਾਂਡਰ ਪਲਟਣ ਕਮਾਂਡਰ ਕਿਰੀਆਨੋਵਾ ਉਸ ਨੂੰ ਚਾਹ ਦਿੰਦੀ ਰਹੀ ਅਤੇ ਇਹ ਆਖ ਦਿਲਾਸਾ ਦਿੰਦੀ ਰਹੀ :

“ਇਹ ਸਭ ਠੀਕ ਹੋ ਜਾਏਗਾ, ਗੀਤਾ। ਜਦੋਂ ਮੈਂ ਪਹਿਲੀ ਵਾਰੀ ਬੰਦਾ ਮਾਰਿਆ ਸੀ ਮੈਂ ਤਾਂ ਆਪ ਹੀ ਮਰ ਚੱਲੀ ਸਾਂ, ਸਮਝ ਤੂੰ। ਸੱਚ ਜਾਣ, ਪੂਰਾ ਮਹੀਨਾ ਸੁਪਨੇ ਆਉਂਦੇ ਰਹੇ ਸੀ ਮੈਨੂੰ , ਉਹੋ ਹਰਾਮੀ ਜਰਮਨ ਵਿਖਾਈ ਦਿੰਦਾ ਰਿਹਾ...”

ਕਿਰੀਆਨੋਵਾ ਬੜੀ ਜੁਝਾਰ ਕੁੜੀ ਸੀ। ਫਿਨਲੈਂਡ ਨਾਲ਼ ਲੜਾਈ ਵਿੱਚ ਉਸ ਨੂੰ ਚੋਖਾ ਤਜਰਬਾ ਹੋ ਗਿਆ ਸੀ ਜਿੱਥੇ ਉਹ ਆਪਣੀ ਫਸਟ-ਏਡ ਦੀ ਕਿੱਟ ਚੁੱਕ ਕੇ ਮੋਰਚਿਆਂ ਵਿੱਚ ਰੀਂਗਦੀ ਰਹਿੰਦੀ ਸੀ। ਆਪਣੀ ਬਹਾਦਰੀ ਬਦਲੇ ਉਹਨੂੰ ਤਮਗਾ ਵੀ ਮਿਲਿਆ ਹੋਇਆ ਸੀ। ਉਸ ਦੇ ਆਚਰਣ ਕਰਕੇ ਗੀਤਾ ਉਹਦਾ ਆਦਰ ਤਾਂ ਕਰਦੀ ਸੀ, ਪਰ ਉਹਦੇ ਵੱਲ ਕੋਈ ਖਾਸ ਖਿੱਚ ਮਹਿਸੂਸ ਨਹੀਂ ਸੀ ਕਰਦੀ।

ਗੀਤਾ ਹਮੇਸ਼ਾਂ ਹੀ ਕਿਸੇ ਨਾ ਕਿਸੇ ਤਰਾਂ ਆਪਣੇ ਆਪ ਨੂੰ ਕਾਬੂ ਵਿੱਚ ਰੱਖਦੀ ਸੀ। ਦਸਤੇ ਦੀਆਂ ਸਾਰੀਆਂ ਹੀ ਕੁੜੀਆਂ ਕੋਮਸੋਮੋਲ ਦੀਆਂ ਮੈਂਬਰ ਸਨ ਅਤੇ ਮੁਸ਼ਕਲ ਇਹ ਨਹੀਂ ਸੀ ਕਿ ਉਹ ਉਸ ਨਾਲ਼ੋਂ ਛੋਟੀਆਂ ਸਨ, ਨਹੀਂ ਉਹ ਤਾਂ ਹਾਲੇ ਬਾਲ ਸਨ। ਉਹਨਾਂ ਨੂੰ ਨਾ ਪਿਆਰ ਦਾ ਕੁੱਝ ਪਤਾ ਸੀ ਨਾ ਮਮਤਾ ਦਾ, ਨਾ ਦੁਖ ਦਾ ਨਾ ਸੁਖ ਦਾ। ਉਹ ਤਾਂ ਲੈਫਟੀਨੈਂਟ ਅਤੇ ਚੁੰਮੀਆਂ ਬਾਰੇ ਬਕ-ਬਕ ਕਰਦੀਆਂ ਜਾ ਰਹੀਆਂ ਸਨ ਅਤੇ ਹੁਣ ਗੀਤਾ ਇਸ ਗੱਲ ਤੋਂ ਖਿਝ ਗਈ ਸੀ।

“ਸੌਂ ਜਾਓ!” ਇੱਕ ਹੋਰ ਦੇ ਮੂਹੋਂ ਇਕਬਾਲ ਸੁਣ ਕੇ ਉਹਨੇ ਖਰ੍ਹਵੀ ਆਵਾਜ ਵਿੱਚ ਆਖਿਆ। “ਜੇ ਹੋਰ ਇਸ ਤਰਾਂ ਦੀ ਬਕਵਾਸ ਕੀਤੀ, ਤਾਂ ਗਾਰਦ ਡਿਊਟੀ ਕਰਨ ਦਾ ਕੋਈ ਹਿਸਾਬ ਨਹੀਂ ਰਹਿਣਾ।”

“ਕੋਈ ਨਹੀਂ ਗੀਤਾ”, ਕਿਰੀਆਨੋਵਾ ਨੇ ਢਿੱਲੀ ਜਿਹੀ ਆਵਾਜ਼ ਵਿੱਚ ਲਮਕਾ ਕੇ ਆਖਿਆ। “ਕਰੀਂ ਜਾਣ ਦੇ ਲੁਤਰ ਲੁਤਰ। ਜੀਅ ਖੁਸ਼ ਹੁੰਦਾ ਏ ਉਹਨਾਂ ਦਾ।”

“ਪਿਆਰ ਮੁਹੱਬਤ ਕਰਨ, ਮੈਂ ਕੁੱਝ ਨਹੀਂ ਆਖਦੀ। ਪਰ ਇਹ ਨੁਕਰਾਂ ਵਿੱਚ ਚੁੰਮਾ ਚੱਟੀ, ਮੈਨੂੰ ਨਹੀਂ ਇਸਦੀ ਸਮਝ ਆਉਂਦੀ।”

“ਇਹਨਾਂ ਵਾਸਤੇ ਮਿਸਾਲ ਕਾਇਮ ਕਰ”, ਕਿਰੀਅਨੋਵਾ ਨੇ ਮੁਸਕਰਾ ਕੇ ਆਖਿਆ।

ਗੀਤਾ ਅਚਾਨਕ ਚੁੱਪ ਹੋ ਗਈ। ਉਹ ਸੋਚ ਵੀ ਨਹੀਂ ਸਕਦੀ ਸੀ ਕਿ ਇਸ ਕਿਸਮ ਦੀ ਕੋਈ ਗੱਲ ਹੋ ਸਕਦੀ ਹੈ। ਉਹਦੇ ਵਾਸਤੇ ਹੁਣ ਮਰਦਾਂ ਦਾ ਕੋਈ ਵਜੂਦ ਨਹੀਂ ਸੀ। ਇੱਕ ਮਰਦ ਹੁੰਦਾ ਸੀ—ਉਹ ਮਰਦ ਜਿਹੜਾ ਜੰਗ ਦੀ ਦੂਜੀ ਪ੍ਰਭਾਤ ਬੁਰੀ ਤਰਾਂ ਮਾਰ ਹੇਠ ਆਈ ਸਰਹੱਦੀ ਚੌਕੀ

ਵਾਸਤੇ ਦੂਹ-ਬਦੂਹ ਲੜਾਈ ਵਿੱਚ ਜੁਝਿਆ ਸੀ। ਉਹ ਸਿਰ ਉੱਚਾ ਕਰਕੇ ਰਹਿੰਦੀ ਸੀ ਤੇ ਆਪਣੀ ਪੇਟੀ ਨੂੰ ਕੱਸ ਕੇ ਬੰਨ੍ਹ ਰੱਖਦੀ ਸੀ, ਉਸ ਦੇ ਅਖੀਰਲੇ ਛੇਕ ਤੱਕ।

ਮਈ ਦਿਹਾੜੇ ਤੋਂ ਐਨ ਪਹਿਲਾਂ ਤੋਪਖਾਨੇ ਵਾਸਤੇ ਔਖਾ ਵੇਲ਼ਾ ਆ ਗਿਆ। ਦੋ ਘੰਟੇ ਕੁੱਝ ਫੁਰਤੀਲੇ ਮੈਸ਼ਰਸ਼ਮਿਤ ਲੜਾਕੇ ਹਵਾਈਜਹਾਜਾਂ ਨਾਲ਼ ਲੜਾਈ ਹੁੰਦੀ ਰਹੀ। ਲਿਸ਼ਕਦੀ ਧੁੱਪ ਵਿੱਚੋਂ ਜਰਮਨ ਝੱਪ ਖਾ ਕੇ ਹਵਾਮਾਰ ਚੌਕੀ ਉਤੇ ਹਮਲਾ ਕਰਦੇ ਤੇ ਗੋਲ਼ਿਆਂ ਦਾ ਮੀਂਹ ਵਰ੍ਹਾ ਦਿੰਦੇ ਸਨ। ਗੋਲ਼ਾ ਬਰੂਦ ਲਿਆਉਣ ਵਾਲ਼ੀ ਇੱਕ ਕੁੜੀ ਮਾਰੀ ਗਈ—ਮੋਟੀ ਜਿਹੀ, ਪੱਧਰੇ ਫੀਨੇ ਨੱਕ ਵਾਲ਼ੀ ਕੁੜੀ ਜਿਹੜੀ ਹਮੇਸ਼ਾਂ ਹੀ ਚੁੱਪ ਚਾਪ ਕੁੱਝ ਨਾ ਕੁੱਝ ਚਿਥਦੀ ਰਹਿੰਦੀ ਸੀ। ਦੋ ਹੋਰ ਕੁੜੀਆਂ ਨੂੰ ਮਾਮੂਲੀ ਫੱਟ ਲੱਗੇ ਸਨ। ਯੂਨਿਟ ਦਾ ਕਮੀਸਾਰ ਨੜੋਏ ਉੱਤੇ ਆਇਆ, ਕੁੜੀਆਂ ਡਾਡਾਂ ਮਾਰ ਮਾਰ ਕੇ ਰੋਈਆਂ ਅਤੇ ਕਬਰ ਉੱਤੇ ਤੋਪਾਂ ਦੀ ਸਲਾਮੀ ਦਿੱਤੀ ਗਈ। ਇਸ ਤੋਂ ਮਗਰੋਂ ਕਮੀਸਾਰ ਨੇ ਰੀਤਾ ਨੂੰ ਇੱਕ ਪਾਸੇ ਬੁਲਾਇਆ।

"ਦਸਤੇ ਨੂੰ ਕੁਮਕ ਭੇਜਣ ਦੀ ਲੋੜ ਏ।"

ਰੀਤਾ ਕੁੱਝ ਨਹੀਂ ਬੋਲੀ।

"ਤੁਹਾਡੇ ਕੋਲ਼ ਇੱਥੇ ਬੜੀ ਵਧੀਆ ਟੀਮ ਹੈ, ਮਾਰਗਰੀਤਾ ਸਤੇਪਾਨੋਵਨਾ। ਮੁਹਾਜ ਉੱਤੇ ਔਰਤਾਂ, ਤੁਸੀਂ ਆਪ ਜਾਣਦੇ ਹੋ, ਇੱਕ ਐਸੀ ਗੱਲ ਹੈ ਜਿਹੜੀ ਬਹੁਤ ਹੀ ਡੂੰਘਾ ਧਿਆਨ ਖਿਚਦੀ ਹੈ ਅਤੇ ਕਈ ਵਾਰੀ ਇਸ ਤਰਾਂ ਹੁੰਦਾ ਹੈ ਕਿ ਲੋਕਾਂ ਦੇ ਪੈਰ ਉਖੜ ਜਾਂਦੇ ਹਨ।"

ਰੀਤਾ ਫੇਰ ਕੁੱਝ ਨਹੀਂ ਬੋਲੀ। ਕਮੀਸਾਰ ਕਦੇ ਇੱਕ ਲੱਤ ਦੇ ਭਾਰ ਖਲੋ ਜਾਂਦਾ ਕਦੇ ਦੂਸਰੀ ਦੇ। ਉਸ ਨੇ ਸਿਗਰਟ ਸੁਲਘਾਈ ਅਤੇ ਧੀਮੀ ਜਿਹੀ ਆਵਾਜ ਵਿੱਚ ਆਖਿਆ-"ਹੈਡ ਕੁਆਟਰ ਵਿੱਚ ਇੱਕ ਅਫਸਰ ਨੇ—ਆਪ ਕਰਨਲ ਤੇ ਬਾਲ ਬੱਚੇ ਵਾਲ਼ਾ—ਇੱਕ ਕੁੜੀ ਨਾਲ਼ ਯਾਰਾਨਾ ਪਾ ਲਿਆ। ਜਦੋਂ ਮੇਰੇ ਵੱਡੇ ਅਫਸਰ ਨੂੰ ਪਤਾ ਲੱਗਾ ਤਾਂ ਉਹਨੇ ਇਸ ਕਰਨਲ ਦੀ ਝਾੜ ਝੰਬ ਕੀਤੀ ਤੇ ਉਸ ਦੀ ਦੋਸਤ ਕੁੜੀ ਨੂੰ ਮੇਰੇ ਸਪੁਰਦ ਕਰ ਕੇ ਹੁਕਮ ਦਿੱਤਾ ਕਿ ਇਹਨੂੰ, ਸਮਝੋ ਤੁਸੀਂ, ਕਿਸੇ ਚੰਗੀ ਟੀਮ ਵਿੱਚ ਕੰਮ ਕਰਨ ਲਾ ਦੇਵਾਂ।"

"ਭੇਜ ਦਿਓ", ਰੀਤਾ ਨੇ ਆਖਿਆ।

ਅਗਲੇ ਦਿਨ ਸਵੇਰੇ ਰੀਤਾ ਨੇ ਜਦੋਂ ਉਸ ਕੁੜੀ ਨੂੰ ਵੇਖਿਆ ਤਾਂ ਉਹਦਾ ਰੋਮ ਰੋਮ ਉਹਦੀ ਪ੍ਰਸ਼ੰਸ਼ਾ ਕਰਨ ਲੱਗਾ। ਉੱਚਾ ਲੰਮਾ ਕੱਦ, ਲਾਖੇ ਵਾਲ਼ ਅਤੇ ਚਿੱਟੀ ਦੁੱਧ ਚਮੜੀ। ਉਹਦੀਆਂ ਅੱਖਾਂ ਬਾਲਾਂ ਵਾਂਗ ਸਨ—ਹਰੀਆ ਅਤੇ ਤਸ਼ਤਰੀ ਵਰਗੀਆਂ ਗੋਲ਼।

"ਸੈਨਿਕ ਯੇਵਗੇਨੀਆ ਕੋਮੇਲਕੋਵਾ ਤੁਹਾਡੇ ਅੱਗੇ ਹਾਜ਼ਰ..."

ਉਹ ਦਿਨ ਸਾਰਿਆਂ ਦੇ ਨਹਾਉਣ ਧੋਣ ਦਾ ਦਿਨ ਸੀ ਤੇ ਜਦੋਂ ਉਹਨਾਂ ਨੇ ਕੱਪੜੇ ਉਤਾਰੇ ਤਾਂ ਕੁੜੀਆਂ ਇਸ ਨਵੀਂ ਆਉਣ ਵਾਲ਼ੀ ਵੱਲ ਇਉਂ ਝਾਕਣ ਲੱਗੀਆਂ ਜਿਵੇਂ ਉਹ ਕੋਈ ਅਜੂਬਾ ਹੋਵੇ।

"ਜੇਨਕਾ, ਤੂੰ ਤਾਂ ਸੱਚਮੁਚ ਜਲਪਰੀ ਏ!"

"ਜੇਨਕਾ, ਤੇਰੀ ਚਮੜੀ ਤਾਂ ਪਾਰਦਰਸ਼ੀ ਏ!"

"ਜੇਨਕਾ, ਤੇਰੇ ਵਿੱਚੋਂ ਤਾਂ ਬੁੱਤ ਘੜਿਆ ਜਾ ਸਕਦਾ ਏ!"

"ਜੇਨਕਾ, ਤੂੰ ਅੰਗੀ ਪਾਏ ਬਿਨਾਂ ਹੀ ਘੁੰਮ ਫਿਰ ਸਕਦੀ ਏ!"

"ਹਾਏ ਜੇਨਕਾ, ਤੈਨੂੰ ਤਾਂ ਕਿਸੇ ਮਿਊਜ਼ੀਅਮ ਵਿੱਚ ਰੱਖਣਾ ਚਾਹੀਦਾ ਏ। ਸ਼ੀਸ਼ੇ ਦੀ ਅਲਮਾਰੀ ਵਿੱਚ, ਕਾਲ਼ੀ ਮਖਮਲ ਉੱਤੇ!"

"ਬਦਨਸੀਬ ਕੁੜੀ!" ਕਿਰੀਆਨੋਵਾ ਨੇ ਹੌਂਕਾ ਲਿਆ।" ਇਹੋ ਜਿਹੀ ਮੂਰਤ ਨੂੰ ਫੌਜੀ ਵਰਦੀ ਪੁਆਉਣੀ—ਮੇਰੀ ਤਾਂ ਜਾਨ ਨਿੱਕਲ ਜਾਂਦੀ।"

"ਸੁਹਣੀ ਏ", ਗੀਤਾ ਨੇ ਸਾਵਧਾਨੀ ਨਾਲ਼ ਆਖਿਆ। "ਸੋਹਣੇ ਘੱਟ ਵੱਧ ਹੀ ਖੁਸ਼ਨਸੀਬ ਹੁੰਦੇ ਨੇ।"

"ਆਪਣੀ ਗੱਲ ਕਰਦੀ ਏਂ?" ਕਿਰੀਆਨੋਵਾ ਨੇ ਦੰਦੀਆਂ ਕੱਢਦਿਆਂ ਪੁੱਛਿਆ।

ਗੀਤਾ ਕੁੱਝ ਨਹੀਂ ਬੋਲੀ। ਨਹੀਂ, ਛੋਟੀ ਪਲਟਣ ਕਮਾਂਡਰ ਕਿਰੀਆਨੋਵਾ ਨਾਲ਼ ਉਹ ਸਹੇਲੀਆਂ ਵਾਂਗ ਖੁੱਲ੍ਹ ਨਹੀਂ ਸੀ ਸਕਦੀ। ਬਸ ਖੁੱਲ੍ਹ ਹੀ ਨਹੀਂ ਸੀ ਸਕਦੀ।

ਪਰ ਜੇਨਕਾ ਨਾਲ਼ ਉਹ ਖੁੱਲ੍ਹ ਗਈ ਸੀ। ਬਸ ਕਿਵੇਂ ਨਾ ਕਿਵੇਂ ਇਸ ਤਰਾਂ ਹੋ ਗਿਆ ਸੀ, ਬਿਨਾਂ ਕਿਸੇ ਤਿਆਰੀ ਦੇ, ਬਿਨਾਂ ਕੋਈ ਅਧਾਰ ਅਨੁਭਵ ਕੀਤਿਆਂ ਹੀ। ਗੀਤਾ ਨੇ ਤੁਰੰਤ ਹੀ ਉਸਨੂੰ ਆਪਣੀ ਜੀਵਨ ਕਹਾਣੀ ਸੁਣਾ ਦਿੱਤੀ ਸੀ। ਇਸ ਤਰਾਂ ਕਰ ਕੇ ਕੁੱਝ ਤਾਂ ਉਹ ਝਾੜ ਪਾਉਣਾ ਚਾਹੁੰਦੀ ਸੀ ਅਤੇ ਕੁੱਝ ਇੱਕ ਮਿਸਾਲ ਕਾਇਮ ਕਰਨਾ ਅਤੇ ਸਿਫਤ ਸ਼ਲਾਘਾ ਕਰਨਾ ਚਾਹੁੰਦੀ ਸੀ। ਜਵਾਬ ਵਿੱਚ ਜੇਨਕਾ ਨੇ ਨਾ ਕੋਈ ਤਰਸ ਵਿਖਾਇਆ ਸੀ ਨਾ ਹਮਦਰਦੀ। ਉਹਨੇ ਸੰਖੇਪ ਵਿੱਚ ਆਖਿਆ ਸੀ। –

"ਸੋ ਤੂੰ ਆਪਣਾ ਨਿੱਜੀ ਬਦਲਾ ਲੈਣਾ ਏ!"

ਇਹ ਗੱਲ ਉਹਨੇ ਇਸ ਅੰਦਾਜ ਵਿੱਚ ਆਖੀ ਸੀ ਕਿ ਗੀਤਾ ਨੇ ਕਰਨਲ ਬਾਰੇ ਸਭ ਕੁੱਝ ਜਾਣਦਿਆਂ ਹੋਇਆਂ ਵੀ ਪੁੱਛਿਆ,

"ਤੇ ਤੂੰ ਵੀ?"

"ਇਸ ਵੇਲ਼ੇ ਮੇਰਾ ਹੋਰ ਕੋਈ ਨਹੀਂ। ਮੇਰੀ ਮਾਂ, ਮੇਰੀ ਭੈਣ ਤੇ ਮੇਰਾ ਛੋਟਾ ਭਰਾ ਸਾਰੇ ਹੀ ਇੱਕ ਮਸ਼ੀਨਗਨ ਦੀਆਂ ਗੋਲੀਆਂ ਨਾਲ਼ ਭੁੰਨੇ ਗਏ ਸਨ।"

"ਗੋਲਾਬਾਰੀ ਦੀ ਮਾਰ ਹੇਠ ਆ ਗਏ ਸਨ?"

"ਉਹਨਾਂ ਨੂੰ ਗੋਲ਼ੀ ਮਾਰ ਕੇ ਮਾਰਿਆ ਗਿਆ ਸੀ। ਜਰਮਨਾਂ ਨੇ ਅਫਸਰਾਂ ਦੇ ਟੱਬਰਾਂ ਨੂੰ ਕਾਬੂ ਕੀਤਾ ਤੇ ਮਸ਼ੀਨਗੱਨ ਦੇ ਸਾਹਮਣੇ ਲਿਆ ਖੜ੍ਹੇ ਕੀਤਾ। ਸਾਹਮਣੇ ਪਾਸੇ ਇੱਕ ਮਕਾਨ ਵਿੱਚ ਮੈਨੂੰ ਐਸਤੋਨੀਆ ਦੀ ਇੱਕ ਜਨਾਨੀ ਨੇ ਲੁਕਾ ਕੇ ਰੱਖਿਆ ਸੀ, ਤੇ ਇਥੋਂ ਮੈਂ ਸਭ ਕੁੱਝ ਅੱਖੀਂ ਵੇਖਿਆ ਸੀ। ਸਭ ਕੁੱਝ! ਮੇਰੀ ਛੋਟੀ ਭੈਣ ਸਭ ਤੋਂ ਮਗਰੋਂ ਡਿੱਗੀ ਸੀ। ਉਹਨਾਂ ਨੂੰ ਉਹਦੇ ਉੱਤੇ ਦੂਜੀ ਵਾਰ ਗੋਲ਼ੀ ਚਲਾਉਣੀ ਪਈ ਸੀ।"

"ਗੱਲ ਸੁਣ, ਜੇਨਕਾ, ਉਹ ਕਰਨਲ ਵਾਲ਼ਾ ਕੀ ਮਾਮਲਾ ਸੀ?" ਗੀਤਾ ਨੇ ਹੌਲ਼ੀ ਜਿਹੀ ਪੁੱਛਿਆ। "ਤੂੰ ਇਹ ਕਿੱਦਾਂ ਕਰ ਲਿਆ, ਜੇਨਕਾ?"

"ਬਸ ਕਰ ਲਿਆ!" ਜੇਨਕਾ ਨੇ ਆਪਣੇ ਲਾਖੇ ਵਾਲ਼ਾਂ ਨੂੰ ਝਟਕਾ ਦਿੱਤਾ। ਉਹਦੀ ਤੱਕਣੀ ਵਿੱਚ ਇੱਕ ਵੰਗਾਰ ਸੀ। "ਤੂੰ ਹੁਣੇ ਹੀ ਮੇਰਾ ਸੁਧਾਰ ਸ਼ੁਰੂ ਕਰੇਂਗੀ ਜਾਂ ਦਿਨ ਦੇ ਕੰਮ ਤੋਂ ਵਿਹਲੇ ਹੋਣ ਮਗਰੋਂ?" ਜੇਨਕਾ ਦੇ ਨਸੀਬੇ ਨੇ ਗੀਤਾ ਦੇ ਇਸ ਅਹਿਸਾਸ ਉੱਤੇ ਕਾਟਾ ਮਾਰ ਦਿੱਤਾ ਕਿ ਉਹ ਕੋਈ ਵਿਲੱਖਣ ਸ਼ਖਸੀਅਤ ਹੈ ਅਤੇ ਇਹ ਗੱਲ ਭਾਵੇਂ ਅਜੀਬ ਲੱਗੇ, ਗੀਤਾ ਕੁੱਝ ਪੰਘਰ ਗਈ ਜਾਪਦੀ

ਸੀ। ਜਾਪਦਾ ਸੀ ਉਹਦੇ ਅੰਦਰ ਕੋਈ ਚੀਜ਼ ਨਰਮ ਹੋ ਗਈ ਹੈ। ਕਿਸੇ ਕਿਸੇ ਵੇਲ਼ੇ ਉਹ ਹਸਦੀ ਵੀ ਸੀ, ਕੁੜੀਆਂ ਨਾਲ਼ ਗਾਉਂਦੀ ਵੀ ਸੀ, ਪਰ ਉਹਦੇ ਵਰਤੋਂ ਵਿਹਾਰ ਵਿੱਚ ਪੂਰੀ ਸੁਭਾਵਿਕਤਾ ਸਿਰਫ ਉਦੋਂ ਹੀ ਹੁੰਦੀ ਜਦੋਂ ਉਹ ਜੇਨਕਾ ਨਾਲ਼ ਇਕੱਲੀ ਹੁੰਦੀ ਸੀ।

ਆਪਣੇ ਨਾਲ਼ ਵਾਪਰੇ ਦੁਖਾਂਤ ਦੇ ਬਾਵਜੂਦ, ਲਾਖੇ ਵਾਲ਼ਾਂ ਵਾਲ਼ੀ ਜੇਨਕਾ ਬੇਹੱਦ ਮਿਲਣਸਾਰ ਸੀ ਤੇ ਹਰ ਵੇਲ਼ੇ ਸ਼ਰਾਰਤਾਂ ਕਰਦੀ ਰਹਿੰਦੀ ਸੀ। ਕਿਸੇ ਪਲ ਉਹ ਕਿਸੇ ਲੈਫਟੀਨੈਂਟ ਨੂੰ ਬੁੱਧੂ ਬਣਾ ਕੇ ਸਾਰੇ ਦਸਤੇ ਨੂੰ ਖੁਸ਼ ਕਰ ਰਹੀ ਹੁੰਦੀ, ਤੇ ਕਿਸੇ ਵੇਲ਼ੇ ਉਹ ਜਿਪਸੀ ਨਾਚ ਇਉਂ ਨੱਚ ਰਹੀ ਹੁੰਦੀ ਜਿਵੇਂ ਉਹ ਪੇਸ਼ਾਵਰ ਨਾਚੀ ਹੋਵੇ ਅਤੇ ਦੂਜੀਆਂ ਕੁੜੀਆਂ "ਲਾ, ਲਾ" ਦੀ ਤਰਜ ਗੁਣਗੁਣਾਉਂਦੀਆਂ ਤੇ ਫਿਰ ਅਚਾਨਕ ਹੀ ਉਹ ਕਿਸੇ ਨਾਵਲ ਦੀ ਕਹਾਣੀ ਸੁਣਾਉਣ ਲੱਗ ਪੈਂਦੀ ਤੇ ਬਾਕੀ ਮਗਨ ਹੋਈਆਂ ਸੁਣਦੀਆਂ ਰਹਿੰਦੀਆਂ।

"ਤੈਨੂੰ ਤਾਂ ਰੰਗ ਮੰਚ ਉੱਤੇ ਕੰਮ ਕਰਨਾ ਚਾਹੀਦਾ ਸੀ, ਜੇਨਕਾ!"

ਕਿਰੀਆਨੋਵਾ ਨੇ ਹੌਂਕਾ ਭਰਦਿਆਂ ਆਖਿਆ। "ਤੇਰੀ ਪ੍ਰਤਿਭਾ ਅਕਾਰਥ ਜਾ ਰਹੀ ਏ!"

ਤੇ ਇਸ ਤਰਾਂ ਗੀਤਾ ਦਾ ਇੱਕ ਇਕੱਲਾਪਣ ਖਤਮ ਹੋ ਗਿਆ ਜਿਸ ਨੂੰ ਉਹ ਬੜਾ ਸਾਂਭ-ਸਾਂਭ ਰੱਖਦੀ ਸੀ। ਜੇਨਕਾ ਨੇ ਸਭ ਕੁੱਝ ਹਿਲਾ ਕੇ ਰੱਖ ਦਿੱਤਾ ਸੀ। ਉਹਨਾਂ ਦੇ ਯੂਨਿਟ ਵਿੱਚ ਇੱਕ ਮਧਰੀ ਜਿਹੀ ਕੁੜੀ ਸੀ ਗਾਲੀਆ ਚਿਤਵਿਰਤਕ। ਵੇਖਣ ਨੂੰ ਹੀ ਬੜੀ ਬਦਨਸੀਬ ਲਗਦੀ ਸੀ। ਨਿਰੀ ਹੱਡੀਆਂ ਦੀ ਮੁੱਠ, ਲੰਮਾ ਸਾਰਾ ਤਿੱਖਾ ਨੱਕ, ਗੁੱਤਾਂ ਜਿਵੇਂ ਸਣ ਦੀਆਂ ਬਣਾਈਆਂ ਹੋਣ ਤੇ ਛਾਤੀ ਪੱਧਰੀ ਸਪਾਟ ਜਿਵੇਂ ਮੁੰਡਿਆਂ ਦੀ ਹੁੰਦੀ ਹੈ ਜੇਨਕਾ ਨੇ ਉਹਨੂੰ ਖੂਬ ਮਲ਼-ਮਲ਼ ਕੇ ਨੁਹਾਇਆ, ਉਹਦੇ ਵਾਲ਼ ਵਾਹੇ ਸੁਆਰੇ, ਉਹਦੀ ਕਮੀਜ ਨੂੰ ਠੀਕ ਠਾਕ ਕਰਕੇ ਉਹਦੇ ਮੇਚ ਦੀ ਬਣਾਇਆ, ਤੇ ਗਾਲੀਆ ਟਹਿਕ ਪਈ। ਅਚਾਨਕ ਹੀ ਉਹਦੀਆਂ ਅੱਖਾਂ ਚਮਕਣ ਲੱਗ ਪਈਆਂ। ਉਹਦੇ ਬੁੱਲ੍ਹਾਂ 'ਤੇ ਮੁਸਕਾਨ ਵਿਖਰ ਗਈ ਤੇ ਕੁੜੀਆਂ ਨੇ ਕੀ ਵੇਖਿਆ ਕਿ ਉਹਦੀਆਂ ਛਾਤੀਆਂ ਵੀ ਸਨ, ਖੁੰਭਾਂ ਵਰਗੀਆਂ। ਇਸ ਤੋਂ ਮਗਰੋਂ ਗਾਲੀਆ ਤਾਂ ਜੇਨਕਾ ਤੋਂ ਬਿਨਾਂ ਇੱਕ ਪੈਰ ਨਹੀਂ ਸੀ ਪੁਟਦੀ। ਨਤੀਜਾ ਇਹ ਹੋਇਆ ਕਿ ਹੁਣ ਉਹ ਤਿੰਨ ਜਾਣੀਆਂ ਸਨ-ਗੀਤਾ, ਜੇਨਕਾ ਤੇ ਗਾਲੀਆ।

ਖ਼ਬਰ ਆਈ ਕਿ ਹਵਾਮਾਰ ਤੋਪਚੀਆਂ ਦਾ ਮੁਹਾਜ ਤੋਂ ਕਿਸੇ ਰੇਲਵੇ ਸਟੇਸ਼ਨ ਤਬਾਦਲਾ ਕੀਤਾ ਜਾ ਰਿਹਾ ਹੈ। ਉਹਨਾਂ ਨੇ ਇਸ ਗੱਲ 'ਤੇ ਸਖਤ ਇਤਰਾਜ਼ ਕੀਤਾ। ਸਿਰਫ ਗੀਤਾ ਹੀ ਸੀ ਜਿਹੜੀ ਕੁੱਝ ਨਹੀਂ ਸੀ ਬੋਲੀ। ਉਹ ਭੱਜੀ ਭੱਜੀ ਹੈੱਡਕੁਆਟਰ ਗਈ, ਨਕਸ਼ੇ ਉਤੇ ਨਜ਼ਰ ਮਾਰੀ ਤੇ ਬੋਲੀ-

"ਭੇਜ ਦਿਓ ਮੇਰੇ ਦਸਤੇ ਨੂੰ!"

ਕੁੜੀਆਂ ਦੰਗ ਰਹਿ ਗਈਆਂ। ਜੇਨਕਾ ਨੇ ਬਗਾਵਤ ਦਾ ਝੰਡਾ ਚੁੱਕ ਲਿਆ, ਪਰ ਅਗਲੀ ਸਵੇਰ ਅਚਾਨਕ ਹੀ ਉਹ ਠੰਡੀ ਹੋ ਗਈ। ਹੁਣ ਉਹ ਉਸੇ ਰੇਲਵੇ ਸਟੇਸ਼ਨ ਲਈ ਚੀਕ ਚਿਹਾੜਾ ਪਾਉਣ ਲੱਗ ਪਈ ਸੀ। ਕਿਉਂ ਕਿੱਧਰ ਦਾ ਕੀ ਮਤਲਬ ਸੀ, ਕਿਸੇ ਦੀ ਸਮਝ ਨਹੀਂ ਸੀ ਆਇਆ, ਪਰ ਉਹਨਾਂ ਨੇ ਇਤਰਾਜ ਕਰਨਾ ਬੰਦ ਕਰ ਦਿੱਤਾ ਸੀ। ਇਸ ਦਾ ਮਤਲਬ ਸੀ ਕਿ ਉਹਨਾਂ ਨੂੰ ਜਾਣਾ ਹੀ ਚਾਹੀਦਾ ਹੈ ਕਿਉਂਕਿ ਉਹਨਾਂ ਨੂੰ ਜੇਨਕਾ ਉੱਤੇ ਓੜਕਾਂ ਦਾ ਭਰੋਸਾ ਸੀ। ਉਹਨਾਂ ਨੇ ਗੱਲਾਂ ਕਰਨੀਆਂ ਬੰਦ ਕਰ ਦਿੱਤੀਆਂ ਤੇ ਤੁਰਨ ਦੀ ਤਿਆਰੀ ਕਰਨ ਲੱਗ ਪਈਆਂ। ਜਦੋਂ ਉਹ ਨਵੀਂ ਥਾਂ 'ਤੇ ਆ ਗਈਆਂ ਤਾਂ ਗੀਤਾ, ਜੇਨਕਾ ਤੇ ਗਾਲੀਆ ਨੇ ਅਚਾਨਕ ਹੀ ਬਿਨਾਂ ਖੰਡ ਦੇ ਚਾਹ

ਪੀਣੀ ਸ਼ੁਰੂ ਕਰ ਦਿੱਤੀ।

ਤਿੰਨ ਰਾਤਾਂ ਮਗਰੋਂ ਗੀਤਾ ਕੈਂਪ ਵਿੱਚੋਂ ਗਾਇਬ ਹੋ ਗਈ। ਉਹ ਅੱਗ ਬੁਝਾਉਣ ਵਾਲ਼ੇ ਸਾਜ਼-ਸਮਾਨ ਦੇ ਸ਼ੈਡ ਵਿੱਚੋਂ ਖਿਸਕ ਕੇ ਬਾਹਰ ਆ ਗਈ ਅਤੇ ਸੁੱਤੇ ਪਏ ਸਟੇਸ਼ਨ ਤੋਂ ਪਰਛਾਵੇਂ ਵਾਂਗੂੰ ਲੰਘ ਕੇ ਤ੍ਰੇਲ-ਭਿੱਜੇ ਆਲਡਰਾਂ ਦੇ ਜੰਗਲ ਵਿੱਚ ਲੋਪ ਹੋ ਗਈ। ਘਾਹ ਬੂਟ ਨਾਲ਼ ਭਰੇ ਹੋਏ ਜੰਗਲੀ ਰਾਹ ਤੋਂ ਲੰਘਦੀ ਉਹ ਵੱਡੀ ਸੜਕ ਉੱਤੇ ਆ ਗਈ ਤੇ ਜਿਹੜਾ ਵੀ ਪਹਿਲਾ ਟਰੱਕ ਆਇਆ ਉਹਨੂੰ ਰੋਕ ਲਿਆ।

"ਦੂਰ ਜਾਣਾ ਏ, ਸੋਹਣੀਏ ?" ਮੁੱਛਲ ਫੌਜੀ ਸਿਪਾਹੀ ਨੇ ਪੁੱਛਿਆ। ਰਾਤ ਵੇਲ਼ੇ ਫੌਜੀ ਟਰੱਕ ਗੋਲ਼ਾ ਬਰੂਦ ਲੈਣ ਵਾਸਤੇ ਪਿਛਵਾੜੇ ਜਾਂਦੇ ਸਨ ਤੇ ਇਹਨਾਂ ਦੇ ਨਾਲ਼ ਜਾਣ ਵਾਲ਼ੇ ਬੰਦੇ ਨੇਮਾਂ ਕਾਨੂੰਨਾਂ ਦੀ ਪ੍ਰਵਾਹ ਨਹੀਂ ਸੀ ਕਰਦੇ।

"ਸ਼ਹਿਰ ਤੱਕ ਲੈ ਚੱਲੋਗੇ ?"

ਟਰੱਕ ਦੇ ਪਿਛਲੇ ਪਾਸਿਓਂ ਮਦਦ ਵਾਸਤੇ ਇੱਕ ਹੱਥ ਬਾਹਰ ਨਿਕਲਿਆ। ਇਜਾਜ਼ਤ ਦੀ ਉਡੀਕ ਕੀਤੇ ਬਗੈਰ, ਗੀਤਾ ਨੇ ਪਹੀਏ ਉੱਤੇ ਪੈਰ ਟਿਕਾ ਦਿੱਤਾ ਤੇ ਇੱਕ ਹੰਭਲੇ ਨਾਲ਼ ਹੀ ਅਗਲੇ ਪਲ ਉਹ ਟਰੱਕ ਦੇ ਅੰਦਰ ਪਹੁੰਚ ਗਈ। ਉਹਨਾਂ ਨੇ ਉਸ ਨੂੰ ਤਿਰਪਾਲ ਉੱਤੇ ਬਿਠਾ ਲਿਆ ਅਤੇ ਰੂੰਦਾਰ ਜੈਕਟ ਉਹਦੇ ਮੋਢਿਆਂ 'ਤੇ ਸੁੱਟ ਦਿੱਤੀ।

"ਲੈ, ਠੌਂਕਾ ਲਾ ਲੈ ਘੰਟਾ ਕੁ....."

ਅਗਲੀ ਸਵੇਰ ਉਹ ਵਾਪਸ ਆਪਣੀ ਥਾਂ 'ਤੇ ਪਹੁੰਚ ਗਈ।

"ਲੀਦਾ, ਰਾਯਾ —ਡਿਉਟੀ 'ਤੇ!"

ਕਿਸੇ ਨੇ ਉਸ ਨੂੰ ਵੇਖਿਆ ਨਹੀਂ ਸੀ ਜਾਂ ਇਸ ਤਰਾਂ ਜਾਪਿਆ ਹੀ ਸੀ, ਪਰ ਕਿਰੀਆਨੋਵਾ ਨੂੰ ਪਤਾ ਲੱਗ ਗਿਆ ਸੀ। ਕਿਸੇ ਨੇ ਉਸਨੂੰ ਦੱਸ ਦਿੱਤਾ ਸੀ। ਕਿਰੀਆਨੋਵਾ ਨੇ ਆਖਿਆ ਕੁੱਝ ਨਹੀਂ, ਪਰ ਮੁਸਕੜੀਏਂ ਹੱਸ ਛੱਡਿਆ ਸੀ।

"ਮਿਲ ਗਿਆ ਕੋਈ, ਇਸ ਘੁਮੰਡਣ ਨੂੰ। ਠੀਕ ਹੈ, ਖਬਰੇ, ਪੰਘਰ ਹੀ ਜਾਵੇ..."

ਉਹਨੇ ਇਸ ਬਾਰੇ ਵਾਸਕੋਵ ਨਾਲ਼ ਕੋਈ ਗੱਲ ਨਹੀਂ ਕੀਤੀ। ਵੈਸੇ ਵੀ, ਵਾਸਕੋਵ ਕੋਲ਼ੋਂ ਕੋਈ ਕੁੜੀ ਨਹੀਂ ਸੀ ਡਰਦੀ। ਗੀਤਾ ਤਾਂ ਬਿਲਕੁਲ ਹੀ ਨਹੀਂ ਸੀ ਡਰਦੀ। ਉਹ ਤਾਂ ਬੱਸ ਸਟੇਸ਼ਨ 'ਤੇ ਤੁਰਿਆ ਫਿਰਦਾ ਕਿਸੇ ਦਕੀਆਨੂਸੀ ਬੁੱਢੇ ਵਾਂਗ ਹੀ ਸੀ। ਵੀਹ ਕੁ ਲਫਜ ਉਹਨੂੰ ਆਉਂਦੇ ਸਨ ਅਤੇ ਉਹ ਵੀ ਨੇਮਾਵਲੀ ਵਿੱਚੋਂ ਵੀ ਹੀ, ਕੌਣ ਐਸਾ ਹੋ ਸਕਦਾ ਸੀ ਜਿਹੜਾ ਇਹੋ ਜਿਹੇ ਬੰਦੇ ਨਾਲ਼ ਗੰਭੀਰਤਾ ਨਾਲ਼ ਪੇਸ਼ ਆਵੇ ?

ਪਰ ਮਰਯਾਦਾ ਆਖਰ ਮਰਯਾਦਾ ਹੀ ਹੁੰਦੀ ਹੈ, ਖਾਸ ਕਰਕੇ ਫੌਜ ਵਿੱਚ ਤੇ ਇਸ ਮਰਯਾਦਾ ਦਾ ਸਦਕਾ ਇਹ ਜ਼ਰੂਰੀ ਸੀ ਜੇਨਕਾ ਤੇ ਗਾਲੀਆ ਚਿਤਵਿਰਤਾਕ ਤੋਂ ਸਿਵਾਏ ਗੀਤਾ ਦੇ ਰਾਤ ਦੇ ਸੈਰ ਸਪਾਟਿਆਂ ਦਾ ਕਿਸੇ ਨੂੰ ਪਤਾ ਨਾ ਲੱਗੇ।

ਸ਼ਹਿਰ ਜਾਣ ਲੱਗੀ ਉਹ ਖੰਡ, ਬਿਸਕੁਟ, ਖਾਣ ਲਈ ਅੱਧਾ ਤਿਆਰ ਬਾਜਰੇ ਦਾ ਦਲੀਆ ਅਤੇ ਕਈ ਵਾਰੀ ਦਮਪੁਖਤਾ ਗੋਸ਼ਤ ਦੇ ਡੱਬੇ ਲੈ ਜਾਂਦੀ ਸੀ। ਆਪਣੀ ਇਸ ਕਾਮਯਾਬੀ ਨਾਲ਼ ਸਰੂਰ ਹੋਈ, ਗੀਤਾ ਹਫਤੇ ਵਿੱਚ ਦੋ ਜਾਂ ਤਿੰਨ ਰਾਤਾਂ ਸ਼ਹਿਰ ਚਲੀ ਜਾਂਦੀ ਸੀ, ਉਹ ਕਮਜੋਰ ਤੇ ਥੱਕੀ ਜਿਹੀ ਲੱਗਣ ਲੱਗ ਪਈ ਸੀ। ਜੇਨਕਾ ਨੇ ਹੌਲੀ ਜਿਹੀ ਕੰਨਾਂ ਵਿੱਚ ਡਾਂਟਿਆ-

"ਤੂੰ ਹੱਦਾਂ ਬੰਨੇ ਟਪਦੀ ਜਾ ਰਹੀ ਏਂ, ਬੀਬੀ ਰਾਣੀ! ਗਸ਼ਤ ਕਰਨ ਵਾਲ਼ਿਆਂ ਦੇ ਨਜ਼ਰ ਆ ਗਈ ਜਾਂ ਕਿਸੇ ਅਫਸਰ ਨੂੰ ਸੂਹ ਮਿਲ ਗਈ ਤਾਂ ਪਤਾ ਲੱਗੂ ਤੈਨੂੰ।"

"ਚੁੱਪ ਕਰ, ਜੇਨਕਾ, ਕੁੱਝ ਨਹੀਂ ਹੁੰਦਾ ਮੈਨੂੰ!"

ਉਹਦੀਆਂ ਅੱਖਾਂ ਖੁਸ਼ੀ ਨਾਲ਼ ਚਮਕ ਰਹੀਆਂ ਸਨ। ਐਸੀ ਹਾਲਤ ਵਿੱਚ ਕਿਸੇ ਨਾਲ਼ ਕੋਈ ਸੰਜੀਦਗੀ ਨਾਲ਼ ਕਿਵੇਂ ਗੱਲ ਕਰ ਸਕਦਾ ਹੈ? ਜੇਨਕਾ ਨੂੰ ਚਿੰਤਾ ਚੂੰਡ ਰਹੀ ਸੀ।

"ਵੇਖ ਲੈ, ਰੀਤਾ!"

ਰੀਤਾ ਦੀਆਂ ਨਜ਼ਰਾਂ 'ਤੇ ਖਸਿਆਨੀ ਹਾਸੀ ਤੋਂ ਇਕਦਮ ਸਮਝ ਗਈ ਕਿ ਕਿਰੀਆਨੋਵਾ ਨੂੰ ਰੀਤਾ ਦੇ ਰਾਤ ਬਰਾਤੇ ਆਉਣ ਜਾਣ ਦਾ ਪਤਾ ਲੱਗ ਗਿਆ ਹੈ। ਉਸ ਦੀਆਂ ਮੁਸਕਣੀਆਂ ਰੀਤਾ ਦੇ ਦਿਲ ਵਿੱਚ ਛੁਰੇ ਵਾਂਗ ਖੁਭੀਆਂ ਸਨ, ਮਾਣੋ ਉਸ ਨੇ ਮਰਹੂਮ ਪਤੀ ਨਾਲ਼ ਸਚਮੁਚ ਹੀ ਬੇਬਫਾਈ ਕੀਤੀ ਹੋਵੇ। ਉਹ ਗੁੱਸੇ ਨਾਲ਼ ਲਾਲ ਪੀਲ਼ੀ ਹੋ ਗਈ ਸੀ ਤੇ ਉਹਦਾ ਜੀਅ ਕਰਦਾ ਸੀ ਕਿਰੀਆਨੋਵਾ ਨੂੰ ਇੱਕ ਦੋ ਸੁਣਾ ਦੇਵੇ ਪਰ ਜੇਨਕਾ ਨੇ ਉਸ ਨੂੰ ਰੋਕ ਦਿੱਤਾ। ਉਹ ਉਸ ਨੂੰ ਖਿੱਚ ਕੇ ਲੈ ਗਈ।

"ਰੀਤਾ, ਸੋਚੀ ਜਾਣ ਦੇ ਉਹਨੂੰ ਜੋ ਉਹਦਾ ਜੀਅ ਕਰਦਾ ਏ!"

ਰੀਤਾ ਸੰਭਲ ਗਈ। ਜੇਨਕਾ ਦੀ ਗੱਲ ਠੀਕ ਹੀ ਸੀ। ਜਿੰਨਾ ਚਿਰ ਉਹ ਕੁੱਝ ਕਹਿੰਦੀ ਨਹੀਂ ਤੇ ਟੰਗ ਨਹੀਂ ਅੜਾਉਂਦੀ, ਜਾਂ ਵਾਸਕੋਵ ਨੂੰ ਖਬਰ ਨਹੀਂ ਕਰਦੀ, ਜੋ ਮਰਜੀ ਏ ਊਟ ਪਟਾਂਗ ਸੋਚੀ ਜਾਵੇ। ਉਹ ਬੋਲੀ ਜਾਏਗਾ, ਬੋਲੀ ਜਾਏਗਾ— ਤੇ ਉਹਦੀਆਂ ਗੱਲਾਂ ਕਦੇ ਨਹੀਂ ਮੁੱਕਣੀਆਂ। ਪਹਿਲਾਂ ਵੀ ਇਸ ਤਰਾਂ ਦੀ ਇੱਕ ਗੱਲ ਹੋ ਚੁੱਕੀ ਸੀ। ਪਹਿਲੇ ਦਸਤੇ ਦੀਆਂ ਦੋ ਕੁੜੀਆਂ ਨੂੰ ਸਾਰਜੈਂਟ-ਮੇਜਰ ਨੇ ਦਰਿਆ ਦੇ ਪਾਰੋਂ ਜਾ ਫੜਿਆ ਸੀ। ਉਸ ਨੇ ਪਹਿਲਾਂ ਕੁੜੀਆਂ ਨੂੰ ਤ੍ਰਿਕਾਲਾਂ ਦੇ ਖਾਣੇ ਤੋਂ ਲੈ ਕੇ ਰਾਤ ਦੇ ਖਾਣੇ ਤੱਕ ਚਾਰ ਘੰਟੇ ਇਖਲਾਕ ਆਚਰਣ ਬਾਰੇ ਇੱਕ ਲੈਕਚਰ ਦੇ ਮਾਰਿਆ ਸੀ। ਨਸੀਹਤਾਂ ਤੇ ਮੱਤਾਂ ਦੇਣ ਦੇ ਨਾਲ਼ ਹੀ ਉਹਨੇ ਇੱਕ ਕਿਤਾਬ ਉਹਨਾਂ ਉੱਤੇ ਵਗਾਹ ਮਾਰੀ ਸੀ। ਘੱਟੋ ਘੱਟ ਤਿੰਨ ਵਾਰੀ ਫੁਟ ਫੁਟ ਕੇ ਰੋ ਪੈਣ ਤੋਂ ਮਗਰੋਂ, ਕੁੜੀਆਂ ਨੇ ਬਚਨ ਦਿੱਤਾ ਕਿ ਉਹ ਫਿਰ ਕਦੇ ਦਰਿਆ ਤੋਂ ਪਾਰ ਨਹੀਂ ਜਾਣਗੀਆਂ, ਸਗੋਂ ਕੈਂਪ ਤੋਂ ਬਾਹਰ ਹੀ ਨਹੀਂ ਜਾਣਗੀਆਂ।

ਪਰ ਕਿਰੀਆਨੋਵਾ ਨੇ ਹਾਲੇ ਤੱਕ ਕੋਈ ਗੱਲ ਨਹੀਂ ਸੀ ਕੀਤੀ।

ਪੌਣ-ਵਿਹੂਣੀਆਂ ਤੇ ਟਿਕਵੀਆਂ ਚਿੱਟੀਆਂ ਰਾਤਾਂ ਆ ਗਈਆਂ। ਸੂਰਜ ਡੁੱਬਣ ਤੋਂ ਲੈ ਕੇ ਸੂਰਜ ਚੜ੍ਹਨ ਤੱਕ ਘੁਸਮੁਸਾ ਜਿਹਾ ਰਹਿੰਦਾ ਅਤੇ ਫੁਟਦੇ ਘਾਹਾਂ ਦੀ ਤਿੱਖੀ ਮਹਿਕ ਆਉਂਦੀ ਰਹਿੰਦੀ ਅਤੇ ਤੋਪਚੀ ਕੁੜੀਆਂ ਵੱਡੇ ਤੜਕੇ ਤੱਕ ਅੱਗ ਬੁਝਾਉਣ ਵਾਲ਼ੇ ਸਾਜ਼-ਸਮਾਨ ਦੇ ਸ਼ੈਡ ਦੇ ਬਾਹਰ ਗਾਉਂਦੀਆਂ ਰਹਿੰਦੀਆਂ। ਰੀਤਾ ਹੁਣ ਸਿਰਫ ਵਾਸਕੋਵ ਕੋਲ਼ੋ ਹੀ ਘੁਸਾਈ ਮਾਰਦੀ ਸੀ। ਦੋ ਰਾਤਾਂ ਛੱਡ ਕੇ ਤੀਜੀ ਰਾਤ ਉਹ ਰੋਟੀ ਤੋਂ ਮਗਰੋਂ ਕੈਂਪ ਵਿੱਚੋਂ ਨਿੱਕਲ ਜਾਂਦੀ ਅਤੇ ਸਵੇਰ ਦਾ ਬਿਗਲ ਵਜਣ ਵੇਲ਼ੇ ਨਾਲ਼ ਮੁੜ ਆਉਂਦੀ।

ਤੜਕਸਾਰ ਦੀ ਵਾਪਸੀ ਰੀਤਾ ਨੂੰ ਸਭ ਤੋਂ ਬਹੁਤੀ ਪਿਆਰੀ ਲਗਦੀ ਸੀ। ਹੁਣ ਉਸ ਨੂੰ ਗਸ਼ਤ ਕਰਨ ਵਾਲ਼ਿਆਂ ਦੇ ਟੱਕਰ ਪੈਣ ਦਾ ਕੋਈ ਖਤਰਾ ਨਹੀਂ ਸੀ ਰਿਹਾ ਤੇ ਬੜੇ ਅਮਨ ਚੈਨ ਨਾਲ਼ ਘਾਹ ਉੱਤੇ ਨੰਗੇ ਪੈਰੀਂ ਮਟਕ ਮਟਕ ਤੁਰ ਸਕਦੀ ਸੀ। ਤ੍ਰੇਲ ਨਾਲ਼ ਉਹਦੇ ਪੈਰ ਬੁਰੀ ਤਰਾਂ ਠਰੇ ਹੋਏ ਹੁੰਦੇ ਸਨ ਤੇ ਆਪਣੇ ਬੂਟਾਂ ਦੇ ਦੋਹਾਂ ਤਸਮਿਆਂ ਨੂੰ ਬੰਨ੍ਹ ਕੇ ਉਹਨੇ ਆਪਣੇ ਮੋਢੇ ਉਤੇ ਲਮਕਾਇਆ

ਹੋਇਆ ਹੁੰਦਾ ਸੀ। ਘਾਹ ਉੱਤੇ ਮਟਕ ਮਟਕ ਤੁਰਦੀ ਉਹ ਆਪਣੀ ਮੁਲਾਕਾਤ ਬਾਰੇ, ਆਪਣੀ ਮਾਂ ਦੇ ਗਿਲੇ ਸ਼ਿਕਵਿਆਂ ਬਾਰੇ ਤੇ ਆਪਣੀ ਅਗਲੀ ਫਰਲੋ ਬਾਰੇ ਸੋਚਦੀ ਜਾਂਦੀ ਅਤੇ ਰੀਤਾ ਨੂੰ ਇਸ ਗੱਲ ਦੀ ਬੇਹੱਦ ਖੁਸ਼ੀ ਹੁੰਦੀ ਕਿ ਉਹ ਆਪਣੀ ਅਗਲੀ ਮਿਲਣੀ ਦੀ ਵਿਉਂਤ ਆਪ ਹੀ, ਕਿਸੇ ਦੂਜੇ ਦੀਆਂ ਇੱਛਾਵਾਂ ਦੀ ਲਗਭਗ ਪ੍ਰਵਾਹ ਨਾ ਕੀਤੇ ਬਗੈਰ ਹੀ, ਬਣਾ ਸਕਦੀ ਸੀ।

ਪਰ ਲੜਾਈ ਜਾਰੀ ਸੀ ਜਿਸ ਨਾਲ਼ ਮਨੁੱਖੀ ਜਾਨਾਂ ਤਬਾਹ ਤੇ ਬਰਬਾਦ ਹੋ ਰਹੀਆਂ ਸਨ ਅਤੇ ਇਹ ਜਿੰਦੜੀਆਂ ਇੱਕ ਦੂਜੀ ਨਾਲ਼ ਇਉਂ ਅਜੀਬ ਢੰਗ ਨਾਲ਼ ਓਤਪੋਤ ਸਨ ਕਿ ਜਿਸ ਦੀ ਸਮਝ ਨਹੀਂ ਸੀ ਆਉਂਦੀ। ਜੂਨੀਅਰ ਸਾਰਜੈਂਟ ਮਾਰਗਰੀਤਾ ਓਸੀਆਨੀਨਾ ਜਿਸ ਵੇਲ਼ੇ ਸ਼ਾਂਤ ਵਾਤਾਵਰਣ ਵਾਲ਼ੇ 171 ਨੰਬਰ ਦੇ ਸਟੇਸ਼ਨ ਦੇ ਕੁਮੇਦਾਨ ਨਾਲ਼ ਛਲ ਖੇਡਣ ਵਿੱਚ ਰੁੱਝੀ ਹੋਈ ਸੀ ਉਸ ਵੇਲ਼ੇ ਉਹਨੂੰ ਇਸ ਗੱਲ ਬਾਰੇ ਕੁੱਝ ਪਤਾ ਨਹੀਂ ਸੀ ਕਿ "ਸਿਰਫ ਕਮਾਂਡ ਵਾਸਤੇ" ਦੀ ਮੋਹਰ ਵਾਲ਼ੇ ਸ਼ਾਹੀ ਸੇਵਾ ਐਸ-ਡੀ ਦੇ ਆਦੇਸ਼, ਨੰ. ਸੀ 218/702 ਉਤੇ ਦਸਖਤ ਹੋ ਚੁੱਕੇ ਸਨ ਤੇ ਅਮਲੀ ਸ਼ਕਲ ਦੇਣ ਲਈ ਮਨਜ਼ੂਰ ਕਰ ਲਿਆ ਗਿਆ ਸੀ।

3

ਸਰਘੀ ਵੇਲ਼ਾ ਇੱਥੇ ਸ਼ਾਂਤ ਹੁੰਦਾ ਸੀ, ਬਹੁਤ ਹੀ ਸ਼ਾਂਤ।

ਰੀਤਾ ਨੰਗੇ ਪੈਰੀ ਘਾਹ ਉਤੇ ਠੱਪ ਠੱਪ ਕਰਦੀ ਤੁਰੀ ਜਾ ਰਹੀ ਸੀ। ਆਪਣੇ ਬੂਟ ਉਹਨੇ ਆਪਣੀ ਪਿੱਠ ਵੱਲ ਪਲਮਾਏ ਹੋਏ ਸਨ। ਦਲਦਲਾਂ ਵਿੱਚੋਂ ਉਠਦੀ ਸੰਘਣੀ ਧੁੰਦ ਨਾਲ਼ ਉਹਦੀਆਂ ਲੱਤਾਂ ਯੱਖ ਹੋ ਗਈਆਂ ਸਨ ਤੇ ਧੁੰਦ ਉਹਦੇ ਕੱਪੜਿਆਂ ਉੱਤੇ ਟਿਕ ਗਈ ਸੀ। ਰੀਤਾ ਉਸ ਪਲ ਦੀ ਉਡੀਕ ਵਿੱਚ ਸੀ ਜਦੋਂ ਉਹ ਸਟੇਸ਼ਨ ਦੇ ਕੋਲ਼ ਇੱਕ ਜਾਣੇ ਪਛਾਣੇ ਰੁੱਖ ਦੇ ਮੁੱਢ ਉੱਤੇ ਬੈਠੇਗੀ ਅਤੇ ਆਪਣੀਆਂ ਸੁੱਕੀਆਂ ਜੁਰਾਬਾਂ ਤੇ ਬੂਟ ਪਾਵੇਗੀ। ਇਸ ਵੇਲ਼ੇ ਉਹ ਬੜੀ ਕਾਹਲ਼ੀ ਕਰ ਰਹੀ ਸੀ ਕਿਉਂਕਿ ਉਹਨੂੰ ਟਰੱਕ ਦੀ ਬਹੁਤ ਚਿਰ ਉਡੀਕ ਕਰਨੀ ਪਈ ਸੀ। ਵਾਸਕੋਵ ਬਹੁਤ, ਬਹੁਤ ਹੀ ਸਵਖਤੇ ਉੱਠ ਖਲੋਂਦਾ ਸੀ ਅਤੇ ਹਮੇਸ਼ਾ ਮਾਲਖਾਨੇ ਦੇ ਜੰਦਰਿਆਂ ਦੀ ਜਾਂਚ-ਪੜਤਾਲ ਕਰਨ ਜਾਂਦਾ ਸੀ। ਇਹੋ ਹੀ ਥਾਂ ਸੀ ਜਿੱਥੇ ਰੀਤਾ ਨੇ ਕਿਸੇ ਦੀ ਨਜ਼ਰ ਪੈਣ ਤੋਂ ਪਹਿਲਾਂ ਪਹਿਲਾਂ ਅਪੜਨਾ ਸੀ। ਰੁੱਖ ਦਾ ਇਹ ਮੁੱਢ ਝਾੜੀਆਂ ਦੇ ਉਹਲੇ ਜਿਹੇ, ਲੱਕੜ ਦੀ ਕੰਧ ਤੋਂ ਦੋ ਕਦਮ ਹਟਵਾਂ ਹੀ ਸੀ।

ਦੋ ਮੋੜ ਹੋਰ ਅਤੇ ਫੇਰ ਆਡਲਰ ਦੇ ਰੁੱਖਾਂ ਦੀ ਝਿੜੀ ਵਿੱਚੋਂ ਲੰਘ ਕੇ ਉਹ ਰੁੱਖ ਦੇ ਮੁੱਢ 'ਤੇ ਪੁੱਜ ਜਾਏਗੀ। ਰੀਤਾ ਪਹਿਲਾ ਮੋੜ ਮੁੜੀ ਤੇ ਉਹਦੇ ਕਦਮ ਥਾਂ 'ਤੇ ਹੀ ਜੰਮ ਗਏ। ਸੜਕ ਵਿੱਚ ਕੋਈ ਬੰਦਾ ਖਲੋਤਾ ਸੀ।

ਉੱਥੇ ਖਲੋਤਾ ਉਹ ਆਪਣੇ ਮੋਢੇ ਉਤੇ ਦੀ ਪਿੱਛੇ ਵੱਲ ਮੁੜ ਕੇ ਵੇਖ ਰਿਹਾ ਸੀ। ਇਹ ਇੱਕ ਉੱਚਾ ਲੰਮਾ ਆਦਮੀ ਸੀ ਜਿਸ ਨੇ ਚਿਤਰ-ਮਿਤਰੀ ਬਰਸਾਤੀ ਪਾਈ ਹੋਈ ਸੀ ਜਿਹੜੀ ਉਹਦੇ ਲੱਕ ਤੋਂ ਉੱਪਰ ਨੂੰ ਉੱਠੀ ਹੋਈ ਸੀ। ਆਪਣੇ ਸੱਜੇ ਹੱਥ ਵਿੱਚ ਉਹਨੇ ਸੂਤੜੀਆਂ ਨਾਲ਼ ਬੰਨ੍ਹਿਆਂ ਹੋਇਆ ਇੱਕ ਲੰਬੂਤਰਾ ਜਿਹਾ ਪੈਕਟ ਫੜਿਆ ਹੋਇਆ ਸੀ। ਉਹਦੀ ਛਾਤੀ ਉੱਤੇ ਛੋਟੀ ਮਸ਼ੀਨਗੰਨ ਵਿਖਾਈ ਦਿੰਦੀ ਸੀ।

ਰੀਤਾ ਝਾੜੀਆਂ ਵਿੱਚ ਜਾ ਵੜੀ। ਝਾੜੀਆਂ ਤੇ ਪਈ ਤ੍ਰੇਲ ਨਾਲ਼ ਉਹ ਗੜੁੱਚ ਹੋ ਗਈ ਸੀ ਪਰ ਉਹਨੂੰ ਇਸ ਦਾ ਪਤਾ ਨਹੀਂ ਸੀ ਲੱਗਾ। ਸਾਹ ਤਾਂ ਜਿਵੇਂ ਉਹ ਲੈ ਹੀ ਨਹੀਂ ਸੀ ਰਹੀ। ਉਹ ਪੱਤਿਆਂ ਦੀ ਵਿਰਲ ਵਿੱਚੋਂ ਇਸ ਅਜੀਬ ਬੰਦੇ ਵੱਲ ਵੇਖੀ ਜਾ ਰਹੀ ਸੀ ਜਿਹੜਾ ਉਹਦਾ ਰਾਹ ਰੋਕੀਂ

ਅਹਿੱਲ ਖੜ੍ਹਾ ਸੀ। ਉਸਨੂੰ ਇਉਂ ਲੱਗ ਰਿਹਾ ਸੀ ਜਿਵੇਂ ਕੋਈ ਡਰਾਉਣਾ ਸੁਪਨਾ ਵੇਖ ਰਹੀ ਹੋਵੇ।

ਜੰਗਲ ਵਿੱਚੋਂ ਦੂਸਰਾ ਬੰਦਾ ਨਿੱਕਲ ਆਇਆ। ਇਸ ਦਾ ਕੱਦ ਕੁੱਝ ਮਧਰਾ ਸੀ। ਇਸ ਆਦਮੀ ਨੇ ਵੀ ਮੋਢੇ 'ਤੇ ਇੱਕ ਛੋਟੀ ਮਸ਼ੀਨਗਨ ਲਟਕਾਈ ਹੋਈ ਸੀ ਤੇ ਬਿਲਕੁਲ ਉਸੇ ਹੀ ਤਰਾਂ ਦਾ ਪੈਕਟ ਹੱਥ ਵਿੱਚ ਫੜਿਆ ਹੋਇਆ ਸੀ। ਉਹ ਚੁੱਪ ਚਾਪ ਸਿੱਧੇ ਉਹਦੇ ਵੱਲ ਹੀ ਤੁਰੇ ਆਉਂਦੇ ਸਨ। ਉਹਨਾਂ ਨੇ ਤਸਮਿਆਂ ਨਾਲ਼ ਕਸੇ ਹੋਏ ਬੂਟ ਪਾਏ ਹੋਏ ਸਨ ਅਤੇ ਤ੍ਰੇਲ ਭਿੱਜੀ ਘਾਹ ਉਤੇ ਉਹ ਇਉਂ ਤੁਰ ਰਹੇ ਸਨ ਕਿ ਕਦਮ ਰੱਖਣ ਦੀ ਵੀ ਆਵਾਜ਼ ਨਾ ਆਵੇ। ਭਾਵੇਂ ਕੁੱਝ ਹੋ ਜਾਏ, ਇਹ ਜ਼ਰੂਰੀ ਸੀ ਕਿ ਉਹ ਹਿੱਲੇ ਜੁੱਲੇ ਨਾ, ਰੋਵੇ ਕੁਰਲਾਵੇ ਨਾ, ਝਾੜੀਆਂ ਵਿੱਚੋਂ ਬਾਹਰ ਨਾ ਨਿੱਕਲੇ। ਉਹ ਐਨ ਉਹਦੇ ਕੋਲ਼ੋਂ ਦੀ ਲੰਘੇ ਸਨ ਤੇ ਜਿਹੜਾ ਰਤਾ ਬਹੁਤਾ ਨੇੜੇ ਸੀ ਉਹਦਾ ਮੋਢਾ ਉਹਨਾਂ ਟਹਿਣੀਆਂ ਨੂੰ ਛੂਹ ਗਿਆ ਸੀ ਜਿਨਾਂ ਦੇ ਪਿੱਛੇ ਉਹ ਖੜ੍ਹੀ ਸੀ। ਉਹ ਚੁੱਪ ਚਾਪ, ਖਾਮੋਸ਼, ਪਰਛਾਵਿਆਂ ਵਾਂਗ ਉਹਦੇ ਕੋਲ਼ੋਂ ਦੀ ਲੰਘ ਗਏ ਅਤੇ ਨਜ਼ਰੋਂ ਓਹਲੇ ਹੋ ਗਏ।

ਰੀਤਾ ਕੁੱਝ ਚਿਰ ਉਥੇ ਹੀ ਖੜ੍ਹੀ ਰਹੀ, ਪਰ ਹੋਰ ਕੋਈ ਬੰਦਾ ਨਹੀਂ ਸੀ ਆਇਆ। ਬੜੀ ਚੌਕਸੀ ਨਾਲ਼ ਉਹ ਉਸ ਥਾਂ ਤੋਂ ਤਿਲਕੀ, ਦੌੜਕੇ ਸੜਕੋਂ ਪਾਰ ਹੋਈ ਅਤੇ ਇੱਕ ਝਾੜੀ ਵਿੱਚ ਲੁਕ ਕੇ ਉਹ ਬਿੜਕ ਲੈਣ ਲੱਗੀ।

ਸਭ ਪਾਸੇ ਚੁੱਪ ਚਾਂ ਸੀ।

ਸਾਹੋ ਸਾਹ ਹੋਈ, ਉਹ ਅੰਨ੍ਹੇਵਾਹ ਅੱਗੇ ਵੱਲ ਦੌੜ ਪਈ। ਉਹਦੇ ਬੂਟ ਉਹਦੇ ਲੱਕ ਉੱਤੇ ਠੱਪ ਠੱਪ ਵਜ ਰਹੇ ਸਨ। ਲੁਕ ਲੁਕਾਅ ਦੀ ਕੋਈ ਕੋਸ਼ਿਸ਼ ਕੀਤੇ ਬਗੈਰ, ਉਹ ਸੁੱਤੇ ਪਏ ਪਿੰਡ ਵਿੱਚੋਂ ਦੀ ਭਜਦੀ ਲੰਘੀ ਅਤੇ ਸੀਖਾਂ ਵਾਲ਼ੇ ਬੂਹੇ 'ਤੇ ਜਾ ਦਸਤਕ ਦਿੱਤੀ।

"ਕਾਮਰੇਡ ਕੁਮੇਦਾਨ! ਸਾਰਜੈਂਟ ਮੇਜ਼ਰ!"

ਅਖੀਰ ਬੂਹਾ ਖੁੱਲ੍ਹਿਆ। ਸਾਹਮਣੇ ਵਾਸਕੋਵ ਖੜ੍ਹਾ ਸੀ—ਫੌਜੀਆਂ ਵਾਲ਼ੀ ਬਿਰਜਸ ਤੇ ਸੂਤੀ ਬੁਨੈਣ ਅਤੇ ਉਹਨੇ ਜੁਰਾਬਾਂ ਪਾਏ ਬਿਨਾਂ ਹੀ ਪੈਰਾਂ ਵਿੱਚ ਸਲੀਪਰ ਅੜਾਏ ਹੋਏ ਸਨ। ਉਸ ਨੇ ਸੁਤ ਉਨੀਂਦੇ ਜਿਹੇ ਵਿੱਚ ਅੱਖਾਂ ਝਮਕੀਆਂ।

"ਕੀ ਗੱਲ ਏ ?"

"ਜੰਗਲ ਵਿੱਚ ਜਰਮਨ ਨੇ!"

"ਹੱਛਾ....." ਵਾਸਕੋਵ ਨੇ ਸ਼ੱਕ ਨਾਲ਼ ਅੱਖਾਂ ਸੁੰਗੇੜ ਲਈਆਂ। ਜ਼ਰੂਰ ਮੈਨੂੰ ਉੱਲੂ ਬਣਾ ਰਹੀ ਹੈ। "ਤੈਨੂੰ ਕਿਵੇਂ ਪਤਾ ਏ ?

"ਮੈਂ ਆਪ ਵੇਖਿਆ ਉਹਨਾਂ ਨੂੰ। ਦੋ ਜਣੇ ਨੇ। ਛੋਟੀਆਂ ਮਸ਼ੀਨਗੰਨਾਂ ਨੇ ਕੋਲ਼ ਤੇ ਆਪਣੇ ਆਪ ਨੂੰ ਲੁਕਾਉਣ ਵਾਲ਼ੀਆਂ ਚਿਤਰ-ਮਿਤਰੀਆਂ ਬਰਸਾਤੀਆਂ ਪਾਈਆਂ ਹੋਈਆਂ ਨੇ...."

ਜਾਪਦਾ ਸੀ ਕਿ ਉਹ ਸੱਚ ਆਖ ਰਹੀ ਹੈ। ਉਹਦੀਆਂ ਅੱਖਾਂ ਵਿੱਚ ਸਹਿਮ ਛਾਇਆ ਹੋਇਆ ਸੀ।

"ਠਹਿਰ ਜਾ ਜ਼ਰਾ।"

ਸਾਰਜੈਂਟ-ਮੇਜ਼ਰ ਦਵਾਦਵ ਅੰਦਰ ਗਿਆ, ਛੇਤੀ ਛੇਤੀ ਬੂਟ ਕਸੇ ਅਤੇ ਆਪਣੀ ਕਮੀਜ਼ ਪਾਈ। ਮਾਰੀਆ ਨਿਕੀਫੋਰੋਵਨਾ ਆਪਣੇ ਰਾਤ ਵਾਲ਼ੇ ਕੱਪੜਿਆਂ ਵਿੱਚ ਹੀ ਬਿਸਤਰੇ ਵਿੱਚ ਬੈਠੀ ਹੋਈ ਸੀ, ਡੌਰ ਭੌਰ ਹੋਈ।

"ਕੀ ਗੱਲ ਏ ?"

"ਕੁੱਝ ਨਹੀਂ। ਤੇਰੇ ਨਾਲ਼ ਕੋਈ ਤੁਅਲਕ ਨਹੀਂ ਇਹਦਾ।"

ਉਹ ਆਪਣੇ ਰਿਵਾਲਵਰ ਦੀ ਪੇਟੀ ਦਾ ਬਕਸੂਆ ਬੰਦ ਕਰਦਾ ਹੋਇਆ ਹਵਾ ਦੇ ਬੁੱਲੇ ਵਾਂਗ ਸੜਕ 'ਤੇ ਆ ਗਿਆ। ਰੀਤਾ ਉਸ ਥਾਂ ਜਿਵੇਂ ਦੀ ਤਿਵੇਂ ਖੜ੍ਹੀ ਸੀ। ਉਹਦੇ ਬੂਟ ਅਜੇ ਵੀ ਉਹਦੇ ਮੋਢੇ 'ਤੇ ਲਟਕ ਰਹੇ ਸਨ। ਸਾਰਜੈਂਟ-ਮੇਜਰ ਦੀ ਨਜ਼ਰ ਸੁਤੇ ਸਿਧ ਹੀ ਉਹਦੇ ਪੈਰਾਂ ਉੱਤੇ ਪਈ। ਰੀਤਾ ਦੇ ਪੈਰ ਲਾਲ ਹੋਏ ਪਏ ਸਨ ਤੇ ਗਿੱਲੇ ਸਨ ਅਤੇ ਇੱਕ ਪੈਰ ਦੇ ਅੰਗੂਠੇ ਨਾਲ਼ ਇੱਕ ਪੱਤਾ ਚਿਪਕਿਆ ਹੋਇਆ ਸੀ। ਇਸ ਦਾ ਮਤਲਬ ਹੈ ਕਿ ਉਹ ਆਪਣੇ ਬੂਟਾਂ ਨੂੰ ਮੋਢਿਆਂ 'ਤੇ ਲਮਕਾਈ ਜੰਗਲ ਵਿੱਚ ਨੰਗੇ ਪੈਰ ਅਵਾਰਾ ਫਿਰਦੀ ਰਹੀ ਸੀ। ਸੋ ਇਹ ਤਰੀਕਾ ਹੈ ਅੱਜ-ਕੱਲ੍ਹ ਇਹਨਾਂ ਦੇ ਲੜਨ ਦਾ!

"ਰਫਲਾਂ ਚੁੱਕ ਲਓ ਆਪੋ ਆਪਣੀਆਂ, ਸਭੇ ਹੀ! ਖਤਰੇ ਦਾ ਬਿਗਲ ਵਜਾ ਦਿਓ। ਕਿਰੀਆਨੋਵਾ ਨੂੰ ਲਿਆਓ ਮੇਰੇ ਕੋਲ਼! ਦੌੜ ਕੇ!"

ਉਹ ਵੱਖੋ ਵੱਖ ਪਾਸਿਆਂ ਵੱਲ ਦੌੜ ਪਏ। ਕੁੜੀ ਅੱਗ ਬੁਝਾਉਣ ਵਾਲ਼ੇ ਸ਼ੈਡ ਵੱਲ ਅਤੇ ਉਹ ਆਪ ਰੇਲਵੇ ਦੇ ਉਸ ਕੈਬਿਨ ਵੱਲ ਜਿੱਥੇ ਟੈਲੀਫੋਲ ਲੱਗਾ ਹੋਇਆ ਸੀ। ਇਸ ਆਸ ਨਾਲ਼ ਕਿ ਅਗਲੇ ਪਾਸੇ ਗੱਲ ਹੋ ਜਾਏ!

"ਸਨੋਬਰ, ਸਨੋਬਰ.....ਹਾਏ ਓਏ ਮੇਰਿਆ ਰੱਬਾ! ਜਾਂ ਤਾਂ ਉਹ ਲੋਕ ਸੁੱਤੇ ਹੋਏ ਨੇ ਤੇ ਜਾਂ ਫਿਰ ਤੋੜ ਫੋੜ ਹੋਈ ਪਈ ਏ... ਸਨੋਬਰ, ਸਨੋਬਰ...."

"ਮੈਂ ਸਨੋਬਰ ਆਂ।"

"ਸਤਾਰਵਾਂ ਬੋਲ ਰਿਹਾਂ। ਤੀਜੇ ਨਾਲ਼ ਮਿਲਾਓ। ਛੇਤੀ ਮਿਲਾਓ, ਹਾਲਤ ਹੰਗਾਮੀ ਏ!"

"ਮਿਲਾ ਰਿਹਾ ਆਂ, ਕੰਨ ਨਾ ਖਾ। ਹੰਗਾਮੀ ਹਾਲਤ ਏ ਤਾਂ..."

ਕੁੱਝ ਚਿਰ ਤਾਂ ਅਜੀਬ ਕਿਸਮ ਦੀਆਂ ਸੀਟੀਆਂ ਤੇ ਕਿੜ ਕਿੜ ਦੀ ਆਵਾਜ ਆਉਂਦੀ ਰਹੀ ਏ ਫੇਰ ਦੂਰੋਂ ਕਿਸੇ ਨੇ ਪੁੱਛਿਆ, "ਤੂੰ ਏਂ ਵਾਸਕੋਵ ? ਕੀ ਹੋਇਆ ਹੈ ਤੁਹਾਡੇ ?"

"ਹਾਂ, ਹਾਂ, ਕਾਮਰੇਡ ਤੀਜੇ, ਸਾਡੇ ਮੋਰਚੇ ਦੇ ਨੇੜੇ ਹੀ ਜੰਗਲ ਵਿੱਚ ਜਰਮਨ ਨੇ। ਅੱਜ ਦੋ ਜਣੇ ਅਸੀਂ ਵੇਖ ਲਏ ਨੇ..."

"ਕਿਨ੍ਹੇ ਪਤਾ ਲਾਇਆ ਉਹਨਾਂ ਦਾ ?"

"ਜੂਨੀਅਰ ਸਾਰਜੈਂਟ ਓਸੀਆਨੀਨਾ ਨੇ..."

ਕਿਰੀਆਨੋਵਾ ਅੰਦਰ ਆ ਗਈ, ਫੌਜੀਆਂ ਵਾਲ਼ੀ ਟੋਪੀ ਪਾਏ ਬਿਨਾਂ ਹੀ। ਉਸ ਨੇ ਆ ਕੇ ਇਉਂ ਸਿਰ ਹਿਲਾਇਆ ਜਿਵੇਂ ਪਾਰਟੀ 'ਤੇ ਆਈ ਹੋਵੇ।

ਮੈਂ ਖਤਰੇ ਦਾ ਬਿਗਲ ਵਜਾ ਦਿੱਤਾ ਹੈ, ਕਾਮਰੇਡ ਤੀਜੇ, ਮੈਂ ਸੋਚਦਾ ਹਾਂ ਜੰਗਲ ਵਿੱਚ ਕੰਘੀ ਫੇਰੀਏ..."

"ਠਹਿਰ ਜਰਾ, ਵਾਸਕੋਵ। ਇਸ ਬਾਰੇ ਕੁੱਝ ਵਿਚਾਰ ਕਰਨ ਦੀ ਲੋੜ ਹੈ। ਕਿਸੇ ਆੜ ਤੋਂ ਬਗੈਰ ਜੇ ਅਸੀਂ ਮੋਰਚਾ ਛੱਡਿਆ ਤਾਂ ਕਿਸੇ ਨੇ ਸਾਡੀ ਪਿੱਠ ਨਹੀਂ ਪਲੋਸਣੀ। ਕਿਸ ਤਰਾਂ ਦੇ ਲੱਗਦੇ ਸਨ ਇਹ, ਤੇਰੇ ਜਰਮਨ ?"

"ਕਹਿੰਦੀ ਏ ਉਹਨਾਂ ਨੇ ਭੁਲੇਖੇ ਵਿੱਚ ਪਾਉਣ ਵਾਲ਼ੇ ਕੱਪੜੇ ਪਾਏ ਹੋਏ ਸਨ ਤੇ ਉਹਨਾਂ ਕੋਲ਼

ਛੋਟੀਆਂ ਮਸ਼ੀਨਗੰਨਾਂ ਸਨ। ਸੂਹਾਂ ਲੈਂਦੇ ਫਿਰਦੇ ਸਨ...''

"ਕਾਹਦੀਆਂ ਸੂਹਾਂ ਲੈਂਦੇ ਫਿਰਦੇ ਸਨ ? ਉੱਥੇ ਤੇਰੇ ਕੋਲ਼ ਹੈ ਕੀ ਜਿਸ ਦੀ ਉਹ ਸੂਹ ਲੈਂਦੇ ਫਿਰਨ ? ਇਸ ਗੱਲ ਦੀ ਕਿ ਤੂੰ ਆਪਣੀ ਮਕਾਨ-ਮਾਲਕਣ ਨਾਲ਼ ਕਿਵੇਂ ਸੌਂਦਾ ਏ ?''

ਸਦਾ ਇਸ ਤਰਾਂ ਹੀ ਹੁੰਦਾ ਸੀ, ਗਲਤੀ ਹਮੇਸ਼ਾਂ ਵਾਸਕੋਵ ਦੀ ਹੀ ਹੁੰਦੀ ਸੀ। ਹਰ ਗੱਲ ਵਿੱਚ ਵਾਸਕੋਵ ਹੀ ਬਲੀ ਦਾ ਬੱਕਰਾ ਬਣਦਾ ਸੀ।

"ਚੁੱਪ ਕਿਉਂ ਹੋ ਗਿਐਂ, ਵਾਸਕੋਵ ? ਸੋਚ ਕੀ ਰਿਹਾ ਏਂ ?''

"ਮੈਂ ਸੋਚਦਾਂ, ਉਹਨਾਂ ਨੂੰ ਫੜਨਾ ਚਾਹੀਦਾ ਏ ਜਾ ਕੇ, ਕਾਮਰੇਡ ਤੀਜੇ। ਇਸ ਤੋਂ ਪਹਿਲਾਂ ਕਿ ਉਹ ਦੂਰ ਨਿੱਕਲ ਜਾਣ।''

"ਠੀਕ ਸੋਚਦਾ ਏਂ ਤੂੰ। ਪੰਜ ਬੰਦਿਆਂ ਨੂੰ ਨਾਲ਼ ਲੈ, ਤੇ ਪੈੜਾਂ ਮਿਟ ਜਾਣ ਤੋਂ ਪਹਿਲਾਂ ਪਹਿਲਾਂ ਟੁੱਟ ਪੈ ਉਹਨਾਂ ਉੱਤੇ। ਕਿਰੀਆਨੋਵਾ ਹੈ ਉੱਥੇ ?''

"ਲਾਗੇ ਹੀ ਆ, ਕਾਮਰੇਡ...''

"ਰਸੀਵਰ ਫੜਾ ਉਹਨੂੰ।''

ਕਿਰੀਆਨੋਵਾ ਨੇ ਥੋੜ੍ਹੇ ਲਫਜਾਂ ਵਿੱਚ ਹੀ ਗੱਲ ਮੁਕਾ ਲਈ। ਦੋ ਵਾਰੀ ਉਹਨੇ ਆਖਿਆ "ਸੁਣਦੀ ਆਂ'' ਤੇ ਪੰਜ ਕੁ ਵਾਰੀ 'ਹਾਂ' ਵਿੱਚ ਜਵਾਬ ਦਿੱਤਾ। ਉਸਨੇ ਰਸੀਵਰ ਰੱਖਿਆ ਤੇ ਕਿਹਾ-

"ਹਿਦਾਇਤ ਮਿਲੀ ਹੈ ਕਿ ਪੰਜ ਸੈਨਿਕਾਂ ਨੂੰ ਤੁਹਾਡੇ ਸਪੁਰਦ ਕਰ ਦਿੱਤਾ ਜਾਏ।''

"ਇੱਕ ਤਾਂ ਮੈਨੂੰ ਉਹ ਦੇ ਦੇ ਜਿਸ ਨੇ ਉਹਨਾਂ ਨੂੰ ਵੇਖਿਆ ਸੀ।''

"ਓਸੀਆਨੀਨਾ ਇਹਨਾਂ ਦੀ ਨਿਗਰਾਨ ਹੋਵੇਗੀ।''

"ਠੀਕ ਏ। ਇਹਨਾਂ ਲੋਕਾਂ ਦੀ ਸਫਬੰਦੀ ਕਰ।''

"ਸਫਬੰਦੀ ਹੋ ਚੁੱਕੀ ਏ, ਕਾਮਰੇਡ ਸਾਰਜੈਂਟ।

ਤੁਸੀਂ ਇਹਨਾਂ ਨੂੰ ਸੈਨਿਕ ਨਹੀਂ ਆਖ ਸਕਦੇ। ਇੱਕ ਦੇ ਵਾਲ ਅਯਾਲ ਵਾਂਗ ਕਮਰ ਤੱਕ ਪਲਮੇ ਹੋਏ ਨੇ, ਤੇ ਦੂਜੀ ਨੇ ਆਪਣੇ ਵਾਲ਼ਾਂ ਵਿੱਚ ਕਾਗਜ਼ ਦਿੱਤੇ ਹੋਏ ਨੇ। ਇਹ ਸੈਨਿਕ ਨੇ ! ਰਤਾ ਸੋਚੋ, ਇਹਨਾਂ ਨੂੰ ਨਾਲ਼ ਲੈ ਕੇ ਜੰਗਲ ਫੋਲਣਾ ਤੇ ਛੋਟੀਆਂ ਮਸ਼ੀਨਗਨਾਂ ਨਾਲ਼ ਲੈਸ ਜਰਮਨਾਂ ਨੂੰ ਫੜਨਾ ! ਇਹਨਾਂ ਕੋਲ ਪੁਰਾਣੀਆਂ ਵਫਾਦਾਰ ਰੂਸੀ ਰਫਲਾਂ ਨੇ, 1891 ਦਾ ਮਾਡਲ, ਜਿਨ੍ਹਾਂ ਵਿੱਚ ਤੀਹਵਿਆਂ ਵਿੱਚ ਕੁੱਝ ਵਾਧੇ ਕੀਤੇ ਗਏ ਸਨ...

"ਵਿਸ਼ਰਾਮ !''

"ਜੇਨੀਆਂ, ਗਾਲੀਆ, ਲੀਜ਼ਾ....

ਸਾਰਜੈਂਟ-ਮੇਜਰ ਦੀ ਤਿਉੜੀ ਚੜ੍ਹ ਗਈ।

"ਰਤਾ ਠਹਿਰ, ਓਸੀਆਨੀਨਾ ! ਅਸੀਂ ਜਰਮਨਾਂ ਨੂੰ ਫੜਨ ਚੱਲੇ ਆਂ, ਮੱਛੀਆਂ ਨਹੀਂ। ਕੁੜੀਆਂ ਉਹ ਚਾਹੀਦੀਆਂ ਨੇ ਜਿਹੜੀਆਂ ਘੱਟੋ ਘੱਟ ਬੰਦੂਕ ਚਲਾ ਤਾਂ ਸਕਣ...''

"ਇਹ ਚਲਾ ਸਕਦੀਆਂ ਨੇ।''

ਵਾਸਕੋਵ ਆਪਣੇ ਮੋਢੇ ਛੰਡਦਾ-ਛੰਡਦਾ ਰੁਕ ਗਿਆ, ਪਰ ਸਿਰਫ ਏਨਾ ਬੋਲਿਆ-

"ਹਾਂ, ਇੱਕ ਗੱਲ ਹੋਰ। ਹਾਂ ਕਿਸੇ ਨੂੰ ਜਰਮਨ ਵੀ ਆਉਂਦੀ ਏ ?''

"ਮੈਨੂੰ ਆਉਂਦੀ ਏ।''

ਇੱਕ ਬਰੀਕ ਚੀਕਵੀਂ ਜਿਹੀ ਆਵਾਜ਼ ਆਈ ਅਤੇ ਬੋਲਣ ਵਾਲ਼ੀ ਨੇ ਕਦਮ ਵੀ ਅੱਗੇ ਨਹੀਂ ਸੀ ਵਧਾਇਆ। ਇਸ ਨਾਲ਼ ਸਾਰਜੈਂਟ-ਮੇਜਰ ਸਚਮੁੱਚ ਹੀ ਪ੍ਰੇਸ਼ਾਨ ਹੋ ਗਿਆ।

"ਮੈਨੂੰ—ਕਿਸ ਨੂੰ ? ਕਾਇਦੇ ਨਾਲ਼ ਰਿਪੋਰਟ ਕਰੋ।"

"ਸੈਨਿਕ ਗੁਰਵਿਚ।"

"ਵਾਹ, ਠੀਕ ਏ...ਰੁਕੀ ਵਿਵੇਰਖ* ਨੂੰ ਕੀ ਆਖਦੇ ਨੇ ਜਰਮਨ ਵਿੱਚ ?"

"Hande hoch!"

"ਬਿਲਕੁਲ ਠੀਕ।" ਸਾਰਜੈਂਟ-ਮੇਜਰ ਨੇ ਹੱਥ ਹਿਲਾ ਕੇ ਆਖਿਆ।

"ਹੱਛਾ, ਏਧਰ ਆ ਜਾ, ਗੁਰਵਿਚ..."

ਪੰਜ ਜਣੀਆਂ ਕਤਾਰ ਵਿੱਚ ਖੜ੍ਹੀਆਂ ਹੋ ਗਈਆਂ। ਉਹਨਾਂ ਦੇ ਚਿਹਰੇ ਉੱਤੇ ਬੱਚਿਆਂ ਵਰਗੀ ਗੰਭੀਰਤਾ ਸੀ, ਪਰ ਹਾਲੇ ਡਰ ਦਾ ਕੋਈ ਪਰਛਾਵਾਂ ਨਹੀਂ ਸੀ।

"ਅਸੀਂ ਦੋ ਦਿਨਾਂ ਵਾਸਤੇ ਜਾ ਰਹੇ ਹਾਂ, ਇਉਂ ਸਮਝਣਾ ਚਾਹੀਦਾ ਏ। ਅਸੀਂ ਆਪਣੇ ਨਾਲ਼ ਸੁੱਕਾ ਰਾਸ਼ਣ ਲਵਾਂਗੇ, ਤੇ ਕਾਰਤੂਸ, ਇੱਕ ਕੋਲ਼ ਪੰਜ ਪੇਟੀਆਂ। ਹੁਣ ਆਪਣੇ ਅੰਦਰ ਕੁੱਝ ਪਟਰੋਲ ਸੁੱਟ ਲਓ। ਚੰਗੀ ਤਰਾਂ ਢਿੱਡ ਭਰ ਕੇ ਖਾ ਲਓ। ਪੈਰ ਚੰਗੀ ਤਰਾਂ ਕੱਜੇ ਲਪੇਟੇ ਹੋਣ ਤੇ ਬਾਕੀ ਸਭ ਕੁੱਝ ਵੀ ਠੀਕ ਠਾਕ ਹੋਵੇ। ਮਤਲਬ ਹੈ ਕਿ ਤਿਆਰ ਹੋ ਜਾਓ। ਚਾਲ਼ੀ ਮਿੰਟ ਜੇ ਤੁਹਾਡੇ ਕੋਲ਼ ਇਸ ਕੰਮ ਵਾਸਤੇ। ਵਿ....ਸਰ.....ਜਨ! ਕਿਰੀਆਨੋਵਾ ਤੇ ਓਸੀਆਨੀਨਾ ਮੇਰੇ ਕੋਲ਼ ਠਹਿਰਣ।"

ਜਿਸ ਵੇਲ਼ੇ ਸੈਨਿਕ ਕੁੜੀਆਂ ਨਾਸ਼ਤਾ ਕਰ ਰਹੀਆਂ ਸਨ ਤੇ ਸਫਰ ਦੀਆਂ ਤਿਆਰੀਆਂ ਵਿੱਚ ਲੱਗੀਆਂ ਹੋਈਆਂ ਸਨ, ਸਾਰਜੈਂਟ ਮੇਜਰ ਨਾਨ-ਕਮਿਸ਼ਨਡ ਅਫਸਰਾਂ ਨੂੰ ਸਲਾਹ ਮਸ਼ਵਰਾ ਕਰਨ ਵਾਸਤੇ ਆਪਣੇ ਕਮਰੇ ਵਿੱਚ ਲੈ ਗਿਆ। ਚੰਗੇ ਭਾਗਾਂ ਨੂੰ, ਮਕਾਨ-ਮਾਲਕਣ ਉਥੇ ਨਹੀਂ ਸੀ, ਪਰ ਬਿਸਤਰਾ ਤਹਿ ਕਰਕੇ ਨਹੀਂ ਸੀ ਗਈ। ਬਹੁਤ ਹੀ ਪਿਆਰੇ ਜਿਹੇ, ਦੋ ਸਿਰ੍ਹਾਣੇ ਕੋਲ਼ ਪਏ ਸਨ। ਸਾਰਜੈਂਟ-ਮੇਜਰ ਨੇ ਅਫਸਰ ਕੁੜੀਆਂ ਨੂੰ ਥੋੜ੍ਹਾ ਥੋੜ੍ਹਾ ਪਤਲਾ ਜਿਹਾ ਸੂਪ ਪੇਸ਼ ਕੀਤਾ ਤੇ ਫਿਰ ਇੱਕ ਪੁਰਾਣੇ ਜਿਹੇ ਮੁੜੇ ਤੁੜੇ ਵੱਡੇ ਸਾਰੇ ਨਕਸ਼ੇ ਉੱਤੇ ਨਜ਼ਰ ਮਾਰੀ।

"ਸੋ ਆਹ ਸੜਕ ਐ ਜਿੱਥੇ ਉਹਨਾਂ ਨਾਲ਼ ਤੇਰਾ ਟਾਕਰਾ ਹੋਇਆ ?"

"ਐਥੇ ਕਰ ਕੇ", ਓਸੀਆਨੀਨਾ ਨੇ ਨਕਸ਼ੇ 'ਤੇ ਸਹਿਜ ਨਾਲ਼ ਉਂਗਲ ਰੱਖੀ। "ਤੇ ਐਥੋਂ ਉਹ ਮੇਰੇ ਅੱਗੇ ਦੀ ਲੰਘੇ ਤੇ ਵੱਡੀ ਸੜਕ ਵੱਲ ਚਲੇ ਗਏ।"

"ਵੱਡੀ ਸੜਕ ਵੱਲ ? ਤੇ ਤੜਕੇ ਦੇ ਚਾਰ ਵਜੇ ਤੂੰ ਜੰਗਲ ਵਿੱਚ ਕੀ ਕਰ ਰਹੀ ਸੈਂ ?"

ਓਸੀਆਨੀਨਾ ਚੁੱਪ ਰਹੀ।

"ਆਪਣੇ ਨਿਤਕਰਮ ਵਾਸਤੇ ਗਈ ਸੀ", ਕਿਰੀਆਨੋਵਾ ਨੇ ਨਜ਼ਰ ਚੁੱਕੇ ਬਿਨਾਂ ਹੀ ਆਖਿਆ।

"ਨਿਤਕਰਮ ?" ਵਾਸਕੋਵ ਗੁੱਸੇ ਨਾਲ਼ ਬੋਲਿਆ। ਇਹ ਝੂਠ ਏ, ਕੋਰਾ ਝੂਠ। "ਮੈਂ ਆਪ ਆਪਣੇ ਹੱਥੀ ਪਖਾਨਾ ਬਣਾਇਐ ਤੁਹਾਡੇ ਵਾਸਤੇ। ਗੁਜਾਰੇ ਲਾਇਕ ਕਾਫੀ ਨਹੀਂ ਉਹ ?"

ਦੋਵੇਂ ਜਣੀਆਂ ਅੱਖਾਂ ਪਾੜ ਪਾੜ ਕੇ ਵੇਖਣ ਲੱਗੀਆਂ।

"ਵੇਖੋ ਨਾ, ਕਾਮਰੇਡ ਸਾਰਜੈਂਟ-ਮੇਜਰ, ਕਈ ਸਵਾਲ ਹੁੰਦੇ ਨੇ ਜਿਨ੍ਹਾਂ ਦਾ ਜਵਾਬ ਦੇਣਾ

---

* ਬਾਹਵਾਂ ਖੜੀਆਂ ਕਰੋ —**ਅਨੁ.**

ਔਰਤਾਂ ਵਾਸਤੇ ਜ਼ਰੂਰੀ ਨਹੀਂ ਹੁੰਦਾ।" ਇਸ ਵਾਰ ਫੇਰ ਕਿਰੀਆਨੋਵਾ ਹੀ ਬੋਲੀ ਸੀ।

"ਇੱਥੇ ਕੋਈ ਔਰਤ ਊਰਤ ਨਹੀਂ!" ਸਾਰਜੈਂਟ ਮੇਜਰ ਕੜਕ ਕੇ ਬੋਲਿਆ ਤੇ ਉਹਨੇ ਜੋਰ ਨਾਲ਼ ਆਪਣਾ ਹੱਥ ਮੇਜ ਉੱਤੇ ਮਾਰਿਆ। "ਬਿਲਕੁਲ ਕੋਈ ਨਹੀਂ! ਇੱਥੇ ਫੌਜੀ ਸਿਪਾਹੀ ਨੇ ਤੇ ਅਫਸਰ ਨੇ, ਬਸ। ਆਈ ਸਮਝ ? ਲੜਾਈ ਲੱਗੀ ਹੋਈ ਹੈ ਤੇ ਜਿਨਾਂ ਚਿਰ ਇਹ ਖਤਮ ਨਹੀਂ ਹੁੰਦੀ, ਉਨਾਂ ਚਿਰ ਅਸੀਂ ਸਾਰੇ ਨਿਪੁੰਸਕ ਲਿੰਗ ਦੇ ਆਂ।"

"ਤੁਹਾਡਾ ਬਿਸਤਰਾ ਹਾਲੇ ਤੱਕ ਇਸੇ ਕਰਕੇ ਹੀ ਨਹੀਂ ਕੱਠਾ ਕੀਤਾ ਗਿਆ, ਕਾਮਰੇਡ ਸਾਰਜੈਂਟ ਮੇਜਰ, ਨਿਪੁੰਸਕ ਲਿੰਗ ਦੇ ?"

ਇਹ ਕਿਰੀਆਨੋਵਾ ਵੀ ਕੈਸੀ ਬਲਾ ਸੀ। ਜ਼ਹਿਰੀ ਸਪਣੀ!

"ਕੀ ਆਖਿਆ, ਵੱਡੀ ਸੜਕ ਨੂੰ ਜਾ ਰਹੇ ਸਨ ?

"ਉਸ ਪਾਸੇ ਵੱਲ...."

"ਵੱਡੀ ਸੜਕ 'ਤੇ ਕੀ ਕੰਮ ਇਹਨਾਂ ਸ਼ੈਤਾਨਾਂ ਦਾ। ਪਿੱਛੇ ਫਿਨਲੈਂਡ ਵਾਲ਼ੀ ਲੜਾਈ ਵਿੱਚ ਉੱਥੇ ਦੋਹਾਂ ਪਾਸਿਆਂ ਤੋਂ ਜੰਗਲ ਤਬਾਹ ਹੋ ਗਿਆ ਸੀ। ਉੱਥੇ ਤਾਂ ਝੱਟ ਗਿੱਚੀਓਂ ਫੜੇ ਜਾਣਗੇ ਉਹ। ਨਹੀਂ ਕਾਮਰੇਡ ਅਫਸਰੋ ਵੱਡੀ ਸੜਕ ਉਹਨਾਂ ਦਾ ਨਿਸ਼ਾਨਾ ਨਹੀਂ ਹੋ ਸਕਦੀ...ਖ਼ੈਰ, ਖਾਓ ਤੁਸੀਂ ਖਾਓ।"

"ਉਥੇ ਝਾੜੀਆਂ ਨੇ ਤੇ ਨਾਲ਼ੇ ਧੁੰਦ", ਓਸੀਆਨੀਨਾ ਨੇ ਆਖਿਆ। ਮੈਨੂੰ ਤਾਂ ਇਸ ਤਰਾਂ ਹੀ ਲੱਗਿਆ ਸੀ..."

"ਜੇ ਤੈਨੂੰ ਲਗਦਾ ਹੀ ਸੀ ਤਾਂ ਛਾਤੀ ਉੱਤੇ ਸਲੀਬ ਦਾ ਨਿਸ਼ਾਨ ਬਣਾਉਣਾ ਸੀ", ਕੁਮੇਦਾਨ ਨੇ ਬੁੜ-ਬੁੜ ਕੀਤਾ। ਤੂੰ ਆਖਿਆ ਏ ਕਿ ਉਹਨਾਂ ਕੋਲ਼ ਪੈਕਟ ਸਨ ?"

"ਹਾਂ। ਤੇ ਉਹ ਭਾਰੇ ਵੀ ਲਗਦੇ ਸਨ। ਸੱਜੇ ਹੱਥਾਂ ਵਿੱਚ ਫੜੇ ਹੋਏ ਸਨ ਉਹਨਾਂ ਨੇ। ਬੜੇ ਬਣਾ ਸਵਾਰ ਕੇ ਬੰਨ੍ਹੇ ਹੋਏ ਸਨ।"

ਸਾਰਜੈਂਟ ਮੇਜਰ ਨੇ ਆਪਣੇ ਵਾਸਤੇ ਇੱਕ ਵੱਡੀ ਸਾਰੀ ਸਿਗਰਟ ਬਣਾਈ, ਉਸ ਨੂੰ ਸੁਲਘਾਇਆ ਤੇ ਟਹਿਲਣ ਲੱਗ ਪਿਆ। ਅਚਾਨਕ ਉਸ ਨੂੰ ਕੋਈ ਖਿਆਲ ਆਇਆ ਜਿਸ ਨਾਲ਼ ਉਹ ਬਿਲਕੁਲ ਘਬਰਾ ਜਿਹਾ ਗਿਆ ਲਗਦਾ ਸੀ।

"ਮੈਂ ਸਮਝਦਾ ਹਾਂ ਕਿ ਉਹਨਾਂ ਕੋਲ਼ ਵਿਸਫੋਟਕ ਪਦਾਰਥ ਸੀ। ਜੇ ਮੇਰੀ ਗੱਲ ਸੱਚੀ ਹੋਵੇ ਤਾਂ ਉਹ ਵੱਡੀ ਸੜਕ ਵੱਲ ਨਹੀਂ ਰੇਲਵੇ ਲਾਈਨ ਵੱਲ ਜਾ ਰਹੇ ਹੋਣਗੇ। ਮੇਰਾ ਮਤਲਬ ਹੈ, ਕੀਰੋਵ ਰੇਲਵੇ ਲਾਈਨ ਵੱਲ।"

"ਕੀਰੋਵ ਲਾਈਨ ਤਾਂ ਬੜੀ ਦੂਰ ਏ", ਕਿਰੀਆਨੋਵਾ ਨੇ ਸ਼ੱਕੀ ਅੰਦਾਜ਼ ਨਾਲ਼ ਆਖਿਆ।

"ਪਰ ਸਾਰਾ ਜੰਗਲ ਦਾ ਰਾਹ ਏ। ਤੇ ਜੰਗਲ ਵੀ ਉਹ ਕਿ ਜਿਸ ਵਿੱਚ ਪੂਰੀ ਫੌਜ ਲੁਕ ਜਾਵੇ। ਦੋ ਬੰਦਿਆਂ ਦੀ ਗੱਲ ਹੀ ਕੀ ਕਰਨੀ ਹੋਈ।

"ਜੇ ਇਹ ਗੱਲ ਹੈ ਤਾਂ", ਓਸੀਆਨੀਨਾ ਫਿਕਰਮੰਦ ਹੋਈ ਬੋਲੀ,"ਰੇਲਵੇ ਗਾਰਦ ਨੂੰ ਖਬਰਦਾਰ ਕਰਨਾ ਚਾਹੀਦਾ ਏ।"

"ਕਿਰੀਆਨੋਵਾ ਕਰ ਦੇਵੇਗੀ", ਵਾਸਕੋਵ ਨੇ ਆਖਿਆ। "ਮੇਰੀ ਰੋਜ਼ਾਨਾ ਰਿਪੋਰਟ ਵਿੱਚ ਕਹਿਣਾ ਹੈ—ਸਾਢੇ ਅੱਠ ਵਜੇ, ਕਾਲ ਸਾਈਨ 17। ਖਾ, ਖਾ ਤੂੰ, ਓਸੀਆਨੀਨਾ। ਸਾਰੀ ਦਿਹਾੜੀ

ਤੁਰਦੇ ਰਹਿਣਾ ਏ...”

ਚਾਲੀਆਂ ਮਿੰਟਾਂ ਵਿੱਚ ਖੋਜੀ ਦਲ ਕਤਾਰਬੰਦ ਹੋ ਗਿਆ ਸੀ, ਪਰ ਤੁਰਿਆ ਡੇਢ ਘੰਟੇ ਮਗਰੋਂ, ਕਿਉਂਕਿ ਸਾਰਜੈਂਟ ਮੇਜਰ ਸਖ਼ਤ ਤੇ ਮੀਨ ਮੇਖ ਕਰਨ ਵਾਲ਼ਾ ਬੰਦਾ ਸੀ।

“ਬੂਟ ਲਾਹੋ ਸਭ!

ਉਹੋ ਗੱਲ ਨਿਕਲੀ ਜਿਸ ਦਾ ਉਹਨੂੰ ਡਰ ਸੀ। ਅੱਧੀਆਂ ਨੇ ਬੂਟਾਂ ਹੇਠਾਂ ਪਤਲੀਆਂ ਪਤਲੀਆਂ ਜੁਰਾਬਾਂ ਪਾਈਆਂ ਹੋਈਆਂ ਸਨ, ਤੇ ਅੱਧੀਆਂ ਨੇ ਆਪਣੇ ਪੈਰਾਂ ਹੇਠ ਕੱਪੜਾ ਲਪੇਟਿਆ ਹੋਇਆ ਸੀ। ਇਸ ਤਰਾਂ ਤਾਂ ਇਹ ਬਹੁਤ ਨਹੀਂ ਲੜ ਸਕਣ ਲੱਗੀਆਂ। ਤਿੰਨ ਕਿਲੋਮੀਟਰ ਤੁਰਨ ਮਗਰੋਂ ਇਹਨਾਂ ਦੇ ਪੈਰ ਰਿਸਦੇ ਛਾਲਿਆਂ ਨਾਲ਼ ਭਰ ਜਾਣਗੇ। ਘੱਟੋ ਘੱਟ ਜੂਨੀਅਰ ਸਾਰਜੈਂਟ ਓਸੀਆਨੀਨਾ ਨੂੰ ਤਾਂ ਇਹ ਕੰਮ ਚੰਗੀ ਤਰਾਂ ਕਰਨਾ ਚਾਹੀਦਾ ਸੀ ਜਿਹੜੀ ਇਹਨਾਂ ਦੀ ਨਿਗਰਾਨ ਹੈ। ਪਰ ਉਹਨੇ ਇਹਨਾਂ ਨੂੰ ਇਹ ਗੱਲ ਸਿਖਾਈ ਕਿਉਂ ਨਹੀਂ?..

ਉਸ ਨੇ ਚਾਲੀ ਮਿੰਟ ਹਦਾਇਤਾਂ ਦੇਂਦਿਆਂ ਲਾਏ ਤੇ ਚਾਲੀ ਮਿੰਟ ਉਹਨਾਂ ਕੋਲ਼ੋਂ ਰਫਲਾਂ ਸਾਫ ਕਰਵਾਈਆਂ। ਰਫਲ ਦੀ ਇਹ ਕੀ ਪਰਵਾਹ ਕਰਦੀਆਂ ਨੇ—ਜਿਨਾਂ ਚਿਰ ਇਸ ’ਚ ਸੁੰਡੀਆਂ ਨਾ ਚੱਲ ਜਾਣ! ਪਰ ਜੇ ਚਲਾਉਣੀ ਪੈ ਜਾਏ ਫੇਰ?..

ਸਾਰਜੈਂਟ ਮੇਜਰ ਨੇ ਬਾਕੀ ਦਾ ਵਕਤ ਇੱਕ ਛੋਟੇ ਜਿਹੇ ਲੈਕਚਰ ਵਿੱਚ ਲਾ ਦਿੱਤਾ ਜਿਸ ਨਾਲ਼, ਉਹ ਸਮਝਦਾ ਸੀ, ਕੁੜੀਆਂ ਨੂੰ ਹਾਲਤ ਦਾ ਅੰਦਾਜਾ ਹੋ ਜਾਏਗਾ।

“ਦੁਸ਼ਮਣ ਕੋਲ਼ੋਂ ਡਰਨ ਦੀ ਲੋੜ ਨਹੀਂ। ਯਾਦ ਰੱਖੋ ਕਿ ਉਹ ਸਾਡੇ ਪਿਛਵਾੜੇ ਵਿੱਚ ਨੇ, ਜਿਸ ਦਾ ਮਤਲਬ ਹੈ ਕਿ ਉਹ ਆਪ ਡਰਦੇ ਨੇ। ਪਰ ਉਹਨਾਂ ਨੂੰ ਨੇੜੇ ਵੀ ਨਹੀਂ ਆਉਣ ਦੇਣਾ। ਉਹ ਬੜੇ ਜਫਾਕਸ਼ ਹੋਣਗੇ ਤੇ ਨੇੜੇ ਹੋ ਕੇ ਲੜਨ ਵਾਸਤੇ ਖਾਸ ਤੌਰ ’ਤੇ ਹਥਿਆਰਬੰਦ। ਜੇ ਉਹ ਅਚਾਨਕ ਤੁਹਾਡੇ ਸੱਜੇ ਖੱਬੇ ਕਿਤੇ ਠਾਹ ਠੂਹ ਕਰਨ, ਤਾਂ ਚੁੱਪ ਚਾਪ ਰਹਿਣਾ ਹੈ। ਭੱਜਣਾ ਬਿਲਕੁਲ ਨਹੀਂ, ਭਾਵੇਂ ਕੁੱਝ ਵੀ ਹੋ ਜਾਏ। ਭੱਜੇ ਜਾਂਦੇ ਦਾ ਨਿਸ਼ਾਨਾ ਫੁੰਡਣਾ ਛੋਟੀ ਮਸ਼ੀਨਗਨ ਵਾਸਤੇ ਸਭ ਤੋਂ ਸੌਖਾ ਕੰਮ ਹੈ। ਦੋ ਦੋ ਦੇ ਜੁੱਟਾਂ ਵਿੱਚ ਰਹਿਣਾ ਹੈ। ਪਿੱਛੇ ਨਹੀਂ ਰਹਿ ਜਾਣਾ ਤੇ ਨਾ ਹੀ ਗੱਲਾਂ ਕਰਨੀਆਂ ਨੇ। ਜੇ ਸੜਕ ਉੱਤੇ ਹੋਵੋ ਤਾਂ ਕੀ ਕਰਨਾ ਹੈ?”

“ਸਾਨੂੰ ਪਤਾ ਹੈ ਲਾਖੇ ਵਾਲ਼ਾਂ ਵਾਲ਼ੀ ਨੇ ਆਖਿਆ” ,“ਇੱਕ ਸੱਜੇ ਪਾਸੇ, ਦੂਜੀ ਖੱਬੇ ਪਾਸੇ।”

“ਨਜ਼ਰਾਂ ਤੋਂ ਬਚ ਕੇ”, ਸਾਰਜੈਂਟ ਮੇਜਰ ਨੇ ਇਸ ਗੱਲ ਉੱਤੇ ਜੋਰ ਦਿੱਤਾ। “ਅੱਗੇ ਵਧਣ ਦੀ ਜੁਗਤ ਇਸ ਤਰਾਂ ਹੋਵੇਗੀ–ਜੂਨੀਅਰ ਸਾਰਜੈਂਟ ਤੇ ਇੱਕ ਸੈਨਿਕ ਨੇ ਅੱਗੇ ਅੱਗੇ ਜਾਣਾ ਹੈ ਸੂਹ ਲੈਂਦਿਆਂ। ਇੱਕ ਸੌ ਮੀਟਰ ਪਿੱਛੇ ਪ੍ਰਧਾਨ ਟੋਲੀ। ਮੈਂ...” ਉਸ ਨੇ ਸਭਨਾਂ ਉੱਤੇ ਨਜ਼ਰ ਮਾਰੀ, “ਦੁਭਾਸ਼ਣ ਦੇ ਨਾਲ਼–ਨਾਲ਼ ਚੱਲਾਂਗਾ। ਇਸ ਤੋਂ ਇੱਕ ਸੌ ਮੀਟਰ ਪਿੱਛੇ ਆਖਰੀ ਜੋੜੀ ਹੋਵੇਗੀ। ਉਹਨਾਂ ਨੇ ਨਾਲ਼ ਨਾਲ਼ ਨਹੀਂ ਤੁਰਨਾ ਪਰ ਇੱਕ ਦੂਜੀ ਦੀ ਨਜ਼ਰ ਵਿੱਚ ਰਹਿਣਾ ਹੈ। ਦੁਸ਼ਮਣ ਦੇ ਨਜ਼ਰ ਆ ਜਾਣ ਜਾਂ ਕਿਸੇ ਹੋਰ ਸ਼ੱਕ ਸੁਬ੍ਹਾ ਵਾਲ਼ੀ ਹਾਲਤ ਵਿੱਚ... ਕਿਸੇ ਜਾਨਵਰ ਜਾਂ ਪੰਛੀ ਵਰਗੀ ਆਵਾਜ ਕੌਣ ਕੱਢ ਸਕਦੀ ਹੈ?”

ਉਹ ਹੀ ਹੀ ਕਰਨ ਲੱਗ ਪਈਆਂ, ਮੂਰਖਾਂ...

“ਮੈਂ ਤੁਹਾਨੂੰ ਗੰਭੀਰ ਸਵਾਲ ਪੁੱਛਿਆ ਹੈ! ਜੰਗਲ ਵਿੱਚ ਆਪਣੀ ਆਵਾਜ਼ ਵਿੱਚ ਸੰਕੇਤ–

ਬੋਲਾ ਨਹੀਂ ਬੋਲਿਆ ਜਾਂਦਾ। ਜਰਮਨਾਂ ਦੇ ਵੀ ਕੰਨ ਨੇ, ਪਤਾ ਜੇ।"

ਕੁੜੀਆਂ ਅੱਗੋਂ ਕੁੱਝ ਨਹੀਂ ਬੋਲੀਆਂ।

"ਮੈਂ ਕੱਢ ਸਕਦੀ ਆਂ", ਅਖੀਰ ਗੁਰਵਿਚ ਝਕਦੀ ਝਕਦੀ ਬੋਲੀ। "ਮੈਂ ਖੋਤੇ ਦੇ ਹੀਂਗਣ ਦੀ ਆਵਾਜ਼ ਕੱਢ ਸਕਦੀ ਆਂ-ਆਂ...ਆਂ!"

"ਖੋਤੇ ਨਹੀਂ ਹੁੰਦੇ ਏਸ ਇਲਾਕੇ ਵਿੱਚ", ਸਾਰਜੈਂਟ ਮੇਜਰ ਨੇ ਖ਼ਫਾ ਹੋ ਕੇ ਆਖਿਆ। "ਠੀਕ ਐ ਚਲੋ ਕੈਂ ਕੈਂ ਕਰਨਾ ਸਿੱਖੀਏ, ਜਿਵੇਂ ਬਤਖਾਂ ਕਰਦੀਆਂ ਨੇ।"

ਸਾਰਜੈਂਟ ਮੇਜਰ ਨੇ ਕੈਂ ਕੈਂ ਕਰਕੇ ਵਿਖਾਇਆ, ਤੇ ਕੁੜੀਆਂ ਠਹਾਕੇ ਮਾਰਕੇ ਹੱਸ ਪਈਆਂ। ਅਚਾਨਕ ਹੀ ਉਹ ਇਨਾਂ ਹੱਸਣ ਕਿਉਂ ਲੱਗ ਪਈਆਂ, ਵਾਸਕੋਵ ਨੂੰ ਸਮਝ ਨਹੀਂ ਆਈ, ਪਰ ਉਹ ਆਪ ਵੀ ਮੁਸਕ੍ਰਾਉਣ ਲੱਗ ਪਿਆ ਸੀ।

"ਬੱਤਖਾਂ ਇਸ ਤਰਾਂ ਬੁਲਾਉਣਾ ਹੈ ਬਤਖ ਨੂੰ", ਉਸ ਨੇ ਸਮਝਾਇਆ—"ਚਲੋ ਹੁਣ, ਕੋਸ਼ਿਸ਼ ਕਰ ਕੇ ਵੇਖੋ।"

ਉਹਨਾਂ ਨੇ ਬੜੇ ਚਾਈਂ ਚਾਈਂ ਕੈਂ ਕੈਂ ਕੀਤਾ। ਜਿਸ ਨੇ ਉਚੇਚੀ ਕੋਸ਼ਿਸ਼ ਕੀਤੀ ਉਹ ਲਾਖੇ ਵਾਲ਼ਾਂ ਵਾਲ਼ੀ ਯੇਵਗੇਨੀਆਂ ਸੀ (ਵਾਹ, ਕੈਸੀ ਕਮਾਲ ਦੀ ਕੁੜੀ ਹੈ, ਉਹਦੇ ਇਸ਼ਕ ਵਿੱਚ ਫਸ ਜਾਣੋ ਰੱਬ ਬਚਾਵੇ, ਬੇਹੱਦ ਸੋਹਣੀ!) ਪਰ ਜਿਸ ਨੇ ਸਭ ਤੋਂ ਚੰਗੀ ਤਰਾਂ ਇਹ ਕੰਮ ਕੀਤਾ ਸੀ ਉਹ ਸੀ ਓਸੀਆਨੀਨਾ—ਹੂ-ਬ-ਹੂ ਆਵਾਜ਼। ਇੱਕ ਹੋਰ ਵੀ ਮਾੜੀ ਨਹੀਂ ਸੀ ਰਹੀ, ਲੀਜ਼ਾ, ਕੀ ਖਿਆਲ ਹੈ? ਗਠੀਲੀ, ਰਿਸ਼ਟ ਪੁਸ਼ਟ, ਇਹ ਕਹਿਣਾ ਔਖਾ ਸੀ ਕਿ ਉਹ ਮੋਢਿਆਂ ਤੋਂ ਬਹੁਤੀ ਚੌੜੀ ਹੈ ਜਾਂ ਕੂਲ੍ਹਿਆਂ ਤੋਂ। ਉਸ ਨੇ ਵੀ ਸੋਹਣੀ ਆਵਾਜ ਕੱਢੀ ਸੀ। ਹਾਂ, ਉਹ ਆਮ ਕਰਕੇ ਹੀ ਠੀਕ ਸੀ, ਹਰ ਥਾਂ ਕੰਮ ਆਉਣ ਵਾਲ਼ੀ, ਸਿਹਤਮੰਦ ਵੀ, ਵਛੇਰੀ ਵਾਂਗ ਤਕੜੀ।

ਉਹ ਦੋ ਟਟੀਹਰੀਆਂ ਜਿਹੀਆਂ ਸ਼ਹਿਰਨਾਂ—ਗਾਲੀਆ ਚਿਤਵਿਰਤਕ ਅਤੇ ਦੋਭਾਸ਼ਣ ਸੋਨੀਆਂ ਗੁਰਵਿਚ ਵਾਂਗ ਨਹੀਂ ਸੀ।

"ਅਸੀਂ ਵੋਪ ਝੀਲ ਵੱਲ ਜਾਵਾਂਗੇ। ਐਥੇ ਨਜ਼ਰ ਮਾਰ ਲਓ।" ਉਹਨਾਂ ਨੇ ਨਕਸ਼ੇ ਦੁਆਲੇ ਘੇਰਾ ਪਾ ਲਿਆ। ਸਾਰਜੈਂਟ ਮੇਜਰ ਦੀ ਧੌਣ ਤੇ ਉਸਦੇ ਕੰਨਾਂ ਉੱਤੇ ਉਹਨਾਂ ਦੇ ਸਾਹਾਂ ਦੀ ਅਵਾਜ਼ ਮਹਿਸੂਸ ਹੋ ਰਹੀ ਸੀ। ਹਾਸੋਹੀਣੀਆਂ ਕੁੜੀਆਂ। "ਜੇ ਜਰਮਨ ਰੇਲਵੇ ਲਾਈਨ ਵੱਲ ਜਾ ਰਹੇ ਨੇ ਤਾਂ ਉਹਨਾਂ ਨੂੰ ਝੀਲ ਕੋਲ਼ੋਂ ਲੰਘ ਕੇ ਜਾਣਾ ਪਵੇਗਾ। ਤੇ ਡਾਂਡੇ ਮੀਂਡੇ ਦਾ ਉਹਨਾਂ ਨੂੰ ਪਤਾ ਨਹੀਂ। ਇਸਦਾ ਮਤਲਬ ਹੋਇਆ ਕਿ ਅਸੀਂ ਉਹਨਾਂ ਨਾਲ਼ੋਂ ਪਹਿਲਾਂ ਉਥੇ ਪਹੁੰਚ ਜਾਵਾਂਗੇ। ਕੋਈ ਵੀਹ ਵੇਰਸਤਾਂ ਵਾਟ ਹੈ—ਖਾਓ ਪੀਓ ਤੱਕ ਅਸੀਂ ਪੈਂਡਾ ਮੁਕਾ ਲਵਾਂਗੇ। ਤੇ ਉਹਨਾਂ ਵਾਸਤੇ ਤਿਆਰ ਹੋ ਜਾਣ ਜੋਗਾ ਵੀ ਸਾਡੇ ਕੋਲ਼ ਵਕਤ ਹੋਵੇਗਾ। ਉਹਨਾਂ ਨੂੰ ਆੜ ਉਹਲੇ ਵਿੱਚ ਰਹਿਣ ਤੇ ਵਲੇਵਾਂ ਪਾ ਕੇ ਜਾਣ ਵਿੱਚ ਪੰਜਾਹ ਵੇਰਸਤ ਤੁਰਨਾ ਪਵੇਗਾ। ਸਮਝ ਆਈ ਸਾਰੀ ਗੱਲ ਦੀ, ਕਾਮਰੇਡ ਸੈਨਿਕੋ?"

ਸੈਨਿਕਾਂ ਨੇ ਗੰਭੀਰਤਾ ਨਾਲ਼ ਜਵਾਬ ਦਿੱਤਾ,

"ਸਮਝ ਲਿਐ...."

ਉਹ ਤਾਂ ਧੁੱਪ ਸੇਕਦੀਆਂ ਅਤੇ ਵਿੱਚ ਵਿੱਚ ਹਵਾਈ ਜਹਾਜਾਂ ਦੇ ਨਿਸ਼ਾਨੇ ਢੂੰਡਦੀਆਂ ਹੀ ਚੰਗੀਆਂ ਰਹਿੰਦੀਆਂ—ਇਹੋ ਲੜਾਈ ਸੀ ਉਹਨਾਂ ਵਾਸਤੇ...

"ਜੂਨੀਅਰ ਸਾਰਜੈਂਟ ਓਸੀਆਨੀਨਾ, ਰਸਦ ਤੇ ਤਿਆਰੀ ਦੀ ਪੜਤਾਲ ਕਰ ਲੈ, ਪੰਦਰਾਂ

ਮਿੰਟਾਂ ਵਿੱਚ ਅਸੀਂ ਤੁਰ ਪਵਾਂਗੇ।"

ਸੈਨਿਕਾਂ ਨੂੰ ਉਥੇ ਛੱਡ ਕੇ ਉਹਨੂੰ ਥੋੜ੍ਹੇ ਚਿਰ ਵਾਸਤੇ ਆਪਣੇ ਡੇਰੇ ਜਾਣਾ ਪੈਣਾ ਸੀ। ਮਾਰੀਆ ਨਿਕੀਫੋਰੋਵਨਾ ਨੂੰ ਉਹ ਆਖ ਆਇਆ ਸੀ ਕਿ ਉਹਦਾ ਸਾਮਾਨ ਬੰਨ੍ਹ ਛੱਡੇ ਤੇ ਇਸ ਤੋਂ ਇਲਾਵਾ ਉਸਨੇ ਕਈ ਹੋਰ ਚੀਜ਼ਾਂ ਵੀ ਘਰੋਂ ਫੜਨੀਆਂ ਸਨ। ਜਰਮਨ ਬੜੇ ਜਫਾਕਸ਼ ਲੜਾਕੇ ਸਨ। ਉਹਨਾਂ ਨੂੰ ਚੰਗੀ ਕਿਸਮਤ ਨਾਲ਼ ਹੀ ਮਾਰਿਆ ਜਾ ਸਕੇ, ਇਹ ਸਿਰਫ ਕਾਰਟੂਨਾਂ ਦੀ ਹੀ ਗੱਲ ਸੀ। ਹਕੀਕਤ ਵਿੱਚ ਇਸ ਕੰਮ ਲਈ ਤਿਆਰੀ ਦੀ ਲੋੜ ਸੀ।

ਮਾਰੀਆ ਨਿਕੀਫੋਰੋਵਨਾ ਨੇ ਉਹ ਸਭ ਚੀਜਾਂ ਇਕੱਠੀਆਂ ਕਰ ਛੱਡੀਆਂ ਸਨ ਜਿਹੜੀਆਂ ਉਹ ਚਾਹੁੰਦਾ ਸੀ, ਸਗੋਂ ਉਸ ਤੋਂ ਵੱਧ ਹੀ- ਸੂਰ ਦੀ ਚਰਬੀ ਦਾ ਵੱਡਾ ਸਾਰਾ ਡਲਾ ਅਤੇ ਥੋੜ੍ਹੀ ਜਿਹੀ ਸੁੱਕੀ ਮੱਛੀ। ਉਹ ਚਾਹੁੰਦਾ ਸੀ ਉਹਨੂੰ ਗਾਲ੍ਹ ਮੰਦਾ ਬੋਲੇ ਪਰ ਉਹਨੇ ਆਪਣਾ ਮਨ ਬਦਲ ਲਿਆ। ਆਖਰ ਉਹਨਾਂ ਸਭਨਾਂ ਨੇ ਭੀੜ ਪਾ ਲੈਣੀ ਸੀ। ਉਸਨੇ ਰਫਲ ਤੇ ਪਸਤੌਲ ਵਾਸਤੇ ਢੇਰ ਸਾਰੇ ਕਾਰਤੂਸ ਏਧਰ ਓਧਰ ਤੁੰਨ ਲਏ ਤੇ ਦੋ ਗਰਨੇਡ ਲੈ ਲਏ। ਕਿਸੇ ਨੂੰ ਕੀ ਪਤਾ ਸੀ ਕੀ ਭਾਣਾ ਵਰਤ ਜਾਏ!

ਸਹਿਮੀ ਸਹਿਮੀ ਤੇ ਚੁੱਪ ਬੈਠੀ ਮਾਰੀਆ ਨਿਕੀਫੋਰੋਵਨਾ ਨੇ ਉਹਦੇ ਵੱਲ ਵੇਖਿਆ। ਲਗਦਾ ਸੀ ਉਹ ਹੁਣ ਰੋਈ ਕਿ ਰੋਈ। ਉਹਦਾ ਰੋਮ ਰੋਮ ਉਹਦੇ ਵੱਲ ਖਿਚਿਆ ਹੋਇਆ ਸੀ, ਪਰ ਉਹ ਆਪਣੀ ਥਾਂ ਬੈਠੀ ਟੱਸ ਤੋਂ ਮੱਸ ਨਹੀਂ ਸੀ ਹੋਈ। ਵਾਸਕੋਵ ਕੋਲ਼ੋਂ ਇਹ ਸਭ ਕੁੱਝ ਬਰਦਾਸ਼ਤ ਨਾ ਹੋਇਆ। ਉਹਨੇ ਉਸ ਦੇ ਸਿਰ ਉੱਤੇ ਹੱਥ ਰੱਖਿਆ ਤੇ ਆਖਿਆ-

" ਮੈਂ ਪਰਸੋਂ ਮੁੜ ਆਵਾਂਗਾ। ਜਾਂ ਹੱਦ ਬੁੱਧਵਾਰ ਨੂੰ।"

ਮਾਰੀਆ ਨਿਕੀਫੋਰੋਵਨਾ ਦੀਆਂ ਭੁੱਬਾਂ ਨਿੱਕਲ ਗਈਆਂ। ਹਾਏ, ਔਰਤਾਂ, ਔਰਤਾਂ ਦੇ ਭਾਗਾਂ ਵਿੱਚ ਸੁਖ ਕਿੱਥੇ! ਲੜਾਈ ਮਰਦਾਂ ਵਾਸਤੇ ਵੀ ਖੇਡ ਤਮਾਸ਼ਾ ਨਹੀਂ ਸੀ, ਪਰ ਔਰਤਾਂ ਵਾਸਤੇ.....

ਸਾਰਜੈਂਟ-ਮੇਜਰ ਨੇ ਬਾਹਰ ਆ ਕੇ ਆਪਣੇ "ਤੁਫਾਨੀ ਦਸਤੇ" ਦਾ ਮੁਆਇਨਾ ਕੀਤਾ। ਉਹਨਾਂ ਨੇ ਰਫਲਾਂ ਇਉਂ ਫੜੀਆਂ ਹੋਈਆਂ ਸਨ ਜਿਵੇਂ ਕੋਈ ਛੜੀਆਂ ਹੋਣ।

ਵਾਸਕੋਵ ਨੇ ਇੱਕ ਲੰਮਾ ਸਾਹ ਲਿਆ।

"ਤਿਆਰ ?"

"ਤਿਆਰ।" ਗੀਤਾ ਨੇ ਜਵਾਬ ਦਿੱਤਾ।

"ਮੈਂ ਜੂਨੀਅਰ ਸਾਰਜੈਂਟ ਓਸੀਆਨੀਨਾ ਨੂੰ ਇਹ ਸਾਰੀ ਕਾਰਵਾਈ ਦੇ ਸਮੇਂ ਲਈ ਨਾਇਬ ਮੁਕਰਰ ਕਰਦਾ ਹਾਂ। ਮੈਂ ਤੁਹਾਨੂੰ ਸਿਗਨਲ ਯਾਦ ਕਰਾ ਦਿਆਂ- ਦੋ ਵਾਰ ਕੈਂ ਕੈਂ ਦਾ ਮਤਲਬ ਹੈ- ਸਾਵਧਾਨ, ਦੁਸ਼ਮਣ ਨਜ਼ਰ ਆ ਗਿਆ। ਤਿੰਨ ਵਾਰ ਕੈਂ ਕੈਂ ਦਾ ਮਤਲਬ ਹੈ—ਸਭ ਮੇਰੇ ਕੋਲ਼ ਆਓ।"

ਕੁੜੀਆਂ ਖਿੜ ਖਿੜਾ ਕੇ ਹੱਸ ਪਈਆਂ। ਪਰ ਇਸ ਵਾਰੀ ਉਹਨੇ ਇਹ ਗੱਲ ਜਾਣਬੁੱਝ ਕੇ ਆਖੀ ਸੀ-ਦੋ ਵਾਰ ਕੈਂ ਕੈਂ, ਤਿੰਨ ਵਾਰ ਕੈਂ ਕੈਂ। ਉਸ ਨੇ ਇਹ ਗੱਲ ਇਸ ਲਈ ਆਖੀ ਸੀ ਕਿ ਉਹ ਕੁੜੀਆਂ ਨੂੰ ਹਸਾਉਣਾ ਚਾਹੁੰਦਾ ਸੀ, ਉਹਨਾਂ ਦੇ ਹੌਸਲੇ ਬੁਲੰਦ ਕਰਨਾ ਚਾਹੁੰਦਾ ਸੀ।

"ਅਗਲੀ ਟੋਲੀ, ਅੱਗੇ ਵਧ!"

ਉਹ ਤੁਰ ਪਈਆਂ।

ਅੱਗੇ ਅੱਗੇ ਜਾ ਰਹੀਆਂ ਸਨ ਓਸੀਆਨੀਨਾ ਤੇ ਉਹਦੇ ਨਾਲ਼ ਮੋਟੀ ਭਾਰੀ ਕੁੜੀ। ਵਾਸਕੋਵ ਉਹਨਾਂ ਦੇ ਝਾੜੀਆਂ ਵਿੱਚ ਲੋਪ ਹੋ ਜਾਣ ਦੀ ਉਡੀਕ ਕਰਦਾ ਰਿਹਾ, ਤੇ ਫਿਰ ਉਸ ਨੇ ਮੂੰਹ ਵਿੱਚ ਹੀ ਸੌ ਗਿਣਿਆ ਤੇ ਉਹਨਾਂ ਦੇ ਮਗਰ ਤੁਰ ਪਿਆ। ਉਹਦੇ ਨਾਲ਼ ਦੁਭਾਸ਼ਣ ਕੁੜੀ ਜਾ ਰਹੀ ਸੀ, ਆਪਣੀ ਰਫਲ, ਕਾਰਤੂਸਾਂ ਦੀ ਪੇਟੀ, ਤਹਿ ਕੀਤੇ ਹੋਏ ਵੱਡੇ ਕੋਟ ਤੇ ਹੋਰ ਨਿਕਸੁੱਕ ਦੇ ਭਾਰ ਹੇਠ ਨੜੇ ਵਾਂਗ ਝੁਕੀ ਹੋਈ ਸੀ.....ਜੇਨੀਆ ਕੋਮੇਲਕੋਵਾ ਅਤੇ ਗਾਲੀਆ ਚਿਤਵਿਰਤਕ ਉਹਨਾਂ ਦੇ ਪਿੱਛੇ ਪਿੱਛੇ ਆ ਰਹੀਆਂ ਸਨ।

4

ਵੋਪ ਝੀਲ ਤੱਕ ਕੂਚ ਤੋਂ ਵਾਸਕੋਵ ਨੂੰ ਕੋਈ ਚਿੰਤਾ ਨਹੀਂ ਸੀ। ਜਰਮਨਾਂ ਨੂੰ ਓਧਰ ਦੇ ਸਿੱਧੇ ਰਾਹ ਦਾ ਪਤਾ ਨਹੀਂ ਸੀ ਹੋ ਸਕਦਾ, ਕਿਉਂਕਿ ਉਹਨੂੰ ਆਪ ਵੀ ਫਿਨਲੈਂਡ ਨਾਲ਼ ਹੋਈ ਲੜਾਈ ਵਿੱਚ ਹੀ ਇਸ ਰਾਹ ਦਾ ਪਤਾ ਲੱਗਾ ਸੀ। ਸਾਰੇ ਨਕਸ਼ਿਆਂ ਉੱਤੇ ਇਸ ਥਾਂ ਖਤਰਨਾਕ ਖੋਭੇ ਵਿਖਾਏ ਗਏ ਸਨ ਅਤੇ ਜਰਮਨਾਂ ਦੇ ਸਾਹਮਣੇ ਸਿਰਫ ਇੱਕੋ ਹੀ ਰਾਹ ਸੀ—ਵਲ ਫੇਰ ਵਾਲ਼ਾ ਰਾਹ, ਜਿਹੜਾ ਜੰਗਲ ਦੇ ਵਿੱਚੋਂ ਦੀ ਲੰਘ ਕੇ ਝੀਲ ਵੱਲ ਜਾਂਦਾ ਤੇ ਸੀਨੀਉਖੀਨਾ ਦੇ ਟਿੱਲਿਆਂ ਉੱਪਰ ਚਲਾ ਜਾਂਦਾ ਸੀ। ਟਿੱਲਿਆਂ ਦੇ ਦੁਆਲਿਓਂ ਦੀ ਕੋਈ ਰਾਹ ਨਹੀਂ ਸੀ। ਉਹਦੇ ਸੈਨਿਕ ਭਾਵੇਂ ਕਿਸੇ ਵੀ ਤਰਾਂ ਅੱਗੇ ਵਧ ਰਹੇ ਸਨ, ਕਿੰਨਾ ਵੀ ਚਿਕੜ ਖੋਭੇ ਵਿੱਚੋਂ ਉਹਨਾਂ ਲੰਘਣਾ ਸੀ, ਪਰ ਜਰਮਨਾਂ ਨੇ ਬਹੁਤ ਲਮੇਰਾ ਪੰਧ ਮਾਰਨਾ ਸੀ। ਉਹ ਤ੍ਰਿਕਾਲਾਂ ਤੋਂ ਪਹਿਲਾਂ ਉੱਥੇ ਨਹੀਂ ਪਹੁੰਚ ਸਕਦੇ ਸਨ ਤੇ ਉਦੋਂ ਤੱਕ ਉਹ ਬਚ ਨਿਕਲਣ ਦੇ ਸਾਰੇ ਰਾਹ ਬੰਦ ਕਰ ਦੇਵੇਗਾ। ਉਹ ਵੱਧ ਤੋਂ ਵੱਧ ਆੜ ਉਹਲੇ ਵਿੱਚ, ਚਟਾਨਾਂ ਦੇ ਪਿੱਛੇ ਆਪਣੀਆਂ ਕੁੜੀਆਂ ਨੂੰ ਤਾਇਨਾਤ ਕਰ ਦੇਵੇਗਾ। ਜਦੋਂ ਜਰਮਨਾਂ ਨੇ ਸ਼ਕਲ ਵਿਖਾਈ, ਤਾਂ ਅੰਨ੍ਹੇਵਾਹ ਚਲਾਈਆਂ ਦੋ-ਚਾਰ ਗੋਲੀਆਂ ਨਾਲ਼ ਹੀ ਉਹਨਾਂ ਨੇ ਗੱਲਬਾਤ ਕਰਨ ਲਈ ਤਿਆਰ ਹੋ ਜਾਣਾ ਹੈ। ਬੜੀ ਹੱਦ ਹੋਈ ਤਾਂ ਉਹ ਇੱਕ ਜਣੇ ਨੂੰ ਪਾਰ ਬੁਲਾ ਦੇਵੇਗਾ ਤੇ ਕੱਲੇ ਨੂੰ ਕੱਲਾ ਉਹ ਕਿਸੇ ਵੀ ਜਰਮਨ ਨਾਲ਼ ਲੋਹਾ ਲੈਣ ਨੂੰ ਤਿਆਰ ਸੀ।

ਉਹਦੇ ਸੈਨਿਕ ਬੜੀ ਫੁਰਤੀ ਨਾਲ਼ ਕਦਮ ਪੁੱਟ ਰਹੇ ਸਨ ਅਤੇ ਸੁਚੱਜੇ ਢੰਗ ਨਾਲ਼ ਪੇਸ਼ ਆ ਰਹੇ ਸਨ। ਕਿਸੇ ਦੇ ਵੀ ਹੱਸਣ ਜਾਂ ਗੱਲ ਕਰਨ ਦੀ ਆਵਾਜ ਨਹੀਂ ਸੀ ਆਉਂਦੀ। ਉਹਨਾਂ ਦੀ ਨਜ਼ਰ ਕਿੰਨੀ ਕੁ ਤਿੱਖੀ ਸੀ ਇਹ ਜਾਨਣ ਦਾ ਉਹਦੇ ਕੋਲ਼ ਕੋਈ ਤਰੀਕਾ ਨਹੀਂ ਸੀ, ਪਰ ਉਹ ਆਪ ਇਉਂ ਜ਼ਮੀਨ ਤੇ ਨਜਰਾਂ ਗੱਡੀ ਜਾ ਰਿਹਾ ਸੀ ਜਿਵੇਂ ਰਿੱਛ ਦਾ ਖੁਰਾ ਨੱਪੀ ਜਾ ਰਿਹਾ ਹੋਵੇ ਤੇ ਉਸ ਨੂੰ ਕਿਸੇ ਨਿਵੇਕਲੇ ਨਮੂਨੇ ਦੇ ਬੂਟਾਂ ਦੇ ਤਲਿਆਂ ਦੇ ਕੁੱਝ ਫਿੱਕੇ ਫਿੱਕੇ ਨਿਸ਼ਾਨ ਵਿਖਾਈ ਦਿੱਤੇ। ਪੂਰਾ ਨੌਂ ਨੰਬਰ ਦਾ ਮਾਪ ਸੀ ਜਿਸ ਤੋਂ ਸਾਰਜੈਂਟ-ਮੇਜਰ ਨੇ ਇਹ ਨਤੀਜਾ ਕੱਢਿਆ ਕਿ ਇਹਨਾਂ ਬੂਟਾਂ ਵਾਲ਼ਾ ਤਕਰੀਬਨ ਦੋ ਮੀਟਰ ਉੱਚੇ ਕੱਦ ਅਤੇ ਤਿੰਨ ਮਣ ਤੋਂ ਵੱਧ ਭਾਰ ਵਾਲ਼ਾ ਬੰਦਾ ਹੋਵੇਗਾ। ਇਸ ਵਿੱਚ ਕੋਈ ਸ਼ੱਕ ਨਹੀਂ ਉਸ ਦੇ ਨਾਲ਼ ਦੀਆਂ ਕੁੜੀਆਂ ਅਜਿਹੇ ਬੰਦੇ ਦੀ ਅੱਖ ਨਾਲ਼ ਅੱਖ ਨਹੀਂ ਮਿਲਾ ਸਕਦੀਆਂ, ਭਾਵੇਂ ਉਹ ਹਥਿਆਰਬੰਦ ਹੀ ਹਨ। ਅਜੇ ਬਹੁਤ ਵਕਤ ਨਹੀਂ ਸੀ ਬੀਤਿਆ ਕਿ ਪੈਰਾਂ ਦੇ ਹੋਰ ਨਿਸ਼ਾਨ ਉਹਦੀ ਨਜ਼ਰ ਪਏ ਅਤੇ ਇਹਨਾਂ ਦੋਹਾਂ ਪੈੜਾਂ ਤੋਂ ਉਸਦੇ ਇਸ ਵਿਸ਼ਵਾਸ਼ ਦੀ ਪੁਸ਼ਟੀ ਹੁੰਦੀ ਸੀ ਕਿ ਜਰਮਨਾਂ ਨੇ ਖੋਭੇ ਨੂੰ ਵੱਲ ਕੇ ਜਾਂਦਾ ਰਾਹ ਫੜਿਆ ਹੈ। ਸਭ ਕੁੱਝ ਉਵੇਂ ਹੀ ਨਿਕਲਿਆ ਜਿਵੇਂ ਉਸ ਨੇ ਸੋਚਿਆ ਸੀ।

"ਜਰਮਨ ਵਾਹਵਾਹ ਹੀ ਅੱਗੇ ਲੰਘ ਗਏ ਨੇ" , ਉਹਨੇ ਆਪਣੇ ਨਾਲ਼ ਤੁਰਦੀ ਕੁੜੀ ਨੂੰ

ਆਖਿਆ। "ਸੱਚ ਮੁੱਚ ਹੀ ਬਹੁਤ ਅੱਗੇ ਕੋਈ ਚਾਲੀ ਵੇਰਸਤ।"

ਦੋਭਾਸ਼ਨ ਨੇ ਅੱਗੋਂ ਕੁੱਝ ਨਹੀਂ ਆਖਿਆ। ਉਹ ਏਨੀ ਥੱਕ ਟੁੱਟ ਗਈ ਸੀ ਕਿ ਆਪਣੀ ਰਫਲ ਦਾ ਕੁੰਦਾ ਜਮੀਨ ਨਾਲ਼ ਲੱਗਣੋ ਮਸਾਂ ਹੀ ਬਚਾਉਂਦੀ ਸੀ। ਸਾਰਜੈਂਟ ਮੇਜਰ ਨੇ ਕਈ ਵਾਰੀ ਉਹਦੇ ਵੱਲ ਵੇਖਿਆ, ਸਿੱਧਾ ਸਪੱਸ਼ਟ ਉਹਦੇ ਬੇਡੌਲ ਚਿਹਰੇ ਵੱਲ ਤੇ ਉਹ ਵੀ ਬੜੀ ਗੰਭੀਰਤਾ ਨਾਲ਼। ਉਹ ਉਹਦੇ ਉੱਤੇ ਤਰਸ ਕਰਦਾ ਸੋਚ ਰਿਹਾ ਸੀ ਕਿ ਹੁਣ ਜਦੋਂ ਮਰਦਾਂ ਦੀ ਏਨੀ ਥੁੜ ਹੈ ਇਹ ਵਿਚਾਰੀ ਪਰਿਵਾਰਕ ਜੀਵਨ ਦੀਆਂ ਖੁਸ਼ੀਆਂ ਕਦੇ ਨਹੀਂ ਮਾਣ ਸਕਣ ਲੱਗੀ। ਅਚਨਚੇਤ ਉਹਨੇ ਪੁੱਛਿਆ–

"ਤੇਰੇ ਮਾਪੇ ਜਿਉਂਦੇ ਨੇ ? ਜਾਂ ਤੂੰ ਯਤੀਮ ਏਂ ?"

"ਮੈਂ ਯਤੀਮ ਆਂ ? ਉਹ ਮੁਸਕਰਾਈ। "ਵੇਖੋ ਨਾ, ਖਬਰੇ ਯਤੀਮ ਹੀ ਹੋਵਾਂ।"

"ਤੇਰਾ ਮਤਲਬ ਹੈ ਕਿ ਤੈਨੂੰ ਪੱਕਾ ਯਕੀਨ ਨਹੀਂ ?"

"ਅਜਕਲ ਪੱਕਾ ਯਕੀਨ ਇਸ ਗੱਲ ਦਾ ਕੀਹਨੂੰ ਹੋ ਸਕਦਾ ਏ, ਕਾਮਰੇਡ ਸਾਰਜੈਂਟ ਮੇਜਰ ?"

"ਗੱਲ ਤਾਂ ਤੇਰੀ ਠੀਕ ਏ..."

"ਮੇਰੇ ਮਾਪੇ ਮਿਨਸਕ ਵਿੱਚ ਨੇ।" ਉਸ ਨੇ ਆਪਣੇ ਹੱਡਲ ਮੋਢੇ ਨੂੰ ਝੰਜੋੜਿਆ ਤਾਂ ਜੋ ਰਫਲ ਆਪਣੀ ਥਾਂ ਟਿਕੀ ਰਹੇ। "ਮੈਂ ਮਾਸਕੋ ਵਿੱਚ ਸਾਂ, ਆਪਣੇ ਇਮਤਿਹਾਨਾਂ ਦੀ ਤਿਆਰੀ ਵਿੱਚ ਰੁੱਝੀ ਹੋਈ, ਤੇ ਫੇਰ...."

"ਉਹਨਾਂ ਦੀ ਕੋਈ ਖਬਰ ?"

"ਕੀ ਗੱਲਾਂ ਕਰਦੇ ਓ..."

"ਹੈ ਤਾਂ ਠੀਕ ...." ਸਾਰਜੈਂਟ ਮੇਜਰ ਨੇ ਇੱਕ ਵਾਰੀ ਫਿਰ ਤਿਰਛੀ ਨਜ਼ਰ ਨਾਲ਼ ਉਹਦੇ ਵੱਲ ਵੇਖਿਆ। ਉਹ ਸੋਚ ਰਿਹਾ ਸੀ ਕਿ ਉਹਦੇ ਅਗਲੇ ਸਵਾਲ ਤੋਂ ਉਹ ਕਿਤੇ ਨਾਰਾਜ਼ ਤਾਂ ਨਹੀਂ ਹੋ ਜਾਵੇਗੀ। " ਤੇਰੇ ਮਾਪੇ ਯਹੂਦੀ ਨੇ ?"

"ਜ਼ਾਹਿਰ ਹੈ।"

ਵਾਸਕੋਵ ਨੇ ਗੁੱਸੇ ਵਿੱਚ ਆ ਕੇ ਫੁਰਕੜਾ ਜਿਹਾ ਮਾਰਿਆ। "ਜੇ ਇਹ ਜਾਹਿਰ ਹੁੰਦਾ ਤਾਂ ਮੈਂ ਪੁੱਛਦਾ ਹੀ ਨਾ।"

ਦੁਭਾਸ਼ਨ ਖਾਮੋਸ਼ ਰਹੀ। ਉਹ ਸਿਲ੍ਹੀ ਘਾਹ ਉੱਤੇ ਆਪਣੇ ਬੇਡੌਲ ਤੇ ਘਸੇ ਹੋਏ ਬੂਟਾਂ ਨਾਲ਼ ਖੜੱਪ ਖੜੱਪ ਕਰਦੀ ਮੱਥੇ ਵੱਟ ਪਾਈ ਤੁਰੀ ਜਾ ਰਹੀ ਸੀ।

"ਜਾਪਦੈ ਉਹ ਬਚ ਕੇ ਨਿਕਲ ਗਏ", ਉਸ ਨੇ ਅਚਨਚੇਤ ਹੀ ਨਿੱਕਾ ਜਿਹਾ ਹੌਂਕਾ ਭਰ ਕੇ ਆਖਿਆ।

ਇਸ ਹੌਂਕੇ ਨੇ ਵਾਸਕੋਵ ਦਾ ਦਿਲ ਚੀਰ ਕੇ ਰੱਖ ਦਿੱਤਾ, ਉਫ ਨੀ ਮਾਸੂਮ ਜਿਹੀ ਚਿੜੀਏ, ਇਸ ਸਭ ਕਾਸੇ ਨੂੰ ਸਹਿ ਲੈਣ ਦੀ ਤਾਕਤ ਹੈ ਤੇਰੇ ਵਿੱਚ ? ਕਾਸ਼, ਉਹਦੇ ਵਾਸਤੇ ਜੇ ਸੰਭਵ ਹੁੰਦਾ, ਤਾਂ ਉਹ ਚਹੁੰ ਕੂੰਟਾਂ ਵਿੱਚ ਇਸ ਜੰਗ ਨੂੰ ਲਾਹਨਤ ਭੇਜਦਾ। ਤੇ ਇਹਦੇ ਨਾਲ਼ ਹੀ ਉਸ ਮੇਜਰ ਨੂੰ ਇਸ ਨਾਲ਼ ਉਹਦੇ ਦਿਲ ਦਾ ਭਾਰ ਲਹਿ ਜਾਣਾ ਸੀ, ਪਰ ਹਾਲੇ ਤਾਂ ਇਸ ਦੀ ਥਾਂ ਉਸ ਨੂੰ ਬਦੋਬਦੀ ਮੁਸਕ੍ਰਾਉਣਾ ਪੈ ਰਿਹਾ ਸੀ।

"ਹੱਛਾ, ਸੈਨਿਕ ਗੁਰਵਿਚ, ਤਿੰਨ ਵਾਰੀ ਕੈਂ ਕੈਂ ਕਰ ਖਾਂ!"

"ਉਹ ਕਿਉਂ ?"

"ਲੜਾਈ ਦੀ ਤਿਆਰੀ ਦੀ ਪੜਤਾਲ ਵਾਸਤੇ। ਵੇਖਾਂ ਭਲਾਂ, ਜੋ ਕੁੱਝ ਮੈਂ ਸਿਖਾਇਆ ਸੀ ਭੁੱਲ ਤਾਂ ਨਹੀਂ ਗਈ। "

ਇੱਕਦਮ ਕੁੜੀ ਦੇ ਬੁੱਲ੍ਹਾਂ 'ਤੇ ਮੁਸਕਾਨ ਖੇਡ ਗਈ ਅਤੇ ਉਹਦੀਆਂ ਅੱਖਾਂ ਵਿੱਚ ਇੱਕ ਨਵੀਂ ਚਮਕ ਆ ਗਈ।

"ਨਹੀਂ ਮੈਂ ਨਹੀਂ ਭੁੱਲੀ।"

ਬੇਸ਼ਕ, ਉਸ ਦੀ ਕੈਂ ਕੈਂ ਦੀ ਆਵਾਜ ਵਿੱਚ ਸੁਭਾਵਿਕਤਾ ਨਹੀਂ ਸੀ। ਇੱਕ ਕਲੋਲ ਜਿਹਾ ਸੀ। ਜਿਵੇਂ ਥੀਏਟਰ ਵਿੱਚ ਹੁੰਦਾ ਹੈ। ਤਦ ਵੀ ਅਗਲੀ ਟੋਲੀ ਅਤੇ ਪਿਛਲੀ ਟੋਲੀ ਨੇ ਸਿਗਨਲ ਸਮਝ ਲਿਆ। ਉਹ ਇਕੱਠੀਆਂ ਹੋ ਗਈਆਂ। ਜੂਨੀਅਰ ਸਾਰਜੈਂਟ ਓਸੀਆਨੀਨਾ ਹਵਾ ਦੇ ਬੁੱਲੇ ਵਾਂਗ ਪਹੁੰਚੀ ਤੇ ਰਫਲ ਉਹਦੇ ਹੱਥ ਵਿੱਚ ਤਿਆਰ ਬਰ ਤਿਆਰ :

"ਕੀ ਹੋਇਐ ?"

"ਜੇ ਕੁੱਝ ਹੋ ਗਿਆ ਹੁੰਦਾ ਤਾਂ ਹੁਣ ਤੱਕ ਤੂੰ ਅਗਲੇ ਜਹਾਨ ਵਿੱਚ ਫਰਿਸ਼ਤਾ ਬਣੀ ਹੁੰਦੀ". ਵਾਸਕੋਵ ਨੇ ਉਸ ਨੂੰ ਘੂਰ ਕੇ ਆਖਿਆ। "ਇਉਂ ਛੜੱਪੇ ਮਾਰਦੀ ਆਈ ਏਂ ਜਿਵੇਂ ਕੋਈ ਵਹਿੜਕੀ ਆਉਂਦੀ ਏ। ਤੇ ਤੂੰ ਚਾਮ੍ਹਲੀ ਕੇਡੀ ਹੋਈ ਏਂ।"

ਹਾਂ, ਉਸ ਨੇ ਉਹਦੇ ਦਿਲ ਨੂੰ ਠੇਸ ਪਹੁੰਚਾਈ ਸੀ ਤੇ ਉਹਦਾ ਚਿਹਰਾ ਸ਼ਰਮ ਨਾਲ਼ ਲਾਲ ਹੋ ਗਿਆ, ਮਈ ਮਹੀਨੇ ਦੇ ਸਰਘੀ ਵੇਲ਼ੇ ਵਾਂਗ। ਹੋਰ ਹੁੰਦਾ ਵੀ ਕੀ ? ਉਹਨੂੰ ਸਿੱਖਿਆ ਲੈਣ ਦੀ ਲੋੜ ਸੀ।

"ਥੱਕ ਗਈਆਂ ਜੇ ?"

"ਐਸੀ ਤਾਂ ਕੋਈ ਗੱਲ ਨਹੀਂ !"

ਓਸੀਆਨੀਨਾ ਦੀ ਹਮਾਇਤ ਵਿੱਚ ਲਾਖੇ ਵਾਲ਼ਾਂ ਵਾਲ਼ੀ ਬੋਲ ਉੱਠੀ। ਪ੍ਰਤੱਖ ਸੀ ਕਿ ਉਹ ਉਹਦੀ ਥਾਂ ਪ੍ਰੇਸ਼ਾਨ ਸੀ।

"ਬੜੀ ਸੋਹਣੀ ਗੱਲ ਏ", ਵਾਸਕੋਵ ਨੇ ਠੰਡੇ ਦਿਮਾਗ ਨਾਲ਼ ਕਿਹਾ, "ਰਾਹ ਵਿੱਚ ਤੁਸੀਂ ਕੀ ਵੇਖਿਆ ਸੀ ? ਵਾਰੀ ਵਾਰੀ। ਜੂਨੀਅਰ ਸਾਰਜੈਂਟ ਓਸੀਆਨੀਨਾ, ਤੂੰ ਬੋਲ।"

"ਖਾਸ ਕੁੱਝ ਨਹੀਂ...." ਗੀਤਾ ਦਾ ਬੋਲ ਥਿੜਕ ਗਿਆ। "ਹਾਂ ਸੱਚ, ਰਾਹ ਵਿੱਚ ਇੱਕ ਮੋੜ ਉੱਤੇ ਇੱਕ ਟੁੱਟੀ ਹੋਈ ਟਹਿਣੀ ਪਈ ਸੀ।"

"ਸ਼ਾਬਾਸ਼, ਬਿਲਕੁਲ ਠੀਕ। ਹੱਛਾ, ਪਿਛਲੀ ਟੋਲੀ। ਸੈਨਿਕ ਕੋਮੇਲਕੋਵਾ !"

"ਕੁੱਝ ਨਹੀਂ ਵੇਖਿਆ, ਸਭ ਕੁੱਝ ਠੀਕ-ਠਾਕ।"

"ਝਾੜੀਆਂ ਤੋਂ ਤ੍ਰੇਲ ਝੜੀ ਹੋਈ ਸੀ", ਲੀਜ਼ਾ ਬਰੀਚਕੀਨਾ ਛੇਤੀ ਨਾਲ਼ ਬੋਲ ਉੱਠੀ। "ਸੜਕ ਦੇ ਸੱਜੇ ਪਾਸਿਆਂ ਦੀਆਂ ਝਾੜੀਆਂ ਉੱਤੇ ਤ੍ਰੇਲ ਹਾਲੇ ਟਿਕੀ ਹੋਈ ਸੀ, ਪਰ ਖੱਬੇ ਪਾਸੇ ਦੀ ਝੜੀ ਹੋਈ ਸੀ।

"ਹੋਈਆਂ ਨਾ ਅੱਖਾਂ ਤਿੱਖੀ ਨਜ਼ਰ ਵਾਲ਼ੀਆਂ !" ਸਾਰਜੈਂਟ-ਮੇਜਰ ਨੇ ਸਹਿਮਤ ਹੁੰਦਿਆਂ ਆਖਿਆ। "ਸ਼ਾਬਾਸ਼, ਲਾਲ ਸੈਨਿਕ ਬਰੀਚਕੀਨਾ ਇਸ ਤੋਂ ਇਲਾਵਾ ਸੜਕ ਉੱਤੇ ਦੋ ਪੈੜਾਂ ਵੀ ਸਨ। ਜਰਮਨ ਬੂਟਾਂ ਦੇ ਨਿਸ਼ਾਨ, ਉਹਨਾਂ ਦੇ ਛਾਤੇਬਰਦਾਰ ਜਿਹੋ ਜਿਹੇ ਪਾਉਂਦੇ ਨੇ। ਇਉਂ ਲਗਦਾ

ਹੈ ਜਿਵੇਂ ਉਹ ਸੱਚਮੁੱਚ ਹੀ ਖੋਭੇ ਦਾ ਵਲਾ ਮਾਰ ਕੇ ਜਾ ਰਹੇ ਨੇ। ਸ਼ਾਲਾ, ਉਹ ਇਸ ਤਰਾਂ ਹੀ ਕਰਨ ਕਿਉਂਕਿ ਅਸੀਂ ਸਿੱਧੇ ਰਾਹ ਖੋਭੇ ਅੱਗੋਂ ਲੰਘ ਰਹੇ ਆਂ। ਹੁਣ ਪੰਦਰਾਂ ਮਿੰਟ ਆਰਾਮ, ਸਿਗਰਟ ਪੀ ਲਓ ਤੇ ਆਪਣਾ ਨਿਤ-ਕਰਮ ਕਰ ਲਓ।"

ਉਹ ਹੀ ਹੀ ਕਰ ਕੇ ਹੱਸ ਪਈਆਂ ਜਿਵੇਂ ਉਹਨੇ ਕੋਈ ਮੂਰਖਾਂ ਵਾਲ਼ੀ ਗੱਲ ਕਰ ਦਿੱਤੀ ਹੋਵੇ। ਪਰ ਇਹ ਬਿਲਕੁਲ ਉਚਿਤ ਕਮਾਂਡ ਸੀ ਤੇ ਨੇਮਾਂ ਦੇ ਅਨੁਕੂਲ ਸੀ। ਵਾਸਕੋਵ ਦੀ ਤਿਊੜੀ ਚੜ੍ਹ ਗਈ।

"ਹਿੜ ਹਿੜ ਨਾ ਕਰੋ! ਤੇ ਏਧਰ ਉੱਧਰ ਕਿਤੇ ਨਹੀਂ ਜਾਣਾ! ਬਸ!.....

ਉਸ ਨੇ ਉਸ ਥਾਂ ਵੱਲ ਇਸ਼ਾਰਾ ਕੀਤਾ ਜਿੱਥੇ ਉਹ ਆਪਣਾ ਸਾਮਾਨ ਤੇ ਵੱਡੇ ਕੋਟ ਰੱਖ ਦੇਣ ਤੇ ਆਪਣੀਆਂ ਰਫਲਾਂ ਟਿਕਾ ਦੇਣ। ਇਸ ਤੋਂ ਮਗਰੋਂ ਉਹਨੇ ਆਪਣੀ ਫੌਜੀ ਟੁਕੜੀ ਦਾ ਵਿਸਰਜਨ ਕਰ ਦਿੱਤਾ। ਅੱਖ ਪਲਕਾਰੇ ਵਿੱਚ ਹੀ ਉਹ ਚੂਹੀਆਂ ਵਾਂਗ ਲੋਪ ਹੋ ਗਈਆਂ।

ਉਸ ਨੇ ਇੱਕ ਕੁਹਾੜੀ ਕੱਢੀ ਅਤੇ ਸੁੱਕੇ ਦਰੱਖਤ ਨਾਲੋਂ ਛੇ ਮਜ਼ਬੂਤ ਟੋਹਣੀਆਂ ਬਣਾਈਆਂ। ਇਹ ਕੰਮ ਮੁਕਾ ਲੈਣ ਮਗਰੋਂ ਉਹ ਸਾਮਾਨ ਦੇ ਕੋਲ਼ ਬਹਿ ਗਿਆ ਅਤੇ ਸਿਗਰਟ ਸੁਲਘਾ ਲਈ। ਝੱਟ ਕੁ ਮਗਰੋਂ ਹੀ ਉਹ ਸਭ ਇਕੱਠੇ ਹੋ ਬੈਠੇ ਤੇ ਇੱਕ ਦੂਜੇ ਨਾਲ਼ ਨਜ਼ਰਾਂ ਮਿਲਾਉਂਦੇ ਹੋਏ ਹੌਲ਼ੀ-ਹੌਲ਼ੀ ਗੱਲਾਂ ਕਰਨ ਲੱਗੇ।

"ਹੁਣ ਸਾਨੂੰ ਬਹੁਤ ਚੁਕੰਨੇ ਹੋਣ ਦੀ ਲੋੜ ਹੈ", ਵਾਸਕੋਵ ਨੇ ਆਖਿਆ। "ਮੈਂ ਪਹਿਲਾਂ ਜਾਵਾਂਗਾ, ਤੇ ਤੁਸੀਂ ਇੱਕ ਇੱਕ ਕਰਕੇ, ਨੇੜੇ ਨੇੜੇ ਰਹਿ ਕੇ, ਮੇਰੀਆਂ ਹੀ ਪੈੜਾਂ ਉੱਤੇ ਮੇਰੇ ਮਗਰ ਆਉਣਾ ਹੈ। ਸੱਜੇ ਖੱਬੇ ਦੋਵੇਂ ਪਾਸੇ ਜਿੱਲ੍ਹਣ ਹੈ। 'ਹਾਏ ਮਾਂ' ਵੀ ਆਖਣ ਜੋਗਾ ਵੀ ਵਕਤ ਨਹੀਂ ਮਿਲਣਾ। ਸਭੇ ਜਣੀਆਂ ਇੱਕ ਇੱਕ ਟੋਹਣੀ ਨਾਲ਼ ਫੜ ਲਓ ਤੇ ਪੈਰ ਰੱਖਣ ਤੋਂ ਪਹਿਲਾਂ ਥਾਂ ਨੂੰ ਆਪਣੀ ਟੋਹਣੀ ਨਾਲ਼ ਟੋਹ ਕੇ ਵੇਖ ਲਿਓ। ਕੋਈ ਸਵਾਲ ?"

ਇਸ ਵਾਰ ਸਭ ਖਾਮੋਸ਼ ਸਨ। ਲਾਖੇ ਵਾਲ਼ਾਂ ਵਾਲ਼ੀ ਨੇ ਆਪਣਾ ਸਿਰ ਇਉਂ ਹਿਲਾਇਆ ਜਿਵੇਂ ਕੁੱਝ ਆਖਣ ਲੱਗੀ ਹੋਵੇ, ਪਰ ਫੇਰ ਉਹਦੀ ਸਲਾਹ ਬਦਲ ਗਈ। ਸਾਰਜੈਂਟ-ਮੇਜਰ ਨੇ ਸਿਗਰਟ ਦਾ ਬਚਦਾ ਟੋਟਾ ਕਾਈ ਵਿੱਚ ਮਸਲ ਦਿੱਤਾ ਤੇ ਖੜ੍ਹਾ ਹੋ ਗਿਆ।

"ਹੱਛਾ, ਤੁਹਾਡੇ ਵਿੱਚੋਂ ਬਹੁਤੀ ਤਕੜੀ ਕੌਣ ਏ ?"

"ਕਾਹਦੇ ਲਈ ?" ਲੀਜ਼ਾ ਬਰੀਚਕੀਨਾ ਨੇ ਹੈਰਾਨੀ ਨਾਲ਼ ਪੁੱਛਿਆ।

"ਸੈਨਿਕ ਬਰੀਚਕੀਨਾ ਦੁਭਾਸ਼ਨ ਦੀਆਂ ਚੀਜਾਂ ਚੁੱਕੇਗੀ।"

"ਉਹ ਕਿਉਂ ? ਗੁਰਵਿਚ ਨੇ ਚੀਕਵੀਂ ਆਵਾਜ਼ ਵਿੱਚ ਪੁੱਛਿਆ।

"ਇਸ ਬਾਰੇ ਕੋਈ ਸਵਾਲ ਨਾ ਪੁੱਛ! ਕੋਮੇਲਕੋਵਾ!"

"ਮੈਂ।"

"ਸੈਨਿਕ ਚਿਤਵਿਰਤਕ ਦੀਆਂ ਚੀਜ਼ਾਂ ਫੜ ਲੈ।"

"ਲਿਆ ਉਰੇ, ਪਿਆਰੀ ਗਾਲੀਆ, ਤੇ ਆਪਣੀ ਰਫਲ ਵੀ ਕਿਉਂ ਨਹੀਂ ਫੜਾ ਦੇਂਦੀ ?"

"ਕੁੱਝ ਮਤ ਬੋਲ! ਜੋ ਆਖਿਆ ਗਿਆ ਹੈ, ਕਰ। ਹਰ ਕੋਈ ਆਪਣੀ ਰਫਲ ਆਪ ਚੁਕਦਾ ਹੈ...."

ਉਹ ਪ੍ਰੇਸ਼ਾਨ ਹੋਇਆ ਚਿਲਾ ਰਿਹਾ ਸੀ। ਇਸ ਤਰਾਂ ਕਰਨਾ ਨਹੀਂ ਚਾਹੀਦਾ। ਝਿੜਕਾਂ ਦੇ ਕੇ

ਉਹ ਕਦੇ ਕੋਈ ਗੱਲ ਸਮਝਾ ਨਹੀਂ ਸਕੇਗਾ, ਸਮਝਾ ਲਵੇਗਾ ? ਉਹ ਗੁੱਸੇ ਵਿੱਚ ਆ ਕੇ ਖਿਝ ਕੁੜ੍ਹ ਸਕਦਾ ਹੈ, ਪਰ ਇਹਦੇ ਨਾਲ਼ ਸੌਰਨਾ ਕੁੱਝ ਨਹੀਂ। ਇਸ ਤਰਾਂ ਦੀ ਖੁੱਲ੍ਹ ਦਾ, ਚਬੜ ਚਬੜ ਗੱਲਾਂ ਕਰਨ ਦਾ ਕੁੱਝ ਇਲਾਜ ਤਾਂ ਕਰਨਾ ਹੀ ਪਵੇਗਾ। ਚਹਿਕ ਚਹਿਕ ਗੱਲਾਂ ਕਰਨ ਦਾ ਸੈਨਿਕ ਨੂੰ ਓਨਾ ਹੀ ਸਵਾਦ ਆਉਂਦਾ ਹੈ ਜਿੰਨਾ ਆਂਦਰਾਂ ਵਿੱਚ ਸੰਗੀਨ ਖੋਭਣ ਦਾ। ਇਹ ਪੱਕੀ ਗੱਲ ਹੈ....

"ਮੈਂ ਇੱਕ ਵਾਰ ਫੇਰ ਆਪਣੀ ਗੱਲ ਦੁਹਰਾ ਦੇਵਾਂ ਤਾਂ ਜੋ ਕੋਈ ਗਲਤੀ ਨਾ ਹੋ ਜਾਵੇ। ਤੁਸੀਂ ਮੇਰੀ ਪੈੜ ਉੱਤੇ ਤੁਰਦੇ ਆਉਣਾ ਹੈ। ਮੇਰੇ ਮਗਰ ਮਗਰ। ਆਪਣੀਆਂ ਟੋਹਣੀਆਂ ਨਾਲ਼ ਜਿਲ੍ਹਣ ਨੂੰ ਟੋਹ ਕੇ ਵੇਖ ਲੈਣਾ...."

"ਮੈਂ ਇੱਕ ਸਵਾਲ ਪੁੱਛ ਸਕਦੀ ਆਂ ?"

ਤੌਬਾ ਮੇਰੀ, ਰੱਬ ਬਚਾਵੇ ਇਹਨਾਂ ਕੁੜੀਆਂ ਤੋਂ। ਇਹਨਾਂ ਦੀ ਜ਼ਬਾਨ ਬੰਦ ਨਹੀਂ ਰਹਿ ਸਕਦੀ।

"ਕੀ ਪੁੱਛਣਾ ਹੈ, ਸੈਨਿਕ ਕੋਮੇਲਕੋਵਾ ?"

"ਟੋਹਣੀ ਕੀ ਚੀਜ਼ ਹੈ ? ਜਿਸ ਉੱਤੇ ਬੈਠੀਦਾ ਏ ?"

ਇਹ ਲਾਖੇ ਵਾਲ਼ਾਂ ਵਾਲ਼ੀ ਬੁੱਧੂ ਬਣਾ ਰਹੀ ਸੀ। ਉਹਦੀਆਂ ਅੱਖਾਂ ਤੋਂ ਹੀ ਪ੍ਰਤੱਖ ਸੀ, ਖਤਰਨਾਕ ਅੱਖਾਂ, ਅਸਗਾਹ ਡੂੰਘਾਈ ਵਾਲ਼ੀਆਂ ਅੱਖਾਂ ਜਿਵੇਂ ਕੋਈ ਘੁੰਮਣਘੇਰੀ ਹੋਵੇ!

"ਤੁਹਾਡੇ ਹੱਥਾਂ ਵਿੱਚ ਕੀ ਹੈ ?"

"ਇੱਕ ਤਰਾਂ ਦੀ ਸੋਟੀ..."

"ਇਹੋ ਤੁਹਾਡੀ ਟੋਹਣੀ ਏ। ਸਮਝ ਆਈ ਗੱਲ ਦੀ ?"

"ਹੁਣ ਬਿਲਕੁਲ ਸਮਝ ਆ ਗਈ। ਦਾਲ੍ਹ*।"

"ਇਹ ਦਾਲ੍ਹ ਕੀ ਚੀਜ਼ ਹੈ, ਕਾਮਰੇਡ ਸਾਰਜੈਂਟ-ਮੇਜਰ। ਬੋਲ ਚਾਲ ਦੀ ਜ਼ਬਾਨ ਉੱਨਤ ਕਰਨ ਵਾਸਤੇ।"

"ਯੇਵਗੇਨੀਆ, ਬਸ ਕਰ", ਓਸੀਆਨੀਨਾ ਨੇ ਉੱਚੀ ਸਾਰੀ ਆਖਿਆ।

"ਮੈਂ ਆਖਿਆ ਸੀ ਕਿ ਇਹ ਖਤਰਨਾਕ ਰਸਤਾ ਹੈ। ਠੱਠੇ ਮਹੌਲ ਦਾ ਵੇਲ਼ਾ ਨਹੀਂ ਇਹ। ਅਸੀਂ ਇਸ ਤਰਕੀਬ ਵਿੱਚ ਅੱਗੇ ਵਧਾਂਗੇ-ਮੈਂ ਅੱਗੇ ਅੱਗੇ ਚੱਲਾਂਗਾ, ਮੇਰੇ ਪਿੱਛੇ ਗੁਰਵਿਚ, ਫੇਰ ਬਰੀਚਕੀਨਾ, ਕੋਮੇਲਕੋਵਾ ਤੇ ਚਿਤਵਿਰਤਕ ਤੇ ਸਭ ਤੋਂ ਪਿੱਛੇ ਜੂਨੀਅਰ ਸਾਰਜੈਂਟ ਓਸੀਆਨੀਨਾ। ਕੋਈ ਸਵਾਲ ?"

"ਥਾਂ ਡੂੰਘੀ ਹੈ ?"

ਇਹ ਚਿਤਵਿਰਤਕ ਸੀ। ਉਸ ਦੀ ਇਸ ਗੱਲ ਵਿੱਚ ਦਿਲਚਸਪੀ ਸੀ। ਇਹ ਸਮਝ ਆਉਣ ਵਾਲ਼ੀ ਗੱਲ ਹੈ। ਇਹਦੇ ਵਰਗੀ ਨਿਕਚੋ ਵਾਸਤੇ ਤਾਂ ਬਾਲਟੀ ਵੀ ਖੂਹ ਹੈ।

"ਕਿਤੇ ਕਿਤੇ ਸਮਝੋ ਤੁਹਾਡੇ....ਤੁਹਾ...ਡੇ ਲੱਕ ਲੱਕ ਤਾਈਂ। ਆਪਣੀਆਂ ਰਫਲਾਂ ਦਾ ਧਿਆਨ ਰੱਖਿਓ।"

ਪਹਿਲੇ ਕਦਮ ਨਾਲ਼ ਹੀ ਵਾਸਕੋਵ ਗੋਡੇ ਗੋਡੇ ਜਿੱਲ੍ਹਣ ਵਿੱਚ ਸੀ—ਤੇ ਕਿਵੇਂ ਪਿਚਕ ਪਿਚਕ ਕਰਦੀ ਸੀ! ਤੁਰਦਾ ਹੋਇਆ ਉਹ ਇਉਂ ਹੁਲਾਰੇ ਖਾਂਦਾ ਸੀ ਜਿਵੇਂ ਸਪਰਿੰਗਾਂ ਵਾਲ਼ੇ ਗੱਦੇ

* ਪਹਿਲਾ ਰੂਸੀ-ਰੂਸੀ ਸ਼ਬਦ ਕੋਸ਼ ਦਾ ਕਰਤਾ। —ਸੰਪਾ.

ਉੱਤੇ ਤੁਰਦਾ ਹੋਵੇ। ਮੁੜ ਕੇ ਵੇਖੇ ਬਗੈਰ ਹੀ, ਉਹ ਖਿੱਚਵੇਂ ਸਾਹਾਂ ਤੇ ਸਹਿਮੀ ਸਹਿਮੀ ਘੁਸਰ ਮੁਸਰ ਤੋਂ ਦੱਸ ਸਕਦਾ ਸੀ ਕਿ ਸਕੁਐਡ ਕਿਵੇਂ ਕਦਮ ਵਧਾ ਰਿਹਾ ਹੈ।

ਜਿੱਲ੍ਹਣ ਦੇ ਉੱਤੇ ਹਵਾ ਵਿੱਚ ਨਮੀ ਸੀ ਪਰ ਹਵਾ ਬੰਦ ਸੀ ਤੇ ਸਾਹ ਘੁਟਦਾ ਸੀ। ਮੁੜ੍ਹਕੋ ਮੁੜ੍ਹਕੀ ਹੋਏ ਉਹਨਾਂ ਦੇ ਸਰੀਰਾਂ ਉੱਤੇ ਬਹਾਰ ਦੇ ਮੌਸਮ ਦਾ ਚੂੰਬੜ ਚੂੰਬੜ ਜਾਂਦਾ ਮੱਛਰ ਭੀਂ ਭੀਂ ਕਰ ਰਿਹਾ ਸੀ। ਉੱਲੀ ਖਾਧੇ ਘਾਹ, ਪਾਣੀ ਦੇ ਗਲੇ ਸੜੇ ਘਾਹ ਤੇ ਜਿਲ੍ਹਣ ਦੀ ਤਿੱਖੀ ਮੁਸ਼ਕ ਨਾਸਾਂ ਨੂੰ ਚੜ੍ਹ ਰਹੀ ਸੀ। ਆਪਣੀਆਂ ਟੋਹਣੀਆਂ ਉੱਤੇ ਭਾਰ ਸੁੱਟ ਕੇ ਉੱਲਰੀਆਂ ਉਹ ਠੰਡੀ ਚਿਪਕਵੀਂ ਜਿਲ੍ਹਣ ਵਿੱਚੋਂ ਮਸਾਂ ਹੀ ਪੈਰ ਪੁੱਟ ਰਹੀਆਂ ਸਨ। ਉਹਨਾਂ ਦੀਆਂ ਸਕਰਟਾਂ ਸਿੱਲ੍ਹੀਆਂ ਹੋ ਕੇ ਪੱਟਾਂ ਨਾਲ਼ ਚੁੰਬੜ ਗਈਆਂ ਸਨ ਤੇ ਰਫਲਾਂ ਦੇ ਕੁੰਦੇ ਚਿੱਕੜ ਨਾਲ਼ ਖਹਿੰਦੇ ਜਾ ਰਹੇ ਸਨ। ਹਰ ਕਦਮ ਪੁੱਟਣ ਵਾਸਤੇ ਜਾਨ ਮਾਰਨੀ ਪੈ ਰਹੀ ਸੀ ਤੇ ਵਾਸਕੋਵ ਛੋਟੀ ਗਾਲੀਆ ਚਿਤਵਿਰਤਕ ਨਾਲ਼ ਕਦਮ ਮੇਲ ਕੇ ਬਹੁਤ ਹੌਲੀ ਹੌਲੀ ਅੱਗੇ ਵਧ ਰਿਹਾ ਸੀ।

ਉਹ ਇੱਕ ਛੋਟੇ ਜਿਹੇ ਟਾਪੂ ਵੱਲ ਨੱਕ ਦੀ ਸੇਧੇ ਜਾ ਰਿਹਾ ਸੀ। ਜਿੱਥੇ ਨੀਵੇਂ ਕਰੂਪ ਜਿਹੇ ਦੋ ਦਿਆਰ ਸਨ ਜਿਨ੍ਹਾਂ ਦਾ ਸਿਲ੍ਹ ਨੇ ਸਤਿਆਨਾਸ ਕਰ ਛੱਡਿਆ ਸੀ। ਇੱਕ ਪਲ ਵੀ ਉਸ ਨੇ ਉਹਨਾਂ ਤੋਂ ਨਜ਼ਰ ਨਹੀਂ ਹਟਾਈ ਅਤੇ ਵਿੰਗ ਤੜਿੰਗੇ ਤਣਿਆਂ ਵਿਚਲੀ ਖਾਲੀ ਥਾਂ ਵਿੱਚੋਂ ਦੂਰ ਸੁੱਕੀ ਜ਼ਮੀਨ ਉੱਤੇ ਦਿਸਦੇ ਇੱਕ ਬਰਚੇ ਤੇ ਨਿਗਾਹ ਟਿਕਾਈ ਹੋਈ ਸੀ। ਸੱਜੇ ਖੱਬੇ ਹਾਲੇ ਕੋਈ ਲਾਂਘਾ ਵਿਖਾਈ ਨਹੀਂ ਸੀ ਦੇ ਰਿਹਾ।

"ਮਾਰੇ ਗਏ...." ਵਾਸਕੋਵ ਨੇ ਆਪਣੀ ਟਾਹਣੀ ਨੂੰ ਮਜ਼ਬੂਤੀ ਨਾਲ਼ ਗੱਡਿਆ ਤੇ ਮੁਸ਼ਕਲ ਨਾਲ਼ ਪਿੱਛੇ ਮੁੜ ਕੇ ਵੇਖਿਆ। ਗੱਲ ਇਹ ਸੀ ਕਿ ਉਹ ਤਾਂ ਖੜ੍ਹੀਆਂ ਸਨ, ਸਿੱਧੀਆਂ ਤਣ ਕੇ।

"ਖਲੋਵੋ ਨਾ! ਖਲੋਵੋ! ਅੰਦਰ ਧਸ ਜਾਓਗੀਆਂ ਜੇ।"

"ਕਾਮਰੇਡ ਸਾਰਜੈਂਟ-ਮੇਜਰ, ਮੇਰਾ ਬੂਟ ਲਹਿ ਗਿਆ ਏ।"

ਚਿਤਵਿਰਤਕ ਚਿਲਾਈ ਜਿਹੜੀ ਸਭ ਤੋਂ ਪਿੱਛੇ ਸੀ। ਉਹ ਲੱਕ ਗਾਰੇ ਵਿੱਚ ਖੁਭੀ ਇੱਕ ਨਿੱਕਾ ਜਿਹਾ ਧੋੜਾ ਜਾਪਦੀ ਸੀ। ਓਸੀਆਨੀਨਾ ਹਿੰਮਤ ਕਰ ਕੇ ਉਹਦੇ ਕੋਲ਼ ਗਈ ਤੇ ਉਹਨੂੰ ਫੜ ਕੇ ਖਿਚਿਆ। ਹੁਣ ਉਹ ਇੱਕ ਟੋਹਣੀ ਨਾਲ਼ ਜਿੱਲਣ ਵਿੱਚ ਹੁੱਜਾਂ ਮਾਰ ਰਹੀਆਂ ਸਨ। ਟੋਹ ਟੋਹ ਕੇ ਬੂਟ ਲੱਭ ਰਹੀਆਂ ਸਨ?

"ਲੱਭ ਪਿਆ?"

"ਨਹੀਂ।"

ਕੋਮੇਲਕੋਵਾ ਨੇ ਆਪਣੀ ਟੋਹਣੀ ਦੂਜੀ ਥਾਂ ਗੱਡੀ ਤੇ ਉਹ ਇੱਕ ਪਾਸੇ ਹੋਣ ਹੀ ਲੱਗੀ ਸੀ ਪਰ ਚੰਗਾ ਹੋਇਆ ਕਿ ਸਾਰਜੈਂਟ-ਮੇਜਰ ਨੇ ਵੇਲ਼ੇ ਸਿਰ ਵੇਖ ਲਿਆ। ਉਹ ਏਡੇ ਗੁੱਸੇ ਵਿੱਚ ਆ ਕੇ ਚਿਲਾਇਆ ਕਿ ਉਹਦੇ ਮੱਥੇ ਦੀਆਂ ਨਾੜਾਂ ਫੁੱਲ ਕੇ ਉੱਭਰ ਆਈਆਂ ਸਨ-

"ਕਿੱਧਰ ਚੱਲੀ ਏਂ ਤੂੰ? ਖੜ੍ਹੀ ਰਹਿ ਆਪਣੀ ਥਾਂ 'ਤੇ।"

"ਮੈਂ ਮਦਦ ਕਰਨ ਚੱਲੀ ਆਂ..."

"ਖੜ੍ਹੀ ਰਹਿ।...ਪਿੱਛੇ ਜਾਣ ਦਾ ਕੋਈ ਰਾਹ ਨਹੀਂ!"

ਹੇ ਪ੍ਰਮਾਤਮਾ, ਉਹ ਕਿਹੜੇ ਭੰਬਲ ਭੂਸਿਆਂ ਵਿੱਚ ਪਾਈਂ ਜਾ ਰਿਹਾ ਸੀ ਉਹਨਾਂ ਨੂੰ। ਪਹਿਲਾਂ ਉਹਨਾਂ ਨੂੰ ਆਖਿਆ ਕਿ ਤੁਰਦੀਆਂ ਰਹੋ, ਫੇਰ ਆਖਿਆ ਆਪਣੀ ਥਾਂ ਖੜ੍ਹੀਆਂ ਰਹੋ। ਫਰਜ ਕਰੋ

ਕਿ ਉਹ ਡਰ ਸਹਿਮ ਜਾਣ, ਉਹਨਾਂ ਨੂੰ ਹੱਥਾਂ ਪੈਰਾਂ ਦੀ ਪੈ ਜਾਏ ? ਜਿਲਣ ਵਿੱਚ ਹੱਥਾਂ ਪੈਰਾਂ ਦੀ ਪੈ ਜਾਣ ਦਾ ਮਤਲਬ ਹੈ ਮੌਤ।

"ਧੀਰਜ ਰੱਖੋ, ਡੋਲੋ ਨਾ! ਟਾਪੂ ਨੇੜੇ ਹੀ ਏ, ਉੱਥੇ ਚੱਲ ਕੇ ਸਾਹ ਲਵਾਂਗੇ। ਬੂਟ ਲੱਭ ਗਿਆ ?"

"ਨਹੀਂ! ਅਸੀਂ ਜਿੱਲ੍ਹਣ ਵਿੱਚ ਧਸਦੀਆਂ ਜਾ ਰਹੀਆਂ ਹਾਂ, ਕਾਮਰੇਡ ਸਾਰਜੈਂਟ-ਮੇਜਰ।"

"ਤੁਰਦੇ ਰਹਿਣ ਦੀ ਲੋੜ ਏ! ਸਖਤ ਜਮੀਨ ਨਹੀਂ ਇੱਥੇ, ਬੰਦਾ ਬਹੁਤਾ ਚਿਰ ਖਲੋਤਾ ਨਹੀਂ ਰਹਿ ਸਕਦਾ।"

"ਫੇਰ ਬੂਟ ਦਾ ਕੀ ਕਰੀਏ ?"

"ਹੁਣ ਨਹੀਂ ਲੱਭਣਾ ਇਹ ਤੁਹਾਨੂੰ। ਅੱਗੇ ਵਧੋ! ਅੱਗੇ ਵਧੋ! ਮੇਰੇ ਪਿੱਛੇ ਪਿੱਛੇ!"

ਉਸ ਦੂਜੇ ਪਾਸੇ ਮੂੰਹ ਭੁਆਇਆ ਤੇ ਪਿੱਛੇ ਵੇਖੇ ਬਗੈਰ ਤੁਰਨ ਲੱਗ ਪਿਆ। "ਮੇਰੀਆਂ ਪੈੜਾਂ 'ਤੇ ਆਓ। ਪਿੱਛੇ ਨਾ ਰਹਿ ਜਾਇਓ।"

ਉਹ ਜਾਣ ਬੁੱਝ ਕੇ ਚਿਲਾਇਆ ਸੀ ਤਾਂ ਜੋ ਉਹਨਾਂ ਨੂੰ ਹੌਂਸਲਾ ਮਿਲੇ। ਉਹ ਜਾਣਦਾ ਸੀ ਕਿ ਕਮਾਂਡ ਦਾ ਲਫਜ ਕੰਨੀਂ ਪੈਂਦਿਆਂ ਹੀ ਸੈਨਿਕਾਂ ਨੂੰ ਜੋਸ਼ ਆ ਜਾਂਦਾ ਹੈ। ਇਸ ਗੱਲ ਦਾ ਉਹਨੂੰ ਚੰਗੀ ਤਰਾਂ ਪਤਾ ਸੀ।

ਅਖੀਰ ਉਹ ਟਾਪੂ 'ਤੇ ਪਹੁੰਚ ਗਏ। ਆਖਰੀ ਕੁੱਝ ਮੀਟਰ ਦਾ ਉਹਨੂੰ ਖਾਸ ਕਰਕੇ ਡਰ ਸੀ। ਇਥੇ ਡੂੰਘਾਈ ਹੋਰ ਵੀ ਬਹੁਤੀ ਸੀ। ਉਹਨਾਂ ਕੋਲੋਂ ਉਹਨਾਂ ਕੋਲ਼ੋਂ ਆਪਣੇ ਪੈਰ ਬਾਹਰ ਕੱਢੇ ਨਹੀਂ ਸੀ ਗਏ। ਉਹਨਾਂ ਨੂੰ ਆਪਣਾ ਆਪ ਬਸ ਧੂਹਣਾ ਹੀ ਪਿਆ ਸੀ ਤੇ ਇਹਦੇ ਵਾਸਤੇ ਹਿੰਮਤ ਦੀ ਲੋੜ ਵੀ ਸੀ ਤੇ ਹੁਨਰ ਦੀ ਵੀ। ਪਰ ਉਹਨਾਂ ਨੇ ਇਹ ਕੰਮ ਕਰ ਹੀ ਲਿਆ।

ਟਾਪੂ ਦੇ ਨੇੜੇ, ਜਿੱਥੇ ਪੈਰ ਟਿਕਾਇਆ ਜਾ ਸਕਦਾ ਸੀ, ਵਾਸਕੋਵ ਥੋੜ੍ਹਾ ਚਿਰ ਖਲੋਤਾ ਰਿਹਾ। ਉਸ ਨੇ ਸਾਰੀ ਟੋਲੀ ਨੂੰ ਹੱਥ ਫੜਾ ਫੜਾ ਕੇ ਜਿੱਲ੍ਹਣ ਵਿੱਚੋਂ ਨਿੱਕਲ ਕੇ ਸੁੱਕੀ ਜਮੀਨ ਉੱਤੇ ਆਉਣ ਵਿੱਚ ਮਦਦ ਦਿੱਤੀ।

"ਕਾਹਲੀ ਦੀ ਲੋੜ ਨਹੀਂ। ਆਰਾਮ ਨਾਲ਼। ਥੋੜ੍ਹਾ ਚਿਰ ਇੱਥੇ ਸਾਹ ਲਵਾਂਗੇ।"

ਕੁੜੀਆਂ ਟਾਪੂ ਉਤੇ ਪੈਰ ਰਖਦੀਆਂ ਹੀ ਧੜੱਮ ਕਰ ਕੇ ਸਾਲ ਪੁਰਾਣੀ ਮੁਰਝਾਈ ਹੋਈ ਘਾਹ 'ਤੇ ਡਿੱਗ ਪਈਆਂ। ਉਹਨਾਂ ਦੇ ਬਦਨ ਭਿੱਜੇ ਹੋਏ ਤੇ ਚਿੱਕੜ ਨਾਲ਼ ਲਿੱਬੜੇ ਹੋਏ ਸਨ ਤੇ ਉਹਨਾਂ ਨੂੰ ਹੌਂਕਣੀ ਚੜ੍ਹੀ ਹੋਈ ਸੀ। ਚਿਤਵਿਰਤਕ ਜਿੱਲ੍ਹਣ ਨੂੰ ਸਿਰਫ ਬੂਟ ਹੀ ਭੇਟਾ ਨਹੀਂ ਸੀ ਕਰ ਆਈ ਸਗੋਂ ਉਹਦੀ ਪੱਟੀ ਵੀ ਉੱਥੇ ਹੀ ਰਹਿ ਗਈ ਸੀ ਤੇ ਉਹਦੇ ਪੈਰ ਉੱਤੇ ਹੁਣ ਸਿਰਫ ਜੁਰਾਬ ਹੀ ਸੀ। ਜੁਰਾਬ ਵਿੱਚ ਹੋਈ ਮੋਰੀ ਵਿੱਚੋਂ ਪੈਰ ਦਾ ਅੰਗੂਠਾ ਬਾਹਰ ਨਿੱਕਲਿਆ ਹੋਇਆ ਸੀ ਜਿਹੜਾ ਠੰਡ ਨਾਲ਼ ਨੀਲਾ ਯੱਖ ਹੋਇਆ ਪਿਆ ਸੀ।

"ਕਿਉਂ, ਕਾਮਰੇਡ, ਥੱਕ ਗਈਆਂ ?"

ਉਹ ਚੁੱਪ ਰਹੀਆਂ। ਸਿਰਫ ਲੀਜ਼ਾ ਨੇ ਹੀ ਸਹਿਮਤੀ ਵਿੱਚ ਆਖਿਆ-

"ਹਾਂ ਥੱਕ ਗਈਆਂ..."

"ਤਾਂ ਫਿਰ ਥੋੜ੍ਹਾ ਆਰਾਮ ਕਰ ਲਓ। ਅੱਗੋਂ ਸੌਖਾ ਹੀ ਰਹੇਗਾ। ਔਹ ਜਿਹੜਾ ਸੁੱਕੀ ਜਮੀਨ ਉੱਤੇ ਬਰਚਾ ਏ, ਉੱਥੇ ਜਾਣਾ ਏ ਅਸਾਂ—ਤੇ ਬਸ।"

"ਜੇ ਕਿਤੇ ਮੂੰਹ ਧੋ ਲੈਂਦੇ ਨਾ", ਰੀਤਾ ਨੇ ਆਖਿਆ।

"ਔਸ ਪਾਸੇ ਇੱਕ ਛੋਟਾ ਨਾਲ਼ਾ ਹੈ, ਸਾਫ ਸੁਥਰਾ ਰੇਤੀਲਾ ਕੰਢਾ ਏ। ਉੱਥੇ ਤਾਂ ਨ੍ਹਾਤਾ ਵੀ ਜਾ ਸਕਦਾ ਹੈ, ਪਰ ਕੱਪੜੇ ਫੇਰ ਤੁਰੇ ਤੁਰੇ ਜਾਂਦਿਆਂ ਸੁਕਾਉਣੇ ਪੈਣਗੇ।"

ਚਿਤਵਿਰਤਕ ਨੇ ਹੌਂਕਾ ਲਿਆ ਤੇ ਸੰਗਦਿਆਂ ਸੰਗਦਿਆਂ ਪੁੱਛਿਆ, "ਬੂਟ ਬਗੈਰ ਮੇਰਾ ਕਿਵੇਂ ਗੁਜਾਰਾ ਹੋਵੇਗਾ।"

"ਅਸੀਂ ਤੈਨੂੰ ਕੁੱਝ ਆੜਾ ਬਾੜਾ ਕਰ ਦੇਵਾਂਗੇ", ਵਾਸਕੋਵ ਨੇ ਮੁਸਕਰਾ ਕੇ ਆਖਿਆ।" ਪਰ ਜਿੱਲ੍ਹਣ ਵਿੱਚੋਂ ਪਾਰ ਹੋ ਜਾਣ ਤੋਂ ਮਗਰੋਂ ਹੀ, ਇਥੇ ਨਹੀਂ। ਇਨਾ ਸਬਰ ਕਰ ਸਕਦੀ ਏਂ ?"

"ਕਰ ਸਕਦੀ ਆਂ।"

"ਤੂੰ ਵੀ ਕੇਡੀ ਬੁੱਧੂ ਏਂ, ਗਾਲੀਆ", ਕੋਮੇਲਕੋਵਾ ਨੇ ਖਿੱਝ ਕੇ ਆਖਿਆ। "ਜਦੋਂ ਤੈਨੂੰ ਲੱਗਾ ਸੀ ਕਿ ਤੇਰੀਆਂ ਲੱਤਾਂ ਧਸਦੀਆਂ ਜਾ ਰਹੀਆਂ ਨੇ, ਪੈਰਾਂ ਦੀਆਂ ਉਂਗਲਾਂ ਉੱਪਰ ਵੱਲ ਮੋੜਨੀਆਂ ਚਾਹੀਦੀਆਂ ਸੀ ਤੈਨੂੰ।"

"ਮੈਂ ਕੀਤੀਆਂ ਸੀ, ਪਰ ਉਹ ਤਾਂ ਵੀ ਲਹਿ ਗਿਆ।

"ਪਾਲ਼ਾ ਏ, ਕੁੜੀਓ।"

"ਮੈਂ ਤਾਂ ਭਿੱਜੀ ਪਈ ਆਂ ਸਾਰੀ..."

"ਕੀ ਸਮਝਦੀ ਏਂ, ਮੈਂ ਨਹੀਂ ਭਿੱਜੀ ਹੋਈ ? ਇੱਕ ਵਾਰ ਮੈਂ ਤਿਲਕ ਪਈ ਸਾਂ ਤੇ ਪਿੱਠ ਦੇ ਭਾਰ ਡਿੱਗੀ !"

ਉਹ ਸਭੇ ਹੱਸ ਪਈਆਂ। ਇਸ ਦਾ ਮਤਲਬ ਸੀ ਕਿ ਸਭ ਕੁੱਝ ਠੀਕ ਠਾਕ ਏ ਤੇ ਉਹਨਾਂ ਆਰਾਮ ਕਰ ਲਿਆ ਏ। ਉਹ ਔਰਤਾਂ ਸਨ, ਪਰ ਜਵਾਨ ਔਰਤਾਂ ਸਨ ਤੇ ਉਹਨਾਂ ਦੇ ਜੁੱਸੇ ਵਿੱਚ ਜਾਨ ਸੀ। ਜਿੰਨਾ ਚਿਰ ਇਹ ਬਰਫੀਲਾ ਪਾਣੀ ਉਹਨਾਂ ਨੂੰ ਬਿਮਾਰ ਨਹੀਂ ਸੀ ਕਰ ਦਿੰਦਾ...

ਵਾਸਕੋਵ ਨੇ ਆਪਣੀ ਸਿਗਰਟ ਦਾ ਇੱਕ ਹੋਰ ਸੂਟਾ ਮਾਰਿਆ, ਬਚਦੇ ਸਿਰੇ ਨੂੰ ਵਗਾਹ ਕੇ ਦਲਦਲ ਵਿੱਚ ਸੁੱਟਿਆ ਤੇ ਉੱਠ ਖੜ੍ਹਾ ਹੋਇਆ। ਜੋਸ਼ ਨਾਲ਼ ਉਸ ਨੇ ਆਖਿਆ–

"ਆਪੋ ਆਪਣੀ ਟੋਹਣੀ ਫੜ ਲਓ ਕਾਮਰੇਡ ਸੈਨਿਕੋ ? ਤੇ ਫੇਰ ਪਹਿਲਾਂ ਵਾਲ਼ੀ ਹੀ ਤਰਤੀਬ ਵਿੱਚ ਮੇਰੇ ਮਗਰ ਆ ਜਾਓ। ਕੰਢੇ 'ਤੇ ਪਹੁੰਚ ਕੇ ਹੱਥ ਮੂੰਹ ਧੋਵਾਂਗੇ ਤੇ ਗਰਮ ਹੋਵਾਂਗੇ।"

ਉਹ ਅਜੀਬ ਤਰੀਕੇ ਨਾਲ਼ ਅਚਾਨਕ ਭੂਰੇ ਰੰਗ ਦੇ ਚਿੱਕੜ ਵਿੱਚ ਕੁੱਦ ਪਿਆ।

ਇਹ ਆਖਰੀ ਹੱਲਾ ਬੜਾ ਔਖਾ ਕੰਮ ਸੀ। ਚਿੱਕੜ ਸੀ ਜਿਵੇਂ ਜਵੀ ਦੀ ਜੈਲੀ ਹੋਵੇ ਜਿਸ ਉੱਤੇ ਨਾ ਤੁਰਿਆ ਜਾ ਸਕੇ ਨਾ ਤਰਿਆ ਜਾ ਸਕੇ। ਇਸ ਵਿੱਚ ਧਸਾਉਂਦੇ ਹੋਏ ਅੱਗੇ ਵਧਦੇ ਉਹ ਮੁੜ੍ਹਕੋ ਮੁੜ੍ਹਕੀ ਹੋ ਗਏ ਸਨ।

"ਕਿਉਂ, ਕੀ ਹਾਲ ਏ, ਕਾਮਰੇਡ ?"

ਉਸ ਨੇ ਪਿੱਛੇ ਮੁੜ ਕੇ ਵੇਖੇ ਬਗੈਰ ਹੀ ਉੱਚੀ ਆਵਾਜ਼ ਵਿੱਚ ਪੁੱਛਿਆ। ਉਹ ਸਿਰਫ ਉਹਨਾਂ ਨੂੰ ਚੜ੍ਹਦੀ ਕਲਾ ਵਿੱਚ ਰੱਖਣਾ ਚਾਹੁੰਦਾ ਸੀ।

"ਏਥੇ ਜੋਕਾਂ ਵੀ ਨੇ ?" ਸਾਹੋ ਸਾਹ ਹੋਈ ਗੁਰਵਿਚ ਨੇ ਪੁੱਛਿਆ।

ਉਹ ਸਾਰਜੈਂਟ ਮੇਜ਼ਰ ਦੇ ਐਨ ਪਿੱਛੇ ਸੀ ਤੇ ਉਹਦੀ ਕੋਸ਼ਿਸ਼ ਦਾ ਸਾਰਾ ਲਾਭ ਉਠਾ ਰਹੀ ਸੀ। ਉਹਦੇ ਵਾਸਤੇ ਕੰਮ ਸੌਖੇਰਾ ਸੀ।

"ਏਥੇ ਕੋਈ ਜੀਵ ਜੰਤੂ ਨਹੀਂ। ਇਹ ਸੁੰਨ ਉਜਾੜ ਥਾਂ ਹੈ। ਕਬਰਾਂ ਵਾਂਗ ਸੁੰਨ ਉਜਾੜ।

ਖੱਬੇ ਪਾਸੇ ਇੱਕ ਬੁਲਬੁਲਾ ਬਣਿਆ। ਬੁਲਬੁਲਾ ਪਾਟਿਆ ਤੇ ਉਸੇ ਵੇਲ਼ੇ ਦਲਦਲ ਵਿੱਚੋਂ ਜ਼ੋਰ ਨਾਲ਼ ਇੱਕ ਆਵਾਜ਼ ਆਈ ਜਿਵੇਂ ਕੋਈ ਸਾਹ ਲੈਂਦਾ ਹੈ। ਉਸ ਦੇ ਪਿੱਛੇ ਅਚਾਨਕ ਡਰ ਨਾਲ਼ ਕਿਸੇ ਦੀ ਚੀਕ ਨਿਕਲ ਗਈ, ਤੇ ਵਾਸਕੋਵ ਨੇ ਸਮਝਾਇਆ–

"ਇਹ ਦਲਦਲ ਵਿੱਚੋਂ ਉੱਠਣ ਵਾਲ਼ੀ ਗੈਸ ਹੈ, ਡਰੋ ਨਾ। ਅਸੀਂ ਦਲਦਲ ਨੂੰ ਹਿਲਾ ਦਿੱਤਾ ਹੈ ਨਾ।" ਥੋੜ੍ਹਾ ਜਿਹਾ ਵਿਚਾਰਨ ਮਗਰੋਂ, ਉਸ ਨੇ ਆਖਿਆ, "ਬਜ਼ੁਰਗ ਲੋਕ ਇਹ ਗੱਲ ਕਹਿੰਦੇ ਨੇ ਕਿ ਜੰਗਲ ਦਾ ਮਾਲਕ ਏਸ ਥਾਂ ਰਹਿੰਦਾ ਹੈ, ਮਤਲਬ ਹੈ, ਭੂਤ। ਐਵੇਂ ਕਹਾਣੀਆਂ ਨੇ, ਹੋਰ ਕੀ..."

ਉਸ ਦੀ ਟੋਲੀ ਚੁੱਪ ਸੀ। ਉਹਨਾਂ ਦੇ ਸਾਹ ਫੁੱਲੇ ਹੋਏ ਸਨ। ਉਹਨਾਂ ਨੂੰ ਹੌਂਕਣੀ ਚੜ੍ਹੀ ਹੋਈ ਸੀ। ਉਹ ਉੱਚੀ-ਉੱਚੀ ਸਾਹ ਲੈ ਰਹੀਆਂ ਸਨ ਪਰ ਧੁੱਸ ਦੇ ਕੇ ਅੱਗੇ ਵਧ ਰਹੀਆਂ ਸਨ। ਸਿਰੜ ਨਾਲ਼, ਜੋਸ਼ ਨਾਲ਼।

ਜਿੱਲ੍ਹਣ ਸੌਖਿਆਂ ਹੀ ਪਾਰ ਕਰ ਲਈ ਗਈ। ਹੁਣ ਪਤਲਾ ਚਿੱਕੜ ਆ ਗਿਆ ਸੀ। ਥੱਲਾ ਨਿਗਰ ਹੋ ਗਿਆ ਸੀ ਤੇ ਸਗੋਂ ਵਿੱਚ ਵਿੱਚ ਛੋਟੇ-ਛੋਟੇ ਧੋੜੇ ਵੀ ਸਨ। ਸਾਰਜੈਂਟ ਮੇਜਰ ਨੇ ਜਾਣਬੁੱਝ ਕੇ ਚਾਲ ਤੇਜ਼ ਨਹੀਂ ਸੀ ਕੀਤੀ ਤੇ ਉਸ ਦੀਆਂ ਸੈਨਿਕ ਕੁੜੀਆਂ ਇੱਕ ਇੱਕ ਦੀ ਕਤਾਰ ਵਿੱਚ ਚੁਸਤੀ ਨਾਲ਼ ਅੱਗੇ ਵਧਦੀਆਂ ਵਧਦੀਆਂ ਇੱਕ ਦੂਜੀ ਦੇ ਨੇੜੇ ਆ ਗਈਆਂ ਸਨ। ਇਸ ਤਰਾਂ ਉਹ ਲੱਗਭਗ ਸਭ ਇਕੱਠੇ ਹੀ ਬਰਚੇ ਦੇ ਰੁੱਖ ਕੋਲ਼ ਪੁੱਜੇ ਸਨ। ਇਸ ਤੋਂ ਪਿੱਛੋਂ ਕੁੱਝ ਹੋਰ ਰੁੱਖ ਆਏ, ਕੁੱਝ ਧੋੜੇ ਤੇ ਘਾਹ ਦੇ ਮੈਦਾਨ ਆਏ। ਹੁਣ ਲਲ੍ਹ ਚੰਗੇ ਵਿਖਾਈ ਦੇਣ ਲੱਗ ਪਏ ਸਨ, ਖਾਸ ਕਰਕੇ ਜਮੀਨ ਨਜ਼ਰ ਪੈਣ ਲੱਗ ਪਈ ਸੀ ਤੇ ਉਹਨਾਂ ਨੂੰ ਪਤਾ ਵੀ ਨਾ ਲੱਗਾ ਕਿ ਕਦੋਂ ਉਹ ਸੁੱਕੇ ਦਿਆਰਾਂ ਦੇ ਜੰਗਲ ਵਿੱਚ ਪਹੁੰਚ ਗਏ ਸਨ। ਇੱਥੇ ਪੁੱਜ ਕੇ ਉਹਨਾਂ ਨੇ ਗੱਲਾਂਬਾਤਾਂ ਤੇ ਹਾਸਾ ਖੇਡਾ ਸ਼ੁਰੂ ਕਰ ਦਿੱਤਾ ਤੇ ਆਪਣੀਆਂ ਟੋਹਣੀਆਂ ਵਗਾਹ ਮਾਰੀਆਂ। ਪਰ ਵਾਸਕੋਵ ਨੇ ਉਹਨਾਂ ਨੂੰ ਆਖਿਆ ਕਿ ਇਹਨਾਂ ਟੋਹਣੀਆਂ ਨੂੰ ਚੁੱਕ ਕੇ ਦਿਆਰ ਦੇ ਉਹ ਰੁੱਖ ਨਾਲ਼ ਟਿਕਾ ਦਿਓ ਜਿਹੜਾ ਸੌਖਿਆਂ ਹੀ ਸਭ ਦੀ ਨਜ਼ਰ ਵਿੱਚ ਆ ਜਾਂਦਾ ਸੀ।

"ਹੋ ਸਕਦਾ ਹੈ ਕਿਸੇ ਹੋਰ ਦੇ ਕੰਮ ਆ ਜਾਣ।"

ਉਸ ਨੇ ਉਹਨਾਂ ਨੂੰ ਏਥੇ ਇੱਕ ਮਿੰਟ ਵੀ ਆਰਾਮ ਨਹੀਂ ਸੀ ਕਰਨ ਦਿੱਤਾ, ਨੰਗੇ ਪੈਰ ਵਾਲ਼ੀ ਗਾਲੀਆ ਚਿਤਵਿਰਤਕ ਨੂੰ ਵੀ ਨਹੀਂ।

"ਥੋੜ੍ਹਾ ਜਿਹਾ ਹੋਰ ਅਗਾਂਹ ਚੱਲੀਏ, ਕਾਮਰੇਡ, ਹਿੰਮਤ ਕਰੋ ਥੋੜ੍ਹੀ ਜਿਹੀ। ਆਪਾਂ ਨਾਲ਼ੇ ਦੇ ਕੰਢੇ ਆਰਾਮ ਕਰਾਂਗੇ।"

ਉਹ ਇੱਕ ਟਿੱਲੇ 'ਤੇ ਚੜ੍ਹੇ ਤਾਂ ਦਿਆਰ ਦੇ ਰੁੱਖਾਂ ਵਿੱਚੋਂ ਦੀ ਇੱਕ ਜਲਧਾਰਾ ਨਜ਼ਰ ਆਈ। ਕੱਕੇ ਰੇਤਲੇ ਕੰਢਿਆਂ ਦੇ ਵਿਚਕਾਰ ਇਹ ਧਾਰਾ ਵਹਿ ਰਹੀ ਸੀ, ਏਨੀ ਨਿਰਮਲ ਜਿੰਨੇ ਅੱਥਰੂ ਹੁੰਦੇ ਹਨ।

"ਬੱਲੇ!" ਲਾਖੇ ਵਾਲ਼ਾਂ ਵਾਲ਼ੀ ਜੇਨੀਆ ਚਿਲਾਈ। "ਨਦੀ ਕਿਨਾਰੇ, ਆ ਗਏ, ਕੁੜੀਓ।"

ਖੁਸ਼ੀ ਵਿੱਚ ਆਈਆਂ ਰੌਲਾ ਪਾਉਂਦੀਆਂ ਕੁੜੀਆਂ, ਤਹਿ ਕੀਤੇ ਓਵਰਕੋਟਾਂ ਤੇ ਬੰਡਲਾਂ ਨੂੰ ਸੁਟਦੀਆਂ ਹੋਈਆਂ, ਪਾਣੀ ਵੱਲ ਦੌੜ ਪਈਆਂ।

"ਥੰਮ੍ਹ!" ਸਾਰਜੈਂਟ-ਮੇਜਰ ਗਰਜਿਆ। "ਸਾਵਧਾਨ!"

ਉਹ ਜਿੱਥੇ ਸਨ ਉੱਥੇ ਹੀ ਰੁਕ ਗਈਆਂ, ਹੈਰਾਨ ਪ੍ਰੇਸ਼ਾਨ, ਸਗੋਂ ਨਾਰਾਜ ਵੀ।

"ਰੇਤ!" ਵਾਸਕੋਵ ਗੁੱਸੇ ਵਿੱਚ ਬੋਲ ਰਿਹਾ ਸੀ। "ਤੇ ਤੁਸੀਂ ਆਪਣੀਆਂ ਰਫਲਾਂ ਰੇਤ ਵਿੱਚ ਸੁੱਟੀ ਜਾਂਦੀਆਂ ਜੇ। ਆਪਣੀਆਂ ਰਫਲਾਂ ਰੁੱਖ ਦੇ ਨਾਲ਼ ਖੜ੍ਹੀਆਂ ਕਰੋ, ਆਈ ਸਮਝ? ਸਾਮਾਨ ਤੇ ਵੱਡੇ ਕੋਟ ਸਭ ਇੱਕ ਥਾਂ ਰੱਖੋ। ਚਾਲੀਆਂ ਮਿੰਟਾਂ ਵਿੱਚ ਆਪਣੇ ਮੂੰਹ ਧੋ ਕੇ ਤਿਆਰ ਹੋ ਜਾਓ। ਮੈਂ ਝਾੜੀਆਂ ਵਿੱਚ ਹੋਵਾਂਗਾ, ਨੇੜੇ ਹੀ ਜਿੱਥੇ ਆਵਾਜ਼ ਪਹੁੰਚ ਸਕੇ। ਜੂਨੀਅਰ ਸਾਰਜੈਂਟ ਓਸੀਆਨੀਨਾ, ਜਾਬਤਾ ਕਾਇਮ ਰੱਖਣਾ ਤੇਰੀ ਜ਼ੁੰਮੇਵਾਰੀ ਹੋਵੇਗੀ।"

"ਠੀਕ, ਕਾਮਰੇਡ ਸਾਰਜੈਂਟ-ਮੇਜ਼ਰ।"

"ਬਸ, ਏਨੀ ਗੱਲ। ਚਾਲੀਆਂ ਮਿੰਟਾਂ ਵਿੱਚ ਤਿਆਰ ਹੋ ਜਾਓ। ਵਰਦੀ ਪਾ ਕੇ, ਬੂਟ ਪਾ ਕੇ—ਤੇ ਹਰ ਚੀਜ਼ ਸਾਫ ਸੁਥਰੀ।"

ਉਹ ਆਪ ਨਦੀ ਦੇ ਹੇਠਲੇ ਪਾਸੇ ਵੱਲ ਥੋੜ੍ਹਾ ਜਿਹਾ ਅੱਗੇ ਵਧ ਗਿਆ ਤੇ ਐਸੀ ਥਾਂ ਲਭ ਲਈ ਜਿੱਥੇ ਰੇਤ ਵੀ ਸੀ, ਪਾਣੀ ਵੀ ਡੂੰਘਾ ਸੀ ਤੇ ਆਸੇ ਪਾਸੇ ਝਾੜੀਆਂ ਵੀ ਸਨ। ਉਸ ਨੇ ਆਪਣਾ ਸਾਜ਼ ਸਮਾਨ ਲਾਹਿਆ, ਬੂਟ ਲਾਹੇ ਤੇ ਆਪਣੇ ਕੱਪੜੇ ਉਤਾਰ ਦਿੱਤੇ। ਦੂਰੋਂ ਕੁੜੀਆਂ ਦੇ ਗੱਲਾਂ ਕਰਨ ਦੀ ਨੱਪੀ ਘੁੱਟੀ ਆਵਾਜ਼ ਆ ਰਹੀ ਸੀ। ਉਸ ਨੂੰ ਸਿਰਫ ਹਾਸੇ ਦੀ ਜਾਂ ਕਿਸੇ ਇੱਕਾ ਦੁੱਕਾ ਲਫਜ਼ ਦੀ ਹੀ ਸਮਝ ਪੈਂਦੀ ਸੀ। ਸ਼ਾਇਦ ਏਸੇ ਕਰ ਕੇ ਹੀ ਉਹ ਪੂਰਾ ਵਕਤ ਕੰਨ ਖੜ੍ਹੇ ਕਰ ਕੇ ਉਹਨਾਂ ਦੀ ਆਵਾਜ ਸੁਣਦਾ ਰਿਹਾ।

ਫੇਦੋਤ ਵਾਸਕੋਵ ਨੇ ਪਹਿਲਾ ਕੰਮ ਇਹ ਕੀਤਾ ਕਿ ਆਪਣੀ ਬਿਰਜਸ, ਆਪਣੀਆਂ ਪੱਟੀਆਂ ਤੇ ਆਪਣੇ ਅੰਦਰਲੇ ਕੱਪੜੇ ਧੋਤੇ। ਉਸ ਨੇ ਪੂਰਾ ਜੋਰ ਲਾ ਕੇ ਉਹਨਾਂ ਨੂੰ ਨਿਚੋੜਿਆ ਤੇ ਝਾੜੀਆਂ ਉੱਤੇ ਸੁੱਕਣੇ ਪਾ ਦਿੱਤੇ। ਫਿਰ ਉਸ ਨੇ ਥੋੜ੍ਹਾ ਜਿਹਾ ਸਾਬਣ ਲਾਇਆ, ਲੰਮੇ ਲੰਮੇ ਸਾਹ ਲਏ, ਆਪਣੇ ਆਪ ਨੂੰ ਤਿਆਰ ਕਰਨ ਲਈ ਪਾਣੀ ਦੇ ਕੰਢੇ ਕੰਢੇ ਥੋੜ੍ਹੀ ਜਿਹੀ ਦੌੜ ਲਾਈ ਤੇ ਇਸ ਤੋਂ ਮਗਰੋਂ ਕਿਨਾਰੇ ਤੋਂ ਚੁੱਭੀ ਮਾਰ ਕੇ ਡੂੰਘੇ ਪਾਣੀ ਵਿੱਚ ਚਲਾ ਗਿਆ। ਜਦੋਂ ਉਹ ਫਿਰ ਕੰਢੇ ਉੱਤੇ ਆਇਆ, ਤਾਂ ਬਰਫਾਨੀ ਪਾਣੀ ਸਦਕਾ ਉਹ ਪਲ ਦੀ ਪਲ ਉਹ ਸਾਹ ਨਾ ਲੈ ਸਕਿਆ। ਇਸ ਤੋਂ ਮਗਰੋਂ ਖੁਸ਼ੀ ਵਿੱਚ ਆਏ ਦਾ ਉਸਦਾ ਜੀਅ ਕੀਤਾ ਕਿ ਉਹ ਪੂਰੇ ਜੋਰ ਨਾਲ਼ ਚਾਂਗਰ ਮਾਰੇ ਪਰ ਉਹ ਡਰ ਗਿਆ ਕਿ ਕਿਧਰੇ ਉਸ ਦੀ ਸੈਨਿਕ ਟੋਲੀ ਦਾ ਤ੍ਰਾਹ ਨਾ ਨਿੱਕਲ ਜਾਵੇ। ਉਸ ਨੇ ਹੌਲ਼ੀ-ਹੌਲ਼ੀ ਆਪਣਾ ਸੰਘ ਸਾਫ ਕੀਤਾ ਤਾਂ ਜੋ ਬਹੁਤੀ ਆਵਾਜ਼ ਨਾ ਆਵੇ। ਇਸ ਕਰਕੇ ਉਸ ਨੂੰ ਬਹੁਤ ਸਵਾਦ ਨਹੀਂ ਆਇਆ। ਪਿੰਡੇ ਉਤੇ ਲੱਗੇ ਸਾਬਣ ਨੂੰ ਮਲ ਮਲ ਕੇ ਲਾਹਿਆ ਤੇ ਪਾਣੀ ਵਿੱਚੋਂ ਬਾਹਰ ਆ ਗਿਆ। ਜਦੋਂ ਉਸ ਨੇ ਆਪਣੇ ਖੁਰਦਰੇ ਫੌਜੀ ਤੌਲੀਏ ਨਾਲ਼ ਰਗੜ ਰਗੜ ਕੇ ਸਰੀਰ ਲਾਲ ਕਰ ਲਿਆ ਤੇ ਉਹਦਾ ਸਾਹ ਵਿੱਚ ਸਾਹ ਰਲਿਆ ਤਾਂ ਉਸ ਨੇ ਫਿਰ ਆਪਣੇ ਕੰਨ ਕੁੜੀਆਂ ਦੀਆਂ ਗੱਲਾਂ ਵੱਲ ਲਾ ਲਏ।

ਇਉਂ ਲਗਦਾ ਸੀ ਜਿਵੇਂ ਪਿੰਡ ਦੀ ਸੱਥ ਵਿੱਚ ਭੀੜ ਜੁੜੀ ਹੋਵੇ—ਇਕੋ ਹੀ ਵੇਲ਼ੇ ਸਾਰੀਆਂ ਬੋਲੀਂ ਜਾ ਰਹੀਆਂ ਸਨ। ਆਪੋ ਆਪਣੀ ਗੱਲ ਕਰੀਂ ਜਾ ਰਹੀਆਂ ਸਨ। ਸਿਰਫ ਹੱਸਦੀਆਂ ਇਕੱਠੀਆਂ ਸਨ ਰਲ ਕੇ, ਤੇ ਅਚਨਚੇਤ ਹੀ ਚਿਤਵਿਰਤਕ ਨੇ ਖੁਸ਼ੀ ਵਿੱਚ ਆ ਕੇ ਚੀਕ ਮਾਰੀ-

"ਨੀ ਜੇਨਿਚਕਾ, ਕੁੜੇ ਜੇਨਿਚਕਾ!"

"ਪਿੱਛੇ ਨਹੀਂ ਮੁੜਨਾ!" ਕੋਮੇਲਕੋਵਾ ਕੜਕੀ ਅਤੇ ਸਾਰਜੈਂਟ-ਮੇਜਰ ਦੇ ਕੰਨ ਇਸ ਤਰਾਂ ਦੀ ਆਵਾਜ਼ ਪਈ ਜਿਵੇਂ ਝਾੜੀਆਂ ਦੇ ਪਿੱਛੇ ਕੋਈ ਪਾਣੀ ਦੇ ਛਿੱਟੇ ਉਡਾ ਰਿਹਾ ਹੋਵੇ।

"ਹੱਛਾ, ਤਾਂ ਫੇਰ ਨਹਾ ਰਹੀਆਂ ਨੇ ਇਹ", ਉਸ ਨੇ ਮਨ ਹੀ ਮਨ ਪ੍ਰਸ਼ੰਸਾ ਕਰਦਿਆਂ ਸੋਚਿਆ।

ਅਚਨਚੇਤ ਖੁਸ਼ੀ ਦੀ ਇੱਕ ਚੀਕ ਵੱਜੀ ਤੇ ਬਾਕੀ ਸਾਰੀਆਂ ਆਵਾਜ਼ਾਂ ਬੰਦ ਹੋ ਗਈਆਂ। ਚੰਗੀ ਗੱਲ ਇਹੋ ਸੀ ਕਿ ਜਰਮਨ ਹਾਲੇ ਬਹੁਤ ਦੂਰ ਸਨ। ਪਹਿਲਾਂ ਤਾਂ ਇਹ ਚੀਕ ਸੁਣ ਕੇ ਉਹ ਬੌਂਦਲ ਜਿਹਾ ਗਿਆ, ਪਰ ਮਗਰੋਂ ਓਸੀਆਨੀਨਾ ਦੀ ਤਿੱਖੀ ਆਵਾਜ਼ ਆਈ-

"ਯੇਵਗੇਨੀਆ, ਬਾਹਰ ਆ ਜਾ!... ਇੱਕ ਦਮ!..."

ਵਾਸਕੋਵ ਨੇ ਮੁਸਕ੍ਰਾਉਂਦਿਆਂ ਇੱਕ ਮੋਟੀ ਸਾਰੀ ਸਿਗਰਟ ਬਣਾਈ, ਚਕਮਾਕ ਪੱਥਰ ਨੂੰ ਰਗੜ ਕੇ ਚੰਗਿਆੜੀ ਨਾਲ਼ ਸਿਗਰਟ ਸੁਲਘਾਈ ਤੇ ਬੜੇ ਆਰਾਮ ਨਾਲ਼ ਖੁਸ਼ੀ-ਖੁਸ਼ੀ ਸੂਟੇ ਮਾਰਨ ਲੱਗਾ। ਮਈ ਮਹੀਨੇ ਨਿੱਘੀ ਧੁੱਪ ਸੀ ਤੇ ਉਹਨੇ ਆਪਣੀ ਨੰਗੀ ਪਿੱਠ ਸੂਰਜ ਵੱਲ ਕਰ ਦਿੱਤੀ।

ਚਾਲੀਆਂ ਮਿੰਟਾਂ ਵਿੱਚ, ਭਾਵੇਂ ਉਹਦਾ ਕੋਈ ਵੀ ਕੱਪੜਾ ਨਹੀਂ ਸੀ ਸੁੱਕਿਆ, ਪਰ ਹੁਣ ਹੋਰ ਬੈਠੇ ਰਹਿਣ ਦਾ ਵਕਤ ਨਹੀਂ ਸੀ ਰਿਹਾ। ਵਾਸਕੋਵ ਨੇ ਬੇਦਿਲੀ ਜਿਹੀ ਨਾਲ਼ ਆਪਣੇ ਸਿੱਲ੍ਹੇ-ਸਿੱਲ੍ਹੇ ਹੇਠਲੇ ਕੱਪੜੇ ਅਤੇ ਬਿਰਜਸ ਪਾ ਲਈ। ਚੰਗੇ ਭਾਗਾਂ ਨੂੰ ਉਹਦੇ ਕੋਲ਼ ਪੱਟੀਆਂ ਹੋਰ ਸੀ, ਇਸ ਕਰਕੇ ਬੂਟਾਂ ਵਿੱਚ ਉਹਦੇ ਪੈਰ ਸੁੱਕੇ ਸਨ। ਆਪਣੇ ਲੱਕ ਨੂੰ ਉਹਨੇ ਕੱਸ ਕੇ ਪੇਟੀ ਬੰਨ੍ਹੀ, ਬਾਕੀ ਸਾਰਾ ਸਾਮਾਨ ਚੁੱਕਿਆ ਤੇ ਉੱਚੀ ਆਵਾਜ਼ ਵਿੱਚ ਬੋਲਿਆ-

"ਤਿਆਰ ਓ, ਕਾਮਰੇਡ ਸੈਨਿਕੋ?"

"ਰਤਾ ਕੁ ਠਹਿਰ ਜਾਓ!..."

ਖੈਰ, ਇਸ ਗੱਲ ਦਾ ਉਹਨੂੰ ਪਤਾ ਹੀ ਸੀ। ਫੇਦੋਤ ਵਾਸਕੋਵ ਖਸਿਆਨੀ ਹਾਸੀ ਹੱਸਿਆ, ਉਸ ਨੇ ਆਪਣਾ ਸਿਰ ਛੰਡਿਆ ਤੇ ਝਿੜਕ ਮਾਰਨ ਲਈ ਉਹ ਮੂੰਹ ਖੋਲ੍ਹਣ ਹੀ ਵਾਲ਼ਾ ਸੀ ਜਦੋਂ ਓਸੀਆਨੀਨਾ ਨੇ ਫਿਰ ਆਵਾਜ਼ ਦਿੱਤੀ-"ਤੁਸੀਂ ਆ ਸਕਦੇ ਓ!"

ਸਾਰਜੈਂਟ ਮੇਜਰ ਨੂੰ "ਆ ਸਕਦੇ ਓ!" ਇਹ ਤਾਂ ਨੇਮਾਂ ਦੀ ਖਿੱਲੀ ਉਡਾਉਣ ਵਾਲ਼ੀ ਗੱਲ ਸੀ। ਸੋਚਿਆ ਜਾਏ ਤਾਂ। ਬਦਇੰਤਜ਼ਾਮੀ!

ਪਰ ਇਹ ਸੋਚ ਉਹਦੇ ਦਿਮਾਗ ਵਿੱਚ ਬਹੁਤਾ ਚਿਰ ਨਹੀਂ ਟਿਕੀ, ਕਿਉਂਕਿ ਨ੍ਹਾ ਧੋ ਲੈਣ ਤੇ ਆਰਾਮ ਕਰ ਲੈਣ ਮਗਰੋਂ ਉਹ ਬੜੇ ਚੰਗੇ ਰੌਂਅ ਵਿੱਚ ਸੀ ਤੇ ਨਾਲ਼ੇ ਉਹਦਾ "ਤੂਫਾਨੀ ਦਸਤਾ" ਵੀ ਬੜਾ ਸਾਫ ਸੁਥਰਾ ਲੱਗ ਰਿਹਾ ਸੀ। ਉਹਨਾਂ ਦੇ ਚਿਹਰੇ ਵੀ ਟਹਿਕ ਪਏ ਸਨ ਤੇ ਬੁੱਲ੍ਹਾਂ 'ਤੇ ਮੁਸਕਾਨ ਆ ਟਿਕੀ ਸੀ।

"ਸੁਣਾਓ, ਕਾਮਰੇਡ ਲਾਲ ਸੈਨਿਕੋ, ਸਭ ਕੁੱਝ ਠੀਕ ਠਾਕ?"

"ਸਭ ਕੁੱਝ ਠੀਕ, ਕਾਮਰੇਡ ਸਾਰਜੈਂਟ ਮੇਜਰ। ਯੇਵਗੇਨੀਆ ਨੇ ਤਾਂ ਤਾਰੀ ਵੀ ਲਾ ਲਈ।"

"ਸ਼ਾਬਾਸ਼। ਕੋਮੇਲਕੋਵਾ। ਕੁਲਫੀ ਤਾਂ ਨਹੀਂ ਜੰਮ ਗਈ?"

"ਜੰਮ ਵੀ ਗਈ ਹੋਵੇ ਤਾਂ ਇੱਥੇ ਕੌਣ ਹੈ ਨਿੱਘਿਆਂ ਕਰਨ ਵਾਲ਼ਾ।"

"ਬੜੀ ਹਾਜ਼ਰ ਜਵਾਬ ਏ! ਆਓ, ਕਾਮਰੇਡ ਸੈਨਿਕੋ। ਕੁੱਝ ਥੋੜ੍ਹਾ ਬਹੁਤ ਖਾ ਲਈਏ ਤੇ ਫਿਰ ਅੱਗੇ ਤੁਰੀਏ। ਬਹੁਤਾ ਚਿਰ ਨਹੀਂ ਬੈਠੇ ਰਹਿਣਾ ਚਾਹੀਦਾ।"

ਉਹਨਾਂ ਨੇ ਹੈਰਿੰਗ ਮੱਛੀ ਨਾਲ਼ ਥੋੜ੍ਹੀ ਥੋੜ੍ਹੀ ਰੋਟੀ ਖਾ ਲਈ। ਵਧੇਰੇ ਤਾਕਤ ਦੇਣ ਵਾਲ਼ੀਆਂ ਚੀਜ਼ਾਂ ਨੂੰ ਉਹਨੇ ਹਾਲ ਦੀ ਘੜੀ ਸਾਂਭ ਰੱਖਣ ਦਾ ਫੈਸਲਾ ਕਰ ਲਿਆ ਸੀ। ਫੇਰ ਉਹਨੇ ਬਦਕਿਸਮਤ ਚਿਤਵਿਰਤਕ ਦੇ ਪੈਰ ਢਕਣ ਲਈ ਕੁੱਝ ਆੜਾ ਬਾੜਾ ਜਿਹਾ ਕੀਤਾ। ਉਹਨੇ ਇੱਕ ਫਾਲਤੂ ਪੱਟੀ ਵਿੱਚ ਉਸਦਾ ਪੈਰ ਲਪੇਟਿਆ ਤੇ ਇਸ ਦੇ ਉੱਤੋਂ ਦੀ ਹੇਠ ਉੱਤੇ ਦੋ ਗਰਮ ਜੁਰਾਬਾਂ ਚਾੜ੍ਹ ਦਿੱਤੀਆਂ (ਜੁਰਾਬਾਂ ਦਾ ਇਹ ਜੋੜਾ ਮਕਾਨ ਮਾਲਕਣ ਨੇ ਉਸ ਨੂੰ ਉਣ ਕੇ ਦਿੱਤਾ ਸੀ) ਤੇ ਫਿਰ ਉਹਨੇ ਬਰਚੇ ਦੇ ਛਿਲਕੇ ਦੀ ਉਹਦੇ ਪੈਰ ਵਾਸਤੇ ਇੱਕ ਬੇੜੀ ਜਿਹੀ ਬਣਾਈ, ਉਹਦੇ ਪੈਰ ਦੇ ਹਿਸਾਬ ਨਾਲ਼ ਉਹਨੂੰ ਕੱਟਿਆ ਛਿਲਿਆ ਤੇ ਇੱਕ ਪੱਟੀ ਨਾਲ਼ ਘੁਟ ਕੇ ਬੰਨ੍ਹ ਦਿੱਤਾ।

"ਠੀਕ ਐ ?"

"ਬਹੁਤ ਵਧੀਆ। ਸ਼ੁਕਰੀਆ, ਕਾਮਰੇਡ ਸਾਰਜੈਂਟ-ਮੇਜਰ।"

"ਚਲੋ ਹੁਣ ਰਾਹੇ ਪਈਏ, ਕਾਮਰੇਡ ਸੈਨਿਕੋ। ਘੰਟਾ ਡੇੜ ਘੰਟਾ ਹੋਰ ਅਸੀਂ ਪੈਰ ਘਸੀਟਣੇ ਨੇ ਤੇ ਉਥੇ ਪਹੁੰਚ ਕੇ ਕੋਈ ਥਾਂ ਵੀ ਲੱਭਣੀ ਵੇਖਣੀ ਏ ਜਿੱਥੇ ਮਹਿਮਾਨਾਂ ਦਾ ਸਵਾਗਤ ਕਰਨ ਲਈ ਤਿਆਰ ਰਹੀਏ...

ਉਹ ਕੁੜੀਆਂ ਨੂੰ ਤੇਜ਼ ਚਾਲ ਤੋਰੀ ਗਿਆ ਸੀ। ਤੇਜ਼ ਤੇਜ਼ ਤੋਰਨ ਦੀ ਲੋੜ ਸੀ ਤਾਂ ਜੋ ਉਹਨਾਂ ਦੀਆਂ ਸਕਰਟਾਂ ਤੇ ਹੋਰ ਕੱਪੜੇ ਲੀੜੇ ਤੁਰਦੇ ਜਾਂਦਿਆਂ ਸੁੱਕ ਜਾਣ। ਪਰ ਕੁੜੀਆਂ ਵੀ ਠੀਕ ਠਾਕ ਸਨ, ਉਹਨਾਂ ਨੇ ਹਿੰਮਤ ਨਹੀਂ ਸੀ ਹਾਰੀ, ਸਿਰਫ ਉਹਨਾਂ ਦੀਆਂ ਗੱਲ੍ਹਾਂ ਲਾਲ ਹੋ ਗਈਆਂ ਸਨ।

"ਚਲੋ, ਪੈਰ ਪੁੱਟੀਂ ਚੱਲੀਏ, ਕਾਮਰੇਡ ਸੈਨਿਕੋ ! ਆਓ ਮੇਰੇ ਮਗਰ, ਦੌੜ ਕੇ !"

ਜਿੰਨਾ ਚਿਰ ਉਹਨੂੰ ਸਾਹ ਨਹੀਂ ਚੜ੍ਹ ਗਿਆ ਉਹ ਦੌੜਦਾ ਗਿਆ। ਫੇਰ ਉਹ ਉਹਨਾਂ ਨੂੰ ਤੁਰਨ ਦੀ ਰਫਤਾਰ 'ਤੇ ਲੈ ਆਇਆ। ਉਹਨਾਂ ਨੂੰ ਸਾਹ ਲੈਣ ਦਾ ਮੌਕਾ ਦਿੱਤਾ ਤੇ ਇੱਕ ਵਾਰ ਫਿਰ ਹੁਕਮ ਸੁਣਾਇਆ-

"ਆਓ ਮੇਰੇ ਮਗਰ, ਦੌੜ ਕੇ !"

ਸੂਰਜ ਡੁੱਬਣ ਵਾਲ਼ਾ ਸੀ ਜਦੋਂ ਉਹ ਵੋਪ ਝੀਲ 'ਤੇ ਪਹੁੰਚੇ। ਪਾਣੀ ਦੀਆਂ ਹਲਕੀਆਂ ਹਲਕੀਆਂ ਲਹਿਰਾਂ ਚਟਾਨੀ ਪੱਥਰਾਂ ਨਾਲ਼ ਖਹਿਸਰਦੀਆਂ ਸਨ ਅਤੇ ਦਿਆਰ ਦੇ ਰੁੱਖਾਂ ਦੀ ਸੰਧਿਆ ਵੇਲ਼ੇ ਦੀ ਸਰਸਰ ਸੁਣਾਈ ਦੇ ਰਹੀ ਸੀ। ਸਾਰਜੈਂਟ-ਮੇਜ਼ਰ ਨੇ ਬੜੇ ਗਹੁ ਨਾਲ਼ ਦੁਮੇਲ ਵੱਲ ਨਜ਼ਰ ਮਾਰੀ ਪਰ ਉਹਨੂੰ ਪਾਣੀ ਵਿੱਚ ਕੋਈ ਬੇੜੀ ਵਿਖਾਈ ਨਾ ਦਿੱਤੀ। ਹੌਲੀ ਹੌਲੀ ਸਰਸਰਾਉਂਦੀ ਹਵਾ ਵਿੱਚ ਬਥੇਰੇ ਜ਼ੋਰ ਨਾਲ਼ ਉਸ ਨੇ ਡੂੰਘੇ ਡੂੰਘੇ ਸਾਹ ਭਰੇ, ਪਰ ਕਿਸੇ ਵੀ ਪਾਸੇ ਤੋਂ ਉਹਨੂੰ ਧੂਏਂ ਦੀ ਮੁਸ਼ਕ ਨਹੀਂ ਆਈ। ਲੜਾਈ ਤੋਂ ਪਹਿਲਾਂ ਵੀ ਇਸ ਇਲਾਕੇ ਵਿੱਚ ਥੋੜ੍ਹੇ ਹੀ ਲੋਕ ਰਹਿੰਦੇ ਸਨ ਅਤੇ ਹੁਣ ਤਾਂ ਇਹ ਬਿਲਕੁਲ ਉਜਾੜ ਬੀਆਬਾਨ ਸੀ ਜਿਵੇਂ ਸਾਰੇ ਦੇ ਸਾਰੇ ਲੋਕ-ਲੱਕੜਹਾਰੇ, ਸ਼ਿਕਾਰੀ, ਮਾਹੀਗੀਰ ਅਤੇ ਰੁੱਖਾਂ ਵਿੱਚੋਂ ਤਾਰਪੀਨ ਕੱਢਣ ਵਾਲ਼ੇ—ਸਭ ਮੁਹਾਜ 'ਤੇ ਚਲੇ ਗਏ ਹੋਣ।

"ਕਿੰਨੀ ਖਾਮੋਸ਼ੀ ਹੈ...ਆਮ ਕਰਕੇ ਟੁਣਕਵੀਂ ਆਵਾਜ਼ ਵਿੱਚ ਗੱਲ ਕਰਨ ਵਾਲ਼ੀ ਯੇਵਗੇਨੀਆ ਨੇ ਫੁਸਰ ਫੁਸਰ ਕੀਤਾ-"ਜਿਸ ਤਰਾਂ ਸੁਪਨੇ ਵਿੱਚ ਹੁੰਦਾ ਹੈ।"

"ਖੱਬੇ ਪਾਸੇ ਦੀਆਂ ਢਲਾਣਾਂ ਤੋਂ ਸੀਨੀਊਖੀਨਾ ਦੇ ਟਿੱਲੇ ਸ਼ੁਰੂ ਹੋ ਜਾਂਦੇ ਹਨ", ਵਾਸਕੋਵ ਨੇ ਸਮਝਾਇਆ। "ਇਹਨਾਂ ਟਿੱਲਿਆਂ ਦੇ ਦੂਸਰੇ ਪਾਸੇ ਦੂਜੀ ਝੀਲ ਆਉਂਦੀ ਹੈ। ਇਸ ਦਾ ਨਾਂ ਹੈ

ਲੇਗੋਨਤੋਵੋ। ਕਿਸੇ ਜਮਾਨੇ ਵਿੱਚ ਉੱਥੇ ਇੱਕ ਭਿਖਸ਼ੂ ਰਹਿੰਦਾ ਹੁੰਦਾ ਸੀ। ਉਹਦਾ ਨਾਂ ਸੀ ਲੇਗੋਨਤ। ਉਹ ਇਕਾਂਤ ਲੱਭਦਾ ਫਿਰਦਾ ਸੀ।

"ਇੱਥੇ ਇਕਾਂਤ ਸਭ ਲੱਭ ਪਈ ਹੋਵੇਗੀ ਉਹਨੂੰ", ਗੁਰਵਿਚ ਨੇ ਲੰਮਾ ਸਾਰਾ ਸਾਹ ਲਿਆ।

"ਸਿਰਫ ਇੱਕੋ ਰਸਤਾ ਹੈ ਜਿੱਥੋਂ ਦੀ ਜਰਮਨ ਜਾ ਸਕਦੇ ਹਨ– ਦੋਵਾਂ ਝੀਲਾਂ ਦੇ ਵਿਚਕਾਰਲੀ ਪਹਾੜੀ ਦੇ ਉੱਤੋਂ ਦੀ ਤੇ ਇਹ ਤੁਹਾਨੂੰ ਪਤਾ ਹੀ ਹੈ ਕਿ ਉੱਥੇ ਹੈ ਕੀ— ਮਕਾਨ ਜਿੱਡੇ ਵੱਡੇ ਚਟਾਨੀ ਪੱਥਰ। ਇਹਨਾਂ ਪੱਥਰਾਂ ਵਿੱਚ ਹੀ ਅਸੀਂ ਆਪਣੇ ਮੋਰਚੇ ਮੱਲਾਂਗੇ– ਮੁੱਖ ਮੋਰਚੇ ਵੀ ਤੇ ਰਾਖਵੇਂ ਵੀ, ਜਿਵੇਂ ਨੇਮਾਂ ਵਿੱਚ ਲਿਖਿਆ ਹੋਇਆ ਹੈ। ਅਸੀਂ ਥਾਵਾਂ ਚੁਣ ਲਵਾਂਗੇ ਕੁੱਝ ਖਾ ਪੀ ਲਵਾਂਗੇ। ਥੋੜ੍ਹਾ ਆਰਾਮ ਕਰਾਂਗੇ ਤੇ ਉਡੀਕਾਂਗੇ। ਇਹ ਗੱਲ ਏ, ਕਾਮਰੇਡ ਲਾਲ ਸੈਨਿਕੋ, ਠੀਕ ਹੈ ?"

ਕਾਮਰੇਡ ਲਾਲ ਸੈਨਿਕ ਚੁੱਪ ਸਨ। ਉਹ ਸੋਚੀਂ ਪਈਆਂ ਹੋਈਆਂ ਸਨ।

5

ਵਾਸਕੋਵ ਹਮੇਸ਼ਾਂ ਹੀ ਆਪਣੇ ਆਪ ਨੂੰ ਆਪਣੀ ਉਮਰ ਨਾਲ਼ੋਂ ਵੱਡਾ ਮਹਿਸੂਸ ਕਰਦਾ ਆਇਆ ਸੀ। ਚੌਦਾਂ ਵਰ੍ਹਿਆਂ ਦੀ ਉਮਰ ਵਿੱਚ ਹੀ ਉਸ ਨੂੰ ਏਡੀ ਸਖਤ ਮਿਹਨਤ ਕਰਨੀ ਪਈ ਜਿੰਨੀ ਕੋਈ ਵਿਆਹਿਆ ਵਰਿਆ ਆਦਮੀ ਕਰਦਾ ਹੈ। ਜੇ ਉਹ ਏਡੀ ਮਿਹਨਤ ਨਾ ਕਰਦਾ ਤਾਂ ਉਹਦੇ ਘਰ ਵਾਲ਼ੇ ਭੀਖ ਮੰਗਦੇ ਫਿਰਦੇ। ਉਹਨੀਂ ਦਿਨੀ ਘਰ ਖਾਣ ਜੋਗਾ ਵੀ ਨਹੀਂ ਸੀ ਹੁੰਦਾ ਤੇ ਸਭ ਕੁੱਝ ਨਜਿੱਠਣ ਵਾਲ਼ਾ ਪਿਆ ਸੀ। ਪਰਿਵਾਰ ਵਿੱਚ ਸਿਰਫ ਓਹੋ ਇੱਕ ਮਰਦ ਸੀ। ਖਾਣ, ਪੀਣ ਤੇ ਹੋਰ ਹਰ ਗੱਲ ਵਾਸਤੇ ਸਾਰਿਆਂ ਨੂੰ ਉਸੇ ਦਾ ਹੀ ਆਸਰਾ ਸੀ। ਗਰਮੀਆਂ ਵਿੱਚ ਉਹ ਖੇਤੀ ਦਾ ਕੰਮ ਕਰਦਾ ਤੇ ਸਿਆਲ ਵਿੱਚ ਸ਼ਿਕਾਰ। ਵੀਹ ਵਰ੍ਹਿਆਂ ਦਾ ਹੋ ਗਿਆ ਸੀ ਜਦੋਂ ਉਸਨੂੰ ਇਸ ਗੱਲ ਦਾ ਗਿਆਨ ਹੋਇਆ ਕਿ ਲੋਕ ਕੰਮ ਤੋਂ ਛੁੱਟੀ ਵੀ ਕਰਦੇ ਹਨ। ਫਿਰ ਉਹ ਫੌਜ ਵਿੱਚ ਚਲਾ ਗਿਆ। ਫੌਜ ਵਿੱਚ ਜਾਣਾ ਕੋਈ ਕਿੰਡਰਗਾਰਟਨ ਜਾਣ ਵਾਲ਼ੀ ਗੱਲ ਤਾਂ ਨਹੀਂ ਸੀ...। ਫੌਜ ਵਿੱਚ ਬਾਹੂਬਲ ਤੇ ਭਰੋਸੇਯੋਗ ਆਦਮੀਆਂ ਦਾ ਆਦਰ ਹੁੰਦਾ ਹੈ ਤੇ ਉਹ ਫੌਜ ਦਾ ਆਦਰ ਕਰਦਾ ਸੀ। ਸੋ ਇਸ ਹਾਲਤ ਵਿੱਚ ਵੀ ਉਹ ਆਪਣੀ ਅਸਲ ਉਮਰ ਨਾਲ਼ੋਂ ਵਡੇਰਾ ਹੀ ਬਣਿਆਂ ਰਿਹਾ ਤੇ ਸਾਰਜੈਂਟ ਮੇਜਰ ਦੀ ਉੱਚੀ ਪਦਵੀ ਤੱਕ ਪੁੱਜ ਗਿਆ। ਸਾਰਜੈਂਟ ਮੇਜਰ ਸੈਨਿਕਾਂ ਨੂੰ ਹਮੇਸ਼ਾਂ ਵੱਡਾ ਲਗਦਾ ਹੈ। ਹਾਲਤ ਹੀ ਐਸੀ ਹੁੰਦੀ ਹੈ।

ਫੇਦੋਤ ਵਾਸਕੋਵ ਨੂੰ ਆਪਣੀ ਉਮਰ ਭੁੱਲ ਹੀ ਗਈ ਸੀ। ਉਹ ਸਿਰਫ ਇੱਕੋ ਗੱਲ ਜਾਣਦਾ ਸੀ ਕਿ ਉਹ ਸਾਰੇ ਸਿਪਾਹੀਆਂ ਤੇ ਲੈਫਟੀਨੈਂਟਾਂ ਨਾਲ਼ੋਂ ਵੱਡਾ ਹੈ, ਸਾਰੇ ਮੇਜ਼ਰਾਂ ਦੀ ਉਮਰ ਦਾ ਹੈ ਅਤੇ ਕਿਸੇ ਵੀ ਕਰਨਲ ਨਾਲ਼ੋਂ ਛੋਟਾ ਹੈ। ਇਹ ਵੱਡੇ ਛੋਟੇ ਹੋਣ ਜਾਂ ਅਦਬ ਅਦਾਬ ਦਾ ਸਵਾਲ ਨਹੀਂ, ਸਗੋਂ ਉਹ ਸੰਸਾਰ ਨੂੰ ਵੇਖਦਾ ਹੀ ਇਸੇ ਦ੍ਰਿਸ਼ਟੀ ਨਾਲ਼ ਸੀ।

ਇਸੇ ਕਰਕੇ ਜਿਨ੍ਹਾਂ ਕੁੜੀਆਂ ਦੀ ਕਮਾਂਡ ਉਹਦੇ ਹੱਥ ਵਿੱਚ ਸੀ ਉਹਨਾਂ ਵੱਲ ਉਸ ਦਾ ਵਤੀਰਾ ਇਸ ਤਰਾਂ ਦਾ ਹੀ ਸੀ। ਜਿਵੇਂ ਉਸ ਤੋਂ ਵੱਖਰੀ ਪੀੜ੍ਹੀ ਦੀਆਂ ਸਨ। ਉਸ ਨੂੰ ਇਉਂ ਮਹਿਸੂਸ ਹੁੰਦਾ ਜਿਵੇਂ ਉਹ ਖਾਨਾਜੰਗੀ ਦਾ ਯੋਧਾ ਹੋਵੇ ਤੇ ਉਹਨੇ ਲਬਿਸ਼ਚੇਨਸਕ ਦੇ ਨੇੜੇ ਚਪਾਯੇਵ ਦੇ ਨਾਲ਼ ਬਹਿ ਕੇ ਚਾਹ ਪੀਤੀ ਹੋਵੇ। ਇਸ ਗੱਲ ਵਿੱਚ ਕਿਸੇ ਤਰਕ ਜਾਂ ਇਰਾਦੇ ਦਾ ਮਸਲਾ ਨਹੀਂ ਸੀ, ਇਹ ਤਾਂ ਬਸ ਉਸ ਦਾ ਸੁਭਾਅ ਬਣ ਗਿਆ ਸੀ।

ਉਸ ਨੂੰ ਕਦੇ ਇਸ ਗੱਲ ਦਾ ਖਿਆਲ ਨਹੀਂ ਸੀ ਆਇਆ ਕਿ ਉਹ ਆਪਣੀ ਉਮਰ ਨਾਲ਼ੋਂ

ਵਡੇਰਿਆਂ ਵਾਂਗ ਕਰਦਾ ਹੈ। ਸਿਰਫ ਅੱਜ ਰਾਤ ਹੀ, ਸ਼ਾਂਤ ਟਿਕਵੀਂ ਤੇ ਚਾਨਣੀ ਰਾਤ, ਉਹਦੇ ਦਿਮਾਗ ਵਿੱਚ ਇਸ ਸ਼ੱਕ ਨੇ ਕਰਵਟ ਲਈ ਸੀ।

ਇਸ ਗੱਲ ਦਾ ਅਹਿਸਾਸ, ਸ਼ਾਇਦ ਉਹਨੂੰ ਰਾਤ ਪੈਣ ਤੋਂ ਪਹਿਲਾਂ ਹੀ ਹੋ ਗਿਆ ਸੀ ਜਦੋਂ ਹਾਲੇ ਉਹ ਮੋਰਚੇ ਮੱਲਣ ਵਾਸਤੇ ਥਾਂਵਾਂ ਲੱਭ ਰਹੇ ਸਨ। ਉਸ ਦੀਆਂ ਸੈਨਿਕ ਕੁੜੀਆਂ ਚਟਾਨਾਂ ਉੱਤੇ ਬੱਕਰੀਆਂ ਵਾਂਗ ਭੁੜਕਦੀਆਂ ਫਿਰਦੀਆਂ ਸਨ ਅਤੇ ਅਚਾਨਕ ਉਹ ਵੀ ਉਹਨਾਂ ਦੇ ਨਾਲ਼ ਛੜੱਪੇ ਮਾਰਨ ਲੱਗ ਪਿਆ ਸੀ ਤੇ ਆਪਣੀ ਫੁਰਤੀ ਉੱਤੇ ਉਹ ਆਪ ਹੀ ਹੈਰਾਨ ਹੋ ਗਿਆ ਸੀ। ਪਰ ਜਿਉਂ ਹੀ ਉਹਨੂੰ ਇਸ ਗੱਲ ਦਾ ਖਿਆਲ ਆਇਆ ਉਹਦੀ ਤਿਉੜੀ ਚੜ੍ਹ ਗਈ ਤੇ ਵਧੇਰੇ ਠਰ੍ਹੰਮੇ ਨਾਲ਼ ਕੰਮ ਕਰਨ ਲੱਗ ਪਿਆ ਸੀ। ਇਸੇ ਕਰਕੇ ਹੀ ਤਾਂ ਇੱਕ ਚਟਾਨ ਦੀ ਸਿਖਰ ਉੱਤੇ ਪਹੁੰਚਣ ਵਾਸਤੇ ਉਹਨੂੰ ਤਿੰਨ ਹੰਭਲੇ ਮਾਰਨੇ ਪਏ ਸਨ।

ਤਦ ਵੀ, ਇਹ ਕੋਈ ਵੱਡੀ ਗੱਲ ਨਹੀਂ ਸੀ। ਵੱਡੀ ਗੱਲ ਤਾਂ ਇਹ ਸੀ ਉਸ ਨੂੰ ਮੋਰਚਾ ਮੱਲਣ ਲਈ ਬਹੁਤ ਹੀ ਵਧੀਆ ਥਾਂ ਲੱਭ ਪਈ ਸੀ। ਪੱਥਰਾਂ ਦੇ ਵਿਚਕਾਰ ਜਿੱਥੇ ਪਹੁੰਚਣ ਦੇ ਸਾਰੇ ਰਾਹ ਲੁਕਵੇਂ ਸਨ ਤੇ ਇਥੇ ਜੰਗਲ ਤੋਂ ਲੈ ਕੇ ਝੀਲ ਤੱਕ ਨਿਗਾਹ ਰੱਖੀ ਜਾ ਸਕਦੀ ਸੀ। ਇਹ ਥਾਂ ਵੱਡੀਆਂ ਵੱਡੀਆਂ ਲੜੀਬੱਧ ਚਟਾਨਾਂ ਵਿੱਚ ਸੀ ਜਿਹੜੀਆਂ ਝੀਲ ਦੇ ਕੰਢੇ ਤੱਕ ਵਿਛੀਆਂ ਪਈਆਂ ਸਨ। ਸਿਰਫ ਕੰਢੇ ਦੇ ਨਾਲ਼-ਨਾਲ਼ ਇੱਕ ਤੰਗ ਜਿਹਾ ਰਾਹ ਹੀ ਛੱਡਿਆ ਹੋਇਆ ਸੀ ਇਹਨਾਂ ਨੇ। ਜੇ ਜਰਮਨ ਇਸ ਰਾਹ ਤੋਂ ਆਏ ਤਾਂ ਇਸ ਪਹਾੜੀ ਦਾ ਚੱਕਰ ਕੱਟਣ ਵਿੱਚ ਉਹਨਾਂ ਨੂੰ ਕੋਈ ਤਿੰਨ ਘੰਟੇ ਲੱਗ ਜਾਣਗੇ, ਤੇ ਜੇ ਉਹ ਕਿਸੇ ਹੋਰ ਰਸਤਿਓਂ ਆਏ ਤਾਂ ਉਹ ਆਪਣੀਆਂ ਸੈਨਿਕ ਕੁੜੀਆਂ ਨੂੰ ਨਾਲ਼ ਲੈ ਕੇ ਚਟਾਨਾਂ ਵਿੱਚੋਂ ਦੀ ਪਿੱਛੇ ਹਟ ਸਕਦਾ ਹੈ ਤੇ ਦੁਸ਼ਮਣ ਦੇ ਪਹੁੰਚਣ ਤੋਂ ਪਹਿਲਾਂ ਰਾਖਵਾਂ ਮੋਰਚਾ ਮੱਲ ਸਕਦਾ ਹੈ। ਪਰ ਇਹ ਤਾਂ ਇੱਕ ਸਾਵਧਾਨੀ ਵਾਲ਼ਾ ਕਦਮ ਹੀ ਸੀ। ਉਸ ਨੇ ਹਿਸਾਬ ਲਾ ਲਿਆ ਸੀ ਕਿ ਉਹ ਤੋੜਫੋੜ ਕਰਨ ਵਾਲ਼ੇ ਦੋ ਛਾਤੇਬਾਜ਼ਾਂ ਨਾਲ਼ ਇੱਥੇ, ਆਪਣੇ ਮੁੱਖ ਮੋਰਚੇ ਤੋਂ ਹੀ ਮਾਮਲਾ ਨਜਿੱਠ ਲਵੇਗਾ।

ਆਪਣੇ ਮੋਰਚੇ ਦੀ ਥਾਂ ਦੀ ਚੋਣ ਕਰ ਕੇ, ਸਾਰਜੈਂਟ ਮੇਜਰ ਨੇ, ਹਦਾਇਤਾਂ ਅਨੁਸਾਰ, ਪਹੁੰਚਣ ਦੇ ਵਕਤ ਦਾ ਅੰਦਾਜਾ ਲਾਇਆ। ਹਿਸਾਬ ਇਹ ਬਣਿਆਂ ਕਿ ਉਹਨਾਂ ਨੂੰ ਜਰਮਨਾਂ ਦੇ ਪਹੁੰਚਣ ਦੀ ਚਾਰ ਕੁ ਘੰਟੇ ਹੋਰ ਉਡੀਕ ਕਰਨੀ ਪਵੇਗੀ। ਇਸ ਕਰਕੇ ਉਹਨੇ ਆਪਣੀ ਟੋਲੀ ਨੂੰ ਗਰਮ ਖਾਣਾ ਬਣਾਉਣ ਦੀ ਇਜ਼ਾਜਤ ਦੇ ਦਿੱਤੀ—ਦੋ ਜਣਿਆਂ ਵਾਸਤੇ ਇੱਕ ਪਤੀਲਾ। ਲੀਜ਼ਾ ਬਰੀਚਕੀਨਾ ਨੇ ਆਖਿਆ ਕਿ ਖਾਣਾ ਉਹ ਬਣਾਵੇਗੀ। ਸਾਰਜੈਂਟ-ਮੇਜਰ ਨੇ ਦੋ ਜਣੀਆਂ ਨੂੰ ਉਹਦਾ ਹੱਥ ਵਟਾਉਣ ਲਾ ਦਿੱਤਾ ਅਤੇ ਸਖ਼ਤੀ ਨਾਲ਼ ਹਦਾਇਤ ਕੀਤੀ ਕਿ ਧੂਆਂ ਨਹੀਂ ਨਿਕਲਣਾ ਚਾਹੀਦਾ।

"ਜੇ ਮੈਂ ਰਤਾ ਜਿੰਨਾ ਵੀ ਧੂਆਂ ਵੇਖ ਲਿਆ, ਪਤੀਲਾ ਚੁੱਲ੍ਹੇ ਵਿੱਚ ਹੀ ਮੂਧਾ ਕਰ ਦਿਆਂਗਾ। ਆ ਗਈ ਸਮਝ ?"

"ਆ ਗਈ" ਲੀਜ਼ਾ ਨੇ ਉਦਾਸ ਆਵਾਜ਼ ਵਿੱਚ ਜਵਾਬ ਦਿੱਤਾ।

"ਨਹੀਂ, ਨਹੀਂ ਆਈ ਸਮਝ, ਕਾਮਰੇਡ ਸੈਨਿਕ। ਸਮਝ ਉਦੋਂ ਆਏਗੀ ਜਦੋਂ ਤੂੰ ਮੇਰੇ ਕੋਲ਼ੋਂ ਕੁਹਾੜਾ ਮੰਗਿਆ ਤੇ ਆਪਣੀਆਂ ਸਹਾਇਕਾਂ ਨੂੰ ਸੁੱਕੀਆਂ ਲੱਕੜਾਂ ਲਾਹੁਣ ਭੇਜਿਆ ਤੇ ਇੱਕ ਗੱਲ ਦਾ ਧਿਆਨ ਰੱਖੀਂ ਕਿ ਉਹ ਸਿਰਫ ਐਸੀਆਂ ਟਾਹੀਣੀਆਂ ਕੱਟਣ ਜਿੰਨ੍ਹਾਂ ਉੱਤੇ ਕਾਈ ਨਾ

ਜੰਮੀ ਹੋਵੇ, ਜਿਹੜੀਆਂ ਖੜ-ਖੜ ਕਰਦੀਆਂ ਲਹਿ ਜਾਣ। ਫਿਰ ਧੂਆਂ ਨਹੀਂ ਹੋਵੇਗਾ, ਸਿਰਫ ਲਾਟਾਂ ਹੀ ਨਿਕਲਣਗੀਆਂ ਤੇ ਸੇਕ ਵੀ ਚੰਗਾ ਹੋਵੇਗਾ।"

ਹੁਕਮ ਆਖਰ ਹੁਕਮ ਹੀ ਹੁੰਦਾ ਹੈ, ਪਰ ਤਾਂ ਵੀ ਉਦਾਹਰਣ ਪੇਸ਼ ਕਰਨ ਵਾਸਤੇ, ਉਹਨੇ ਆਪ ਉਦਾਹਰਨ ਵਾਸਤੇ ਥੋੜ੍ਹੀਆਂ ਜਿਹੀਆਂ ਸੁੱਕੀਆਂ ਲੱਕੜਾਂ ਇਕੱਠੀਆਂ ਕੀਤੀਆਂ ਤੇ ਅੱਗ ਬਾਲ ਦਿੱਤੀ। ਓਸੀਆਨੀਨਾ ਦੇ ਨਾਲ਼ ਆਲ਼ੇ ਦੁਆਲ਼ੇ ਦਾ ਸਰਵੇਖਣ ਕਰਦਿਆਂ ਵੀ ਉਹ ਅੱਗ ਵੱਲ ਨਜ਼ਰ ਮਾਰਦਾ ਰਿਹਾ ਸੀ ਪਰ ਧੂਆਂ ਕੋਈ ਨਹੀਂ ਸੀ। ਸਿਰਫ ਚੱਟਾਨਾਂ ਦੇ ਉਪਰ ਹਵਾ ਵਿੱਚ ਲਹਿਰਾਂ ਜਿਹੀਆਂ ਸਨ ਪਰ ਇਹ ਵੇਖ ਸਕਣ ਵਾਸਤੇ ਸ਼ਿਕਾਰੀ ਦੀ ਤਜ਼ਰਬੇਕਾਰ ਅੱਖ ਦੀ ਲੋੜ ਸੀ ਤੇ ਇਸ ਗੱਲ ਦੀ ਸੰਭਾਵਨਾ ਨਹੀਂ ਸੀ ਕਿ ਜਰਮਨਾਂ ਕੋਲ਼ ਇਹ ਅੱਖ ਹੋਵੇ।

ਜਿਸ ਵੇਲ਼ੇ ਤਿੱਕੜੀ ਖਾਣਾ ਪਕਾਉਣ ਵਿੱਚ ਰੁੱਝੀ ਹੋਈ ਸੀ, ਉਸ ਵੇਲ਼ੇ ਵਾਸਕੋਵ, ਜੂਨੀਅਰ ਸਾਰਜੈਂਟ ਓਸੀਆਨੀਨਾ ਅਤੇ ਸੈਨਿਕ ਕੋਮੇਲਕੋਵਾ ਪਹਾੜੀਆਂ ਉੱਤੇ ਚੜ੍ਹ ਕੇ ਮੋਰਚਾ ਮੱਲਣ ਦੀਆਂ ਥਾਵਾਂ, ਗੋਲੀਆਂ ਵਰ੍ਹਾਉਣ ਦੇ ਹਲਕੇ ਅਤੇ ਨਿਸ਼ਾਨੀਆਂ ਨਿਸ਼ਚਿਤ ਕਰਦੇ ਰਹੇ। ਵਾਸਕੋਵ ਨੇ ਆਪ ਨਿਸ਼ਾਨੀਆਂ ਦੇ ਫਾਸਲੇ ਦੀ ਦੂਹਰੇ ਕਦਮਾਂ ਨਾਲ਼ ਪੜਤਾਲ਼ ਕੀਤੀ ਅਤੇ ਨੇਮਾਂ ਅਨੁਸਾਰ, ਗੋਲ਼ਾਬਾਰੀ ਕਰਨ ਸਬੰਧੀ ਨਕਸ਼ੇ ਉੱਤੇ ਅੰਗ ਲਈ।

ਇਨੇ ਚਿਰ ਨੂੰ ਰੋਟੀ ਖਾਣ ਦੀਆਂ ਆਵਾਜ਼ਾਂ ਪੈਣ ਲੱਗ ਪਈਆਂ। ਉਹ ਦੋ ਦੋ ਹੋ ਕੇ ਬਹਿ ਗਏ ਜਿਵੇਂ ਉਹ ਉੱਥੇ ਅੱਪੜੇ ਸਨ। ਕਮੇਦਾਨ ਤੇ ਸੈਨਿਕ ਗੁਰਵਿਚ ਇੱਕ ਪਤੀਲੇ ਵਿੱਚ ਹਿੱਸੇਦਾਰ ਬਣ ਗਏ। ਇਸ ਵਿੱਚ ਕੋਈ ਸ਼ੱਕ ਨਹੀਂ ਸੀ ਕਿ ਗੁਰਵਿਚ ਸੰਗ ਝਿਜਕ ਰਹੀ ਸੀ ਤੇ ਖਾਲੀ ਚਮਚਾ ਹੀ ਮੂੰਹ ਵਿੱਚ ਪਾ ਰਹੀ ਸੀ ਤੇ ਬਹੁਤਾ ਹਿੱਸਾ ਕੁਮੇਦਾਨ ਵਾਸਤੇ ਛੱਡ ਰਹੀ ਸੀ। ਸਾਰਜੈਂਟ-ਮੇਜ਼ਰ ਨੂੰ ਇਹ ਗੱਲ ਚੰਗੀ ਨਹੀਂ ਸੀ ਲੱਗੀ। ਉਹ ਆਖਣ ਲੱਗਾ-

"ਇਸ ਗੱਲ ਦੀ ਲੋੜ ਨਹੀਂ, ਕਾਮਰੇਡ ਦੁਭਾਸ਼ਣ। ਵੇਖੇ ਨਾ, ਮੈਂ ਕੋਈ ਤੇਰਾ ਆਸ਼ਕ ਨਹੀਂ, ਇਹ ਸਵਾਦੀ ਖਾਣਾ ਏ ਮੇਰੇ ਵਾਸਤੇ ਕਿਉਂ ਛੱਡੀ ਜਾਨੀ ਏਂ। ਖਾ ਰੱਜ ਕੇ, ਜਿਵੇਂ ਸੈਨਿਕ ਨੂੰ ਖਾਣਾ ਚਾਹੀਦਾ ਏ।"

"ਮੈਂ ਰੱਜ ਕੇ ਖਾ ਰਹੀ ਆਂ", ਉਸ ਨੇ ਮੁਸਕਰਾ ਕੇ ਆਖਿਆ।

"ਦਿਸਦਾ ਏ ਪਿਆ! ਸੁਕੜੋ ਜਿਹੀ, ਜਿਵੇਂ ਬਹਾਰ ਦੇ ਮੌਸਮ ਵਿੱਚ ਕਾਂ ਹੁੰਦੈ।"

"ਮੇਰੀ ਕਾਠੀ ਹੀ ਏਦਾਂ ਦੀ ਏ?"

"ਕਾਠੀ? ਬਰੀਚਕੀਨਾ ਦੀ ਵੀ ਤੇਰੇ ਵਰਗੀ ਹੀ ਕਾਠੀ ਏ, ਸਭਨਾਂ ਦੀ ਤੇਰੇ ਵਾਂਗ ਹੀ ਏ। ਪਰ ਤੇਰੀ ਤਾਂ ਸ਼ਕਲ ਵੇਖ ਕੇ ਹੀ ਜੀਅ ਰਾਜ਼ੀ ਹੋ ਜਾਂਦਾ ਏ..."

ਰੋਟੀ ਖਾ ਕੇ ਉਹਨਾਂ ਨੇ ਬਿਲਬੇਰੀ ਦੀ ਪੱਤੀ ਦੀ ਚਾਹ ਪੀਤੀ। ਵਾਸਕੋਵ ਨੇ ਮਾਰਚ ਵਿੱਚ ਪੱਤੀਆਂ ਚੁਗ ਰੱਖੀਆਂ ਸਨ। ਫੇਰ ਉਹਨਾਂ ਨੇ ਅੱਧਾ ਘੰਟਾ ਆਰਾਮ ਕੀਤਾ ਅਤੇ ਸਾਰਜੈਂਟ ਮੇਜਰ ਨੇ ਫਾਲ ਇਨ ਹੋਣ ਦਾ ਹੁਕਮ ਦੇ ਦਿੱਤਾ।

"ਸੁਣੋ ਲੜਾਈ ਦਾ ਹੁਕਮ", ਉਸ ਨੇ ਗੰਭੀਰਤਾ ਨਾਲ਼ ਕਹਿਣਾ ਸ਼ੁਰੂ ਕੀਤਾ, ਭਾਵੇਂ ਆਪਣੇ ਦਿਲ ਦੀ ਡੂੰਘਾਈ ਵਿੱਚ ਉਹ ਸੋਚ ਰਿਹਾ ਸੀ ਕਿ ਉਹ ਜੋ ਕੁੱਝ ਕਰ ਰਿਹਾ ਹੈ ਠੀਕ ਕਰ ਰਿਹਾ ਹੈ? "ਦੁਸ਼ਮਣ, ਵਾਲ ਵਾਲ ਹਥਿਆਰਬੰਦ ਦੋ ਜਰਮਨ, ਵੋਪ ਝੀਲ ਵੱਲ ਵਧ ਰਿਹਾ ਹੈ। ਉਸ ਦਾ ਨਿਸ਼ਾਨਾ ਲੁਕ ਛਿਪ ਕੇ ਕੀਰੋਵ ਰੇਲਵੇ ਲਾਈਨ ਅਤੇ ਕਾਮਰੇਡ ਸਟਾਲਿਨ ਦੇ ਨਾ ਵਾਲ਼ੀ ਚਿੱਟਾ

ਸਾਗਰ ਬਾਲਟਿਕ ਨਹਿਰ ’ਤੇ ਪਹੁੰਚਣਾ ਹੈ। ਛੇ ਦੀ ਗਿਣਤੀ ਵਾਲ਼ੇ ਸਾਡੇ ਦਸਤੇ ਦਾ ਕੰਮ ਸੀਨੀਉਖੀਨਾ ਟਿੱਲਿਆਂ ਦੀ ਸੁਰੱਖਿਆ ਕਰਨਾ ਹੈ। ਇਥੇ ਹੀ ਅਸੀਂ ਦੁਸ਼ਮਣ ਨੂੰ ਕੈਦੀ ਬਣਾਉਣਾ ਹੈ। ਸਾਡੇ ਖੱਬੇ ਪਾਸੇ ਵੋਪ ਝੀਲ ਅਤੇ ਸੱਜੇ ਪਾਸੇ ਲੇਗਨਤੋਵ ਝੀਲ।” ਸਾਰਜੈਂਟ ਮੇਜਰ ਚੁੱਪ ਕਰ ਗਿਆ ਤੇ ਖੰਘਣ ਲੱਗ ਪਿਆ। ਉਸ ਨੂੰ ਅਫਸੋਸ ਹੋ ਰਿਹਾ ਸੀ ਕਿ ਹੁਕਮ ਨੂੰ ਪਹਿਲਾਂ ਕਾਗਜ਼ ਉੱਤੇ ਲਿਖ ਕਿਉਂ ਨਾ ਲਿਆ। ਉਸ ਨੇ ਫਿਰ ਅੱਗੇ ਕਹਿਣਾ ਸ਼ੁਰੂ ਕੀਤਾ– “ਮੈਂ ਇਹ ਸਕੀਮ ਬਣਾਈ ਹੈ ਕਿ ਦੁਸ਼ਮਣ ਨੂੰ ਮੁੱਖ ਮੋਰਚੇ ’ਤੇ ਹੀ ਟੱਕਰਿਆ ਜਾਵੇ ਤੇ ਗੋਲੀ ਨਾ ਚਲਾਈ ਜਾਵੇ ਤੇ ਉਸ ਨੂੰ ਹਥਿਆਰ ਸੁੱਟ ਦੇਣ ਵਾਸਤੇ ਆਖਿਆ ਜਾਵੇ ਤੇ ਉਸਨੂੰ ਹਰ ਹਾਲਤ ਵਿੱਚ ਜਿਉਂਦਾ ਫੜਿਆ ਜਾਵੇ। ਸਾਡਾ ਸਾਰਾ ਸਾਜ ਸਮਾਨ ਪਿੱਛੇ ਰਾਖਵੇਂ ਮੋਰਚੇ ’ਤੇ ਰਹੇਗਾ ਅਤੇ ਸੈਨਿਕ ਚਿਤਵਿਰਤਕ ਪਹਿਰੇ ਉਤੇ ਰਹੇਗੀ। ਕਾਰਵਾਈ ਓਦੋਂ ਹੀ ਸ਼ੁਰੂ ਹੋਵੇਗੀ ਜਦੋਂ ਮੈ ਹੁਕਮ ਦੇਵਾਂਗਾ। ਮੈਂ ਜੂਨੀਅਰ ਸਾਰਜੈਂਟ ਓਸੀਆਨੀਨਾ ਨੂੰ ਆਪਣਾ ਨਾਇਬ ਮਕਰਰ ਕਰਦਾ ਹਾਂ ਤੇ ਉਹਦੇ ਨਾਲ਼ ਕੋਈ ਅਬੀ ਨਬੀ ਹੋ ਜਾਣ ਦੀ ਹਾਲਤ ਵਿੱਚ ਸੈਨਿਕ ਗੁਰਵਿਚ ਨੂੰ। ਕੋਈ ਸਵਾਲ ?

“ਰਾਖਵੇਂ ਮੋਰਚੇ ’ਤੇ ਮੈਂ ਕਿਉਂ ਠਹਿਰਨਾ ਹੈ ?” ਨਾਰਾਜ਼ ਹੋ ਗਈ ਚਿਤਵਿਰਤਕ ਨੇ ਪੁੱਛਿਆ।

“ਇਸ ਸਵਾਲ ਦਾ ਕੋਈ ਮਤਲਬ ਨਹੀਂ ਕਾਮਰੇਡ ਸੈਨਿਕ। ਤੁਹਾਨੂੰ ਹੁਕਮ ਮਿਲ ਗਿਆ ਹੈ ਤੁਸੀਂ ਉਹਨਾਂ ’ਤੇ ਅਮਲ ਕਰਨਾ ਹੈ।”

“ਤੂੰ, ਗਾਲੀਆ ਸਾਡੀ ਰਾਖਵੀਂ ਫੌਜ”, ਓਸੀਆਨੀਨਾ ਨੇ ਕਿਹਾ।

“ਕੋਈ ਸਵਾਲ ਨਹੀਂ, ਸਭ ਕੁੱਝ ਸਪੱਸ਼ਟ ਤੇ ਠੀਕ ਏ”, ਕੋਮੇਲਕੋਵਾ ਨੇ ਖਿੜ ਕੇ ਜਵਾਬ ਦਿੱਤਾ।

“ਸਭ ਕੁੱਝ ਸਪੱਸ਼ਟ ਤੇ ਠੀਕ ਏ, ਸੋ ਆਪੋ ਆਪਣੇ ਮੋਰਚੇ ਮੱਲ ਲਓ।”

ਉਸ ਨੇ ਸੈਨਿਕਾਂ ਨੂੰ ਉਹਨੀ ਥਾਈਂ ਮੁਕਰਰ ਕਰ ਦਿੱਤਾ ਜਿਨ੍ਹਾਂ ਬਾਰੇ ਪਹਿਲਾਂ ਓਸੀਆਨੀਨਾ ਨਾਲ਼ ਸਹਿਮਤੀ ਹੋ ਚੁੱਕੀ ਸੀ ਅਤੇ ਹਰ ਇੱਕ ਨੂੰ ਨਿਸ਼ਾਨੇ ਬਾਰੇ ਸਮਝਾ ਦਿੱਤਾ। ਇਸ ਦੇ ਨਾਲ਼ ਹੀ ਉਸ ਨੇ ਇੱਕ ਵਾਰ ਫਿਰ ਖ਼ਬਰਦਾਰ ਕੀਤਾ ਕਿ ਉਹ ਚੂਹੀਆਂ ਵਾਂਗ ਦੜ ਵੱਟ ਕੇ ਪਈਆਂ ਰਹਿਣ।

“ਕਿਸੇ ਨੇ ਹਿੱਲਣਾ ਜੁੱਲਣਾ ਨਹੀਂ। ਸਭ ਤੋਂ ਪਹਿਲਾਂ ਮੈਂ ਉਹਨਾਂ ਨਾਲ਼ ਗੱਲ ਕਰਾਂਗਾ।”

“ਜਰਮਨ ਵਿੱਚ ? ਗੁਰਵਿਚ ਨੇ ਹਲਕੇ ਜਿਹੇ ਵਿਅੰਗ ਨਾਲ਼ ਪੁੱਛਿਆ।

“ਰੂਸੀ ਵਿੱਚ!” ਸਾਰਜੈਂਟ ਮੇਜਰ ਨੇ ਚੋਭਵਾਂ ਜਵਾਬ ਦਿੱਤਾ।” ਤੇ ਉਹਨਾਂ ਨੂੰ ਸਮਝ ਨਾ ਆਈ ਤਾਂ ਤੂੰ ਅਨੁਵਾਦ ਕਰੇਂਗੀ। ਸਮਝ ਆ ਗਈ ਮੇਰੀ ਗੱਲ ਦੀ ?”

ਅੱਗੋਂ ਕੋਈ ਨਹੀਂ ਬੋਲੀ।

“ਲੜਾਈ ਵੇਲ਼ੇ ਜੇ ਤੁਸੀਂ ਆਪਣਾ ਸਿਰ ਮੂੰਹ ਬਾਹਰ ਕੱਢਿਆ ਨਾ, ਤਾਂ ਇੱਥੇ ਮਲ੍ਹਮ ਪੱਟੀ ਵਾਲ਼ਾ ਵੀ ਕੋਈ ਨਹੀਂ। ਨਾ ਤਹਾਡੀਆਂ ਮਾਵਾਂ ਬੈਠੀਆਂ ਨੇ ਇੱਥੇ।”

ਉਹਨਾਂ ਦੀਆਂ ਮਾਵਾਂ ਦੀ ਗੱਲ ਕਰਨਾ ਉਸ ਦੀ ਗਲਤੀ ਸੀ। ਅਸਲੋਂ ਹੀ ਗਲਤ ਗੱਲ। ਇਸ ਗੱਲੋਂ ਉਹ ਲੋਹੇ ਲਾਖਾ ਹੋ ਗਿਆ। ਆਖਰ, ਇਹ ਸਭ ਕੁੱਝ ਗੰਭੀਰ ਮਾਮਲਾ ਸੀ, ਚਾਂਦਮਾਰੀ ਦੀ ਮਸ਼ਕ ਨਹੀਂ ਸੀ ਹੋਣ ਲੱਗੀ।

“ਜਰਮਨਾਂ ਨਾਲ਼ ਦੂਰੋਂ ਲੜਾਈ ਕਰਨਾ ਠੀਕ ਗੱਲ ਹੈ। ਪਰ ਜੇ ਉਹ ਤੇ ਤੁਸੀਂ ਰਫਲ ਦੇ ਵੋਲਟਾਂ ਦੀ ਖੜ ਖੜ ਸ਼ੁਰੂ ਕਰ ਦਿੱਤੀ, ਤਾਂ ਉਹ ਤੁਹਾਨੂੰ ਛਾਨਣੀ ਕਰ ਦੇਣਗੇ। ਇਸ ਕਰਕੇ ਮੇਰਾ

ਦੋ ਟੂਕ ਹੁਕਮ ਹੈ ਕਿ ਹਿੱਲਣਾ ਜੁੱਲਣਾ ਬਿਲਕੁਲ ਨਹੀਂ। ਚੁੱਪ ਕਰ ਕੇ ਪਈਆਂ ਰਹੋ ਜਿੰਨਾ ਚਿਰ ਮੈਂ ਆਪ ਗੋਲ਼ੀ ਚਲਾਉਣ ਦਾ ਹੁਕਮ ਨਹੀਂ ਦਿੰਦਾ। ਜੇ ਤੁਸੀਂ ਹੁਕਮ ਅਦੂਲੀ ਕੀਤੀ, ਤਾਂ ਮੈਨੂੰ ਇਸ ਗੱਲ ਦਾ ਕੋਈ ਫਰਕ ਨਹੀਂ ਪੈਂਦਾ ਕਿ ਤੁਸੀਂ ਔਰਤਾਂ ਜੇ…" ਇਹ ਆਖ ਕੇ ਫੇਦੋਤ ਵਾਸਕੋਵ ਬੋਲਦਾ ਬੋਲਦਾ ਇਕਦਮ ਰੁਕ ਗਿਆ ਤੇ ਉਹਨੇ ਹੱਥ ਨਾਲ਼ ਜਿਵੇਂ ਹਵਾ ਨੂੰ ਟੱਕ ਮਾਰਿਆ। ਬਸ ਹਦਾਇਤਾਂ ਖਤਮ।"

ਉਸ ਨੇ ਨਿਗਰਾਨੀ ਵਾਸਤੇ ਇੱਕ ਇੱਕ ਹਲਕਾ ਦੋ ਦੋ ਕੁੜੀਆਂ ਲਈ ਨਿਸ਼ਚਿਤ ਕਰ ਦਿੱਤਾ। ਤਾਂ ਜੋ ਹਰ ਥਾਂ ਤੋਂ ਚਾਰ ਅੱਖਾਂ ਨਿਗਾਹ ਰੱਖ ਸਕਣ। ਆਪ ਉਹ ਉਚੇਰੇ ਚਲਾ ਗਿਆ ਅਤੇ ਜਿੰਨਾ ਚਿਰ ਅੱਖਾਂ ਵਿੱਚ ਪਾਣੀ ਨਹੀਂ ਆ ਗਿਆ, ਓਨਾ ਚਿਰ ਆਪਣੀ ਦੂਰਬੀਨ ਨਾਲ਼ ਜੰਗਲ ਤੋਂ ਨਿਗਾਹ ਮਾਰਦਾ ਰਿਹਾ।

ਇਸ ਵੇਲ਼ੇ ਸੂਰਜ ਰੁੱਖਾਂ ਦੀਆਂ ਟੀਸੀਆਂ ਉੱਤੇ ਟਿਕਦਾ ਜਾ ਰਿਹਾ ਸੀ ਪਰ ਜਿਹੜੀ ਚਟਾਨ ਉੱਤੇ ਉਹ ਬੈਠਾ ਹੋਇਆ ਸੀ ਉਸ ਵਿੱਚ ਹਾਲੇ ਵੀ ਦਿਨ ਦਾ ਨਿੱਘ ਬਾਕੀ ਸੀ। ਉਸ ਨੇ ਆਪਣੀ ਦੂਰਬੀਨ ਹੇਠਾਂ ਰੱਖੀ ਤੇ ਅੱਖਾਂ ਬੰਦ ਕਰ ਲਈਆਂ ਤਾਂ ਜੋ ਇਹਨਾਂ ਨੂੰ ਕੁੱਝ ਆਰਾਮ ਮਿਲ ਜਾਵੇ। ਉਸ ਨੂੰ ਅਜੇ ਪਤਾ ਵੀ ਨਹੀਂ ਸੀ ਲੱਗਿਆ ਕਿ ਉਹ ਉਂਘਣ ਲੱਗ ਪਿਆ ਹੈ, ਜਦੋਂ ਉਹ ਨਿੱਘੀ ਚਟਾਨ ਮਲਕੜੇ ਜਿਹੇ ਉੱਥੋਂ ਉੱਡੀ ਤੇ ਉਡਦੀ ਉਡਦੀ ਕਿਧਰੇ ਸ਼ਾਂਤ ਇਕਾਂਤ ਥਾਂ 'ਤੇ ਪਹੁੰਚ ਗਈ। ਵਾਸਕੋਵ ਪੋਲੀ ਪੋਲੀ ਹਵਾ ਨੂੰ ਵੀ ਮਹਿਸੂਸ ਕਰ ਰਿਹਾ ਸੀ ਤੇ ਸਭ ਆਵਾਜ਼ਾਂ ਵੀ ਉਸ ਨੂੰ ਸੁਣਦੀਆਂ ਸਨ ਅਤੇ ਇਸ ਦੇ ਬਾਵਜੂਦ ਉਸ ਨੂੰ ਮਹਿਸੂਸ ਹੁੰਦਾ ਸੀ ਕਿ ਉਹ ਸਟੋਵ ਉੱਤੇ ਲੇਟਿਆ ਹੋਇਆ ਹੈ ਪਰ ਇਸ ਨੂੰ ਕਿਸੇ ਕੱਪੜੇ ਨਾਲ਼ ਕੱਜਣਾ ਭੁੱਲ ਗਿਆ ਹੈ ਤੇ ਇਸ ਬਾਰੇ ਆਪਣੀ ਮਾਂ ਨੂੰ ਦੱਸ ਦੇਣਾ ਚਾਹੀਦਾ ਹੈ। ਉਸ ਨੇ ਆਪਣੀ ਮਾਂ ਨੂੰ ਵੇਖਿਆ ਵੀ–ਫੁਰਤੀਲੀ, ਮਧਰੇ ਕੱਦ ਦੀ ਇੱਕ ਔਰਤ ਜਿਸ ਨੂੰ ਵਰ੍ਹਿਆਂ ਬੱਧੀ ਉਟਕ ਉਟਕ ਕੇ ਹੀ ਨੀਂਦ ਆਉਂਦੀ ਰਹੀ ਸੀ, ਜਿਵੇਂ ਉਸ ਨੂੰ ਆਪਣੀ ਕਿਸਾਨੀ ਜਿੰਦਗੀ ਦੇ ਰੁਝੇਵੇਂ ਵਿੱਚੋਂ ਮਸਾਂ ਹੀ ਕੋਈ ਘੜੀ ਪਲ ਹੱਥ ਆਉਂਦਾ ਹੋਵੇ। ਉਸ ਨੇ ਆਪਣੀ ਮਾਂ ਦੇ ਹੱਥ ਵੇਖੇ, ਇੱਕਦਮ ਪਤਲੇ ਤੇ ਉਂਗਲਾਂ ਢੇਰ ਚਿਰ ਪਹਿਲਾਂ ਗੰਠੀਏ ਤੇ ਸਖਤ ਕੰਮ ਕਰਨ ਨਾਲ਼ ਆਕੜ ਗਈਆਂ ਹੋਈਆਂ ਸਨ। ਉਸ ਨੂੰ ਉਹਦਾ ਝੁਰੜੀਆਂ ਨਾਲ਼ ਭਰਿਆ ਚਿਹਰਾ ਵਿਖਾਈ ਦਿੱਤਾ ਜਿਵੇਂ ਤੰਦੂਰ ਵਿੱਚ ਭੁੰਨਿਆਂ ਸੇਬ ਹੋਵੇ। ਉਸ ਦੀਆਂ ਢਿਲਕੀਆਂ ਹੋਈਆਂ ਗੱਲ੍ਹਾਂ 'ਤੇ ਅੱਥਰੂ ਤਰਦੇ ਵੇਖੇ ਤੇ ਸਮਝ ਲਿਆ ਕਿ ਉਹ ਹਾਲੇ ਵੀ ਮਰ ਗਏ ਈਗਰ ਦੇ ਕੀਰਨੇ ਪਾ ਰਹੀ ਹੈ, ਆਪਣੇ ਆਪ ਨੂੰ ਉਹਦੀ ਮੌਤ ਦੀ ਕਸੂਰਵਾਰ ਸਮਝ ਰਹੀ ਹੈ, ਆਪਣੇ ਦਿਲ ਦੀਆਂ ਬੋਟੀਆਂ ਕਰ ਰਹੀ ਹੈ। ਉਹ ਆਪਣੀ ਮਾਂ ਨਾਲ਼ ਬੜੇ ਲਾਡ ਪਿਆਰ ਦੀਆਂ ਗੱਲਾਂ ਕਰਨੀਆਂ ਚਾਹੁੰਦਾ ਸੀ ਪਰ ਅਚਾਨਕ ਉਹਦੀ ਲੱਤ ਨੂੰ ਕਿਸੇ ਨੇ ਹੱਥ ਨਾਲ਼ ਹਿਲਾਇਆ ਤੇ ਪਤਾ ਨਹੀਂ ਕਿਉਂ ਉਹਨੇ ਸੋਚਿਆ ਕਿ ਇਹ ਤਾਂ ਉਹਦੇ ਪਿਓ ਦਾ ਹੱਥ ਸੀ ਤੇ ਉਹਦਾ ਤ੍ਰਾਹ ਨਿੱਕਲ ਗਿਆ। ਉਸ ਨੇ ਆਪਣੀਆਂ ਅੱਖਾਂ ਖੋਹਲੀਆਂ। ਓਸੀਆਨੀਨਾ ਚਟਾਨ ਉੱਤੇ ਚੜ੍ਹ ਆਈ ਸੀ ਤੇ ਉਹਦੀ ਲੱਤ ਨੂੰ ਹਿਲਾ ਰਹੀ ਸੀ।

"ਜਰਮਨ ?"

"ਕਿੱਥੇ ?" ਉਹ ਬੋਲੀ। ਉਹਦਾ ਤ੍ਰਾਹ ਨਿੱਕਲ ਗਿਆ ਸੀ।

"ਉਫ ਚੁੜੇਲ…ਮੈਂ ਸੋਚਿਆ…"

ਓਸੀਆਨੀਨਾ ਨੇ ਨਜ਼ਰ ਭਰ ਕੇ ਉਹਦੇ ਵੱਲ ਵੇਖਿਆ ਤੇ ਮੁਸਕਰਾ ਪਈ।

"ਸੌਂ ਲਓ ਘੜੀ, ਕਾਮਰੇਡ ਸਾਰਜੈਂਟ ਮੇਜਰ। ਮੈਂ ਤੁਹਾਡਾ ਵੱਡਾ ਕੋਟ ਲਿਆ ਦੇਂਦੀ ਆਂ।"

"ਕੀ ਆਖਦੀ ਏਂ, ਓਸੀਆਨੀਨਾ। ਮੈਨੂੰ ਐਂਵੇ ਝੋਕ ਜਿਹੀ ਆ ਗਈ ਸੀ। ਸਿਗਰਟ ਪੀਣੀ ਚਾਹੀਦੀ ਏ।"

ਉਹ ਹੇਠਾਂ ਆ ਗਿਆ। ਕੀ ਵੇਖਦਾ ਹੈ ਕਿ ਕੋਮੇਲਕੋਵਾ ਇੱਕ ਚਟਾਨ ਦੀ ਓਟ ਲੈ ਕੇ ਆਪਣੇ ਵਾਲ਼ ਸੰਵਾਰ ਰਹੀ ਹੈ। ਉਸ ਦੇ ਕੇਸ ਇੰਨੇ ਲੰਮੇ ਸਨ ਕਿ ਉਸਦੀ ਪਿੱਠ ਵਿਖਾਈ ਨਹੀਂ ਸੀ ਦਿੰਦੀ। ਕੰਘੀ ਨੂੰ ਹੇਠਾਂ ਵੱਲ ਜਿੱਥੋਂ ਤੱਕ ਹੱਥ ਪਹੁੰਚਦਾ ਫੇਰਦੀ, ਫੇਰ ਉਸ ਨੇ ਵਾਲ਼ਾਂ ਨੂੰ ਹੇਠੋਂ ਕਰ ਕੇ ਹੱਥ ਦੁਆਲ਼ੇ ਵਲ ਕੇ ਉੱਚਾ ਕੀਤਾ ਤਾਂ ਜੋ ਉਸ ਸਿਰੇ ਤੱਕ ਕੰਘੀ ਫੇਰ ਸਕੇ। ਉਸ ਦੇ ਵਾਲ਼ ਬੜੇ ਸੰਘਣੇ ਤੇ ਮੁਲਾਇਮ ਸਨ ਤੇ ਰੰਗ ਪਾਲਸ ਕੀਤੇ ਹੋਏ ਤਾਂਬੇ ਵਰਗਾ। ਉਹਦੇ ਹੱਥ ਬੜੇ ਆਰਾਮ ਨਾਲ਼ ਕੰਮ ਕਰ ਰਹੇ ਸਨ। ਉਸ ਨੂੰ ਕਿਸੇ ਗੱਲ ਦੀ ਕਾਹਲੀ ਨਹੀਂ ਸੀ।

"ਖਜਾਬ ਲਾਇਆ ਹੋਇਐ, ਮੇਰੀ ਜਾਂਚੇ ?" ਸਾਰਜੈਂਟ ਮੇਜਰ ਨੇ ਆਖਿਆ ਤੇ ਅਚਾਨਕ ਉਹ ਡਰ ਗਿਆ ਕਿ ਜੇ ਉਹ ਵਿਗੜ ਗਈ ਤਾਂ ਸਭ ਕੁੱਝ ਬਰਬਾਦ ਹੋ ਜਾਏਗਾ।

"ਕੁਦਰਤੀ, ਮੈਂ ਕੋਈ ਖਿਲਾਰਾ ਤਾਂ ਨਹੀਂ ਪਾਇਆ ?"

"ਫਿਕਰ ਨਾ ਕਰ।"

"ਤੁਸੀਂ ਸੋਚਦੇ ਸਮਝਦੇ ਨਹੀਂ, ਲੀਜਾ ਬਰੀਚਕੀਨਾ ਵੇਖ ਰਹੀ ਏ। ਉਹਦੀ ਨਜ਼ਰ ਬੜੀ ਤੇਜ਼ ਏ।"

"ਠੀਕ ਏ, ਠੀਕ ਏ। ਤੂੰ ਆਪਣਾ ਨਿਤਕਰਮ ਕਰੀ ਚੱਲ ਤੇ ਮੁਕਾ ਇਸ ਨੂੰ..."

ਹਾਏ ਰੱਬਾ, ਫੇਰ ਉਹੋ ਲਫਜ਼। ਪਰ ਮੁਸ਼ਕਲ ਤਾਂ ਇਹ ਹੈ ਕਿ ਇਹ ਨੇਮਾਂ ਵਿੱਚ ਦਰਜ ਹਨ। ਕੁੱਝ ਲਫਜ਼ ਉਹਦੇ ਦਿਮਾਗ ਵਿੱਚ ਸਦਾ ਵਾਸਤੇ ਉਕਰੇ ਹੋਏ ਨੇ। ਤੂੰ ਨਿਰਾ ਰਿੱਛ ਹੈਂ, ਵਾਸਕੋਵ, ਜੰਗਲੀ ਰਿੱਛ !...

ਉਹਦੀ ਤਿਊੜੀ ਚੜ੍ਹ ਗਈ। ਉਸ ਨੇ ਸਿਗਰਟ ਸੁਲਘਾਈ ਤੇ ਧੂਏਂ ਦਾ ਓਹਲਾ ਕਰ ਲਿਆ।

"ਕਾਮਰੇਡ ਸਾਰਜੈਂਟ ਮੇਜ਼ਰ, ਵਿਆਹੇ ਹੋਏ ਓ ?"

ਉਸ ਨੇ ਕੋਮੇਲਕੋਵਾ ਵੱਲ ਵੇਖਿਆ। ਇੱਕ ਹਰੀ ਅੱਖ ਲਾਖੀਆਂ ਲਿਟਾਂ ਵਿੱਚੋਂ ਦੀ ਉਹਦੇ ਵੱਲ ਝਾਕ ਰਹੀ ਸੀ। ਇਹ ਕੋਈ ਅੱਖ ਸੀ! 152 ਐਮ ਐਮ ਦੀ ਹੋਵਿਟਜ਼ਰ ਤੋਪ ਵਰਗੀ ਮਾਰੂ ਅੱਖ।

"ਵਿਆਹਿਆ ਹੋਇਆ, ਕਾਮਰੇਡ ਸੈਨਿਕ ਕੋਮੇਲਕੋਵਾ।"

ਕੁਦਰਤੀ ਗੱਲ ਹੈ ਕਿ ਉਹ ਝੂਠ ਬੋਲ ਰਿਹਾ ਸੀ। ਪਰ ਇਸ ਤਰਾਂ ਦੇ ਸਾਥ ਵਿੱਚ ਹੋਰ ਕੁੱਝ ਕੀਤਾ ਵੀ ਨਹੀਂ ਸੀ ਜਾ ਸਕਦਾ। ਇਸ ਨਾਲ਼ ਬੰਦੇ ਦੀ ਪੁਜੀਸ਼ਨ ਸਾਫ ਹੋ ਜਾਂਦੀ ਹੈ ਕਿ ਕੌਣ ਕਿੱਥੇ ਖੜ੍ਹਾ ਹੈ।

"ਤੇ ਤੁਹਾਡੀ ਬੀਵੀ ਕਿੱਥੇ ਹੈ ?"

"ਹੋਰ ਕਿੱਥੇ ਹੋਣਾ ਏ, ਘਰ।"

"ਕੋਈ ਬਾਲ ਬੱਚਾ ਵੀ ਹੈ ?"

"ਬਾਲ ਬੱਚਾ ?" ਫੇਦੋਤ ਵਾਸਕੋਵ ਨੇ ਹੌਂਕਾ ਲਿਆ। "ਇੱਕ ਮੁੰਡਾ ਹੋਇਆ ਸੀ। ਉਹਦੀ ਮੌਤ ਹੋ ਗਈ। ਜੰਗ ਤੋਂ ਥੋੜ੍ਹਾ ਚਿਰ ਪਹਿਲੋਂ।"

"ਮੌਤ ਹੋ ਗਈ ?"

ਉਹਨੇ ਝਟਕੇ ਨਾਲ਼ ਆਪਣੇ ਵਾਲ਼ ਪਿੱਠ ਵੱਲ ਸੁੱਟੇ ਤੇ ਉਹਦੇ ਵੱਲ ਵੇਖਣ ਲੱਗੀ, ਸਿੱਧਾ ਉਹਦੇ ਦਿਲ ਵਿੱਚ। ਹਾਂ, ਐਨ ਦਿਲ ਵਿੱਚ ਤੇ ਉਹ ਹੋਰ ਕੁੱਝ ਨਹੀਂ ਬੋਲੀ। ਉਸ ਨੇ ਪਰਚਾਉਣੀ ਦਾ ਕੋਈ ਲਫਜ ਨਹੀਂ ਆਖਿਆ, ਕੋਈ ਮਖੌਲ ਨਹੀਂ ਕੀਤਾ, ਕੋਈ ਝੱਲੀ ਗੱਲ ਨਹੀਂ ਕੀਤੀ। ਕਿਸੇ ਤਰਾਂ ਵਾਸਕੋਵ ਆਪਣੇ ਆਪ ਨੂੰ ਕਾਬੂ ਵਿੱਚ ਨਾ ਰੱਖ ਸਕਿਆ ਤੇ ਹੌਂਕਾ ਭਰ ਕੇ ਬੋਲਿਆ–

"ਮਾੜ੍ਹਾ ਜਿਹਾ ਕਸੂਰ ਮਾਂ ਦਾ ਸੀ...."

ਇਹ ਗੱਲ ਮੂਹੋਂ ਕਢਦਿਆਂ ਹੀ ਉਸਨੂੰ ਪਛਤਾਵਾ ਲੱਗ ਗਿਆ। ਐਸਾ ਪਛਤਾਵਾ ਲੱਗਾ ਤੇ ਅਫਸੋਸ ਹੋਇਆ ਕਿ ਉਹ ਭੁੜਕ ਕੇ ਉਠ ਖੜ੍ਹਾ ਹੋਇਆ ਤੇ ਆਪਣੀ ਕਮੀਜ਼ ਠੀਕ-ਠਾਕ ਕਰਨ ਲੱਗ ਪਿਆ ਜਿਵੇਂ ਮੁਆਇਨਾਂ ਹੋਣਾ ਹੋਵੇ।

"ਏਥੋਂ ਕੋਈ ਖ਼ਬਰ ਏ, ਓਸੀਆਨੀਨਾ ?"

"ਕੋਈ ਵਿਖਾਈ ਨਹੀਂ ਦਿੰਦਾ ਕਾਮਰੇਡ ਸਾਰਜੈਂਟ ਮੇਜਰ।"

"ਤਾੜ ਰੱਖੀਂ ਚੱਲ।"

ਉਹ ਇੱਕ ਕੋਲ਼ੋਂ ਹਟ ਕੇ ਦੂਜੀ ਸੈਨਿਕ ਕੋਲ਼ ਚਲਾ ਗਿਆ।

ਸੂਰਜ ਚਿਰੋਕਣਾ ਅਸਤ ਹੋ ਗਿਆ ਹੋਇਆ ਸੀ, ਪਰ ਚਾਨਣ ਹਾਲੇ ਵੀ ਇਸ ਤਰਾਂ ਸੀ ਜਿਸ ਤਰਾਂ ਲੋਅ ਲੱਗਣ ਤੋਂ ਪਹਿਲਾਂ ਹੁੰਦਾ ਹੈ ਅਤੇ ਆਪਣੀ ਚਟਾਨ ਦੇ ਪਿੱਛੇ ਸੈਨਿਕ ਗੁਰਵਿਚ ਇੱਕ ਕਿਤਾਬ ਪੜ੍ਹ ਰਹੀ ਸੀ। ਹੌਲ਼ੀ-ਹੌਲ਼ੀ ਮਿਣ ਮਿਣ ਕਰਨ ਦੀ ਆਵਾਜ ਆ ਰਹੀ ਸੀ ਜਿਵੇਂ ਕੋਈ ਪਾਠ ਕਰ ਰਿਹਾ ਹੋਵੇ ਅਤੇ ਵਾਸਕੋਵ ਉਹਦੀ ਪੜ੍ਹਾਈ ਵਿੱਚ ਵਿਘਨ ਪਾਉਣ ਤੋਂ ਪਹਿਲਾਂ ਕੁੱਝ ਦੇਰ ਖਲੋਤਾ ਸੁਣਦਾ ਰਿਹਾ।

ਜਿਨ੍ਹਾਂ ਜਨਮ ਲਿਆ ਸੀ ਸਿੱਥਲ ਵਰ੍ਹਿਆਂ ਵਿੱਚ
ਉਹਨਾਂ ਨੂੰ ਨਹੀਂ ਯਾਦ ਆਪਣੇ ਬੀਤੇ ਦੀ
ਅਸੀਂ ਰੂਸ ਦੇ ਬਾਲ ਭਿਅੰਕਰ ਸਾਲਾਂ ਦੇ
ਕਦੇ ਆਪਣਾ ਵੀ ਤਾਂ ਕੁੱਝ ਭੁੱਲ ਸਕਦੇ ਨਹੀਂ।

ਫੂਕ ਸੁਆਹ ਵਿੱਚ ਸੁੱਟਣ ਵਾਲ਼ੇ ਵਰ੍ਹਿਓ ਵੇ !
ਖ਼ਬਰ ਲਿਆਏ ਪਾਗਲਪਣ ਜਾਂ ਆਸਾਂ ਦੀ
ਝਲਕ ਲਹੂ ਦੀ ਦਿਸਦੀ ਸਾਡੇ ਚਿਹਰਿਆਂ ਤੇ
ਅਜ਼ਾਦੀ ਦੇ ਦਿਨਾਂ, ਯੁੱਧ ਦੇ ਸਮਿਆਂ ਦੀ...

"ਕੀਹਨੂੰ ਪੜ੍ਹ ਕੇ ਸੁਣਾਉਂਦੀ ਏਂ ?" ਉਸ ਨੇ ਸੈਨਿਕ ਦੇ ਨੇੜੇ ਹੋ ਕੇ ਪੁੱਛਿਆ।

ਦੁਭਾਸ਼ਣ ਘਬਰਾ ਗਈ (ਆਖਰ ਉਸ ਨੂੰ ਤਾੜ ਰੱਖਣ ਦਾ ਹੁਕਮ ਦਿੱਤਾ ਗਿਆ ਸੀ) ਉਸ ਨੇ ਕਿਤਾਬ ਰੱਖ ਦਿੱਤੀ ਤੇ ਉਹ ਉੱਠਣ ਹੀ ਵਾਲ਼ੀ ਸੀ ਪਰ ਸਾਰਜੈਂਟ ਮੇਜਰ ਨੇ ਹੱਥ ਨਾਲ਼ ਬੈਠੇ ਰਹਿਣ ਦਾ ਇਸ਼ਾਰਾ ਕਰ ਦਿੱਤਾ।

"ਮੈਂ ਪੁੱਛਿਆ ਸੀ ਕੀਹਨੂੰ ਪੜ੍ਹ ਕੇ ਸੁਣਾਉਂਦੀ ਏਂ ?"

"ਕਿਸੇ ਨੂੰ ਵੀ ਨਹੀਂ। ਆਪਣੇ ਆਪ ਨੂੰ। "

"ਫੇਰ ਉੱਚੀ ਕਿਉਂ ਪੜ੍ਹਦੀ ਏਂ ?"

"ਇਹ ਕਵਿਤਾ ਜੋ ਹੋਈ...."

"ਹੱ....ਛਾ....." ਵਾਸਕੋਵ ਨੂੰ ਗੱਲ ਦੀ ਸਮਝ ਨਹੀਂ ਆਈ। ਉਸ ਨੇ ਕਿਤਾਬ ਚੁੱਕ ਲਈ— ਇਹ ਛੋਟੀ ਜਿਹੀ ਕਿਤਾਬ ਘੜੀ ਸੀ ਗਰਨੇਡ ਲਾਂਚਰ ਦੀ ਵਰਤੋਂ ਕਰਨ ਦੀਆਂ ਹਦਾਇਤਾਂ ਵਾਲ਼ੀ ਕਿਤਾਬ ਵਾਂਗ—ਤੇ ਇਸ ਦੇ ਪੰਨਿਆਂ ਉੱਤੇ ਨਜ਼ਰ ਮਾਰੀ।" ਆਪਣੇ ਦੀਦੇ ਗਾਲ ਲਵੇਂਗੀ।"

"ਚਾਨਣ ਹੈ, ਕਾਮਰੇਡ ਸਾਰਜੈਂਟ ਮੇਜਰ।"

"ਹਾਂ, ਮੈਂ ਵੈਸੇ ਗੱਲ ਕੀਤੀ ਸੀ।....ਤੇ ਵੇਖ ਗੱਲ ਸੁਣ, ਤੈਨੂੰ ਇਹਨਾਂ ਪੱਥਰਾਂ ਉੱਤੇ ਨਹੀਂ ਬਹਿਣਾ ਚਾਹੀਦਾ। ਇਹ ਛੇਤੀ ਹੀ ਠੰਡੇ ਹੋ ਜਾਂਦੇ ਨੇ ਤੇ ਪਤਾ ਵੀ ਨਹੀਂ ਲੱਗਣਾ ਕਿ ਠੰਡ ਤੁਹਾਡੇ ਅੰਦਰ ਕਦੋਂ ਵੜ ਗਈ। ਆਪਣੇ ਵੱਡੇ ਕੋਟ ਉੱਤੇ ਬੈਠ।"

"ਬਹੁਤ ਹੱਛਾ, ਕਾਮਰੇਡ ਸਾਰਜੈਂਟ ਮੇਜ਼ਰ। ਸ਼ੁਕਰੀਆ।"

"ਪਰ ਉੱਚੀ ਨਾ ਪੜ੍ਹ। ਤ੍ਰਕਾਲਾਂ ਵੇਲ਼ੇ ਦੀ ਹਵਾ ਸਿੱਲ੍ਹੀ ਹੁੰਦੀ ਹੈ ਤੇ ਆਵਾਜ਼ ਦੂਰ ਚਲੀ ਜਾਂਦੀ ਹੈ ਤੇ ਪ੍ਰਭਾਤ ਵੇਲ਼ੇ ਇੱਥੇ ਇੰਨੀ ਚੁੱਪ ਹੁੰਦੀ ਹੈ ਕਿ ਪੰਜ ਵੇਰਸਤ ਦੂਰ ਬੰਦੇ ਦੀ ਗੱਲ ਸੁਣ ਸਕਦੀ ਹੈ। ਨਿਗਾਹ ਰੱਖ। ਚੰਗੀ ਤਰਾਂ ਨਿਗਾਹ ਰੱਖ , ਸੈਨਿਕ ਗੁਰਵਿਚ।"

ਬਰੀਚਕੀਨਾ ਝੀਲ ਦੇ ਬਹੁਤੀ ਨੇੜੇ ਸੀ ਅਤੇ ਹਾਲੇ ਉਹ ਨੇੜੇ ਨਹੀਂ ਸੀ ਪੁੱਜਾ ਕਿ ਵਾਸਕੋਵ ਖੁਸ਼ੀ ਨਾਲ਼ ਮੁਸਕਰਾ ਪਿਆ। ਇਹ ਸੀ ਅਸਲੀ ਹੁਸ਼ਿਆਰ ਕੁੜੀ! ਉਸ ਨੇ ਫਰ ਦੇ ਰੁੱਖ ਤੋਂ ਕੁੱਝ ਟਹਿਣੀਆਂ ਤੋੜ ਲਈਆਂ ਸਨ, ਦੋ ਚਟਾਨਾਂ ਦੇ ਵਿਚਕਾਰ ਇੱਕ ਨਿੱਘਾ ਜਿਹਾ ਘੁਰਨਾ ਬਣਾ ਲਿਆ ਸੀ ਤੇ ਉਪਰੋਂ ਆਪਣੇ ਵੱਡੇ ਕੋਟ ਨਾਲ਼ ਕੱਜ ਲਿਆ। ਬੜੀ ਤਜ਼ਰਬੇਕਾਰ ਕੁੜੀ ਸੀ। ਉਸ ਨੂੰ ਬੜੀ ਉਤਸੁਕਤਾ ਹੋਈ ਤੇ ਉਹਨੇ ਪੁੱਛਿਆ–

"ਕਿਹੜੇ ਇਲਾਕੇ ਤੋਂ ਏਂ, ਬਰੀਚਕੀਨਾ ?"

"ਬਰੀਆਨਸਕ ਇਲਾਕੇ ਤੋਂ, ਕਾਮਰੇਡ ਸਾਰਜੈਂਟ ਮੇਜਰ।"

"ਸਾਂਝੇ ਫਾਰਮ 'ਤੇ ਕੰਮ ਕਰਦੀ ਸੀ ?"

"ਹਾਂ। ਪਰ ਬਹੁਤਾ ਕਰਕੇ ਪਿਓ ਦਾ ਹੱਥ ਵਟਾਉਂਦੀ ਸੀ। ਉਹ ਜੰਗਲਾਤ ਦੇ ਮਹਿਕਮੇ ਵਿੱਚ ਕੰਮ ਕਰਦੈ, ਅਸੀਂ ਓਹਦੇ ਅਧਿਕਾਰ ਹੇਠਲੇ ਜੰਗਲੀ ਇਲਾਕੇ ਵਿੱਚ ਰਹਿੰਦੇ ਸਾਂ।"

"ਤਾਂ ਫੇਰ ਇਸੇ ਕਰਕੇ ਤੂੰ ਪੰਖੇਰੂਆਂ ਦੀ ਆਵਾਜ਼ ਚੰਗੀ ਤਰਾਂ ਕੱਢ ਲੈਂਦੀ ਏਂ।"

ਉਹ ਹੱਸ ਪਈ। ਇਹ ਕੁੜੀਆਂ ਹਰ ਵੇਲ਼ੇ ਹੱਸਦੀਆਂ ਰਹਿੰਦੀਆਂ ਸਨ, ਹਾਲੇ ਵੀ ਉਹਨਾਂ ਦੀ ਆਦਤ ਨਹੀਂ ਗਈ।

"ਕੁੱਝ ਵਿਖਾਈ ਤਾਂ ਨਹੀਂ ਦਿੱਤਾ ਤੈਨੂੰ ?"

" ਹਾਲੇ ਤੱਕ ਤਾਂ ਚੁੱਪ ਚਾਂ ਹੀ ਏ।"

"ਪੂਰੀ ਤਰਾਂ ਚੌਕਸ ਰਹਿ, ਬਰੀਚਕੀਨਾ। ਕਿਸੇ ਵੀ ਝਾੜੀ ਵਿੱਚ ਕੋਈ ਹਿੱਲ ਜੁੱਲ ਹੋਵੇ ਜਾਂ ਪੰਛੀ ਹੀ ਕਿਸੇ ਡਰ ਖਤਰੇ ਨੂੰ ਮਹਿਸੂਸ ਕਰਨ, ਤਾਂ ਧਿਆਨ ਰੱਖੀਂ। ਤੂੰ ਜੰਗਲ ਵਿੱਚ ਰਹਿਣ ਵਾਲ਼ੀ ਏਂ, ਤੂੰ ਸਭ ਕੁੱਝ ਜਾਣਦੀ ਬੁਝਦੀ ਏਂ।"

"ਹਾਂ, ਜਾਣਦੀ ਆਂ।"

"ਗੱਲ ਹੋਈ ਨਾ...."

ਉਹ ਕਦੇ ਇੱਕ ਲੱਤ ਦੇ ਭਾਰ ਖਲੋਂਦਾ ਕਦੇ ਦੂਜੀ ਦੇ। ਉਸ ਨੂੰ ਜਾਪਦਾ ਸੀ ਕਿ ਉਹਨੇ ਸਾਰੀ ਗੱਲ ਕਰ ਲਈ ਹੈ, ਸਭ ਹਦਾਇਤਾਂ ਦੇ ਦਿੱਤੀਆਂ ਹਨ ਤੇ ਹੁਣ ਉਸ ਨੂੰ ਜਾਣਾ ਚਾਹੀਦਾ ਹੈ, ਪਰ ਉਹਦੀਆਂ ਲੱਤਾਂ ਜਿਵੇਂ ਉੱਥੇ ਹੀ ਗੱਡੀਆਂ ਗਈਆਂ ਸਨ। ਇਹ ਕੁੜੀ ਉਹਦੇ ਦਿਲ ਨੂੰ ਭਾ ਗਈ ਸੀ, ਜੰਗਲ ਵਿੱਚ ਰਹਿਣ ਵਾਲ਼ੀ ਕੁੜੀ। ਉਸ ਨੇ ਆਪਣੇ ਆਪ ਨੂੰ ਕੁੱਝ ਨਿੱਘੀ ਕੀਤਾ ਹੋਇਆ ਸੀ ਤੇ ਉਹਦੇ ਕੋਲ਼ੋਂ ਡਾਢਾ ਸੇਕ ਆ ਰਿਹਾ ਸੀ— ਉਸ ਰੂਸੀ ਤੰਦੂਰ ਵਾਂਗ ਜਿਸਦਾ ਥੋੜ੍ਹਾ ਚਿਰ ਪਹਿਲਾਂ ਉਸ ਸੁਪਨਾ ਆਇਆ ਸੀ।

"ਲੀਜ਼ਾ, ਲੀਜ਼ਾ, ਲੀਜ਼ਾਵੇਤਾ, ਚਿੱਠੀ ਪਾਉਣ ਦਾ ਕਿਉਂ ਭੁੱਲ ਗਈ ਚੇਤਾ, ਪ੍ਰੀਤਮ ਖਾਤਰ ਗਾ ਕੋਈ ਗੀਤ, ਜਾਂ ਨਹੀਂ ਤੈਨੂੰ ਸੱਚੀ ਪ੍ਰੀਤ", ਸਾਰਜੈਂਟ ਮੇਜਰ ਇੱਕੋ ਸਾਹੇ ਬੋਲ ਗਿਆ ਤੇ ਫੇਰ ਰੁੱਖੀ ਜਿਹੀ ਆਵਾਜ਼ ਵਿੱਚ ਸਮਝਾਣ ਲੱਗਾ- "ਇਹ ਸਾਡੇ ਇਲਾਕੇ ਦਾ ਇੱਕ ਟੱਪਾ ਹੈ। "

"ਸਾਡੇ ਇਲਾਕੇ ਵਿੱਚ ਵੀ..."

"ਮਗਰੋਂ ਆਪਾਂ ਰਲ ਕੇ ਗਾਵਾਂਗੇ, ਲੀਜ਼ੇਵੇਤਾ। ਅਸੀਂ ਆਪਣਾ ਇਹ ਮਿਸ਼ਨ ਪੂਰਾ ਕਰ ਲਈਏ ਤੇ ਫਿਰ ਅਸੀਂ ਗਾਵਾਂਗੇ।"

"ਸੱਚ ਆਖਦੇ ਓ ? ਲੀਜ਼ਾ ਮੁਸਕਰਾਈ।

"ਸੱਚ ਕਹਿੰਦਾ ਹਾਂ।"

ਸਾਰਜੈਂਟ ਮੇਜਰ ਨੇ ਅਚਾਨਕ ਉਸ ਨੂੰ ਅੱਖ ਮਾਰੀ, ਜਿਸ ਤੋਂ ਉਹ ਬਰੀਚਕੀਨਾ ਨਾਲ਼ੋਂ ਆਪ ਬਹੁਤਾ ਹੈਰਾਨ ਸੀ, ਆਪਣੀ ਟੋਪੀ ਨੂੰ ਠੀਕ ਠਾਕ ਕੀਤਾ ਤੇ ਉੱਥੋਂ ਤੁਰ ਪਿਆ। ਬਰੀਚਕੀਨਾ ਨੇ ਉਸ ਨੂੰ ਪਿੱਛੋਂ ਆਵਾਜ਼ ਦਿੱਤੀ-

"ਯਾਦ ਰੱਖਿਓ ਫੇਰ , ਕਾਮਰੇਡ ਸਾਰਜੈਂਟ ਮੇਜਰ! ਤੁਸੀਂ ਕੌਲ ਕੀਤਾ ਏ!"

ਉਸ ਨੇ ਕੋਈ ਜਵਾਬ ਨਹੀਂ ਸੀ ਦਿੱਤਾ ਪਰ ਪਹਾੜੀ ਦੀ ਦੰਦੀ ਉੱਤੋਂ ਦੀ ਰਾਖਵੇਂ ਮੋਰਚੇ ਵੱਲ ਜਾਂਦਾ ਹੋਇਆ ਉਹ ਮੁਸਕਰਾਉਂਦਾ ਰਿਹਾ ਸੀ। ਮੋਰਚੇ 'ਤੇ ਪਹੁੰਚ ਕੇ ਉਸ ਦੇ ਚਿਹਰੇ ਦੀ ਮੁਸਕਰਾਹਟ ਉੱਡ ਗਈ ਤੇ ਉਹ ਸੈਨਿਕ ਚਿਤਵਿਰਤਕ ਦਾ ਲੁਕਵਾਂ ਟਿਕਾਣਾ ਲੱਭਣ ਲੱਗ ਪਿਆ।

ਸੈਨਿਕ ਚਿਤਵਿਰਤਕ ਇੱਕ ਟਿੱਲੇ ਦੀ ਆੜ ਵਿੱਚ ਉਹਨਾਂ ਦੇ ਬੰਡਲਾਂ ਉੱਤੇ ਬੈਠੀ ਹੋਈ ਸੀ। ਆਪਣਾ ਕੋਟ ਘੁੱਟ ਕੇ ਉਹਨੇ ਆਪਣੇ ਦੁਆਲੇ ਲਪੇਟਿਆ ਹੋਇਆ ਸੀ ਤੇ ਆਪਣੇ ਹੱਥ ਕੋਟ ਦੀਆਂ ਬਾਹਵਾਂ ਵਿੱਚ ਤੁੰਨੇ ਹੋਏ ਸਨ। ਕਾਲਰ ਉੱਪਰ ਨੂੰ ਚੁੱਕਿਆ ਹੋਇਆ ਸੀ ਜਿਸ ਨਾਲ਼ ਉਹਦਾ ਸਿਰ ਤੇ ਉਹਦੀ ਸੈਨਿਕ ਵਾਲ਼ੀ ਟੋਪੀ ਲੁਕ ਗਈ ਸੀ। ਸਿਰਫ ਉਹਦਾ ਝੰਵਿਆਂ ਹੋਇਆ, ਲਾਲ, ਪਤਲਾ ਨੱਕ ਹੀ ਬਾਹਰ ਨਿੱਕਲਿਆ ਹੋਇਆ ਸੀ।

"ਤੂੰ ਗੁੱਛਾ ਮੁੱਛਾ ਜਿਹੀ ਕਿਉਂ ਹੋਈ ਬੈਠੀ ਏਂ, ਕਾਮਰੇਡ ਸੈਨਿਕ ?"

"ਪਾਲ਼ਾ ਲਗਦਾ ਏ...."

ਉਸ ਨੇ ਆਪਣਾ ਹੱਥ ਅਗਾਂਹ ਵਧਾਇਆ ਤਾਂ ਚਿਤਵਿਰਤਕ ਇੱਕਦਮ ਪਿੱਛੇ ਹਟ ਗਈ। ਮੂਰਖ ਕੁੜੀ ਨੇ ਸਮਝਿਆ ਜਿਵੇਂ ਉਹ ਉਸ ਨੂੰ ਖਾ ਜਾਣਾ ਚਾਹੁੰਦਾ ਹੋਵੇ ਜਾਂ ਖ਼ਬਰੇ....

"ਆਰਾਮ ਨਾਲ਼ ਬੈਠੀ ਨਹੀਂ ਰਹਿ ਸਕਦੀ, ਹੈਂ! ਮੱਥੇ 'ਤੇ ਹੱਥ ਰੱਖਣ ਦੇ। ਉਰੇ ਹੋ!"

ਉਸ ਨੇ ਆਪਣੀ ਧੌਣ ਅਗਾਂਹ ਕਰ ਦਿੱਤੀ ਅਤੇ ਸਾਰਜੈਂਟ ਮੇਜਰ ਨੇ ਉਹਨੇ ਮੱਥੇ ਉੱਤੇ ਆਪਣਾ ਹੱਥ ਰੱਖ ਕੇ ਵੇਖਿਆ। ਹਾਂ, ਮੱਥਾ ਗਰਮ ਸੀ। ਭਖ ਰਿਹਾ ਸੀ। ਬੇੜਾ ਗਰਕ ਇਹਨਾਂ ਕੁੜੀਆਂ ਦਾ।

"ਤੈਨੂੰ ਤਾਂ ਬੁਖਾਰ ਏ, ਕਾਮਰੇਡ ਸੈਨਿਕ। ਪਤਾ ਈ ?"

ਉਹ ਅੱਗੋਂ ਕੁੱਝ ਨਹੀਂ ਬੋਲੀ। ਉਹਦੀਆਂ ਅੱਖਾਂ ਉਦਾਸ ਸਨ। ਵਹਿੜਕੀ ਦੀਆਂ ਅੱਖਾਂ ਵਾਂਗ ਉਦਾਸ। ਉਹ ਕਿਸੇ ਨੂੰ ਦੋਸ਼ੀ ਠਹਿਰਾ ਰਹੀਆਂ ਸਨ। ਇਹ ਜਿੱਲ੍ਹਣ ਕਰਕੇ ਹੀ ਹੋਇਆ ਹੈ, ਮੇਰੀ ਜਾਚੇ, ਸਾਰਜੈਂਟ ਮੇਜਰ। ਤੇਰੀ ਸੈਨਿਕ ਦਾ ਬੂਟ ਗੁਆਚ ਗਿਆ ਸੀ ਨਾ, ਤੇ ਤੂੰ ਕਾਹਲੀ ਪਾ ਦਿੱਤੀ, ਉੱਤੋਂ ਮਈ ਦੀਆਂ ਠੰਡੀਆਂ ਹਵਾਵਾਂ। ਸੋ ਇੱਕ ਸੈਨਿਕ ਦੀ ਤਬੀਅਤ ਖਰਾਬ ਹੋ ਗਈ, ਉਹਨੇ ਆਪਣੇ ਮਨ ਵਿੱਚ ਸੋਚਿਆ। ਬਾਕੀ ਟੋਲੀ ਉੱਤੇ ਇੱਕ ਭਾਰ, ਤੇ ਉਹਦੀ ਆਪਣੀ ਜ਼ਮੀਰ ਉੱਤੇ ਇੱਕ ਭਾਰ।

ਫੇਦੋਤ ਵਾਸਕੋਵ ਨੇ ਆਪਣਾ ਕਿੱਟ-ਬੈਗ ਚੁੱਕ ਲਿਆਂਦਾ, ਇਸ ਨੂੰ ਖੋਹਲਿਆ ਤੇ ਅੰਦਰੋਂ ਫਰੋਲਣ ਲੱਗਾ। ਉਸ ਨੇ ਆਪਣਾ ਬੜਾ ਹੀ ਅਹਿਮ ਫੌਲਾਦੀ ਰਾਸ਼ਨ ਉਹਦੇ ਵਿੱਚ ਲੁਕਾਇਆ ਹੋਇਆ ਸੀ—ਸ਼ਰਾਬ ਨਾਲ ਭਰੀ ਫਲਾਸਕ, ਸਾਢੇ ਸੱਤ ਸੌ ਗਰਾਮ ਵਾਲੀ। ਉਸ ਨੇ ਥੋੜੀ ਜਿਹੀ ਸ਼ਰਾਬ ਇੱਕ ਮੱਗ ਵਿੱਚ ਪਾਈ।

"ਸੁੱਕੀ ਹੀ ਪੀ ਲਵੇਂਗੀ ਜਾਂ ਪਾਣੀ ਪਾਵਾਂ ?"

"ਇਹ ਕੀ ਏ ?"

"ਦਵਾਈ... ਸ਼ਰਾਬ ਏ ਥੋੜੀ ਜਿਹੀ, ਹੈ। ਕਿਉਂ ?"

"ਨਹੀਂ, ਨਹੀਂ, ਮੈਂ ਨਹੀਂ ਪੀਣੀ!" ਉਸ ਨੇ ਹੱਥ ਮਾਰਦਿਆਂ ਆਖਿਆ।

"ਇਹ ਹੁਕਮ ਹੈ।"

ਥੋੜਾ ਕੁ ਸੋਚ ਕੇ, ਸਾਰਜੈਂਟ-ਮੇਜਰ ਨੇ ਉਸ ਵਿੱਚ ਥੋੜਾ ਜਿਹਾ ਪਾਣੀ ਪਾ ਦਿੱਤਾ।

"ਪੀ ਜਾ, ਤੇ ਮਗਰੋਂ ਘੁਟ ਭਰ ਲਈਂ ਪਾਣੀ ਦਾ।"

"ਨਹੀਂ, ਨਹੀਂ! ਕੀ ਕਰਦੇ ਓ..."

"ਪੀ ਲੈ ਚੁੱਪ ਕਰ ਕੇ। ਬੋਲਣ ਦੀ ਨਹੀਂ ਲੋੜ!"

"ਪਰ, ਇਹ ਤੁਸੀਂ ਕੀ ਕਰਦੇ ਓ! ਮੇਰੀ ਮਾਂ ਆਪ ਡਾਕਟਰ ਏ..."

"ਏਥੇ ਕੋਈ ਮਾਂ ਨਹੀਂ ਬੈਠੀ ਕਿਸੇ ਦੀ। ਏਥੇ ਲੜਾਈ ਹੈ, ਜਰਮਨ ਨੇ, ਮੈਂ ਹਾਂ, ਸਾਰਜੈਂਟ-ਮੇਜਰ। ਮਾਂ ਕੋਈ ਨਹੀਂ। ਮਾਵਾਂ ਉਹਨਾਂ ਦੀਆਂ ਹੋਣਗੀਆਂ ਜਿਹੜੇ ਲੜਾਈ ਵਿਚ ਬਚੇ ਰਹਿ ਗਏ। ਆਈ ਸਮਝ ?"

ਉਸ ਨੇ ਸਿਰ ਹਿਲਾ ਦਿੱਤਾ। ਉਹਦਾ ਗੱਚ ਭਰ ਆਇਆ ਸੀ। ਉਹਦੀਆਂ ਅੱਖਾਂ ਵਿੱਚ ਅੱਥਰੂ ਆ ਗਏ ਤੇ ਉਹ ਅਵਾ ਤਵਾ ਬੋਲਣ ਲੱਗ ਪਈ। ਵਾਸਕੋਵ ਨੇ ਉਹਦੀ ਪਿੱਠ ਨੂੰ ਪਲੋਸਿਆ, ਉਹ ਸੰਭਲ ਗਈ ਅਤੇ ਆਪਣੇ ਅੱਥਰੂ ਪੂੰਝਣ ਦੇ ਵਿਅਰਥ ਯਤਨ ਕਰਨ ਲੱਗੀ। ਮੁਸਕਰਾਉਂਦੀ ਹੋਈ ਉਹ ਬੋਲੀ-

"ਹਾਏ ਮੇਰਿਆ ਰੱਬਾ, ਮੇਰਾ ਸਿਰ ਚਕਰਾ ਰਿਹੈ....।"

"ਭਲਕ ਤਾਈਂ ਠੀਕ ਹੋ ਜਾਏਂਗੀ।" ਉਸ ਨੇ ਥੱਬਾ ਕੁ ਫਰ ਦੀਆਂ ਟਹਿਣੀਆਂ

ਲਿਆਂਦੀਆਂ ਤੇ ਉਹਦੇ ਵਾਸਤੇ ਇੱਕ ਵਿਸਤਰਾ ਜਿਹਾ ਬਣਾ ਦਿੱਤਾ ਤੇ ਉਹਦੇ ਸਰੀਰ ਉਤੇ ਆਪਣਾ ਵੱਡਾ ਕੋਟ ਪਾ ਕੇ ਆਖਿਆ–

"ਆਰਾਮ ਕਰ, ਕਾਮਰੇਡ ਸੈਨਿਕ।"

"ਪਰ ਆਪਣੇ ਕੋਟ ਬਗੈਰ ਤੁਹਾਡਾ ਕਿਵੇਂ ਗੁਜਾਰਾ ਹੋਵੇਗਾ ?"

" ਮੈਂ ਤੰਦਰੁਸਤ ਹਾਂ ਤੇ ਤਕੜਾ ਵੀ। ਮੇਰਾ ਨਾ ਫਿਕਰ ਕਰ। ਬਸ ਭਲਕ ਤੱਕ ਰਾਜੀ ਬਾਜੀ ਹੋ ਜਾ, ਇਹ ਮੇਰੀ ਖਾਸ ਬੇਨਤੀ ਹੈ ਤੇਰੇ ਅੱਗੇ।"

ਚੁੱਪ ਹੋਰ ਵੀ ਡੂੰਘੀ ਹੋ ਗਈ। ਜੰਗਲ, ਝੀਲਾਂ ਤੇ ਹਵਾ—ਸਭ ਸੌਂ ਗਏ ਸਨ ਤੇ ਚੁੱਪ ਹੋ ਗਏ ਸਨ। ਰਾਤ ਅੱਧੀ ਬੀਤ ਚੁੱਕੀ ਸੀ, ਅਗਲਾ ਦਿਨ ਚੜ੍ਹਨ ਵਾਲ਼ਾ ਸੀ। ਰੀਤਾ ਪਲ ਪਲ ਮਗਰੋਂ ਸਾਰਜੈਂਟ ਮੇਜਰ ਵੱਲ ਵੇਖ ਲੈਂਦੀ ਤੇ ਜਿਸ ਵੇਲ਼ੇ ਉਹਨਾਂ ਦੇ ਕੋਲ਼ ਹੋਰ ਕੋਈ ਨਹੀਂ ਸੀ ਤਾਂ ਉਹਨੇ ਆਖਿਆ।

"ਉਹਨੇ ਸੋਚਿਆ, ਇੱਥੇ ਬਹਿਣਾ ਐਵੇ ਸਮਾਂ ਗੁਆਉਣਾ ਹੀ ਹੋਵੇ ?"

"ਹੋ ਸਕਦਾ ਹੈ" , ਸਾਰਜੈਂਟ ਮੇਜਰ ਨੇ ਲੰਮਾ ਸਾਹ ਲਿਆ। "ਪਰ ਮੈਂ ਨਹੀਂ ਇਸ ਤਰਾਂ ਸਮਝਦਾ। ਜੇ ਕਰ ਤੂੰ ਜਰਮਨਾਂ ਨੂੰ ਰੁੱਖਾਂ ਦੇ ਮੁੱਢ ਨਾ ਸਮਝ ਲਵੇਂ, ਹਾਂ।"

ਇਸ ਵਕਤ ਤੱਕ ਕੁਮੇਦਾਨ ਨੇ ਲੁਕਵੀਂ ਖ਼ਬਰਦਾਰੀ ਨੂੰ ਮੁਲਤਵੀ ਕਰ ਦਿੱਤਾ ਅਤੇ ਸੈਨਿਕ ਕੁੜੀਆਂ ਨੂੰ ਰਾਖਵੇਂ ਮੋਰਚੇ 'ਤੇ ਭੇਜ ਦਿੱਤਾ। ਉਸਨੇ ਸੈਨਿਕਾਂ ਨੂੰ ਹਦਾਇਤ ਕੀਤੀ ਕਿ ਫਰ ਦੇ ਰੁੱਖਾਂ ਦੀਆਂ ਕੁੱਝ ਟਹਿਣੀਆਂ ਇਕੱਠੀਆਂ ਕਰ ਕੇ ਬਿਸਤਰੇ ਬਣਾਉਣ ਅਤੇ ਜਿੰਨਾ ਚਿਰ ਉਹਨਾਂ ਨੂੰ ਜਗਾਇਆ ਨਹੀਂ ਜਾਂਦਾ ਸੁੱਤੀਆਂ ਰਹਿਣ। ਆਪਣੇ ਬਾਰੇ ਉਸਨੇ ਇਹ ਫੈਸਲਾ ਕੀਤਾ ਕਿ ਉਹ ਮੁੱਖ ਮੋਰਚੇ ਉੱਤੇ ਹੀ ਰਹੇਗਾ। ਓਸੀਆਨੀਨਾ ਨੇ ਉਹਦੇ ਨਾਲ਼ ਰਹਿਣ ਦੀ ਜਿਦ ਕੀਤੀ।

ਅਜੇ ਤੱਕ ਜਰਮਨ ਕਿਧਰੇ ਨਜਰ ਨਹੀਂ ਸੀ ਪਏ। ਇਸ ਗੱਲ ਨੇ ਫੇਦੋਤ ਵਾਸਕੋਵ ਨੂੰ ਉਲਝਣ ਵਿੱਚ ਪਾਇਆ ਹੋਇਆ ਸੀ। ਖਬਰੇ, ਆਖਰ ਨੂੰ ਉਹਨਾਂ ਨੇ ਰੇਲ ਮਾਰਗ ਵੱਲ ਕੋਈ ਹੋਰ ਰਾਹ ਫੜ ਲਿਆ ਹੋਵੇ। ਇਹ ਵੀ ਹੋ ਸਕਦਾ ਸੀ ਕਿ ਉਹਨਾਂ ਨੇ ਕੋਈ ਅਸਲੋਂ ਹੀ ਆਖਰੀ ਕਿਸਮ ਦਾ ਕੰਮ ਨੇਪਰੇ ਚਾੜ੍ਹਨਾ ਹੋਵੇ। ਹੋ ਸਕਦਾ ਹੈ ਉਹਨਾਂ ਨੇ ਉਹ ਸਭ ਕੁੱਝ ਨਾ ਕਰਨਾ ਹੋਵੇ ਜੋ ਉਹਨੂੰ ਅਹੁੜਿਆ ਸੀ। ਹੋ ਸਕਦਾ ਹੈ ਉਹਨਾਂ ਨੇ ਕੋਈ ਬਹੁਤ ਵੱਡੀ ਮੁਸੀਬਤ ਖੜ੍ਹੀ ਕਰ ਹੀ ਦਿੱਤੀ ਹੋਵੇ, ਕਿਸੇ ਅਫਸਰ ਨੂੰ ਗੋਲ਼ੀ ਮਾਰ ਦਿੱਤੀ ਹੋਵੇ, ਕੋਈ ਅਹਿਮ ਥਾਂ ਉਡਾ ਦਿੱਤੀ ਹੋਵੇ। ਜੇ ਇਹ ਗੱਲ ਹੋਈ ਤਾਂ ਫੌਜੀ ਅਦਾਲਤ ਅੱਗੇ ਪੇਸ਼ ਹੋ ਕੇ ਇਸ ਗੱਲ ਦਾ ਜਵਾਬ ਦੇਵੇਗਾ ਕਿ ਜੰਗਲਾਂ ਨੂੰ ਫੋਲ ਮਾਰਨ ਤੇ ਜਰਮਨਾਂ ਦਾ ਫਸਤਾ ਵੱਢਣ ਦੀ ਬਜਾਏ ਉਹ ਆਪਣੀ ਟੋਲੀ ਨੂੰ ਕਿੱਧਰ ਲਈਂ ਫਿਰਦਾ ਰਿਹਾ ਸੀ। ਕੀ ਉਸ ਨੂੰ ਸੈਨਿਕਾਂ ਉੱਤੇ ਤਰਸ ਆ ਗਿਆ ਸੀ ? ਉਹਨਾਂ ਨੂੰ ਖੁੱਲ੍ਹੇ ਮੁਕਾਬਲੇ ਵਿੱਚ ਧੱਕਣ ਤੋਂ ਡਰਦਾ ਸੀ ? ਹੁਕਮ ਉੱਤੇ ਅਮਲ ਨਾ ਕਰਨ ਦਾ ਕੋਈ ਬਹਾਨਾ ਨਹੀਂ ਸੀ। ਉੱਕਾ ਹੀ ਕੋਈ ਬਹਾਨਾ ਨਹੀਂ ਸੀ।

"ਥੋੜ੍ਹਾ ਜਿਹਾ ਸੌਂ ਲਵੋ ਤੁਸੀਂ, ਕਾਮਰੇਡ ਸਾਰਜੈਂਟ ਮੇਜਰ। ਪਹੁ ਫੁਟਦਿਆਂ ਹੀ ਮੈਂ ਤੁਹਾਨੂੰ ਜਗਾ ਦੇਵਾਂਗੀ......"

ਸੌਂ ਲਵਾਂ ? ਸੌਂ ਲੈਣ ਦਾ ਕੀ ਮਤਲਬ ! ਕੁਮੇਦਾਨ ਨੂੰ ਤਾਂ ਪਾਲ਼ਾ ਵੀ ਨਹੀਂ ਸੀ ਲੱਗ ਰਿਹਾ, ਭਾਵੇਂ ਉਹਨੇ ਆਪਣਾ ਵੱਡਾ ਕੋਟ ਵੀ ਦੇ ਦਿੱਤਾ ਹੋਇਆ ਸੀ....

"ਮੇਰੇ ਸੌਣ ਦੀ ਚਿੰਤਾ ਨਾ ਕਰ, ਓਸੀਆਨੀਨਾ। ਮੈਨੂੰ ਤਾਂ ਸਦੀਵੀਂ ਨੀਂਦ ਆ ਜਾਏਗੀ, ਸਮਝਦੀ ਏਂ, ਜੇ ਜਰਮਨ ਕਾਬੂ ਨਾ ਆਏ।"

"ਤੇ ਇਹ ਨਹੀਂ ਹੋ ਸਕਦਾ , ਫੇਦੋਤ ਵਾਸਕੋਵ, ਕਿ ਇਸ ਵੇਲ਼ੇ ਉਹ ਵੀ ਸੁੱਤੇ ਪਏ ਹੋਣ ?

"ਸੁੱਤੇ ਪਏ ?"

"ਕਿਉਂ ਨਹੀਂ ? ਉਹ ਵੀ ਤਾਂ ਬੰਦੇ ਨੇ। ਤੁਸੀਂ ਆਪ ਹੀ ਆਖਿਆ ਸੀ ਕਿ ਸੀਨੀਊਖੀਨਾ ਦੇ ਟਿੱਲਿਆਂ ਉਤਲਾ ਰਾਹ ਰੇਲਵੇ ਨੂੰ ਜਾਂਦਾ ਇੱਕੋ ਇੱਕ ਸੌਖਾ ਰਸਤਾ ਹੈ ਤੇ ਖਿਆਲ ਤਾਂ ਕਰੋ ਪੈਂਡੇ ਦਾ....."

"ਠਹਿਰ ਓਸੀਆਨੀਨਾ, ਠਹਿਰ ! ਪੰਜਾਹ ਵੇਰਸਤਾਂ ਤਾਂ ਹੈ ਹੀ, ਹੋ ਸਕਦਾ ਹੈ ਬਹੁਤਾ ਹੋਵੇ ਤੇ ਅਣਪਛਾਤਾ ਰਾਹ....ਪੈਰ ਪੈਰ 'ਤੇ ਡਰ ਖਤਰਾ.....ਹੈ ਨਾ ? ਠੀਕ ਆਖਿਆ ਹੈ ਮੈਂ ?

"ਬਿਲਕੁਲ, ਕਾਮਰੇਡ ਸਾਰਜੈਂਟ-ਮੇਜਰ।"

"ਇਸ ਹਾਲਤ ਵਿੱਚ ਉਹਨਾਂ ਜ਼ਰੂਰ ਫੈਸਲਾ ਕੀਤਾ ਹੋਵੇਗਾ ਕਿ ਜੰਗਲ ਵਿੱਚ ਦੂਰ ਜਾ ਕੇ ਕਿਧਰੇ ਲੰਮੇ ਪੈ ਜਾਣ ਤੇ ਦਿਨ ਚੜ੍ਹਦੇ ਤੱਕ ਸੁੱਤੇ ਰਹਿਣ ਤੇ ਜਿਸ ਵੇਲ਼ੇ ਸੂਰਜ ਚੜ੍ਹ ਪਵੇ.....ਖ਼ੈਰ ?...."

ਰੀਤਾ ਮੁਸਕਰਾਈ ਅਤੇ ਢੇਰ ਚਿਰ ਤੱਕ ਉਹਦੇ ਵੱਲ ਵੇਖਦੀ ਰਹੀ ਜਿਸ ਤਰਾਂ ਤੀਵੀਂਆਂ ਬੱਚਿਆਂ ਵੱਲ ਵੇਖਦੀਆਂ ਹਨ।

"ਠੀਕ , ਫੇਰ ਤੁਸੀਂ ਵੀ ਸੂਰਜ ਚੜ੍ਹੇ ਤੱਕ ਆਰਾਮ ਕਰ ਸਕਦੇ ਹੋ। ਮੈਂ ਜਗਾ ਦੇਵਾਂਗੀ।"

"ਮੇਰੇ ਵਾਸਤੇ ਸੌਣ ਦਾ ਕੋਈ ਸਵਾਲ ਨਹੀਂ, ਕਾਮਰੇਡ ਓਸੀਆਨੀਨਾ.....ਮਾਰਗਰੀਤਾ.....ਪਿਤਰੀ ਨਾ ਕੀ ਏ ਤੇਰਾ ?"

"ਰੀਤਾ ਆਖ ਕੇ ਹੀ ਬੁਲਾਓ ਫੇਦੋਤ ਵਾਸਕੋਵ।"

"ਸਿਗਰਟ ਪੀਏਂਗੀ, ਕਾਮਰੇਡ ਰੀਤਾ ?"

"ਮੈਂ ਸਿਗਰਟ ਨਹੀਂ ਪੀਂਦੀ।"

"ਜਿੱਥੋਂ ਤੱਕ ਸਵਾਲ ਹੈ ਕਿ ਉਹ ਵੀ ਬੰਦੇ ਨੇ—ਇਸ ਪਾਸੇ ਮੇਰਾ ਧਿਆਨ ਨਹੀਂ ਗਿਆ। ਤੇਰੀ ਇੱਕ ਗੱਲ ਬਿਲਕੁਲ ਠੀਕ ਹੈ ਕਿ ਉਹਨਾਂ ਵਾਸਤੇ ਆਰਾਮ ਕਰਨਾ ਜ਼ਰੂਰੀ ਹੈ। ਤੂੰ ਵੀ ਸੌਂ ਲੈ ਰੀਤਾ, ਸੌਂ ਜਾ ਘੜੀ।"

"ਮੈਨੂੰ ਨੀਂਦ ਨਹੀਂ ਆਈ।"

"ਤਾਂ ਫੇਰ, ਬਸ ਐਵੇਂ ਲੇਟ ਜਾ, ਆਪਣੀਆਂ ਲੱਤਾਂ ਰਤਾਂ ਨਿੱਸਲ ਕਰ ਲੈ। ਤੂੰ ਥੱਕ ਗਈ ਹੋਵੇਗੀ—ਆਦਤ ਜੋ ਨਹੀਂ ਤੁਰਨ ਦੀ।"

"ਬਿਲਕੁਲ ਨਹੀਂ ਮੈਨੂੰ ਖ਼ੂਬ ਆਦਤ ਹੈ, ਫੇਦੋਤ ਵਾਸਕੋਵ", ਰੀਤਾ ਨੇ ਮੁਸਕਰਾ ਕੇ ਆਖਿਆ।

ਇਸ ਦੇ ਬਾਵਜੂਦ, ਸਾਰਜੈਂਟ ਮੇਜਰ ਨੇ ਉਸ ਨੂੰ ਪ੍ਰੇਰ ਲਿਆ ਤੇ ਉਹ ਉੱਥੇ ਹੀ ਫਰ ਦੀਆਂ ਟਹਿਣੀਆਂ ਉੱਤੇ ਲੇਟ ਗਈ ਜਿਹੜੀ ਲੀਜ਼ਾ ਬਰੀਚਕੀਨਾ ਨੇ ਆਪਣੇ ਵਾਸਤੇ ਤਿਆਰ ਕੀਤਾ ਸੀ। ਏਹੋ ਥਾਂ ਅੱਗੋਂ ਉਹਨਾਂ ਦਾ ਮੋਰਚਾ ਬਣਨ ਵਾਲ਼ੀ ਸੀ। ਉਸ ਨੇ ਆਪਣਾ ਵੱਡਾ ਕੋਟ ਆਪਣੇ ਮੋਢਿਆਂ ਉਤੇ ਲੈ ਲਿਆ। ਉਹਦਾ ਇਰਾਦਾ ਸੀ ਪਹੁ ਫੁਟਾਲੇ ਤੱਕ ਇਹ ਝਪਕੀ ਲੈ ਲਵੇ ਅਤੇ ਉਹ ਸੁਪਨਿਆਂ ਤੋਂ ਸੱਖਣੀ ਗੂੜ੍ਹੀ ਨੀਂਦ ਦੀ ਗੋਦ ਵਿੱਚ ਜਾ ਪਈ।

ਉਸਨੂੰ ਜਾਗ ਉਦੋਂ ਆਈ ਜਦੋਂ ਸਾਰਜੈਂਟ ਮੇਜਰ ਨੇ ਉਹਦਾ ਕੋਟ ਖਿੱਚਿਆ।

"ਕੀ ਗੱਲ ਏ ?"

"ਚੁੱਪ! ਸੁਣਦੀ ਏ ?"

ਰੀਤਾ ਨੇ ਆਪਣਾ ਕੋਟ ਪਰੇ ਸੁੱਟਿਆ। ਆਪਣੀ ਸਰਕਟ ਨੂੰ ਠੀਕ ਠਾਕ ਕੀਤਾ ਅਤੇ ਭੁੜਕ ਕੇ ਖੜ੍ਹੀ ਹੋ ਗਈ। ਸੂਰਜ ਦੁਮੇਲ ਤੋਂ ਉੱਚਾ ਹੋਇਆ ਹੀ ਸੀ ਅਤੇ ਚਟਾਨਾਂ ਉਤੇ ਗੁਲਾਬੀ ਭਾਹ ਫਿਰ ਗਈ ਸੀ। ਉਸ ਨੇ ਨਜ਼ਰ ਚੁੱਕ ਕੇ ਵੇਖਿਆ ਕਿ ਦੂਰ ਜੰਗਲ ਉਤੇ ਪੰਛੀ ਉੱਡ ਰਹੇ ਸਨ।

"ਪੰਛੀਆਂ ਨੇ ਛੋਰ ਮਚਾਇਆ ਹੋਇਐ...."

"ਗੁਟਾਰਾਂ ਨੇ!...." ਵਾਸਕੋਵ ਹੌਲੀ ਜਿਹੀ ਹੱਸਿਆ।"ਗੁਟਾਰਾਂ ਨੇ ਚੀਕ ਚਿਹਾੜਾ ਪਾਇਆ ਹੋਇਆ ਹੈ ਰੀਤਾ ਤੇ ਇਸ ਦਾ ਮਤਲਬ ਹੈ ਕਿ ਉਥੋਂ ਕੋਈ ਲੰਘ ਰਿਹਾ ਹੈ, ਕਿਸੇ ਨੇ ਉਹਨਾਂ ਨੂੰ ਛੇੜਿਆ ਹੈ। ਸਾਡੇ ਮਹਿਮਾਨਾਂ ਤੋਂ ਬਿਨਾਂ ਹੋਰ ਕੋਈ ਨਹੀਂ। ਖੈਰ, ਓਸੀਆਨੀਨਾ, ਜਾ ਫੇਰ ਸੈਨਿਕਾਂ ਨੂੰ ਇੱਥੇ ਲੈ ਆ, ਹੁਣੇ ਹੀ। ਪਰ ਲੁਕ ਲੁਕ ਕੇ ਚੁੱਪ ਚਾਪ ਕੋਈ ਆਵਾਜ਼ ਨਾ ਆਵੇ!...."

ਰੀਤਾ ਦੌੜ ਗਈ।

ਸਾਰਜੈਂਟ ਮੇਜਰ ਆਪਣੇ ਮੋਰਚੇ 'ਤੇ ਡਟ ਗਿਆ। ਬਾਕੀਆਂ ਨਾਲ਼ੋਂ ਥੋੜ੍ਹਾ ਜਿਹਾ ਅੱਗੇ ਰਤਾ ਉਚਾਈ ਉੱਤੇ । ਉਸ ਨੇ ਆਪਣੇ ਪਸਤੌਲ ਦੀ ਜਾਂਚ ਕੀਤੀ। ਰਫਲ ਵਿੱਚ ਗੋਲ਼ੀਆਂ ਭਰੀਆਂ ਅਤੇ ਆਪਣੀ ਦੂਰਬੀਨ ਨਾਲ਼ ਜੰਗਲ ਦੇ ਸਿਰੇ ਨੂੰ ਘੋਖਣ ਲੱਗਾ। ਜੰਗਲ ਉਤੇ ਸੂਰਜ ਦੀਆਂ ਕਿਰਨਾਂ ਪੈਣ ਲੱਗ ਪਈਆਂ ਸਨ।

ਗੁਟਾਰਾਂ ਝਾੜੀਆਂ ਦੇ ਉੱਪਰੋਂ ਚੱਕਰ ਕੱਟੀ ਜਾ ਰਹੀਆਂ ਸਨ ਤੇ ਕੁਰੱਖਤ, ਚੀਕਵੀਆਂ ਅਵਾਜ਼ਾਂ ਦਾ ਸ਼ੋਰ ਮੱਚਿਆ ਹੋਇਆ ਸੀ।

ਇੱਕ ਇੱਕ ਕਰਕੇ ਸਭ ਸੈਨਿਕ ਕੁੜੀਆਂ ਆ ਗਈਆਂ ਤੇ ਚੁੱਪ ਚਾਪ ਆਪਣੇ ਆਪਣੇ ਮੋਰਚੇ 'ਤੇ ਡਟ ਗਈਆਂ।

ਗੂਰਵਿਚ ਫੇਦੋਤ ਵਾਸਕੋਵ ਕੋਲ਼ ਆਈ–"ਸ਼ੁਭ ਪ੍ਰਭਾਤ, ਕਾਮਰੇਡ ਸਾਰਜੈਂਟ ਮੇਜਰ।"

"ਸੁਣਾ। ਚਿਤਵਿਰਤਕ ਦਾ ਕੀ ਹਾਲ ਏ ?"

"ਉਹ ਸੁੱਤੀ ਪਈ ਏ ਤੇ ਅਸੀਂ ਉਸ ਨੂੰ ਜਗਾਇਆ ਨਹੀਂ।"

"ਚੰਗਾ ਕੀਤਾ। ਤੂੰ ਮੇਰੇ ਕੋਲ਼ ਰਹਿ, ਹਰਕਾਰਾ ਬਣਕੇ।

ਪਰ ਧਿਆਨ ਰੱਖੀਂ, ਆਪਣਾ ਸਿਰ ਨਾ ਬਾਹਰ ਕੱਢੀਂ।"

"ਨਹੀਂ ਕੱਢਦੀ", ਗੂਰਵਿਚ ਨੇ ਆਖਿਆ।

ਇੱਚਰ ਨੂੰ ਗੁਟਾਰਾਂ ਹੋਰ ਨੇੜੇ ਆਉਂਦੀਆਂ ਜਾ ਰਹੀਆਂ ਸਨ ਅਤੇ ਵਾਸਕੋਵ ਨੇ ਵੇਖਿਆ ਕਿਧਰੇ ਕਿਧਰੇ ਝਾੜੀਆਂ ਦੀਆਂ ਟੀਸੀਆਂ ਮਾੜ੍ਹਾ ਮਾੜ੍ਹਾ ਹਿੱਲ ਰਹੀਆਂ ਸਨ। ਉਸ ਨੂੰ ਇੰਝ ਲੱਗਾ ਜਿਵੇਂ ਭਾਰੇ ਬੂਟਾਂ ਹੇਠ ਆਈ ਸੁੱਕੀ ਟਹਿਣੀ ਦੀ ਕ੍ਰਿਚ ਕ੍ਰਿਚ ਵੀ ਸੁਣੀ ਹੋਵੇ। ਇਸ ਤੋਂ ਮਗਰੋਂ, ਫੇਰ ਥੋੜ੍ਹੇ ਚਿਰ ਵਾਸਤੇ ਚੁੱਪ ਵਰਤ ਗਈ। ਇੱਥੇ ਤੱਕ ਕਿ ਗੁਟਾਰਾਂ ਵੀ ਚੁੱਪ ਹੋ ਗਈਆਂ ਜਾਪੀਆਂ। ਪਰ ਸਾਰਜੈਂਟ ਮੇਜਰ ਨੂੰ ਪਤਾ ਸੀ ਕਿ ਜੰਗਲ ਦੇ ਐਨ ਕੰਢੇ ਹੀ ਝਾੜੀਆਂ ਵਿੱਚ ਕੋਈ ਲੁਕਿਆ ਬੈਠਾ ਹੈ। ਇਹ ਪੱਕੀ ਗੱਲ ਸੀ ਕਿ ਉਹ ਲੋਕ ਉੱਥੇ ਬੈਠੇ ਝੀਲ ਦੇ ਕੰਢੇ, ਦੂਜੇ ਪਾਸੇ ਦੇ ਜੰਗਲ ਤੇ ਉਹਨਾਂ ਟਿੱਲਿਆਂ ਵੱਲ ਘੋਖਵੀਂ ਨਜ਼ਰ ਵੇਖ ਰਹੇ ਸਨ ਜਿਨ੍ਹਾਂ ਦੇ ਵਿੱਚੋਂ ਦੀ ਉਹਨਾਂ ਦਾ ਰਾਹ ਲੰਘਦਾ ਸੀ ਤੇ ਜਿੱਥੇ ਸਾਰਜੈਂਟ ਮੇਜਰ ਅਤੇ ਉਸ ਦੀਆਂ ਸੈਨਿਕ ਕੁੜੀਆਂ ਲੁਕੀਆਂ ਹੋਈਆਂ ਸਨ ਜਿਨ੍ਹਾਂ ਦੀਆਂ

ਗੱਲ੍ਹਾਂ ਦਾ ਰੰਗ ਸੌਣ ਨਾਲ਼ ਗੁਲਾਬੀ ਹੋ ਗਿਆ ਸੀ।

ਇਸ ਵੇਲ਼ੇ ਉਹ ਭੇਦ ਭਰੀ ਘੜੀ ਆ ਗਈ ਸੀ ਜਦੋਂ ਇੱਕ ਘਟਨਾ ਅਛੋਪਲੇ ਜਿਹੇ ਦੂਜੀ ਵਿੱਚ ਰਲਗੱਡ ਹੋ ਜਾਂਦੀ ਹੈ, ਜਦੋਂ ਕਾਰਨ ਸਿੱਟੇ ਵਿੱਚ ਬਦਲ ਜਾਂਦਾ ਹੈ, ਜਦੋਂ ਸਬੱਬ ਜਨਮ ਲੈਂਦਾ ਹੈ। ਅਮਨ ਦੇ ਵੇਲ਼ਿਆਂ ਵਿੱਚ ਇਸ ਘੜੀ ਦੇ ਲੰਘਣ ਦਾ ਪਤਾ ਨਹੀਂ ਲਗਦਾ ਪਰ ਜੰਗ ਵਿੱਚ, ਜਦੋਂ ਮਾਨਸਿਕ ਤਣਾਓ ਸਿਖਰ ’ਤੇ ਪੁੱਜਾ ਹੁੰਦਾ ਹੈ ਅਤੇ ਹੋਂਦ ਦੇ ਅਸਲੀ ਅਰਥ –ਬਚ ਕੇ ਰਹਿਣਾ– ਪਹਿਲੀ ਥਾਂ ਮੱਲ ਲੈਂਦੇ ਹਨ, ਉਦੋਂ ਇਸ ਤਰਾਂ ਦੀਆਂ ਘੜੀਆਂ ਯਥਾਰਥਕ, ਭੌਤਿਕ ਤੌਰ ’ਤੇ ਸਥੂਲ ਹੋ ਜਾਂਦੀਆਂ ਹਨ ਅਤੇ ਜਾਪਦਾ ਹੈ ਕਿ ਇਹ ਅਨੰਤ ਕਾਲ ਤੱਕ ਕਾਇਮ ਰਹਿਣਗੀਆਂ।

“ਚਲੋ, ਚਲੋ, ਅੱਗੇ ਤੁਰੋ....” ਫੇਦੋਤ ਨੇ ਫੁਸਰ ਫੁਸਰ ਕਰ ਕੇ ਹੁਕਮ ਦਿੱਤਾ।

ਦੂਰ ਝਾੜੀਆਂ ਵਿੱਚ ਹਿਲਜੁੱਲ ਹੋਈ ਅਤੇ ਜੰਗਲ ਦੇ ਸਿਰੇ ਤੋਂ ਦੋ ਬੰਦੇ ਚੌਕਸੀ ਨਾਲ਼ ਬਾਹਰ ਨਿੱਕਲੇ। ਉਹਨਾਂ ਨੇ ਆਪਣੇ ਹਰੇ-ਭੂਰੇ ਚਿਤਰ-ਮਿਤਰੇ ਚੋਲੇ ਜਿਹੇ ਪਾਏ ਹੋਏ ਸਨ, ਪਰ ਤੇਜ਼ ਧੁੱਪ ਸਿੱਧੀ ਉਹਨਾਂ ਦੇ ਚਿਹਰਿਆਂ ਉੱਤੇ ਪੈ ਰਹੀ ਸੀ ਅਤੇ ਸਾਰਜੈਂਟ ਮੇਜਰ ਨੂੰ ਉਹਨਾਂ ਦੀ ਹਰ ਹਰਕਤ ਵਿਖਾਈ ਦਿੰਦੀ ਸੀ।

ਉਹਨਾਂ ਦੀਆਂ ਉਂਗਲਾਂ ਆਪਣੀਆਂ ਛੋਟੀਆਂ ਮਸ਼ੀਨਗੰਨਾਂ ਦੇ ਘੋੜਿਆਂ ਉਤੇ ਸਨ ਅਤੇ ਝੁਕ ਝੁਕ ਕੇ ਬਿੱਲੀ ਵਾਂਗ ਪੋਲੇ ਪੋਲੇ ਪੈਰ ਧਰਦੇ ਝੀਲ ਵੱਲ ਵਧ ਰਹੇ ਸਨ।

ਪਰ ਵਾਸਕੋਵ ਹੁਣ ਉਹਨਾਂ ਵੱਲ ਨਹੀਂ ਸੀ ਵੇਖ ਰਿਹਾ। ਕਿਉਂਕਿ ਉਹਨਾਂ ਦੇ ਮਗਰ ਝਾੜੀਆਂ ਵਿੱਚ ਫੇਰ ਹਿਲਜੁਲ ਹੋਈ ਸੀ ਅਤੇ ਗੋਲ਼ੀ ਚਲਾਉਣ ਲਈ ਤਿਆਰ ਛੋਟੀਆਂ ਮਸ਼ੀਨਗੰਨਾਂ ਚੁੱਕੀ ਚਿਤਰ ਮਿਤਰੇ ਆਕਾਰ ਝਾੜੀਆਂ ਵਿੱਚੋਂ ਬਾਹਰ ਆ ਰਹੇ ਸਨ।

“ਤਿੰਨ...ਪੰਜ .....ਅੱਠ ....ਦਸ....” ਗੁਰਵਿਚ ਫੁਸਰ ਫੁਸਰ ਕਰਦੀ ਗਿਣ ਰਹੀ ਸੀ। “ਬਾਰਾਂ ...ਚੌਦਾਂ.....ਪੰਦਰਾਂ....ਸੋਲਾਂ....ਸੋਲਾਂ, ਕਾਮਰੇਡ ਸਾਰਜੈਂਟ ਮੇਜਰ।”

ਝਾੜੀਆਂ ਫੇਰ ਹਿੱਲਣੋ ਹਟ ਗਈਆਂ।

ਦੂਰ ਉਡਦੀਆਂ ਗੁਟਾਰਾਂ ਦਾ ਚੀਕ ਚਿਹਾੜਾ ਸੁਣਾਈ ਦੇ ਰਿਹਾ ਸੀ।

ਸੋਲਾਂ ਜਰਮਨ ਬਚ ਬਚ ਕੇ ਹੌਲ਼ੀ-ਹੌਲ਼ੀ ਝੀਲ ਦੇ ਨਾਲ਼ ਸੀਨੀਉਖੀਨਾ ਟਿੱਲਿਆਂ ਵੱਲ ਵਧ ਰਹੇ ਸਨ.....

6

ਆਪਣੀ ਸਾਰੀ ਜਿੰਦਗੀ ਫੇਦੋਤ ਵਾਸਕੋਵ ਨੇ ਮਿਲੇ ਹੁਕਮਾਂ ਦੀ ਤਾਮੀਲ ਹੀ ਕੀਤੀ ਸੀ। ਅੱਖਰ ਅੱਖਰ ਉੱਤੇ , ਤੇਜੀ ਨਾਲ਼ ਅਤੇ ਖੁਸ਼ੀ ਨਾਲ਼ ਤਾਮੀਲ ਕੀਤੀ ਸੀ ਕਿਉਂਕਿ ਉਸ ਨੂੰ ਆਪਣੀ ਹੋਂਦ ਦੀ ਸਮੁੱਚੀ ਮਹੱਤਤਾ ਹੀ ਕਿਸੇ ਹੋਰ ਦੀ ਰਜ਼ਾ ਦੀ ਇਸ ਤਰਾਂ ਨਾਲ਼ ਉਚੇਚੀ ਪੂਰਤੀ ਵਿੱਚ ਨਜ਼ਰ ਆਉਂਦੀ ਸੀ। ਜਿਸ ਤਰਾਂ ਉਹ ਆਪਣਾ ਫਰਜ ਨਿਭਾਉਂਦਾ ਸੀ, ਉਸ ਦੇ ਅਫਸਰ ਉਸ ਤੋਂ ਬਹੁਤ ਖੁਸ਼ ਸਨ ਅਤੇ ਉਹਦੇ ਕੋਲ਼ੋਂ ਕਿਸੇ ਹੋਰ ਚੀਜ਼ ਦੀ ਮੰਗ ਨਹੀਂ ਕਰਦੇ ਸਨ। ਉਹ ਇੱਕ ਬਹੁਤ ਵੱਡੀ, ਬੜੇ ਧਿਆਨ ਨਾਲ਼ ਜੋੜੀ ਬੀੜੀ ਮਸ਼ੀਨ ਦੀ ਗਰਾਰੀ ਸੀ। ਉਹ ਆਪ ਘੁੰਮਦਾ ਸੀ ਤੇ ਨਾਲ਼ ਹੀ ਦੂਜਿਆਂ ਨੂੰ ਘੁਮਾਉਂਦਾ ਸੀ ਤੇ ਇਸ ਬਾਰੇ ਉਹ ਨਹੀਂ ਸੀ ਸੋਚਦਾ ਕਿ ਇਹ ਗਤੀ ਕਿੱਥੋਂ ਸ਼ੁਰੂ ਹੁੰਦੀ ਹੈ, ਇਸ ਦਾ ਰੁਖ ਕਿੱਧਰ ਨੂੰ ਹੈ ਜਾਂ ਇਸ ਦਾ ਸਿੱਟਾ ਕੀ ਨਿੱਕਲਣਾ ਹੈ।

ਓਧਰ ਜਰਮਨ ਹੌਲ਼ੀ-ਹੌਲ਼ੀ ਤੇ ਲਗਾਤਾਰ ਵੋਪ ਝੀਲ ਦੇ ਨਾਲ਼ ਨਾਲ਼ ਅੱਗੇ ਵਧਦੇ ਆ ਰਹੇ ਸਨ। ਉਹਨਾਂ ਦਾ ਰੁੱਖ ਸਾਰਜੈਂਟ ਤੇ ਉਹਦੀਆਂ ਸੈਨਿਕ ਕੁੜੀਆਂ ਵੱਲ ਸੀ ਜਿਹੜੀਆਂ ਚਟਾਨਾਂ ਦੇ ਪਿੱਛੇ ਲੰਮੀਆਂ ਪਈਆਂ ਹੋਈਆਂ ਸਨ ਅਤੇ ਜਿਨ੍ਹਾਂ ਨੇ ਆਪਣੀਆਂ ਜਵਾਨ ਗੱਲ੍ਹਾਂ, ਜਿਵੇਂ ਕਿ ਉਹਨਾਂ ਨੂੰ ਸਮਝਾਇਆ ਗਿਆ ਸੀ, ਮਜ਼ਬੂਤੀ ਨਾਲ਼ ਆਪਣੀਆਂ ਰਫਲਾਂ ਦੇ ਸਰਦ ਕੁੰਦਿਆਂ ਨਾਲ਼ ਜੋੜੀਆਂ ਹੋਈਆਂ ਸਨ।

"ਸੋਲਾਂ ਕਾਮਰੇਡ ਸਾਰਜੈਂਟ ਮੇਜਰ", ਗੂਰਵਿਚ ਨੇ ਫਿਰ ਆਖਿਆ। ਉਹਦੀ ਆਵਾਜ਼ ਮਸਾਂ ਹੀ ਸੁਣਾਈ ਦਿੰਦੀ ਸੀ।

"ਵੇਖ ਰਿਹਾ ਹਾਂ", ਉਸ ਨੇ ਜਵਾਬ ਦਿੱਤਾ ਪਰ ਉਹਨੇ ਆਪਣਾ ਮੂੰਹ ਉਹਦੇ ਵੱਲ ਨਹੀਂ ਕੀਤਾ। "ਮੋਰਚੇ ਤੇ ਵਾਪਸ ਜਾ, ਗੂਰਵਿਚ, ਤੇ ਓਸੀਆਨੀਨਾ ਨੂੰ ਆਖ ਕਿ ਤੂੰ ਆਪਣੇ ਸੁਕਐਡ ਨੂੰ ਰਾਖਵੇਂ ਮੋਰਚੇ 'ਤੇ ਲੈ ਜਾਵੇ ਤੇ ਇਹ ਕੰਮ ਚੁੱਪ ਚਾਪ ਕਰੀਂ, ਆਰਾਮ ਨਾਲ਼, ਸੁਣਿਆਂ.....ਠਹਿਰ ਜਰਾ, ਕਿੱਧਰ ਚੱਲੀ ਏਂ ? .....ਬਰੀਚਕੀਨਾ ਨੂੰ ਮੇਰੇ ਕੋਲ਼ ਭੇਜ ਦੇ। ਢਿੱਡ ਦੇ ਭਾਰ ਰੇੜ ਕੇ ਜਾਵੀਂ, ਕਾਮਰੇਡ ਦੁਭਾਸ਼ਣੇ। ਹੁਣ ਤੋਂ ਲੈ ਕੇ ਭਲੇ ਦਿਨ ਆਉਣ ਤੱਕ, ਸਾਨੂੰ ਰਿੜ੍ਹ ਕੇ ਹੀ ਦਿਨ ਕੱਟਣੇ ਪੈਣਗੇ।"

ਗੂਰਵਿਚ ਬੜੀ ਹੁਸ਼ਿਆਰੀ ਨਾਲ਼ ਚਟਾਨਾਂ ਦੇ ਵਿਚਕਾਰ ਤਿਲਕਦੀ ਹੋਈ, ਢਿੱਡ ਪਰਨੇ ਰਿੜ੍ਹਦੀ ਗਈ। ਕੁਮੇਦਾਨ ਚਾਹੁੰਦਾ ਸੀ ਕਿ ਹਾਲਤ ਉੱਤੇ ਕੁੱਝ ਵਿਚਾਰ ਕਰੇ, ਕੋਈ ਫੈਸਲਾ ਲਵੇ, ਪਰ ਉਹਦਾ ਦਿਮਾਗ ਬੁਰੀ ਤਰਾਂ ਖੋਖਲਾ ਹੋਇਆ ਪਿਆ ਸੀ ਤੇ ਉਹਦੇ ਦਿਲ ਵਿੱਚੋਂ ਇੱਕ ਹੀ ਤਾਂਘ ਉੱਠ ਰਹੀ ਸੀ ਜਿਹੜੀ ਵਰ੍ਹਿਆਂ ਦੀ ਸਿਖਲਾਈ ਨਾਲ਼ ਉਹਦੇ ਅੰਦਰ ਘਰ ਕਰ ਗਈ ਸੀ। ਇਹ ਸੀ ਰਿਪੋਰਟ ਕਰਨ ਦੀ ਤੀਬਰ ਤਾਂਘ। ਹੁਣੇ, ਇਸੇ ਪਲ, ਆਪਣੇ ਅਫਸਰ ਅੱਗੇ ਰਿਪੋਰਟ ਕਰਨ ਤੇ ਇਹ ਦੱਸਣ ਦੀ ਤਾਂਘ ਕਿ ਹਾਲਤ ਵਿੱਚ ਤਬਦੀਲੀ ਆ ਗਈ ਹੈ ਕਿ ਆਪਣੀ ਕਮਾਂਡ ਹੇਠਲੀ ਸੈਨਿਕ ਸ਼ਕਤੀ ਨਾਲ਼ ਹੁਣ ਉਹ ਨਾ ਤਾਂ ਕੀਰੋਵ ਰੇਲਵੇ ਦੀ ਰਾਖੀ ਕਰ ਸਕਦਾ ਹੈ ਨਾ ਹੀ ਕਾਮਰੇਡ ਸਟਾਲਿਨ ਦੇ ਨਾਂ ਵਾਲ਼ੀ ਨਹਿਰ ਦੀ।

ਉਸ ਦਾ ਦਸਤਾ ਪਿੱਛੇ ਹਟ ਰਿਹਾ ਸੀ। ਕਿਧਰੇ ਰਫਲ ਦੀ ਖੜ ਖੜ ਸੁਣਦੀ, ਕਿਧਰੇ ਪੱਥਰ ਦੀ ਆਵਾਜ਼ ਆਉਂਦੀ। ਇਹ ਆਵਾਜ਼ਾਂ ਉਹਦੇ ਸਰੀਰ ਵਿੱਚ ਲਰਜ਼ ਜਾਂਦੀਆਂ ਸਨ ਅਤੇ ਜਰਮਨ ਭਾਵੇਂ ਹਾਲੇ ਕੁੱਝ ਦੂਰ ਹੀ ਸਨ ਅਤੇ ਉਹਨਾਂ ਨੂੰ ਕੁੱਝ ਸੁਣਾਈ ਨਹੀਂ ਦੇ ਸਕਦਾ, ਫੇਦੋਤ ਵਾਸਕੋਵ ਨੂੰ ਵਾਸਤਵਿਕ ਭੈ ਨੇ ਆਪਣੇ ਪੰਜੇ ਵਿੱਚ ਨੱਪਿਆ ਹੋਇਆ ਸੀ। ਉਫ, ਕਾਰਤੂਸਾਂ ਦੀ ਪੂਰੀ ਪੇਟੀ ਸਮੇਤ ਅਤੇ ਮਸ਼ੀਨਗਨ ਅਤੇ ਚੁਸਤ ਚਲਾਕ ਨੰਬਰ ਦੋ। ਇੱਕ ਮਸ਼ੀਨਗੰਨ ? ਉਹਦੇ ਕੋਲ਼ ਜੇ ਸਿਰਫ ਤਿੰਨ ਛੋਟੀਆਂ ਮਸ਼ੀਨਗੰਨਾਂ ਤੇ ਉਹਨਾਂ ਦੇ ਪਿੱਛੇ ਤਿੰਨ ਸਿਆਣੇ ਮਰਦ ਹੁੰਦੇ ਤਾਂ ਉਹ ਬੜਾ ਨਿਹਾਲ ਹੁੰਦਾ, ਪਰ ਇਸ ਵੇਲ਼ੇ ਨਾ ਉਹਦੇ ਕੋਲ਼ ਮਸ਼ੀਨਗੱਨਾਂ ਸਨ ਤੇ ਨਾ ਹੀ ਮਰਦ। ਉਹਦੇ ਕੋਲ਼ ਤਾਂ ਖੀ ਖੀ ਕਰਨ ਵਾਲ਼ੀਆਂ ਪੰਜ ਕੁੜੀਆਂ ਸਨ ਅਤੇ ਇੱਕ ਰਫਲ ਪਿੱਛੇ ਪੰਜ ਫੀਤੇ ਕਾਰਤੂਸਾਂ ਦੇ। ਇਸ ਲਈ ਜੇ ਸਾਰਜੈਂਟ ਮੇਜਰ ਨੂੰ ਮਈ ਮਹੀਨੇ ਦੀ ਤ੍ਰੇਲ ਭਿੱਜੀ ਸਵੇਰ ਨੂੰ ਵੀ ਠੰਡੀ ਤ੍ਰੇਲ਼ੀ ਆ ਗਈ, ਤਾਂ ਇਹਦੇ ਵਿੱਚ ਹੈਰਾਨੀ ਦੀ ਕੋਈ ਗੱਲ ਨਹੀਂ....

"ਕਾਮਰੇਡ ਸਾਰਜੈਂਟ ਮੇਜਰ....ਕਾਮਰੇਡ ਸਾਰਜੈਂਟ ਮੇਜਰ...."

ਕੁਮੇਦਾਨ ਨੇ ਉਸ ਪਾਸੇ ਮੂੰਹ ਕਰਨ ਤੋਂ ਪਹਿਲਾਂ ਆਪਣੀ ਬਾਂਹ ਨਾਲ਼ ਚੰਗੀ ਤਰਾਂ ਮੁੜਕਾ

ਪੁੰਝਿਆ। ਉਸ ਨੇ ਦੋ ਅੱਖਾਂ ਵਿੱਚ ਝਾਕਿਆ ਜਿਹੜੀਆਂ ਉਹਦੇ ਬਹੁਤ ਨੇੜੇ ਸਨ ਤੇ ਟੱਡੀਆਂ ਹੋਈਆਂ ਸਨ। ਅੱਖ ਮਾਰ ਕੇ ਉਹਨੇ ਆਖਿਆ,

"ਦਿਲ ਤਕੜਾ ਰੱਖ ਤੇ ਬੇਫਿਕਰ ਰਹਿ ਬਰੀਚਕੀਨਾ। ਇਹ ਤਾਂ ਬਹੁਤ ਹੀ ਚੰਗੀ ਗੱਲ ਹੈ ਕਿ ਸੋਲਾਂ ਜਣੇ ਹਨ। ਸਮਝ ਗਈ ?

ਦੋ ਨਾਲ਼ੋਂ ਸੋਲਾਂ ਜਰਮਨ ਕਿਉਂ ਚੰਗੀ ਗੱਲ ਸੀ, ਸਾਰਜੈਂਟ ਮੇਜਰ ਨੇ ਇਸ ਗੱਲ ਦੀ ਵਿਆਖਿਆ ਕੀਤੀ, ਪਰ ਲੀਜ਼ਾ ਨੇ ਸਹਿਮਤੀ ਨਾਲ਼ ਸਿਰ ਹਿਲਾ ਦਿੱਤਾ ਅਤੇ ਉਸ ਨੇ ਬੇਯਕੀਨੀ ਜਿਹੀ ਨਾਲ਼ ਮੁਸਕਰਾ ਦਿੱਤਾ।

"ਵਾਪਸੀ ਦਾ ਰਾਹ ਚੰਗੀ ਤਰਾਂ ਯਾਦ ਈ ?"

"ਹਾਂ, ਕਾਮਰੇਡ ਸਾਰਜੈਂਟ ਮੇਜਰ।"

"ਜਰਮਨਾਂ ਦੇ ਖੱਬੇ ਪਾਸੇ ਦਿਆਰਾਂ ਦੀ ਝਿੜੀ ਵੇਖਦੀ ਏਂ ? ਓਧਰ ਜਾਵੀਂ, ਝਿੜੀ ਦੇ ਨਾਲ਼ ਨਾਲ਼, ਝੀਲ ਦੇ ਕੰਢੇ ਕੰਢੇ।"

"ਉੱਥੇ, ਜਿੱਥੇ ਤੁਸੀਂ ਸੁੱਕੀ ਲੱਕੜ ਵੱਢੀ ਸੀ ?"

"ਸ਼ਾਬਾਸ਼, ਸਿਆਣੀ ਕੁੜੀ ! ਉੱਥੋਂ, ਨਾਲ਼ੇ ਵੱਲ ਮੁੜ ਜਾਵੀਂ। ਸਿੱਧਾ ਰਸਤਾ ਹੈ, ਕੁਰਾਹੇ ਨਹੀਂ ਪਵੇਂਗੀ ਇੱਧਰੋਂ।"

"ਮੈਂ ਜਾਣਦੀ ਆਂ, ਕਾਮਰੇਡ...."

"ਠਹਿਰ ਜਾ, ਲੀਜ਼ਾਵੇਤਾ, ਜੋਸ਼ ਵਿੱਚ ਨਾ ਆ। ਬਹੁਤ ਵੱਡਾ ਕੰਮ ਹੈ—ਦਲਦਲ ਹੈ—ਸਮਝਦੀ ਹੈਂ ? ਵਿੱਚੋਂ ਦੀ ਲਾਂਘਾ ਬੜਾ ਤੰਗ ਹੈ। ਸੱਜੇ ਖੱਬੇ ਪੈਰ ਪੈ ਗਿਆ ਤਾਂ ਖੋਭੇ ਦੇ ਵਿੱਚ ? ਨਿਸ਼ਾਨੀ ਹੈ ਬਰਚੇ ਦਾ ਰੁੱਖ। ਬਰਚੇ ਦੇ ਰੁੱਖ ਤੋਂ ਸਿੱਧਾ ਸਾਹਮਣੇ ਨਿੱਕੇ ਜਿਹੇ ਟਾਪੂ ਉਤੇ ਦੋ ਦਿਆਰ।"

"ਆਹੋ !"

"ਓਥੇ ਥੋੜ੍ਹਾ ਜਿਹਾ ਸਾਹ ਲੈ ਲਵੀਂ, ਇੱਕੋ ਸਾਹੇ ਕਾਹਲੀ ਨਹੀਂ ਕਰਨੀ। ਟਾਪੂ ਤੋਂ ਮਗਰੋਂ ਤੇਰਾ ਨਿਸ਼ਾਨਾ ਹੋਵੇਗਾ ਸੜਿਆ ਹੋਇਆ ਰੁੱਖ ਦਾ ਮੁੱਢ ਜਿਸ ਤੋਂ ਮੈਂ ਜਿਲ੍ਹਣ ਵਿੱਚ ਪੈਰ ਪਾਇਆ ਸੀ। ਨਿਸ਼ਾਨੇ ਤੋਂ ਨਾ ਖੁੰਝੀ। ਉਹ ਸਪੱਸ਼ਟ ਵਿਖਾਈ ਦਿੰਦਾ ਹੈ।"

"ਆਹੋ !"

"ਕਿਰੀਆਨੋਵਾ ਨੂੰ ਇੱਥੋਂ ਦੀ ਹਾਲਤ ਦੀ ਰਿਪੋਰਟ ਦੇਵੀਂ। ਓਦੋਂ ਤੱਕ ਅਸੀਂ ਜਰਮਨਾਂ ਨੂੰ ਚੱਕਰ ਵਿੱਚ ਪਾ ਰੱਖਾਂਗੇ, ਪਰ ਬਹੁਤ ਚਿਰ ਇਸ ਤਰਾਂ ਨਹੀਂ ਕੀਤਾ ਜਾ ਸਕਦਾ। ਇਹ ਗੱਲ ਤੂੰ ਆਪ ਜਾਣਦੀ ਹੈ।"

"ਆਹੋ !"

"ਆਪਣੀ ਰਫਲ, ਚੀਜ਼ਾਂ ਵਸਤਾਂ, ਵੱਡਾ ਕੋਟ, ਸਭ ਕੁੱਝ ਇੱਥੇ ਛੱਡ ਜਾ। ਭਾਰ ਲੈ ਕੇ ਦੌੜਿਆ ਨਹੀਂ ਜਾ ਸਕਣਾ।"

"ਜਾਣਦੀ ਹਾਂ, ਮੈਂ ਹੁਣ ਜਾਵਾਂ ?"

"ਜਿੱਲ੍ਹਣ ਵਿੱਚ ਪੈਰ ਪਾਉਣ ਤੋਂ ਪਹਿਲਾਂ ਟੋਹਣੀ ਫੜਨੀ ਨਾ ਭੁੱਲੀਂ ।"

"ਅੱਛਾ, ਮੈਂ ਹੁਣ ਭਜਦੀ ਹਾਂ।"

"ਦੌੜ ਜਾ, ਲੀਜ਼ਾਵੇਤਾ ਬਾਤਕੋਵਨਾ।"

ਲੀਜ਼ਾ ਨੇ ਚੁੱਪ ਚਾਪ ਸਿਰ ਹਿਲਾਇਆ ਅਤੇ ਪਰੇ ਚਲੀ ਗਈ। ਉਸ ਨੇ ਆਪਣੀ ਰਫਲ ਨੂੰ ਇੱਕ ਚਟਾਨ ਨਾਲ਼ ਟਿਕਾਇਆ ਅਤੇ ਆਪਣੀ ਚਮੜੇ ਦੀ ਪੇਟੀ ਵਿੱਚੋਂ ਕਾਰਤੂਸ ਕੱਢਣ ਲੱਗ ਪਈ। ਸਾਰਾ ਵਕਤ ਉਹ ਕਿਸੇ ਆਸ ਨਾਲ਼ ਵਾਸਕੋਵ ਵੱਲ ਮੁੜਕੇ ਵੇਖਦੀ ਰਹੀ। ਪਰ ਵਾਸਕੋਵ ਨੇ ਆਪਣੀ ਨਿਗਾਹ ਜਰਮਨਾਂ ਉੱਤੇ ਟਿਕਾਈ ਹੋਈ ਸੀ, ਇਸ ਕਰਕੇ ਉਸ ਨੇ ਲੀਜ਼ਾ ਦੀ ਪ੍ਰੇਸ਼ਾਨ ਤੱਕਣੀ ਨੂੰ ਨਹੀਂ ਵੇਖਿਆ। ਪੋਲੇ ਜਿਹੇ ਇੱਕ ਹੌਕਾ ਲੈ ਕੇ, ਲੀਜ਼ਾ ਨੇ ਆਪਣੀ ਪੇਟੀ ਦਾ ਬਕਸੂਆ ਕੱਸਿਆ ਅਤੇ ਨੀਵੀਂ ਹੋ ਕੇ ਦਿਆਰਾਂ ਦੀ ਝਿੜੀ ਵੱਲ ਦੌੜ ਪਈ। ਉਹ ਆਪਣੇ ਪੈਰ ਇਉਂ ਘਸੀਟਦੀ ਜਾ ਰਹੀ ਸੀ ਜਿਵੇਂ ਸਾਰੀ ਦੁਨੀਆਂ ਵਿੱਚ ਔਰਤਾਂ ਕਰਦੀਆਂ ਹਨ।

ਜਰਮਨ ਹੁਣ ਬਹੁਤ ਨੇੜੇ ਆ ਗਏ ਸਨ—ਉਹਨਾਂ ਦੇ ਚਿਹਰੇ ਵਿਖਾਈ ਦਿੰਦੇ ਸਨ—ਤੇ ਵਾਸਕੋਵ ਪੱਥਰਾਂ ਨਾਲ਼ ਚਿੰਬੜ ਗਿਆ। ਜਰਮਨਾਂ ਉੱਤੇ ਨਜ਼ਰ ਰੱਖਦਾ ਹੋਇਆ, ਉਹ ਦਿਆਰਾਂ ਦੀ ਝਿੜੀ ਵੱਲ ਵੀ ਵੇਖੀ ਜਾ ਰਿਹਾ ਸੀ ਜਿਹੜੀ ਪਹਾੜੀ ਦੇ ਕੋਲ਼ੋਂ ਸ਼ੁਰੂ ਹੋ ਜਾਂਦੀ ਸੀ ਅਤੇ ਜੰਗਲ ਦੇ ਸਿਰੇ ਤੱਕ ਫੈਲੀ ਹੋਈ ਸੀ। ਉਸ ਨੇ ਵੇਖਿਆ ਕਿ ਝਾੜੀ-ਬੂਟਿਆਂ ਨੇ ਦੋ ਵਾਰੀ ਹੁਲਾਰਾ ਜਿਹਾ ਖਾਧਾ, ਪਰ ਇਹ ਬਹੁਤ ਹੀ ਸੁਬਕ ਜਿਹਾ ਹੁਲਾਰਾ ਸੀ। ਉਸ ਨੇ ਸੋਚਿਆ ਕਿ ਇਹ ਠੀਕ ਹੀ ਕੀਤਾ ਉਹਨੇ ਇਸ ਕੰਮ ਵਾਸਤੇ ਲੀਜ਼ਾ ਬਰੀਚਕੀਨਾ ਨੂੰ ਚੁਣ ਕੇ।

ਇਹ ਯਕੀਨ ਹੋ ਜਾਣ ’ਤੇ ਕਿ ਜਰਮਨਾਂ ਨੇ ਹਰਕਾਰੇ ਨੂੰ ਵੇਖਿਆ ਨਹੀਂ, ਉਸ ਨੇ ਸੇਫਟੀ ਕੈਚ ਚੜ੍ਹਾਇਆ ਅਤੇ ਚਟਾਨ ਤੋਂ ਹੇਠਾਂ ਆ ਗਿਆ। ਉਸ ਨੇ ਲੀਜ਼ਾ ਦੀ ਰਫਲ ਚੁੱਕੀ ਅਤੇ ਸਿੱਧਾ ਪਿਛਾਂਹ ਦੌੜ ਪਿਆ। ਪੈਰ ਕਿੱਥੇ ਟਿਕਾਉਣਾ ਹੈ ਕਿ ਉਹਦੇ ਦੌੜੇ ਜਾਣ ਦੀ ਆਵਾਜ਼ ਨਾ ਆਵੇ, ਉਹ ਆਪਣੀ ਤੀਜੀ ਅੱਖ ਨਾਲ਼ ਬੁਝਦਾ ਜਾਂਦਾ ਸੀ।

"ਕਾਮਰੇਡ ਸਾਰਜੈਂਟ ਮੇਜਰ....."

ਉਹ ਉਹਦੇ ਵੱਲ ਇਉਂ ਦੌੜੀਆਂ ਜਿਵੇਂ ਚਿੜੀਆਂ ਦੀ ਡਾਰ ਦਾਨਿਆਂ ਦੇ ਢੇਰ ਨੂੰ ਪੈਂਦੀ ਹੈ। ਹੋਰ ਤਾਂ ਹੋਰ, ਚਿਤਵਿਰਤਕ ਵੀ ਆਪਣੇ ਵੱਡੇ ਕੋਟ ਹੇਠੋਂ ਨਿੱਕਲ ਦੌੜੀ। ਬੇਸ਼ੱਕ, ਇਹ ਤਾਂ ਜਾਬਤੇ ਵਾਲ਼ੀ ਗੱਲ ਨਹੀਂ ਸੀ। ਸੈਨਿਕਾਂ ਨੂੰ ਇਸ ਤਰਾਂ ਨਹੀਂ ਸੀ ਕਰਨਾ ਚਾਹੀਦਾ। ਉਸ ਨੂੰ ਚਾਹੀਦਾ ਸੀ ਕਿ ਉਹਨਾਂ ਨੂੰ ਜਾਬਤੇ ਵਿੱਚ ਰਹਿਣ ਦਾ ਹੁਕਮ ਦਿੰਦਾ। ਉਸ ਨੂੰ ਚਾਹੀਦਾ ਸੀ ਕਿ ਸੰਤਰੀ ਨਾ ਖੜ੍ਹਾ ਕਰਨ ਲਈ ਡਾਂਟਦਾ। ਉਸ ਦੇ ਮੱਥੇ ’ਤੇ ਤਿਉੜੀਆਂ ਉੱਭਰ ਆਈਆਂ ਸਨ ਅਤੇ ਹੁਕਮ, ਕਮਾਂਡ, ਸੁਣਾਉਣ ਲਈ ਉਹਨੇ ਮੂੰਹ ਖੋਹਲ ਲਿਆ ਸੀ, ਪਰ ਫਿਰ ਉਸ ਨੇ ਉਹਨਾਂ ਦੀਆਂ ਅੱਖਾਂ ਵਿੱਚ ਇੱਕ ਤਣਾਉਭਰੀ ਤੱਕਣੀ ਵੇਖ ਲਈ। ਇਸ ਕਰਕੇ ਉਹਨੇ ਆਪਣਾ ਮਨ ਬਦਲ ਲਿਆ ਤੇ ਇਸ ਤਰਾਂ ਬੋਲਿਆ ਜਿਵੇਂ ਸਾਂਝੇ ਫਾਰਮ ਦੀ ਟੀਮ ਦਾ ਆਗੂ ਆਪਣੀ ਟੀਮ ਨਾਲ਼ ਗੱਲ ਕਰਦਾ ਹੈ-

"ਮਾੜੀ ਗੱਲ ਹੈ, ਕੁੜੀਓ।"

ਉਹ ਇੱਕ ਚਟਾਨ ’ਤੇ ਬੈਠਣ ਹੀ ਲੱਗਾ ਸੀ ਗੁਰਵਿਚ ਨੇ ਰੋਕਿਆ ਤੇ ਝਟ ਪਟ ਆਪਣਾ ਕੋਟ ਹੇਠਾਂ ਵਿਛਾ ਦਿੱਤਾ। ਸਾਰਜੈਂਟ ਮੇਜਰ ਨੇ ਉਸ ਦੇ ਸ਼ੁਕਰਾਨੇ ਵਿੱਚ ਸਿਰ ਹਿਲਾਇਆ ਤੇ ਬਹਿ ਕੇ ਆਪਣੀ ਤਮਾਕੂ ਵਾਲ਼ੀ ਗੁੱਥੀ ਕੱਢ ਲਈ।

ਕੁੜੀਆਂ ਇੱਕ ਕਤਾਰ ਵਿੱਚ ਉਹਦੇ ਸਾਹਮਣੇ ਬਹਿ ਗਈਆਂ ਤੇ ਚੁੱਪ ਚਾਪ ਉਹਨੂੰ ਸਿਗਰਟ ਬਣਾਉਂਦੇ ਨੂੰ ਵੇਖਦੀਆਂ ਰਹੀਆਂ। ਵਾਸਕੋਵ ਨੇ ਚਿਤਵਿਰਤਕ ਨੂੰ ਸੰਬੋਧਨ ਕਰ ਕੇ ਪੁੱਛਿਆ-

"ਸੁਣਾ ਤੇਰਾ ਕੀ ਹਾਲ ਹੈ ?"

"ਮਾੜਾ ਨਹੀਂ।" ਉਹ ਮੁਸਕਰਾਉਣਾ ਚਾਹੁੰਦੀ ਸੀ ਪਰ ਉਹਦੇ ਬੁੱਲ੍ਹਾਂ ਨੇ ਉਹਦੀ ਗੱਲ ਨਾ ਮੰਨੀ। "ਨੀਂਦ ਸੁਹਣੀ ਆ ਗਈ ਸੀ ਮੈਨੂੰ।"

"ਸੋਲਾਂ ਬੰਦੇ ਜੇ ਉਹ", ਸਾਰਜੈਂਟ ਮੇਜਰ ਠਰ੍ਹੰਮੇ ਨਾਲ਼ ਗੱਲ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ, ਇਸ ਕਰਕੇ ਉਹਨੇ ਇੱਕ ਇੱਕ ਲਫਜ ਤੋਲ ਕੇ ਬੋਲਿਆ। "ਸੋਲਾਂ ਛੋਟੀਆਂ ਮਸ਼ੀਨਗੱਨਾਂ—ਕੋਈ ਚੀਜ਼ ਹੁੰਦੀਆਂ ਨੇ। ਸਿੱਧਾ ਮੱਥਾ ਲਾ ਕੇ ਇਹਨਾਂ ਨੂੰ ਠੱਲ੍ਹ ਨਹੀਂ ਪਾਈ ਜਾ ਸਕਦੀ ਤੇ ਠੱਲ੍ਹ ਪਾਏ ਬਿਨਾਂ ਛੱਡਿਆ ਵੀ ਨਹੀਂ ਜਾ ਸਕਦਾ। ਮੇਰਾ ਖਿਆਲ ਹੈ ਕਿ ਕੋਈ ਤਿੰਨ ਕੁ ਘੰਟਿਆਂ ਵਿੱਚ ਉਹ ਇੱਥੇ ਪਹੁੰਚ ਜਾਣਗੇ।"

ਓਸੀਆਨੀਨਾ ਨੇ ਕੋਮੇਲਕੋਵਾ ਨਾਲ਼ ਨਜ਼ਰਾਂ ਮਿਲਾਈਆਂ, ਗੁਰਵਿੱਚ ਨੇ ਗੋਡਿਆਂ ਤੋਂ ਸਕਰਟ ਨੂੰ ਠੀਕ ਠਾਕ ਕੀਤਾ ਅਤੇ ਚਿਤਵਿਰਤਕ ਬਿਟ ਬਿਟ ਉਹਦੇ ਵੱਲ ਝਾਕਦੀ ਰਹੀ। ਇਸ ਵੇਲ਼ੇ ਕੁਮੇਦਾਨ ਦਾ ਹਰ ਗੱਲ ਵੱਲ ਧਿਆਨ ਸੀ। ਉਹ ਸਭ ਕੁੱਝ ਸੁਣ ਰਿਹਾ ਤੇ ਵੇਖ ਰਿਹਾ ਸੀ, ਭਾਵੇਂ ਵੇਖਣ ਨੂੰ ਉਹ ਬੈਠਾ ਆਪਣੀ ਸਿਗਰਟ ਦੇ ਘੁੱਟ ਭਰ ਕੇ ਧੂੰਆਂ ਛੱਡ ਰਿਹਾ ਸੀ।

"ਮੈਂ ਬਰੀਚਕੀਨਾ ਨੂੰ ਵਾਪਸ ਛਾਉਣੀ ਭੇਜ ਦਿੱਤਾ ਹੈ", ਕੁੱਝ ਚਿਰ ਚੁੱਪ ਰਹਿਣ ਮਗਰੋਂ ਉਹ ਆਖਣ ਲੱਗਾ। "ਕੁਮਕ ਰਾਤ ਪੈਣ ਤੱਕ ਹੀ ਪਹੁੰਚ ਸਕਦੀ ਹੈ, ਇਸ ਤੋਂ ਪਹਿਲਾਂ ਨਹੀਂ ਤੇ ਜੇ ਅਸੀਂ ਲੜਾਈ ਦਾ ਬਖੇੜਾ ਖੜ੍ਹਾ ਕਰ ਲਿਆ, ਤਾਂ ਰਾਤ ਪੈਣ ਤੱਕ ਅਸੀਂ ਡਟੇ ਨਹੀਂ ਰਹਿ ਸਕਣਾ। ਅਸੀਂ ਕੋਈ ਵੀ ਪੁਜੀਸ਼ਨ ਲੈ ਲਈਏ, ਅਸੀਂ ਡਟੇ ਨਹੀਂ ਰਹਿ ਸਕਦੇ ਕਿਉਂਕਿ ਉਹਨਾਂ ਕੋਲ਼ ਸੋਲਾਂ ਛੋਟੀਆਂ ਮਸ਼ੀਨਗੱਨਾਂ ਹਨ।"

"ਕੀ ਕਰੀਏ ਫੇਰ ? ਵੇਖਦੇ ਰਹੀਏ ਕਿ ਉਹ ਕਿਵੇਂ ਅੱਗੇ ਦੀ ਲੰਘਦੇ ਨੇ ?" ਓਸੀਆਨੀਨਾ ਨੇ ਚੁਪਕੇ ਜਿਹੇ ਪੁੱਛਿਆ।

"ਨਹੀਂ, ਅਸੀਂ ਉਹਨਾਂ ਨੂੰ ਟਿੱਲਿਆਂ ਦੇ ਉੱਤੋਂ ਦੀ ਨਹੀਂ ਲੰਘਣ ਦੇਣਾ", ਉਸ ਨੇ ਜਵਾਬ ਦਿੱਤਾ। "ਉਹਨਾਂ ਨੂੰ ਕਿਸੇ ਹੋਰ ਰਾਹ ਵੱਲ ਮੋੜਨਾ ਚਾਹੀਦਾ ਹੈ। ਚੱਕਰ ਵਿੱਚ ਪਾਉਣਾ ਚਾਹੀਦਾ ਹੈ, ਲੇਗਨਤੋਵ ਝੀਲ ਦੁਆਲ਼ੇ ਦੇ ਚੱਕਰ ਵਿੱਚ। ਪਰ ਸਵਾਲ ਇਹ ਹੈ ਕਿ ਇਹ ਕੰਮ ਕਰੀਏ ਕਿਵੇਂ ? ਝੜੱਪ ਲੈ ਕੇ ਕੁੱਝ ਨਹੀਂ ਹੋ ਸਕਦਾ। ਸੋ ਆਪੋ ਆਪਣੇ ਵਿਚਾਰ ਦੱਸੋ ਮੈਨੂੰ।"

ਸਾਰਜੈਂਟ ਮੇਜਰ ਨੂੰ ਸਭ ਤੋਂ ਬਹੁਤਾ ਡਰ ਇਸ ਗੱਲ ਦਾ ਸੀ ਕਿ ਕੁੜੀਆਂ ਉਸ ਦੀ ਆਪਣੀ ਦੋਚਿੱਤੀ ਨੂੰ ਨਾ ਭਾਂਪ ਜਾਣ। ਜੇ ਉਹਨਾਂ ਨੇ ਆਪਣੀ ਅੰਤਰ ਚੇਤਨਾ ਨਾਲ਼ ਇਹ ਮਹਿਸੂਸ ਕਰ ਲਿਆ—ਤਾਂ ਭੱਠਾ ਬਹਿ ਜਾਵੇਗਾ। ਉਸ ਦੀ ਅਫਸਰੀ ਖਤਮ, ਕਮਾਂਡਰ ਦੇ ਤੌਰ 'ਤੇ ਉਹਦੀ ਤਾਕਤ ਵੀ ਖਤਮ ਤੇ ਇਹਦੇ ਨਾਲ਼ ਹੀ ਉਹਨਾਂ ਦਾ ਵਿਸ਼ਵਾਸ਼ ਵੀ ਖਤਮ। ਇਸ ਕਰਕੇ ਉਹ ਬੜੀ ਧੀਰਜ ਨਾਲ਼, ਸਾਦੇ ਜਿਹੇ ਢੰਗ ਨਾਲ਼ ਬੋਲਿਆ ਸੀ, ਹੌਲੀ ਜਿਹੀ ਆਵਾਜ਼ ਵਿੱਚ ਅਤੇ ਸਿਗਰਟ ਪੀਂਦਾ ਰਿਹਾ ਸੀ ਮਾਣੋ ਉਹ ਆਪਣੇ ਪਿੰਡ ਦੇ ਗੁਆਂਢੀ ਕੋਲ਼ ਐਵੇਂ ਵਕਤ-ਕਟੀ ਕਰਨ ਆ ਬੈਠਾ ਹੋਵੇ। ਪਰ ਨਹੀਂ, ਉਹ ਤਾਂ ਸੋਚ ਰਿਹਾ ਸੀ, ਉਸ ਦਾ ਦਿਮਾਗ ਸਾਰੀ ਸਥਿਤੀ ਨੂੰ ਰਿੜਕਦਾ ਰਿਹਾ ਸੀ, ਹਰ ਸੰਭਾਵਨਾ ਦੀ ਜਾਂਚ ਪੜਤਾਲ ਕਰ ਰਿਹਾ ਸੀ।

ਸ਼ੁਰੂ ਕਰਨ ਵਾਸਤੇ, ਉਹਨੇ ਕੁੜੀਆਂ ਨੂੰ ਨਾਸ਼ਤਾ ਕਰ ਲੈਣ ਦਾ ਹੁਕਮ ਦਿੱਤਾ। ਉਹ ਰੋਸ ਕਰਨ ਲੱਗ ਪਈਆਂ ਸਨ ਪਰ ਉਸ ਨੇ ਝਿੜਕ ਕੇ ਉਹਨਾਂ ਨੂੰ ਚੁੱਪ ਕਰਾ ਦਿੱਤਾ ਤੇ ਸੂਰ ਦੀ ਲੂਣੀ

ਚਰਬੀ ਦਾ ਇੱਕ ਟੁਕੜਾ ਆਪਣੇ ਕਿੱਟ ਬੈਗ ਵਿੱਚੋਂ ਕੱਢਿਆ। ਕੌਣ ਜਾਣਦਾ ਹੈ, ਕਿਹੜੀ ਗੱਲ ਦਾ ਉਹਨਾਂ 'ਤੇ ਬਹੁਤ ਅਸਰ ਹੋਇਆ, ਸੂਰ ਦੀ ਚਰਬੀ ਦਾ ਜਾਂ ਉਹਦੇ ਰੁੱਖੇ ਲਫਜਾਂ ਦਾ, ਪਰ ਛੇਤੀ ਹੀ ਉਹ ਪਚਾਕੇ ਮਾਰਨ ਲੱਗ ਪਈਆਂ। ਫੇਦੋਤ ਵਾਸਕੋਵ ਨੂੰ ਹੁਣ ਇਸ ਗੱਲ ਦਾ ਬੜਾ ਅਫਸੋਸ ਹੋਇਆ ਕਿ ਕਾਹਲੀ ਵਿੱਚ ਉਹਨੇ ਲੀਜ਼ਾ ਬਰੀਚਕੀਨਾ ਨੂੰ ਭੁੱਖਣ ਭਾਣੀ ਲੰਮੇ ਸਫਰ ਲਈ ਤੋਰ ਦਿੱਤਾ ਸੀ।

ਨਾਸ਼ਤੇ ਤੋਂ ਮਗਰੋਂ ਕੁਮੇਦਾਨ ਨੇ ਠੰਡਾ ਪਾਣੀ ਲੈ ਕੇ ਬੜੇ ਧਿਆਨ ਨਾਲ਼ ਆਪਣੀ ਹਜ਼ਾਮਤ ਬਣਾਈ। ਉਹਦੇ ਕੋਲ਼ ਹਾਲੇ ਤੱਕ ਆਪਣੇ ਪਿਤਾ ਵਾਲ਼ਾ ਹੀ ਉਸਤਰਾ ਸੀ—ਉਸਤਰਾ ਜਿਸ ਦਾ ਕੋਈ ਸੁਪਨਾ ਵੀ ਨਾ ਲੈ ਸਕੇ—ਪਰ ਇਸਦੇ ਬਾਵਜੂਦ ਵੀ ਉਸਨੇ ਦੋ ਥਾਵਾਂ 'ਤੇ ਟੱਕ ਮਾਰ ਲਏ। ਟੱਕਾਂ ਉਤੇ ਉਹਨੇ ਅਖ਼ਬਾਰੀ ਕਾਗਜ਼ ਦੇ ਟੋਟੇ ਚਿਪਕਾ ਦਿੱਤੇ ਅਤੇ ਕੋਮੇਲਕੋਵਾ ਆਪਣੇ ਕਿੱਟ ਬੈਗ ਵਿੱਚੋਂ ਯੂਡੀਕਲੋਨ ਦੀ ਸ਼ੀਸ਼ੀ ਕੱਢ ਲਿਆਈ ਅਤੇ ਹੱਥਾਂ ਨਾਲ਼ ਚੀਰਾਂ ਉਤੇ ਲਾ ਕੇ ਉਹਨਾਂ ਨੂੰ ਕਿਟਾਣੂ ਮੁਕਤ ਕਰ ਦਿੱਤਾ।

ਕੁਮੇਦਾਨ ਨੇ ਸਾਰੇ ਕੰਮ ਬੜੇ ਆਰਾਮ ਨਾਲ਼ ਕੀਤੇ, ਬਿਨਾਂ ਕਿਸੇ ਕਾਹਲ ਦੇ, ਪਰ ਸਮਾਂ ਦੌੜਦਾ ਜਾਂਦਾ ਸੀ ਤੇ ਉਸ ਦੀਆਂ ਸੋਚਾਂ ਇਸ ਤਰਾਂ ਇੱਧਰ ਉੱਧਰ ਉੱਡ-ਉੱਡ ਜਾਂਦੀਆਂ ਸਨ ਜਿਵੇਂ ਪੇਤਲੇ ਪਾਣੀ ਵਿੱਚ ਛੋਟੀਆਂ ਛੋਟੀਆਂ ਮੱਛੀਆਂ ਤਰਦੀਆਂ ਫਿਰਦੀਆਂ ਹਨ। ਉਸ ਕੋਲ਼ੋਂ ਆਪਣੀ ਬਿਰਤੀ ਇਕਾਗਰ ਨਹੀਂ ਸੀ ਹੋ ਰਹੀ ਤੇ ਉਹਨੂੰ ਇਸ ਗੱਲ ਦਾ ਅਫਸੋਸ ਹੋ ਰਿਹਾ ਸੀ ਕਿ ਉਹ ਆਪਣਾ ਕੁਹਾੜਾ ਫੜ ਕੇ ਲੱਕੜਾਂ ਪਾੜਨ ਵੀ ਨਹੀਂ ਸੀ ਜੁਟ ਸਕਦਾ। ਇੰਝ ਕਰਨ ਨਾਲ਼ ਉਹਦੇ ਖਿਆਲ ਇੱਕ ਲੜੀ ਵਿੱਚ ਬੱਝ ਜਾਂਦੇ, ਸਭ ਬੇਲੋੜੀਆਂ ਸੋਚਾਂ ਉਹਦੇ ਦਿਮਾਗ ਵਿੱਚੋਂ ਉੱਡ ਪੁੱਡ ਜਾਂਦੀਆਂ ਤੇ ਉਸ ਨੂੰ ਇਸ ਹਾਲਤ ਵਿੱਚੋਂ ਨਿਕਲਣ ਦਾ ਰਾਹ ਲੱਭ ਜਾਂਦਾ।

ਇਹ ਤਾਂ ਉਹ ਚੰਗੀ ਤਰਾਂ ਸਮਝਦਾ ਸੀ ਕਿ ਜਰਮਨ ਲੜਨ ਵਾਸਤੇ ਅੰਦਰ ਨਹੀਂ ਸੀ ਧਸੇ ਆ ਰਹੇ। ਉਹ ਸੰਘਣੇ ਜੰਗਲ ਵਿੱਚੋਂ ਲੰਘ ਰਹੇ ਸਨ, ਬੜੇ ਸਾਵਧਾਨ ਸਨ ਅਤੇ ਸੂਹੀਆਂ ਨੂੰ ਅਗਾਊਂ ਦੂਰ ਅੱਗੇ ਭੇਜ ਰਹੇ ਸਨ। ਸੂਹੀਆਂ ਨੂੰ ਕਾਹਦੇ ਵਾਸਤੇ ਭੇਜਦੇ ਸਨ ? ਇਸ ਕਰਕੇ ਕਿ ਕੋਈ ਉਹਨਾਂ ਨੂੰ ਵੇਖ ਨਾ ਲਵੇ ਅਤੇ ਉਹ , ਇਸੇ ਹੀ ਤਰਾਂ ਚੁੱਪ ਚਾਪ, ਬਿਨਾਂ ਕਿਸੇ ਦੀ ਨਜ਼ਰ ਵਿੱਚ ਆਇਆਂ, ਹਰ ਸੰਭਵ ਅੜਿੱਕੇ ਨੂੰ ਪਾਰ ਕਰ ਜਾਣ ਤੇ ਆਪਣੇ ਮੁੱਖ ਨਿਸ਼ਾਨੇ 'ਤੇ ਪਹੁੰਚ ਜਾਣ। ਇਸ ਹਾਲਤ ਵਿੱਚ ਲੋੜ ਇਸ ਗੱਲ ਦੀ ਸੀ ਕਿ ਉਹ ਲੋਕ ਉਸ ਨੂੰ ਵੇਖ ਲੈਣ ਅਤੇ ਉਹ ਆਪ ਇਉਂ ਜਾਹਿਰ ਕਰੇ ਜਿਵੇਂ ਉਸ ਨੇ ਉਹਨਾਂ ਨੂੰ ਨਹੀਂ ਵੇਖਿਆ.....ਹੋ ਸਕਦਾ ਹੈ ਇਸ ਤਰਾਂ ਉਹ ਆਪਣਾ ਰਸਤਾ ਬਦਲ ਲੈਣ ਤੇ ਕਿਸੇ ਹੋਰ ਪਾਸਿਓਂ ਲੰਘਣ ਦਾ ਯਤਨ ਕਰਨ। ਪਰ ਹੋਰ ਕਿਹੜੇ ਪਾਸੇ ਜਾ ਸਕਦੇ ਸਨ ਉਹ ਸਿਵਾਏ ਲੇਗੋਨਤੋਵ ਝੀਲ ਦੇ ਤੇ ਇਸ ਦਾ ਮਤਲਬ ਹੋਵੇਗਾ ਇੱਕ ਦਿਨ ਤੇ ਇੱਕ ਰਾਤ ਹੋਰ ਤੁਰਨਾ।

ਪਰ ਉਹ ਕਿਸ ਨੂੰ ਜਰਮਨਾਂ ਦੀ ਨਜ਼ਰ ਵਿੱਚ ਆ ਜਾਣ ਦੇਵੇ ? ਚਹੁੰ ਕੁੜੀਆਂ ਨੂੰ ਤੇ ਆਪਣੇ ਆਪ ਨੂੰ ? ਠੀਕ ਹੈ, ਹੋ ਸਕਦਾ ਹੈ ਉਹ ਰੁਕ ਜਾਣ। ਇਹ ਵੀ ਹੋ ਸਕਦਾ ਹੈ ਕਿ ਉਹ ਜਾਂਚ ਪੜਤਾਲ ਕਰਨ ਵਾਸਤੇ ਸੂਹੀਏ ਭੇਜਣ। ਖੈਰ, ਇਹ ਖੇਡ ਉਨਾਂ ਚਿਰ ਚੱਲ ਸਕਦੀ ਹੈ ਜਿਨਾਂ ਚਿਰ ਉਹਨਾਂ ਨੂੰ ਇਹ ਪਤਾ ਨਹੀਂ ਲੱਗ ਜਾਂਦਾ ਕਿ ਇੱਥੇ ਸਿਰਫ ਪੰਜ ਜਣੇ ਹਨ। ਤੇ ਫੇਰ ? ....ਤੇ ਫੇਰ , ਕਾਮਰੇਡ ਸਾਰਜੈਂਟ ਮੇਜਰ ਵਾਸਕੋਵ, ਨਾ ਉਹ ਕਿਸੇ ਪਾਸੇ ਪਿੱਛੇ ਹਟਣਗੇ ਨਾ ਹੀ ਕਿਧਰੇ ਛਾਉਣੀ

ਪਾ ਕੇ ਬਹਿਣਗੇ। ਬਿਨਾਂ ਕਿਸੇ ਠਾਹ ਠੂਹ ਦੇ ਉਹ ਘੇਰਾ ਪਾ ਲੈਣਗੇ। ਮਹਿਜ ਪੰਜ ਛੁਰੀਆਂ ਨਾਲ਼ ਹੀ ਉਹ ਉਸ ਦੀ ਟੋਲੀ ਦਾ ਸਫਾਇਆ ਕਰ ਦੇਣਗੇ। ਉਹ ਮੂਰਖ ਨਹੀਂ ਜਿਹੜੇ ਪਸਤੌਲ ਵਾਲ਼ੇ ਸਾਰਜੈਂਟ ਮੇਜਰ ਤੋਂ ਚਾਰ ਕੁੜੀਆਂ ਨੂੰ ਵੇਖ ਕੇ ਡਰ ਜਾਣ। ਉਹ ਦੌੜ ਕੇ ਜੰਗਲ ਵਿੱਚ ਲੁਕਣ ਨਹੀਂ ਲੱਗੇ।

ਆਪਣੇ ਇਹ ਸਾਰੇ ਵਿਚਾਰ ਉਸ ਨੇ ਓਸੀਆਨੀਨਾ, ਕਾਮੇਲਕੋਵਾ ਅਤੇ ਗੁਰਵਿਚ ਨੂੰ ਦੱਸੇ। ਸੌਂ ਲੈਣ ਤੋਂ ਮਗਰੋਂ ਸੁਚੇਤ ਹੋਈ, ਚਿਤਵਿਰਤਕ ਨੇ ਆਪਣੇ ਆਪ ਨੂੰ ਪਹਿਰੇ 'ਤੇ ਖਲੋਣ ਲਈ ਪੇਸ਼ ਕੀਤਾ। ਸਾਰਜੈਂਟ ਮੇਜਰ ਨੇ ਕੋਈ ਓਹਲਾ ਰੱਖੇ ਬਿਨਾਂ ਸਭ ਕੁੱਝ ਉਹਨਾਂ ਨੂੰ ਦੱਸ ਕੇ ਆਖਿਆ–

"ਜੇ ਅਸਾਂ ਅਗਲੇ ਘੰਟੇ ਡੇਢ ਘੰਟੇ ਵਿੱਚ ਕੋਈ ਜੁਗਤ ਨਾ ਸੋਚੀ ਬਣਾਈ ਤਾਂ ਗੱਲ ਉਹੋ ਹੋਣੀ ਹੈ ਜਿਹੜੀ ਮੈ ਆਖੀ ਹੈ। ਇਸ ਕਰ ਕੇ ਤਿਆਰ ਹੋ ਜਾਓ।"

ਤਿਆਰ ਹੋ ਜਾਓ... ਤਿਆਰੀ ਕਰਨ ਵਾਲ਼ੀ ਭਲਾਂ ਕਿਹੜੀ ਗੱਲ ਸੀ ? ਅਗਲੇ ਜਹਾਨ ਦੀ ਤਿਆਰੀ ? ਇਸ ਕੰਮ ਲਈ ਜਿਨਾਂ ਘੱਟ ਵਕਤ ਮਿਲੇ ਓਨਾ ਹੀ ਚੰਗਾ...

ਜਿੱਥੋਂ ਤੱਕ ਉਹਦਾ ਆਪਣਾ ਸਵਾਲ ਸੀ, ਉਸ ਨੇ ਤਿਆਰੀ ਕੀਤੀ। ਉਹਨੇ ਆਪਣੇ ਕਿੱਟ ਬੈਗ ਵਿੱਚੋਂ ਇੱਕ ਗਰਨੇਡ ਕੱਢਿਆ, ਆਪਣਾ ਪਸਤੌਲ ਸਾਫ ਕੀਤਾ ਅਤੇ ਆਪਣੀ ਫਿਨਲੈਂਡੀ ਛੁਰੀ ਨੂੰ ਪੱਥਰ 'ਤੇ ਰਗੜ ਕੇ ਤੇਜ਼ ਕੀਤਾ। ਉਸ ਨੇ ਤਾਂ ਇੰਨੀ ਹੀ ਤਿਆਰੀ ਕਰਨੀ ਸੀ, ਪਰ ਉਸ ਦੀਆਂ ਸੈਨਿਕ ਕੁੜੀਆਂ ਨੇ ਤਾਂ ਇਨਾਂ ਕੰਮ ਵੀ ਨਹੀਂ ਸੀ ਕਰਨਾ। ਉਹ ਉਸ ਕੋਲ਼ੋਂ ਥੋੜ੍ਹਾ ਜਿਹਾ ਹਟ ਕੇ ਬੈਠੀਆਂ ਫੁਸਰ ਫੁਸਰ ਦੀ ਆਵਾਜ਼ ਵਿੱਚ ਬਹਿਸ ਕਰ ਰਹੀਆਂ ਸਨ। ਅਖੀਰ ਉਹ ਸਭ ਇਕੱਠੀਆਂ ਹੋ ਕੇ ਆਈਆਂ ਤੇ ਆਖਣ ਲੱਗੀਆਂ–

ਕਾਮਰੇਡ ਸਾਰਜੈਂਟ ਜੇ ਉਹਨਾਂ ਨੂੰ ਕੋਈ ਲੱਕੜਹਾਰੇ ਮਿਲ ਪੈਣ ਤਾਂ ?"

ਵਾਸਕੋਵ ਨੂੰ ਗੱਲ ਸਮਝ ਨਹੀਂ ਆਈ–ਕਿਹੜੇ ਲੱਕੜਹਾਰੇ ਕਿੱਥੇ ਨੇ ਉਹ ?....ਲੜਾਈ ਲੱਗੀ ਹੋਈ ਸੀ, ਜੰਗਲ ਸੁੰਨ ਮਸੁੰਨੇ ਸਨ, ਜਿਵੇਂ ਉਹਨਾਂ ਨੇ ਆਪਣੀਆਂ ਅੱਖਾਂ ਨਾਲ਼ ਵੇਖਿਆ ਸੀ। ਕੁੜੀਆਂ ਗੱਲ ਸਪੱਸ਼ਟ ਕਰਨ ਲੱਗੀਆਂ ਤੇ ਕੁਮੇਦਾਨ ਨੂੰ ਗੱਲ ਦੀ ਸਮਝ ਆ ਗਈ। ਗੱਲ ਬੜੀ ਸਿੱਧੀ ਸਾਦੀ ਸੀ। ਹਰ ਫੌਜੀ ਦਸਤੇ ਦੀਆਂ—ਭਾਵੇਂ ਉਹ ਕਿਸੇ ਤਰਾਂ ਦਾ ਵੀ ਹੋਵੇ—ਸਪੱਸ਼ਟ ਰੂਪ ਵਿੱਚ ਮਿਥੀਆਂ ਹੋਈਆਂ ਸਰਹੱਦਾਂ ਸਨ। ਹਰ ਦਸਤੇ ਨੂੰ ਪਤਾ ਸੀ ਕਿ ਉਹਦੇ ਗੁਆਂਢ ਵਿੱਚ ਕੌਣ ਹੈ ਤੇ ਜਿੱਥੇ ਸਰਹੱਦਾਂ ਇੱਕ ਦੂਜੀ ਨੂੰ ਮਿਲਦੀਆਂ ਸਨ ਓਥੇ ਸਰਹੱਦੀ ਚੌਕੀਆਂ ਸਨ। ਪਰ ਲਕੜਹਾਰਿਆਂ ਦੀ ਗੱਲ ਹੋਰ ਸੀ। ਲਕੜਹਾਰੇ ਜੰਗਲ ਵਿੱਚ ਕਿਸੇ ਵੀ ਥਾਂ ਹੋ ਸਕਦੇ ਸਨ। ਹਰ ਟੋਲੀ ਵੱਖ ਵੱਖ ਕੰਮ ਕਰਦੀ—ਕੋਸ਼ਿਸ਼ ਕਰੋ ਤੇ ਸਭ ਨੂੰ ਲੱਭ ਲਓ। ਜਰਮਨ ਉਹਨਾਂ ਨੂੰ ਲੱਭਣਗੇ ? ਨਹੀਂ, ਝੂਠੀ ਗੱਲ—ਇਹ ਖਤਰਨਾਕ ਕੰਮ ਹੋਵੇਗਾ। ਜੇ ਜਰਮਨ ਚੌਕਸ ਨਹੀਂ ਰਹਿੰਦੇ ਤਾਂ ਉਹਨਾਂ ਨੂੰ ਕੋਈ ਵੇਖ ਵੀ ਸਕਦਾ ਹੈ ਤੇ ਕੋਈ ਹਾਕਮਾਂ ਨੂੰ ਖ਼ਬਰਦਾਰ ਵੀ ਕਰ ਦੇਵੇਗਾ। ਕਿਸੇ ਨੂੰ ਪੱਕਾ ਯਕੀਨ ਨਹੀਂ ਹੋ ਸਕਦਾ ਕਿ ਆਸੇ ਪਾਸੇ ਕਿੰਨੇ ਕੁ ਲੱਕੜਹਾਰੇ ਹੋ ਸਕਦੇ ਹਨ ਜਾਂ ਉਹ ਕਿਹੜੀ ਥਾਂ ਹਨ ਤੇ ਕਿਸ ਨਾਲ਼ ਉਹਨਾਂ ਦਾ ਤਾਲਮੇਲ ਹੈ...

"ਵਾਹ ਨੀ ਕੁੜੀਓ, ਤੁਸੀਂ ਬੜੀਆਂ ਸਿਆਣੀਆਂ ਜੇ !"

ਉਹਨਾਂ ਦੇ ਰਾਖਵੇਂ ਮੋਰਚੇ ਦੇ ਪਿੱਛੇ ਇੱਕ ਛੋਟਾ ਜਿਹਾ ਨਾਲ਼ਾ ਵਗਦਾ ਸੀ। ਪਾਣੀ ਡੂੰਘਾ ਨਹੀਂ ਸੀ ਪਰ ਸ਼ੋਰ ਬੜਾ ਮਚਾਉਂਦਾ ਸੀ। ਨਾਲ਼ੇ ਦੇ ਪਰਲੇ ਕੰਢੇ, ਐਨ ਪਾਣੀ ਦੀ ਧਾਰ ਕੋਲ਼ੋਂ ਹੀ,

ਜੰਗਲ ਸ਼ੁਰੂ ਹੋ ਜਾਂਦਾ ਸੀ। ਐਸਪ ਤੇ ਫਰ ਦੇ ਰੁੱਖਾਂ ਦਾ ਸੰਘਣਾ ਜੰਗਲ ਤੇ ਡਿੱਗੀਆਂ ਝੜੀਆਂ ਲੱਕੜਾਂ ਨਾਲ਼ ਇਉਂ ਭਰਿਆ ਹੋਇਆ ਕਿ ਜਿਸ ਵਿੱਚੋਂ ਲੰਘਣਾ ਮੁਸ਼ਕਲ ਸੀ। ਦੋ ਕਦਮ ਦੂਰ ਨਜ਼ਰ ਜਾਂਦੀ ਤੇ ਹਰੀਆਂ ਭਰੀਆਂ ਝਾੜੀਆਂ ਅੱਗੇ ਕੰਧ ਬਣ ਖਲੋਂਦੀਆਂ। ਇੱਥੇ ਤਸੇਈਸ* ਦੂਰਬੀਨ ਵੀ ਕਿਸੇ ਤਰਾਂ ਕੰਮ ਨਹੀਂ ਸੀ ਆ ਸਕਦੀ। ਸੰਘਣੀਆਂ ਝਿੜੀਆਂ ਨੂੰ ਚੀਰ ਕੇ ਨਜ਼ਰ ਅਗਾਂਹ ਨਹੀਂ ਸੀ ਜਾ ਸਕਦੀ। ਸਦਾ ਬਦਲਦੀ ਝਾਕੀ ਨੂੰ ਵੇਖ ਨਹੀਂ ਸੀ ਸਕਦੀ ਜਾਂ ਇਸ ਦੀਆਂ ਡੂੰਘਾਈਆਂ ਦੀ ਥਾਹ ਨਹੀਂ ਸੀ ਪਾ ਸਕਦੀ। ਫੇਦੋਤ ਵਾਸਕੋਵ ਦੇ ਦਿਮਾਗ ਵਿੱਚ ਇਹੋ ਥਾਂ ਸੀ ਜਦੋਂ ਉਹਨੇ ਕੁੜੀਆਂ ਦੀ ਵਿਉਂਤ ਸਵੀਕਾਰ ਕੀਤੀ ਸੀ।

ਉਸ ਨੇ ਚਿਤਵਿਰਤਕ ਤੇ ਗੁਰਵਿਚ ਨੂੰ ਐਨ ਵਿਚਕਾਰ ਤਾਇਨਾਤ ਕਰ ਦਿੱਤਾ ਤਾਂ ਜੋ ਜਰਮਨ ਉਹਨਾਂ ਨੂੰ ਨਜ਼ਰ ਅੰਦਾਜ ਨਾ ਕਰ ਸਕਣ। ਉਸ ਨੇ ਉਹਨਾਂ ਨੂੰ ਆਖਿਆ ਕਿ ਧੂਣੀ ਬਾਲ ਲੈਣ ਤੇ ਇਸ ਗੱਲ ਦਾ ਖਿਆਲ ਰੱਖਣ ਕਿ ਧੂਆਂ ਬਹੁਤ ਹੋਵੇ। ਇੱਕ ਦੂਜੀ ਨਾਲ਼ ਉੱਚੀ ਉੱਚੀ ਬੋਲਣ ਤਾਂ ਜੋ ਉਹਨਾਂ ਦੀ ਆਵਾਜ ਸਾਰੇ ਜੰਗਲ ਵਿੱਚ ਗੂੰਜਣ ਲੱਗੇ। ਪਰ ਝਾੜੀਆਂ ਵਿੱਚੋਂ ਉਹ ਵਿਖਾਈ ਨਾ ਦੇਣ, ਥੋੜ੍ਹਾ ਇੱਧਰ ਉੱਧਰ ਵੀ ਹੋਣ, ਪਰ ਬਹੁਤਾ ਨਹੀਂ। ਉਸ ਨੇ ਇਹ ਵੀ ਆਖਿਆ ਕਿ ਆਪਣੇ ਵੱਡੇ ਬੂਟ ਲਾਹ ਲੈਣ। ਅਸਲ ਵਿੱਚ ਉਹ ਸਭ ਕੁੱਝ ਲਾਹ ਦੇਣ ਜਿਸ ਨਾਲ਼ ਉਹ ਸੈਨਿਕ ਜਾਪਦੀਆਂ ਹਨ—ਬੂਟ, ਟੋਪੀਆਂ ਅਤੇ ਪੇਟੀਆਂ।

ਇਸ ਖਾਸ ਇਲਾਕੇ ਵਿੱਚ, ਧੂਣੀ ਕੋਲ਼ੋਂ ਪਾਸਾ ਵੱਟ ਕੇ ਲੰਘਣ ਦਾ ਜਰਮਨਾ ਕੋਲ਼ ਸਿਰਫ ਇੱਕੋ ਰਸਤਾ ਸੀ, ਸਿਰਫ ਖੱਬੇ ਪਾਸੇ, ਕਿਉਂਕਿ ਸੱਜੇ ਪਾਸੇ ਪਾਣੀ ਦੇ ਸਿਰੇ ਤੋਂ ਚਟਾਨਾਂ ਸ਼ੁਰੂ ਹੋ ਜਾਂਦੀਆਂ ਸਨ ਤੇ ਇੱਧਰ ਕੋਈ ਢੁਕਵਾਂ ਲਾਂਘਾ ਨਹੀਂ ਸੀ। ਇਸ ਦੇ ਬਾਵਜੂਦ, ਇਹਤਿਆਤ ਵਜੋਂ ਵਾਸਕੋਵ ਨੇ ਓਸੀਆਨੀਨਾ ਨੂੰ ਉੱਥੇ ਤਾਇਨਾਤ ਕਰ ਦਿੱਤਾ। ਉਸ ਨੂੰ ਵੀ ਉਹੋ ਹੁਕਮ ਦਿੱਤਾ ਗਿਆ ਕਿ ਇੱਧਰ ਓਧਰ ਆਵੇ ਜਾਵੇ, ਰੌਲਾ ਗੌਲਾ ਪਾਵੇ ਅਤੇ ਅੱਗ ਬਾਲ ਲਵੇ ਅਤੇ ਖੱਬੀ ਬਾਹੀ ਦੀ ਰਾਖੀ ਉਹਨੇ ਆਪਣੇ ਜ਼ਿੰਮੇ ਲੈ ਲਈ ਤੇ ਕੋਮੇਲਕੋਵਾ ਨੂੰ ਆਪਣੇ ਨਾਲ਼ ਲੈ ਲਿਆ। ਇਹ ਬੜੀ ਨਾਜ਼ਕ ਤੇ ਅਹਿਮ ਥਾਂ ਸੀ ਕਿਉਂਕਿ ਇੱਥੋਂ ਦਰਿਆ ਦਾ ਮੋੜ ਪੂਰੀ ਤਰਾਂ ਵਿਖਾਈ ਦਿੰਦਾ ਸੀ। ਕੀ ਆਖਿਆ ਜਾ ਸਕਦਾ ਹੈ ਕਿ ਜਰਮਨ ਆਪਣੀ ਸਲਾਹ ਬਦਲ ਲੈਣ ਅਤੇ ਦਰਿਆ ਪਾਰ ਕਰਨ ਲੱਗ ਪੈਣ। ਜੇ ਇਸ ਤਰਾਂ ਹੋਇਆ ਤਾਂ ਇਸ ਥਾਂ ਤੋਂ ਉਸ ਨੂੰ ਦੋ ਤਿੰਨ ਫੜਕਾ ਦੇਣ ਦਾ ਮੌਕਾ ਮਿਲ ਜਾਵੇਗਾ ਤੇ ਇੰਨੇ ਵਿੱਚ ਕੁੜੀਆਂ ਖਿੰਡ ਪੁੰਡ ਜਾਣਗੀਆਂ ਤੇ ਦੌੜ ਜਾਣਗੀਆਂ।

ਵਕਤ ਥੋੜ੍ਹਾ ਰਹਿੰਦਾ ਜਾ ਰਿਹਾ ਸੀ ਅਤੇ ਵਾਸਕੋਵ ਨੇ ਇੱਕ ਹੋਰ ਕੁੜੀ ਨੂੰ ਪਹਿਰੇ ’ਤੇ ਖੜ੍ਹੀ ਕਰ ਦਿੱਤਾ ਅਤੇ ਓਸੀਆਨੀਨਾ ਤੇ ਕੋਮੇਲਕੋਵਾ ਨਾਲ਼ ਮਿਲ ਕੇ ਉਹ ਜਲਦੀ ਜਲਦੀ ਤਿਆਰੀਆਂ ਵਿੱਚ ਜੁਟ ਪਿਆ। ਜਿਸ ਵੇਲ਼ੇ ਕੁੜੀਆਂ ਛਾਪੇ ਮੋੜ੍ਹੀਆਂ ਇਕੱਠੀਆਂ ਕਰ ਰਹੀਆਂ ਸਨ, ਉਹਨੇ ਰੁੱਖਾਂ ਉੱਤੇ ਆਪਣਾ ਕੁਹਾੜਾ ਚਲਾਉਣਾ ਸ਼ੁਰੂ ਕਰ ਦਿੱਤਾ ਸੀ—ਬਿਲਕੁਲ ਖੁੱਲ੍ਹੇਆਮ, ਬੇਸ਼ੱਕ ਸੁਣ ਲੈਣ, ਬੇਸ਼ੱਕ ਉਹ ਅਗਾਊਂ ਖਬਰਦਾਰ ਹੋ ਜਾਣ! ਉਹ ਉੱਚੇ ਲੰਮੇ ਰੁੱਖ ਚੁਣਦਾ ਸੀ ਜਿੰਨ੍ਹਾਂ ਨਾਲ਼ ਬਹੁਤ ਸ਼ੋਰ ਹੋਵੇ। ਉਹਨਾਂ ਨੂੰ ਇਸ ਤਰੀਕੇ ਨਾਲ਼ ਟੱਕ ਮਾਰਦਾ ਕਿ ਮਗਰੋਂ ਉਹ ਹੌਲੇ ਜਿਹੀ ਸੱਟ ਨਾਲ਼ ਡਿੱਗ ਸਕਣ ਤੇ ਆਪ ਉਹ ਅਗਲੇ ਰੁੱਖ ਨੂੰ ਟੱਕ ਮਾਰਨ ਲੱਗ ਪੈਂਦਾ। ਮੁੜ੍ਹਕਾ ਚੋ ਚੋ ਉਹਦੀਆਂ ਅੱਖਾਂ ਵਿੱਚ ਪੈ ਰਿਹਾ ਸੀ, ਮੱਛਰ ਬੇਰਹਿਮੀ ਨਾਲ਼ ਲੜ ਰਿਹਾ ਸੀ। ਪਰ ਉਹ ਆਪਣੇ

---

* ਮਸ਼ਹੂਰ ਜਰਮਨ ਕੰਪਨੀ ਦਾ ਨਾਮ —**ਸੰਪਾ.**

ਕੰਮ ਲੱਗਾ ਰਿਹਾ, ਸਾਹੋ ਸਾਹੀ ਹੋਇਆ ਆਪਣਾ ਕੁਹਾੜਾ ਚਲਾਉਂਦਾ ਰਿਹਾ। ਕੁੱਝ ਚਿਰ ਮਗਰੋਂ ਗੂਰਵਿਚ ਆਪਣੀ ਚੌਂਕੀ ਤੋਂ ਦੌੜੀ ਆਈ। ਉਸ ਨੇ ਨਦੀ ਦੇ ਦੂਜੇ ਸਿਰੇ ਤੋਂ ਹੱਥ ਹਿਲਾ ਕੇ ਖ਼ਬਰ ਦਿੱਤੀ-

"ਉਹ ਆ ਰਹੇ ਨੇ ਕਾਮਰੇਡ ਸਾਰਜੈਂਟ ਮੇਜਰ!"

"ਆਪੋ ਆਪਣੀ ਥਾਂ 'ਤੇ", ਫੇਦੋਤ ਵਾਸਕੋਵ ਨੇ ਆਖਿਆ।

"ਆਪੋ ਆਪਣੀ ਥਾਂ 'ਤੇ, ਕੁੜੀਓ ਤੇ ਮਿਹਰਬਾਨੀ ਕਰਕੇ ਯਾਦ ਰੱਖਣਾ ਪੂਰੀ ਤਰਾਂ ਖਬਰਦਾਰ। ਉਹ ਤੁਹਾਨੂੰ ਵੇਖ ਤਾਂ ਲੈਣ, ਪਰ ਰੁੱਖਾਂ ਵਿੱਚ ਝਾੜੀਆਂ ਵਿੱਚ ਨਹੀਂ ਜਿੱਨਾ ਉੱਚੀ ਹੋ ਸਕੇ ਸ਼ੋਰ ਸ਼ਰਾਬਾ ਕਰੋ..."

ਉਸ ਦੀਆਂ ਸੈਨਿਕ ਕੁੜੀਆਂ ਖਿੰਡ ਪੁੰਡ ਗਈਆਂ ਅਤੇ ਸਿਰਫ ਗੂਰਵਿਚ ਤੇ ਚਿਤਵਿਰਤਕ ਹੀ ਦੂਸਰੇ ਕੰਢੇ ਅਟਕੀਆਂ ਹੋਈਆਂ ਸਨ-ਚਿਤਵਿਰਤਕ ਕੋਲ਼ੋਂ ਉਹ ਪੱਟੀ ਨਹੀਂ ਸੀ ਖੁਲ੍ਹਦੀ ਜਿਸ ਨਾਲ਼ ਉਸ ਦੇ ਪੈਰ ਨਾਲ਼ ਬਰਚੇ ਦੇ ਛਿਲਕੇ ਦੀ ਜੁੱਤੀ ਨੂੰ ਬੰਨ੍ਹਿਆਂ ਹੋਇਆ ਸੀ। ਸਾਰਜੈਂਟ ਮੇਜਰ ਨੇ ਉਹਦੇ ਕੋਲ਼ ਆ ਕੇ ਆਖਿਆ—

"ਠਹਿਰ ਜਾ, ਮੈਂ ਤੈਨੂੰ ਛੱਡ ਆਉਂਦਾ ਹਾਂ।"

"ਨਹੀਂ, ਨਹੀਂ, ਕਾਮਰੇਡ...."

"ਮੈਂ ਕਹਿੰਦਾ ਹਾਂ ਠਹਿਰ ਜਾ। ਪਾਣੀ ਬਰਫ ਵਾਂਗ ਠੰਡਾ ਹੈ ਤੇ ਤੇਰੀ ਤਬੀਅਤ ਹਾਲੇ ਠੀਕ ਨਹੀਂ।"

ਉਸ ਦੇ ਸਿਰ ਤੋਂ ਪੈਰਾਂ ਤੱਕ ਨਜ਼ਰ ਮਾਰ ਕੇ ਉਸਨੇ ਲਾਲ ਸੈਨਿਕ ਕੁੜੀ ਨੂੰ ਚੁੱਕ ਲਿਆ (ਉਹਦਾ ਭਾਰ ਡੇਢ੍ਹ ਮਣ ਤੋਂ ਬਹੁਤਾ ਨਹੀਂ ਹੋਣਾ)। ਵਾਸਕੋਵ ਦੇ ਗਲ ਵਿੱਚ ਬਾਹਾਂ ਪਾ ਕੇ ਉਹਦੇ ਕੰਧਾੜੇ ਚੜ੍ਹੀ ਕੁੜੀ ਦਾ ਚਿਹਰਾ ਅਚਾਨਕ ਬਿਨਾਂ ਕਾਰਨ ਹੀ ਲਾਲ ਹੋ ਗਿਆ। ਇਹ ਲਾਲੀ ਉਹਦੀ ਧੌਣ ਤੱਕ ਫੈਲ ਗਈ ਤੇ ਉਹ ਬੋਲੀ-

"ਤੁਸੀਂ ਤਾਂ ਇਉਂ ਕਰਦੇ ਓ ਜਿਵੇਂ ਮੈਂ ਬਾਲੜੀ ਹੋਵਾਂ..."

ਵਾਸਕੋਵ ਮਜ਼ਾਕ ਕਰਨਾ ਚਾਹੁੰਦਾ ਸੀ—ਆਖਰ ਉਹ ਕੋਈ ਗੇਲੀ ਤਾਂ ਨਹੀਂ ਸੀ ਚੁੱਕੀ ਜਾਂਦਾ—ਪਰ ਉਸ ਨੇ ਕੁੱਝ ਹੋਰ ਹੀ ਆਖ ਦਿੱਤਾ-

"ਤੇ ਤੂੰ ਸਿੱਲ੍ਹੀ ਥਾਂ 'ਤੇ ਖੇਡਦੀ ਵੀ ਨਹੀਂ ਫਿਰਦੀ।"

ਪਾਣੀ ਤਕਰੀਬਨ ਗੋਡੇ-ਗੋਡੇ ਡੂੰਘਾ ਸੀ ਤੇ ਬੇਹੱਦ ਠੰਡਾ ਸੀ। ਗੂਰਵਿਚ ਆਪਣੀ ਸਕਰਟ ਉਤਾਂਹ ਚੁੱਕੀਂ ਅੱਗੇ ਅੱਗੇ ਜਾ ਰਹੀ ਸੀ। ਉਸ ਦੀਆਂ ਪਤਲੀਆਂ-ਪਤਲੀਆਂ ਗੋਰੀਆਂ ਲੱਤਾਂ ਲਿਛਕ ਰਹੀਆਂ ਸਨ ਅਤੇ ਉਹ ਆਪਣੇ ਆਪ ਨੂੰ ਸਾਵਾਂ ਰੱਖਣ ਲਈ ਆਪਣੇ ਬੂਟਾਂ ਨੂੰ ਹੁਲਾਰਾ ਦਿੰਦੀ ਜਾ ਰਹੀ ਸੀ। ਉਸ ਨੇ ਪਿੱਛੇ ਭੌਂ ਕੇ ਆਖਿਆ-

"ਪਾਣੀ ਤਾਂ ਸੁੰਨ ਕਰਦਾ ਜਾਂਦਾ ਹੈ!"

ਅਤੇ ਉਸ ਵੇਲ਼ੇ ਆਪਣੀ ਸਕਰਟ ਹੇਠਾਂ ਸੁੱਟ ਦਿੱਤੀ ਤੇ ਉਸ ਦਾ ਘੇਰਾ ਭਿੱਜ ਗਿਆ।

ਵਾਸਕੋਵ ਗੁੱਸੇ ਵਿੱਚ ਆ ਕੇ ਕੜਕਿਆ-

"ਆਪਣੀ ਸਕਰਟ ਨੂੰ ਉਤਾਂਹ ਚੁੱਕ!"

ਇਹ ਸੁਣ ਕੇ ਉਹ ਖਲੋ ਗਈ ਤੇ ਮੁਸਕਰਾ ਕੇ ਆਖਣ ਲੱਗੀ -

"ਫੌਜੀ ਨੇਮਾਂ ਵਿੱਚ ਇਸ ਤਰਾਂ ਦਾ ਕੋਈ ਹੁਕਮ ਨਹੀਂ, ਫੇਦੋਤ ਵਾਸਕੋਵ..."

ਹਾਲਤ ਮਾੜੀ ਨਹੀਂ। ਇਹ ਤਾਂ ਮਜ਼ਾਕ ਕਰਦੀਆਂ ਹਨ! ਵਾਸਕੋਵ ਨੂੰ ਇਸ ਗੱਲੋਂ ਖ਼ੁਸ਼ੀ ਹੋਈ ਤੇ ਜਦੋਂ ਉਹ ਆਪਣੀ ਚੌਂਕੀ 'ਤੇ ਪੁੱਜਾ ਜਿੱਥੇ ਕੋਮੇਲਕੋਵਾ ਅੱਗ ਬਾਲਣ ਵਿੱਚ ਰੁੱਝੀ ਹੋਈ ਸੀ, ਉਹ ਬੜੇ ਚੰਗੇ ਰਔਂ ਵਿੱਚ ਸੀ। ਜਿੰਨਾ ਉੱਚਾ ਬੋਲ ਸਕਦਾ ਸੀ ਉਹ ਕੜਕ ਕੇ ਬੋਲਿਆ–

"ਚੱਲੋ ਕੁੜੀਓ, ਤੁਰੋ ਅਗਾਂਹ ਨੂੰ, ਫੁਰਤੀ ਕਰੋ!"

ਓਸੀਆਨੀਨਾ ਨੇ ਦੂਰੋਂ ਹੀ ਜਵਾਬ ਮੋੜਿਆ–

"ਹੈਂ, ਆਹੋ! ਛਕੜਾ ਲਿਆ ਉਰੇ, ਇਵਾਨ!..."

ਉਹਨਾਂ ਨੇ ਸ਼ੋਰ ਮਚਾਇਆ, ਅੱਧੇ–ਕੱਟੇ ਰੁੱਖ ਹੇਠਾਂ ਡੇਗੇ, ਹੋ ਹਲਾ ਕਰਦੇ ਰਹੇ ਤੇ ਅੱਗ ਬਾਲ ਰੱਖੀ। ਕਦੇ ਕਦੇ ਵਾਸਕੋਵ ਵੀ ਬੜ੍ਹਕ ਮਾਰ ਦਿੰਦਾ, ਤਾਂ ਜੋ ਜਰਮਨ ਮਰਦਾਵੀ ਆਵਾਜ਼ ਵੀ ਸੁਣ ਲੈਣ, ਪਰ ਬਹੁਤਾ ਚਿਰ ਉਹ ਬੈਂਤ ਦੀ ਝਿੜੀ ਵਿੱਚ ਲੁਕਿਆ ਨਾਲ਼ੇ ਦੇ ਪਾਰ ਝਾੜੀਆਂ ਨੂੰ ਤਾੜਦਾ ਰਿਹਾ।

ਢੇਰ ਚਿਰ ਤੱਕ ਉਸ ਨੂੰ ਕੁੱਝ ਵੀ ਵਿਖਾਈ ਨਹੀਂ ਦਿੱਤਾ। ਹੁਣ ਤਾਂ ਕੁੜੀਆਂ ਵੀ ਚੀਕ ਚਿਹਾੜਾ ਪਾਉਂਦੀਆਂ ਥੱਕ ਗਈਆਂ ਸਨ। ਓਸੀਆਨੀਨਾ ਅਤੇ ਕਾਮੇਲਕੋਵਾ ਨੇ ਉਹ ਸਾਰੇ ਰੁੱਖ ਹੇਠਾਂ ਸੁੱਟ ਲਏ ਸਨ ਜਿਨ੍ਹਾਂ ਨੂੰ ਵਾਸਕੋਵ ਨੇ ਅੱਧੇ ਕੱਟੇ ਰਹਿਣ ਦਿੱਤਾ ਸੀ। ਸੂਰਜ ਜੰਗਲ ਦੇ ਉੱਪਰ ਉੱਚਾ ਉੱਠ ਆਇਆ ਸੀ, ਨਾਲ਼ਾ ਡਲ੍ਹਕਾਂ ਮਾਰਨ ਲੱਗ ਪਿਆ ਸੀ, ਪਰ ਪਰਲੇ ਪਾਸੇ ਝਾੜੀਆਂ ਅਜੇ ਵੀ ਖਾਮੋਸ਼ ਤੇ ਅਹਿੱਲ ਨਜ਼ਰ ਆ ਰਹੀਆਂ ਸਨ।

"ਹੋ ਸਕਦੈ ਉਹ ਚਲੇ ਗਏ ਹੋਣ ? ...." ਕੋਮੇਲਕੋਵਾ ਨੇ ਉਸ ਦੇ ਕੰਨ ਵਿੱਚ ਘੁਸਰ ਮੁਸਰ ਕੀਤੀ।

ਰੱਬ ਹੀ ਜਾਣੇ, ਹੋ ਸਕਦਾ ਹੈ ਚਲੇ ਹੀ ਗਏ ਹੋਣ। ਵਾਸਕੋਵ ਕੋਈ ਸਟੀਰੀਓਸਕੋਪਿਕ ਦੂਰਬੀਨ ਤਾਂ ਨਹੀਂ ਸੀ। ਹੋ ਸਕਦਾ ਹੈ ਉਹਦੀ ਨਜ਼ਰ ਵਿੱਚ ਨਾ ਆਏ ਹੋਣ ਤੇ ਉਹ ਰਿੜ੍ਹਦੇ ਹੋਏ ਹੁਣ ਤੱਕ ਨਾਲ਼ੇ ਦੇ ਕੰਢੇ ਆ ਗਏ ਹੋਣ। ਉਹ ਹੰਢੇ ਵਰਤੇ ਬੰਦੇ ਸਨ। ਹਾਰੀ ਸਾਰੀ ਨੂੰ ਫੜ ਕੇ ਇਸ ਤਰਾਂ ਦਾ ਕੰਮ ਤਾਂ ਨਹੀਂ ਸੌਂਪ ਦਿੱਤਾ ਜਾਂਦਾ।

ਵਾਸਕੋਵ ਦੇ ਦਿਮਾਗ ਵਿੱਚ ਇਸ ਤਰਾਂ ਦੇ ਖਿਆਲ ਆ ਰਹੇ ਸਨ ਪਰ ਉਸਨੇ ਸਿਰਫ ਇੰਨਾ ਹੀ ਆਖਿਆ–

"ਠਹਿਰ ਜਾ ਰਤਾ।"

ਇੱਕ ਵਾਰੀ ਫਿਰ ਉਸਦੀ ਨਜ਼ਰ ਝਾੜੀਆਂ ਉੱਤੋਂ ਦੀ ਦੌੜ ਗਈ। ਉਹ ਉਸ ਮੰਜ਼ਰ ਨੂੰ ਘੋਖ ਰਿਹਾ ਸੀ ਜਿੱਥੋਂ ਦੀ ਇੱਕ ਇੱਕ ਟਹਿਣੀ ਤੋਂ ਹੁਣ ਉਸਦੀ ਨਜ਼ਰ ਵਾਕਫ ਹੋ ਗਈ ਸੀ। ਉਹ ਇਸ ਤਰਾਂ ਅੱਖਾਂ ਪਾੜ ਪਾੜ ਕੇ ਵੇਖਣ ਲੱਗਾ ਕਿ ਅੱਖਾਂ ਵਿੱਚੋਂ ਪਾਣੀ ਵਗਣ ਲੱਗ ਪਿਆ। ਉਸ ਨੇ ਅੱਖਾਂ ਝਮਕੀਆਂ, ਉਹਨਾਂ ਨੂੰ ਮਲਿਆ ਤੇ ਫਿਰ ਉਸ ਨੂੰ ਝਣਝੁਣੀ ਆ ਗਈ। ਨਾਲ਼ੇ ਦੇ ਪਰਲੇ ਕੰਢੇ ਐਨ ਉਸ ਦੇ ਸਾਹਮਣੇ ਆਲਡਰ ਰੁੱਖ ਦੇ ਪੱਤੇ ਹਿੱਲੇ, ਦੋ ਹਿੱਸਿਆਂ ਵਿੱਚ ਵੰਡੇ ਗਏ ਅਤੇ ਕਤਰੀ ਹੋਈ ਦਾੜ੍ਹੀ ਵਾਲ਼ਾ ਜੰਗਾਲ ਰੰਗਾ ਚਿਹਰਾ ਉਸ ਵਿਰਲ ਵਿੱਚੋਂ ਦਿਖਾਈ ਦਿੱਤਾ।

ਵਾਸਕੋਵ ਨੇ ਆਪਣਾ ਹੱਥ ਪਿੱਛੇ ਵੱਲ ਵਧਾਇਆ ਤੇ ਕੋਮੇਲਕੋਵਾ ਦੇ ਗੋਡੇ ਦੀ ਚੱਪਣੀ ਨੂੰ ਦੱਬਿਆ। ਕੋਮੇਲਕੋਵਾ ਨੇ ਉਹਦੇ ਕੰਨ ਨਾਲ਼ ਬੁੱਲ੍ਹ ਜੋੜ ਦਿੱਤੇ :

"ਮੈਂ ਵੇਖਦੀ ਪਈ ਆਂ..."

ਨਾਲ਼ੇ ਦੇ ਲਹਿੰਦੇ ਪਾਸੇ ਵੱਲ ਉਸ ਨੂੰ ਇੱਕ ਹੋਰ ਜਰਮਨ ਨਜ਼ਰ ਆਇਆ। ਦੋਵੇਂ ਹੀ ਨਾਲ਼ੇ ਦੇ ਕੰਢੇ ਵੱਲ ਆ ਰਹੇ ਸਨ। ਉਹਨਾਂ ਦੇ ਕੋਲ਼ ਆਪਣੇ ਕਿੱਟ-ਬੈਗ ਵਗੈਰਾ ਨਹੀਂ ਸਨ ਨੇ ਆਪਣੀਆਂ ਛੋਟੀਆਂ ਮਸ਼ੀਨਗੱਨਾਂ ਉਹਨਾਂ ਨੇ ਆਪਣੀਆਂ ਛਾਤੀਆਂ ਨਾਲ਼ ਤਣੀਆਂ ਹੋਈਆਂ ਸਨ। ਉਹਨਾਂ ਨੇ ਸਾਹਮਣੇ ਵਾਲ਼ੇ ਕੰਢੇ ਉਤੇ ਨਜ਼ਰਾਂ ਦੌੜਾਈਆਂ ਜਿੱਥੇ ਹਾਲੇ ਵੀ ਆਵਾਜ਼ਾਂ ਗੂੰਜ ਰਹੀਆਂ ਸਨ।

ਵਾਸਕੋਵ ਦਾ ਦਿਲ ਧੱਕ ਧੱਕ ਕਰਨ ਲੱਗਾ। ਇਹ ਸੂਹੀਆਂ ਦੀ ਟੋਲੀ ਸੀ। ਇਸ ਦਾ ਸਿਰਫ ਇਹੋ ਮਤਲਬ ਹੋ ਸਕਦਾ ਸੀ ਕਿ ਉਹਨਾਂ ਨੇ ਜੰਗਲ ਦੀ ਛਾਣ-ਬੀਨ ਕਰਨ, ਲਕੜਹਾਰਿਆਂ ਦੀ ਗਿਣਤੀ ਕਰਨ ਤੇ ਉਹਨਾਂ ਦੇ ਕੋਲ਼ੋਂ ਦੀ ਖਿਸਕ ਕੇ ਲੰਘ ਜਾਣ ਦਾ ਫੈਸਲਾ ਕੀਤਾ ਸੀ। ਸੋ ਉਹਨਾਂ ਦੇ ਕੀਤੇ ਕਰਾਏ 'ਤੇ ਪਾਣੀ ਫਿਰ ਚੱਲਿਆ ਸੀ। ਉਹਨਾਂ ਦੀ ਸਾਰੀ ਵਿਉਂਤ, ਉਹਨਾਂ ਦੇ ਸ਼ੋਰ ਸ਼ਰਾਬੇ, ਅੱਗ ਦੇ ਧੂਏਂ, ਵੱਢੇ ਕੱਟੇ ਰੁੱਖਾਂ 'ਤੇ ਲੀਕ ਫਿਰ ਚੱਲੀ ਸੀ—ਜਰਮਨ ਡਰੇ ਘਬਰਾਏ ਨਹੀਂ ਸਨ। ਉਹ ਨਾਲ਼ੇ ਨੂੰ ਪਾਰ ਕਰਕੇ, ਝਾੜੀਆਂ ਵਿੱਚੋਂ ਲੁਕ ਲੁਕ ਕੇ, ਕੁੜੀਆਂ ਦੀਆਂ ਆਵਾਜ਼ਾਂ, ਅੱਗ ਤੇ ਸ਼ੋਰ ਸ਼ਰਾਬੇ ਤੋਂ ਸੇਧ ਲੈ ਕੇ, ਸੱਪ ਵਾਂਗ ਰੀਂਗਦੇ ਹੋਏ ਤਿਲਕ ਜਾਣ ਲੱਗੇ ਸਨ। ਫਿਰ ਉਹ ਇੱਕ ਹੱਥ ਦੀ ਉਂਗਲ ਉਤੇ ਇਹਨਾਂ ਦੀ ਗਿਣਤੀ ਕਰਨ, ਜਮ੍ਹਾਂ ਜੋੜ ਕਰਨਗੇ....ਅਤੇ ....ਅਨੁਭਵ ਕਰਨਗੇ ਕਿ ਉਹਨਾਂ ਦਾ ਪਤਾ ਲੱਗ ਗਿਆ ਹੈ....

ਵਾਸਕੋਵ ਨੇ ਮਲਕੜੇ ਜਿਹੇ ਇਸ ਤਰਾਂ ਆਪਣਾ ਰਿਵਾਲਵਰ ਕੱਢਿਆ ਕਿ ਇੱਕ ਵੀ ਟਹਿਣੀ ਨਾ ਹਿੱਲੇ। ਉਸ ਦਾ ਪੱਕਾ ਯਕੀਨ ਸੀ ਕਿ ਉਹਨਾਂ ਦੇ ਨੇੜੇ ਆ ਜਾਣ ਤੋਂ ਪਹਿਲਾਂ ਹੀ, ਜਿਸ ਵੇਲ਼ੇ ਉਹ ਨਾਲ਼ਾ ਪਾਰ ਕਰ ਰਹੇ ਹੋਣਗੇ ਉਹ ਇਹਨਾਂ ਦੋਵਾਂ ਨੂੰ ਹੀ ਬਿੱਲੇ ਲਾ ਦੇਵੇਗਾ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਬਾਕੀ ਦੇ ਜਰਮਨ ਆਪਣੀਆਂ ਬਚਦੀਆਂ ਸਾਰੀਆਂ ਮਸ਼ੀਨਗੱਨਾਂ ਨਾਲ਼ ਉਹਦੀਆਂ ਬੋਟੀਆਂ ਉਡਾ ਦੇਣਗੇ, ਪਰ ਉਸਨੂੰ ਉਮੀਦ ਸੀ ਕਿ ਕੁੜੀਆਂ ਆਪੇ ਨਜਿੱਠ ਲੈਣਗੀਆਂ ਜਾਂ ਦੌੜ ਜਾਣਗੀਆਂ ਜਾਂ ਲੁਕ ਛਿਪ ਜਾਣਗੀਆਂ। ਕਾਸ਼, ਉਹ ਕੋਮੇਲਕੋਵਾ ਨੂੰ ਵਾਪਸ ਭੇਜ ਸਕਦਾ....

ਉਸ ਨੇ ਮੁੜ ਕੇ ਵੇਖਿਆ, ਕੋਮੇਲਕੋਵਾ ਐਨ ਉਸ ਦੇ ਪਿੱਛੇ ਸੀ। ਗੋਡਿਆਂ ਭਾਰ ਹੋ ਕੇ ਉਹ ਰੋਹ ਵਿੱਚ ਆਈ ਆਪਣੀ ਫੌਜੀ ਕਮੀਜ਼ ਉਤਾਰ ਰਹੀ ਸੀ। ਕਮੀਜ਼ ਲਾਹ ਕੇ ਉਸ ਨੇ ਭੁੰਜੇ ਸੁੱਟੀ ਤੇ ਲੁਕਣ ਛਿਪਣ ਦੀ ਕੋਸ਼ਿਸ਼ ਨਾ ਕਰਦੀ ਹੋਈ ਉੱਛਲ ਕੇ ਖੜ੍ਹੀ ਹੋ ਗਈ।

"ਰੁਕ ਜਾ!" ਸਾਰਜੈਂਟ ਮੇਜਰ ਨੇ ਹੌਲੀ ਜਿਹੀ ਹੁਕਮ ਦਿੱਤਾ।

"ਰਾਯਾ, ਵੇਰਾ, ਆਓ ਤਾਰੀਆਂ ਲਾਈਏ! ...." ਕੋਮੇਲਕੋਵਾ ਨੇ ਟੁਣਕਦੀ ਆਵਾਜ਼ ਵਿੱਚ ਆਖਿਆ ਅਤੇ ਝਾੜੀਆਂ ਵਿੱਚੋਂ ਫਸ ਕੇ ਲੰਘਦੀ ਨਾਲ਼ੇ ਵੱਲ ਤੁਰ ਪਈ।

ਫੇਦੋਤ ਵਾਸਕੋਵ ਨੂੰ ਪਤਾ ਨਹੀਂ ਸੀ ਕਿਉਂ ਉਸ ਨੇ ਉਹਦੀ ਕਮੀਜ਼ ਚੁੱਕ ਲਈ ਅਤੇ ਸੁਤੇ ਸਿੱਧ ਹੀ ਆਪਣੀ ਹਿੱਕ ਨਾਲ਼ ਲਾ ਲਈ। ਇਨੇ ਚਿਰ ਵਿੱਚ ਗੁਦਗੁਦੇ ਬਦਨ ਵਾਲ਼ੀ ਕੋਮੇਲਕੋਵਾ ਧੁੱਪ ਵਿਚ ਡਲਕਾਂ ਮਾਰਦੇ ਨਾਲ਼ੇ ਦੇ ਪਥਰੀਲੇ ਕੰਢੇ ਪਹੁੰਚ ਗਈ ਸੀ।

ਸਾਹਮਣੇ ਪਾਸੇ ਝਾੜੀਆਂ ਝੂਲ ਰਹੀਆਂ ਸਨ ਜਿੱਥੋਂ ਭੂਰੇ ਹਰੇ ਆਕਾਰ ਲੋਪ ਹੋ ਗਏ ਸਨ। ਹੌਲ਼ੀ ਜਿਹੀ ਯੇਵਗੇਨੀਆਂ ਨੇ ਆਪਣੀ ਸਕਰਟ ਤੇ ਸ਼ਮੀਜ ਲਾਹੀ ਤੇ ਆਪਣੀ ਕਾਲ਼ੀ ਚੱਡੀ ਨੂੰ ਹੱਥਾਂ ਨਾਲ਼ ਠੀਕ-ਠਾਕ ਕਰਦੀ ਹੋਈ, ਅਚਾਨਕ ਗੂੰਜਵੀਂ ਆਵਾਜ਼ ਵਿੱਚ ਗਾਉਣ ਲੱਗ ਪਈ ਜੋ

ਕਿ ਗਾਉਣਾ ਘੱਟ ਤੇ ਰੌਲਾ ਵੱਧ ਸੀ :

ਨਾਖਾਂ ਸੇਬਾਂ ਨੂੰ ਫੁੱਲ ਨਿੱਕਲੇ
ਧੁੰਦਾਂ ਛਾਈਆਂ ਨਾਲ਼ੇ ਉੱਤੇ...

ਵਾਹ, ਇਸ ਘੜੀ ਉਹ ਕੇਡੀ ਸੋਹਣੀ ਲੱਗ ਰਹੀ ਸੀ! ਕਮਾਲ ਦੀ ਸੁਹਣੀ। ਲੰਮਾਂ ਕੱਦ, ਲਚਕੀਲਾ ਬਦਨ, ਗੋਰੀ ਚਿੱਟੀ, ਉਹ ਛੋਟੀਆਂ ਮਸ਼ੀਨਗੰਨਾਂ ਤੋਂ ਮਸਾਂ ਦਸ ਮੀਟਰਾਂ ਦੀ ਵਿੱਥ ਉੱਤੇ ਖੜ੍ਹੀ ਸੀ। ਆਪਣੇ ਗੀਤ ਨੂੰ ਵਿੱਚੇ ਛੱਡ ਕੇ, ਉਹ ਨਾਲ਼ੇ ਵਿੱਚ ਜਾ ਵੜੀ ਉੱਛਲਣ ਕੁੱਦਣ ਚੁੱਭੀਆਂ ਲਾਉਣ, ਛਿੱਟੇ ਉਡਾਉਣ ਤੇ ਖੁਸ਼ੀ ਨਾਲ਼ ਚੀਕਾਂ ਮਾਰਨ ਲੱਗ ਪਈ। ਉਸ ਦੇ ਨਿੱਗਰ, ਨਿੱਘੇ ਬਦਨ ਉੱਤੇ ਧੁੱਪ ਵਿੱਚ ਲਿਛਕਦੀਆਂ ਪਾਣੀ ਦੀਆਂ ਬੂੰਦਾਂ ਤਿਲਕ ਤਿਲਕ ਹੇਠਾਂ ਜਾ ਰਹੀਆਂ ਸਨ ਅਤੇ ਸਾਰਜੈਂਟ ਮੇਜਰ ਹੱਕਾ ਬੱਕਾ ਇਸ ਗੱਲ ਦੀ ਇੰਤਜਾਰ ਵਿੱਚ ਸੀ ਕਿ ਗੋਲੀਆਂ ਦੀ ਠਾਹ ਠਾਹ ਕਦੋਂ ਸ਼ੁਰੂ ਹੁੰਦੀ ਹੈ। ਉਸਦਾ ਹੇਠਲਾ ਸਾਂਹ ਹੇਠਾਂ ਤੇ ਉਤਲਾ ਉੱਤੇ ਰੁਕਿਆ ਹੋਇਆ ਸੀ। ਬਸ ਹੁਣੇ ਹੀ, ਗੋਲੀਆਂ ਦੀ ਬੁਛਾੜ ਪਵੇਗੀ, ਉਹ ਦੌੜੇਗੀ, ਆਪਣੀਆਂ ਬਾਹਵਾਂ ਪਸਾਰੇਗੀ, ਅਤੇ....

ਝਾੜੀਆਂ ਖਾਮੋਸ਼ ਸਨ।

"ਆਓ ਕੁੜੇ, ਤਾਰੀਆਂ ਲਾ ਲਓ!...." ਪਾਣੀ ਵਿੱਚ ਨਚਦੀ ਟਪਦੀ ਕੋਮੇਲਕੋਵਾ ਨੇ ਖੁਸ਼ੀ ਭਰੀ ਆਵਾਜ ਵਿੱਚ ਚਿਲਾ ਕੇ ਆਖਿਆ। "ਤੇ ਇਵਾਨ ਨੂੰ ਵੀ ਵਾਜ ਮਾਰੋ!....ਵੇ ਇਵਾਨ, ਤੂੰ ਕਿੱਥੇ ਆਂ ਵੇ?....

ਵਾਸਕੋਵ ਨੇ ਕੋਮੇਲਕੋਵਾ ਦੀ ਕਮੀਜ ਸੁੱਟੀ, ਆਪਣਾ ਪਸਤੌਲ ਖੋਲ ਵਿੱਚ ਤੁੰਨਿਆਂ ਅਤੇ ਦਬਕ ਦਬਕ ਕੇ ਝਿੜੀ ਵਿੱਚ ਦੌੜ ਗਿਆ। ਉਸ ਨੇ ਆਪਣਾ ਕੁਹਾੜਾ ਫੜਿਆ ਤੇ ਦਿਆਰ ਦੇ ਇੱਕ ਰੁੱਖ ਨੂੰ ਵਾਹੋਦਾਹੀ ਟੱਕ ਲਾਉਣ ਲੱਗ ਪਿਆ।

"ਸਬਰ ਕਰੋ, ਆਉਂਦਾ ਆਂ ਮੈਂ!" ਉਹ ਕੜਕਿਆ ਅਤੇ ਦਿਆਰ ਉੱਤੇ ਇੱਕ ਹੋਰ ਟੱਕ ਲਾਇਆ। "ਆਉਂਦੇ ਆਂ ਹੁਣੇ, ਠਹਿਰ ਜਾ ਰਤਾ! ਸੁਣਿਆ!..."

ਆਪਣੀ ਜਿੰਦਗੀ ਵਿੱਚ ਕਦੇ ਵੀ ਉਹਨੇ ਇੰਨੀ ਫੁਰਤੀ ਨਾਲ਼ ਰੁੱਖ ਨਹੀਂ ਸੀ ਵੱਢੇ—ਤੇ ਉਹ ਹੈਰਾਨ ਹੋ ਰਿਹਾ ਸੀ ਕਿ ਉਹਦੇ ਸਰੀਰ ਵਿੱਚ ਇੰਨੀ ਸੱਤਿਆ ਕਿੱਥੋਂ ਆ ਗਈ ਸੀ। ਆਪਣੇ ਮੋਢੇ ਨਾਲ਼ ਧੱਕ ਕੇ ਉਹਨੇ ਇੱਕ ਦਿਆਰ ਕੁੱਝ ਸੁੱਕੇ ਫਰਾਂ ਉੱਤੇ ਡੇਗ ਦਿੱਤਾ ਜਿਸ ਨਾਲ਼ ਬਹੁਤ ਸਾਰਾ ਸ਼ੋਰ ਹੋਇਆ। ਸਾਹ ਲੈਣ ਲਈ, ਉਹ ਦੌੜ ਕੇ ਆਪਣੀ ਥਾਂ 'ਤੇ ਆ ਗਿਆ ਤੇ ਲੁਕ ਕੇ ਬਾਹਰ ਝਾਕਣ ਲੱਗਾ।

ਕੋਮੇਲਕੋਵਾ ਇਸ ਵੇਲ਼ੇ ਨਾਲ਼ੇ ਦੇ ਕੰਢੇ ਖੜ੍ਹੀ ਸੀ। ਉਸ ਦੇ ਇੱਕ ਪਾਸੇ ਸਾਰਜੈਂਟ ਮੇਜਰ ਸੀ ਤੇ ਦੂਜੇ ਪਾਸੇ ਜਰਮਨ। ਉਸ ਨੇ ਬੜੇ ਆਰਾਮ ਨਾਲ਼ ਆਪਣੀ ਹਲਕੀ ਜਿਹੀ ਸਮੀਜ਼ ਗਲ ਪਾਈ ਅਤੇ ਸਿਲਕੀ ਕੱਪੜਾ ਉਹਦੇ ਬਦਨ ਨਾਲ਼ ਚਿਪਕ ਗਿਆ ਸੀ ਅਤੇ ਗਿੱਲਾ ਹੋ ਗਿਆ ਸੀ ਤੇ ਸੂਰਜ ਦੀਆਂ ਤਿਰਛੀਆਂ ਪੈਂਦੀਆਂ ਕਿਰਨਾਂ ਵਿੱਚ ਪਾਰਦਰਸ਼ੀ ਲੱਗ ਰਿਹਾ ਸੀ। ਨਿਰਸੰਦੇਹ, ਉਹ ਜਾਣਦੀ ਸੀ ਕਿ ਉਹ ਕਿਸ ਤਰਾਂ ਦੀ ਲੱਗ ਰਹੀ ਹੈ। ਇਸੇ ਕਰਕੇ ਹੀ ਉਹ ਕੋਈ ਕਾਹਲੀ ਕੀਤੇ ਬਗੈਰ ਉੱਥੋਂ ਹਿੱਲੀ ਅਤੇ ਲਚਕੀਲੀ ਅਦਾ ਨਾਲ਼ ਆਪਣੇ ਕੇਸ ਆਪਣੇ ਮੋਢਿਆਂ ਉੱਤੇ ਖਿੰਡਾਅ ਲਏ। ਇੱਕ ਵਾਰੀ ਫੇਰ ਵਾਸਕੋਵ ਭਿਆਨਕ, ਕਾਲ਼ੇ ਖੌਫ ਦੀ ਜਕੜ ਵਿੱਚ ਆਇਆ ਇਸ ਗੱਲ ਦੀ ਉਡੀਕ ਵਿੱਚ ਸੀ ਕਿ ਝਾੜੀਆਂ ਦੇ ਪਿੱਛਿਓਂ ਗੋਲੀਆਂ ਦੀ ਬੁਛਾੜ ਹੋਵੇਗੀ ਅਤੇ ਇਸ ਚੰਗਿਆੜੇ ਛੱਡਦੇ

ਜਵਾਨ ਸਰੀਰ ਨੂੰ ਵਿੰਨ੍ਹ ਸੁੱਟੇਗੀ, ਇਸ ਦੇ ਤੂੰਬੇ ਉਡਾ ਕੇ, ਇਸ ਨੂੰ ਚੁੱਪ ਕਰਾ ਦੇਵੇਗੀ।

ਕੋਮੇਲਕੋਵਾ ਨੇ ਆਪਣੀ ਸਮੀਜ਼ ਦੇ ਹੇਠੋਂ ਆਪਣੀ ਗਿੱਲੀ ਚੱਡੀ ਲਾਹੀ ਤਾਂ ਪਲ ਦੀ ਪਲ ਉਸ ਦੀ ਗੋਰੀ ਚਿੱਟੀ ਚਮੜੀ ਦਾ ਝਲਕਾਰਾ ਪੈ ਗਿਆ। ਚੱਡੀ ਨੂੰ ਉਸ ਨੇ ਘੁੱਟ ਕੇ ਨਿਚੋੜਿਆ ਤੇ ਪੱਥਰਾਂ ਉਤੇ ਸੁੱਕਣੇ ਪਾ ਦਿੱਤਾ। ਉਹ ਆਪ ਕੋਲ਼ ਹੀ ਲੱਤਾਂ ਪਸਾਰ ਕੇ ਬਹਿ ਗਈ ਤੇ ਧੁੱਪੇ ਵਾਲ਼ ਸੁਕਾਉਣ ਲੱਗੀ ਜਿਹੜੇ ਪਿੱਛੇ ਬਿਲਕੁਲ ਜਮੀਨ ਨਾਲ਼ ਲੱਗ ਰਹੇ ਸਨ।

ਪਰਲੇ ਕੰਢੇ ਖਾਮੋਸ਼ੀ ਸੀ ਅਤੇ ਖਾਮੋਸ਼ੀ ਹੀ ਰਹੀ। ਇੱਕ ਵੀ ਝਾੜੀ ਨਹੀਂ ਸੀ ਹਿਲਦੀ ਡੋਲਦੀ। ਵਾਸਕੋਵ ਇੱਕ ਟੱਕ ਉਧਰ ਵੇਖੀਂ ਜਾ ਰਿਹਾ ਸੀ, ਪਰ ਉਹ ਇਹ ਨਹੀਂ ਸੀ ਦੱਸ ਸਕਦਾ ਕਿ ਜਰਮਨ ਹਾਲੇ ਉੱਥੇ ਹੀ ਸਨ ਜਾਂ ਚਲੇ ਗਏ ਸਨ। ਇਸ ਬਾਰੇ ਸੋਚਣ ਦਾ ਕੋਈ ਵਕਤ ਨਹੀਂ ਸੀ, ਇਸ ਲਈ ਉਹਨੇ ਆਪਣੀ ਫੌਜੀ ਕਮੀਜ ਨੂੰ ਛੇਤੀ ਨਾਲ਼ ਲਾਹਿਆ ਅਤੇ ਪਸਤੌਲ ਨੂੰ ਆਪਣੀ ਪਤਲੂਣ ਦੀ ਜੇਬ੍ਹ ਵਿੱਚ ਤੁੰਨ ਕੇ, ਉਹ ਨਾਲ਼ੇ ਦੇ ਕੰਢੇ ਵੱਲ ਤੁਰ ਪਿਆ। ਉਹ ਬੁਰੀ ਤਰਾਂ ਹੁੱਲੜ ਮਚਾਈਂ ਜਾ ਰਿਹਾ ਸੀ–

"ਏ, ਕਿੱਥੇ ਹੈਂ ਤੂੰ ?...."

ਉਸ ਦਾ ਮਨੋਰਥ ਇਹ ਸੀ ਕਿ ਉਹ ਖੁਸ਼ਬਾਸ਼ ਤੇ ਬੇਪ੍ਰਵਾਹ ਜਿਹਾ ਲੱਗੇ, ਪਰ ਕਿਸੇ ਚੀਜ਼ ਨੇ ਉਹਦੀ ਸੰਘੀ ਨੱਪੀ ਹੋਈ ਸੀ। ਝਾੜੀਆਂ ਹੁਣ ਉਸ ਦੇ ਪਿੱਛੇ ਰਹਿ ਗਈਆਂ ਸਨ ਤੇ ਉਹ ਆਪ ਖੁੱਲ੍ਹੇ ਮੈਦਾਨ ਵਿੱਚ ਸੀ—ਡਰ ਨਾਲ਼ ਉਹਦਾ ਦਿਲ ਉਸ ਦੀਆਂ ਪੱਸਲੀਆਂ ਵਿੱਚ ਫੜਫੜਾ ਰਿਹਾ ਸੀ। ਕੋਮੇਲਕੋਵਾ ਦੇ ਕੋਲ਼ ਆ ਕੇ ਉਸਨੇ ਆਖਿਆ–

"ਇਲਾਕੇ ਵਿੱਚੋਂ ਟੈਲੀਫੋਨ ਆਇਆ ਹੈ। ਟਰੱਕ ਪਹੁੰਚਾ ਕਿ ਪਹੁੰਚਾ ਸਮਝ। ਬਥੇਰੀ ਧੁੱਪ ਸੇਕੀ ਗਈ। ਕੱਪੜੇ ਪਾ ਲੈ।"

ਉਹ ਵਿਖਾਵੇ ਦੀ ਖਾਤਰ ਉੱਚੀ ਉੱਚੀ ਬੋਲ ਰਿਹਾ ਸੀ ਅਤੇ ਕੋਮੇਲਕੋਵਾ ਨੇ ਅੱਗੋਂ ਕੀ ਆਖਿਆ, ਉਸ ਨੇ ਨਹੀਂ ਸੀ ਸੁਣਿਆਂ। ਉਹ ਬਹੁਤ ਜਿਆਦਾ ਬੇਚੈਨ ਸੀ, ਇਸ ਗੱਲੋਂ ਬਹੁਤ ਫਿਕਰਮੰਦ ਸੀ ਕਿ ਝਾੜੀਆਂ ਵਿੱਚ ਜਰਮਨ ਲੁਕੇ ਹੋਏ ਹਨ। ਉਹ ਇਨਾਂ ਚੌਕਸ ਸੀ ਕਿ ਉਸ ਨੂੰ ਇਸ ਗੱਲ ਦਾ ਪੱਕਾ ਯਕੀਨ ਸੀ ਕਿ ਮਾੜਾ ਜਿਹਾ ਇੱਕ ਪੱਤਾ ਵੀ ਹਿੱਲਿਆ ਤਾਂ ਉਹ ਆਵਾਜ਼ ਸੁਣ ਲਵੇਗਾ ਅਤੇ ਵੇਲ਼ਾ ਆਉਣ 'ਤੇ, ਉਸੇ ਹੀ ਚਟਾਨ ਪਿੱਛੇ ਹੋ ਜਾਵੇਗਾ ਅਤੇ ਆਪਣਾ ਪਸਤੌਲ ਕੱਢ ਲਵੇਗਾ। ਪਰ ਹਾਲ ਹੀ ਦੀ ਘੜੀ ਉਥੋਂ ਕੋਈ ਹਿੱਲਜੁਲ ਨਾ ਹੋਈ।

ਕੋਮੇਲਕੋਵਾ ਨੇ ਉਸ ਦਾ ਹੱਥ ਫੜ ਕੇ ਹੇਠਾਂ ਨੂੰ ਖਿੱਚਿਆ ਤੇ ਉਹ ਉਸ ਦੇ ਨਾਲ਼ ਹੋ ਕੇ ਭੁੰਜੇ ਬਹਿ ਗਿਆ। ਅਚਾਨਕ ਉਸਨੇ ਵੇਖਿਆ ਕਿ ਕੋਮੇਲਕੋਵਾ ਮੁਸਕਰਾ ਰਹੀ ਸੀ ਪਰ ਦਹਿਸ਼ਤ ਨਾਲ਼ ਉਸ ਦੀਆਂ ਅੱਖਾਂ ਪਾਟਣ ਨੂੰ ਆਈਆਂ ਹੋਈਆਂ ਸਨ। ਇਸ ਦਹਿਸ਼ਤ ਵਿੱਚ ਪਾਰੇ ਵਰਗੀ ਚੰਚਲਤਾ ਤੇ ਭਾਰੀਪਨ ਸੀ।

"ਚਲੀ ਜਾ ਇੱਥੋਂ, ਕੋਮੇਲਕੋਵਾ", ਵਾਸਕੋਵ ਨੇ ਆਪਣਾ ਪੂਰਾ ਜੋਰ ਲਾ ਕੇ ਮੁਸਕਰਾਉਂਦੇ ਹੋਏ ਆਖਿਆ।

ਉਹ ਗੱਲਾਂ ਕਰਦੀ ਰਹੀ, ਸਗੋਂ ਉਹ ਹੱਸੀ ਵੀ, ਪਰ ਵਾਸਕੋਵ ਨੇ ਹਾਲੇ ਵੀ ਕੁੱਝ ਨਹੀਂ ਸੁਣਿਆਂ। ਉਸਨੇ ਉਹਨੂੰ ਉੱਥੋਂ ਲੈ ਕੇ ਜਾਣਾ ਸੀ, ਝਾੜੀਆਂ ਦੇ ਵਿੱਚੋਂ ਦੀ ਲੈ ਕੇ ਜਾਣਾ ਸੀ ਤੇ ਲਿਜਾਣਾ ਵੀ ਤੁਰੰਤ ਹੀ ਸੀ ਕਿਉਂਕਿ ਬਹੁਤਾ ਚਿਰ ਉਡੀਕ ਵਿੱਚ ਉਹ ਉੱਥੇ ਖਲੋਤਾ ਨਹੀਂ ਰਹਿ

ਸਕਦਾ। ਜਰਮਨ ਕਿਸੇ ਵੀ ਪਲ ਕਾਮੇਲਕੋਵਾ ਨੂੰ ਮਾਰ ਸਕਦੇ ਸਨ। ਪਰ ਜਰਮਨਾਂ ਨੂੰ ਮੂਰਖ ਬਣਾਉਣ ਲਈ ਇਸ ਸਾਰੇ ਕੰਮ ਨੂੰ ਹਲਕਾ ਫੁਲਕਾ ਹਾਸਾ ਖੇਡਾ ਬਣਾਉਣ ਵਾਸਤੇ ਛੇਤੀ ਹੀ ਕੁੱਝ ਸੋਚਣ ਵਿਚਾਰਨ ਦੀ ਲੋੜ ਸੀ।

"ਜੇ ਤੂੰ ਬੰਦਿਆਂ ਵਾਂਗ ਕਿਹਾ ਨਹੀਂ ਮੰਨਣਾ ਤਾਂ ਫੇਰ ਮਜ਼ਾ ਚਖਾਉਂ ਤੈਨੂੰ!" ਉਸ ਨੇ ਅਚਾਨਕ ਝਿੜਕ ਦਿੱਤੀ ਤੇ ਪੱਥਰਾਂ ਉੱਤੋਂ ਉਹਦੇ ਕੱਪੜੇ ਖਿੱਚ ਲਏ। "ਆ ਜਾ, ਛਹੂ ਲੈ ਮੈਨੂੰ!"

ਕੋਮੇਲਕੋਵਾ ਨੇ ਚਾਂਗਰ ਮਾਰੀ, ਜਿਸ ਤਰਾਂ ਉਸ ਨੂੰ ਮਾਰਨ ਦੀ ਇਜ਼ਾਜਤ ਸੀ। ਉਹ ਭੁੜਕ ਕੇ ਉੱਠੀ ਤੇ ਉਹਦੇ ਮਗਰ ਦੌੜ ਪਈ। ਪਹਿਲਾਂ ਤਾਂ, ਵਾਸਕੋਵ ਬੜੀ ਫੁਰਤੀ ਨਾਲ਼ ਕੰਢੇ ਉੱਤੇ ਹੀ ਉਹਨੂੰ ਝਕਾਨੀਆਂ ਦਿੰਦਾ ਰਿਹਾ, ਫਿਰ ਉਹ ਝਾੜੀਆਂ ਵਿੱਚ ਤਿਲਕ ਗਿਆ ਤੇ ਉਸ ਥਾਂ ਜਾ ਕੇ ਰੁਕਿਆ ਜਿੱਥੋਂ ਝਿੜੀ ਸ਼ੁਰੂ ਹੁੰਦੀ ਸੀ।

"ਠੀਕ ਹੈ, ਲੈ ਹੁਣ ਆਪਣੇ ਕੱਪੜੇ ਪਾ! ਬਥੇਰਾ ਖੇਡ ਲਿਆ ਅੱਗ ਨਾਲ਼!"

ਉਸ ਨੇ ਉਹਦੇ ਵੱਲ ਨਜ਼ਰ ਕੀਤੇ ਬਗੈਰ ਹੀ ਸਕਰਟ ਫੜਾਉਣ ਲਈ ਉਹਦੇ ਵੱਲ ਹੱਥ ਵਧਾਇਆ। ਕੋਮੇਲਕੋਵਾ ਨੇ ਸਕਰਟ ਨਹੀਂ ਫੜੀ ਤੇ ਉਹਦਾ ਹੱਥ ਹਵਾ ਵਿੱਚ ਹੀ ਰਹਿ ਗਿਆ। ਉਹਦਾ ਜੀਅ ਕੀਤਾ ਕਿ ਇੱਕ ਦੋ ਗਾਲ਼ਾਂ ਸੁਣਾ ਦੇਵੇ, ਪਰ ਜਦੋਂ ਉਹਨੇ ਨਜ਼ਰ ਘੁਮਾਈ ਤਾਂ ਵੇਖਿਆ ਕਿ ਸੈਨਿਕ ਕੋਮੇਲਕੋਵਾ ਜਮੀਨ ਉੱਤੇ ਝੁਕੀ ਬੈਠੀ ਹੈ। ਉਹਨੇ ਆਪਣੇ ਚਿਹਰੇ ਅੱਗੇ ਹੱਥ ਕੀਤੇ ਹੋਏ ਸਨ ਤੇ ਉਹਦੀ ਸਮੀਜ਼ ਦੀਆਂ ਸੌੜੀਆਂ ਜਿਹੀਆਂ ਤਣੀਆਂ ਹੇਠ ਉਹਦੇ ਗੋਲ ਮੋਢੇ ਕਦੇ ਉੱਪਰ ਹੋ ਜਾਂਦੇ ਕਦੇ ਹੇਠਾਂ ਨੂੰ....

ਇਸ ਮਗਰੋਂ ਉਹ ਖੂਬ ਹੱਸੇ ਸਨ। ਇਸ ਤੋਂ ਮਗਰੋਂ—ਜਦੋਂ ਉਹਨਾਂ ਨੂੰ ਪਤਾ ਲੱਗਾ ਕਿ ਜਰਮਨ ਸੱਚਮੁੱਚ ਹੀ ਪਿੱਛੇ ਹਟ ਗਏ ਸਨ। ਉਹ ਓਸੀਆਨੀਨਾ ਉੱਤੇ ਹਸਦੇ ਰਹੇ ਜਿਸ ਦੀ ਰੌਲਾ ਪਾ ਪਾ ਕੇ ਆਵਾਜ਼ ਭਰੜਾ ਗਈ ਸੀ, ਗੁਰਵਿਚ ਉੱਤੇ ਹਸਦੇ ਰਹੇ ਜਿਸ ਦੀ ਸਕਰਟ ਵਿੱਚ ਚੰਗਿਆੜੀ ਲੱਗਣ ਨਾਲ਼ ਮੋਰੀ ਹੋ ਗਈ ਸੀ, ਧੂਏਂ ਨਾਲ਼ ਮੂੰਹ ਸਿਰ ਕਾਲ਼ਾ ਕਰੀਂ ਬੈਠੀ ਚਿਤਵਿਰਤਕ ਨੂੰ ਅਤੇ ਕੋਮੇਲਕੋਵਾ ਨੂੰ ਛੇੜ ਛੇੜ ਹਸਦੇ ਰਹੇ ਤੇ ਜਿਸ ਤਰਾਂ ਜਰਮਨਾਂ ਨਾਲ਼ ਛਲ ਖੇਡਿਆ ਉਸ ਗੱਲ ਉੱਤੇ ਹਸਦੇ ਰਹੇ ਅਤੇ ਖੁਦ, ਸਾਰਜੈਂਟ ਮੇਜਰ ਵਾਸਕੋਵ ਹਸਦੇ ਰਹੇ। ਉਹ ਇਨਾਂ ਹੱਸੇ ਕਿ ਅੱਖਾਂ ਵਿੱਚੋਂ ਪਾਣੀ ਆ ਗਿਆ, ਹੱਸ ਹੱਸ ਕੇ ਉਹਨਾਂ ਦੇ ਢਿੱਡੀ ਪੀੜਾਂ ਪੈ ਗਈਆਂ ਤੇ ਇਸ ਹਾਸੇ ਵਿੱਚ ਉਹਨੂੰ ਇਹ ਭੁੱਲ ਹੀ ਗਿਆ ਕਿ ਆਖਰ ਉਹ ਸਾਰਜੈਂਟ ਮੇਜਰ ਹੈ। ਸਿਰਫ ਇੱਕੋ ਹੀ ਗੱਲ ਉਹਨੂੰ ਯਾਦ ਰਹਿ ਗਈ ਸੀ ਕਿ ਉਹਨਾਂ ਨੇ ਜਰਮਨਾਂ ਨੂੰ ਉੱਲੂ ਬਣਾ ਲਿਆ ਸੀ ਅਤੇ ਇਹ ਕੰਮ ਬੜੀ ਦਲੇਰੀ ਨਾਲ਼ ਕੀਤਾ ਸੀ ਅਤੇ ਜਰਮਨ ਹੁਣ ਬਹੁਤ ਡਰੇ ਹੋਏ ਅਤੇ ਫਿਕਰਮੰਦ ਸਨ ਅਤੇ ਉਹਨਾਂ ਨੂੰ ਝੀਲ ਲੇਗੋਨਤੇਵੋ ਦੇ ਦੁਆਲੇ ਚੌਵੀ ਘੰਟੇ ਹੋਰ ਪੈਂਡਾ ਕਰਨਾ ਪੈਣਾ ਸੀ।

"ਖੈਰ, ਖਤਮ ਹੋਈ ਗੱਲ!" ਵਾਸਕੋਵ ਨੇ ਹਾਸੇ ਦੇ ਠਹਾਕਿਆਂ ਵਿਚਕਾਰ ਉੱਚੀ ਸਾਰੀ ਆਖਿਆ। "ਖਤਮ ਗੱਲ, ਕੁੜੀਓ ਹੁਣ ਉਹ ਬਚ ਕੇ ਨਹੀਂ ਜਾ ਸਕਦੇ। ਹਾਂ ਪਰ ਇੱਕ ਗੱਲ ਹੈ ਜੇ ਬਰੀਚਕੀਨਾ ਵੇਲ਼ੇ ਸਿਰ ਪਹੁੰਚ ਗਈ।"

"ਪਹੁੰਚ ਜਾਵੇਗੀ, ਫਿਕਰ ਨਾ ਕਰੋ", ਓਸੀਆਨੀਨਾ ਨੇ ਭਰੜਾਈ ਆਵਾਜ਼ ਵਿੱਚ ਆਖਿਆ, ਤੇ ਸਾਰੇ ਜਣੇ ਫਿਰ ਹੱਸਣ ਲੱਗ ਪਏ। ਉਹਦੀ ਆਵਾਜ ਬੜੀ ਹਸਾਉਣੀ ਹੋ ਗਈ ਸੀ। "ਉਹ ਬੜੀ ਤੇਜ਼ ਦੌੜਦੀ ਹੈ।"

"ਇਹ ਗੱਲ ਹੈ, ਆਓ ਫਿਰ ਇਸ ਕੰਮ ਖਾਤਰ ਜਾਮ ਉਠਾਈਏ", ਕੁਮੇਦਾਨ ਨੇ ਆਪਣੀ ਸਾਂਭ ਕੇ ਰੱਖੀ ਫਲਾਸਕ ਕੱਢੀ।

"ਉਹਦੇ ਛੋਹਲੇ ਕਦਮਾਂ ਤੇ ਤੁਹਾਡੇ ਰੌਸ਼ਨ ਦਿਮਾਗਾਂ ਵਾਸਤੇ, ਕੁੜੀਓ!"

ਸਭੇ ਜਣੀਆਂ ਕੰਮ ਕਰਨ ਜੁਟ ਪਈਆਂ। ਉਹਨਾਂ ਨੇ ਪੱਥਰ ਉੱਤੇ ਇੱਕ ਤੌਲੀਆ ਵਿਛਾ ਲਿਆ, ਰੋਟੀ ਤੇ ਸੂਰ ਦੀ ਚਰਬੀ ਦੇ ਟੁਕੜੇ ਕੀਤੇ ਅਤੇ ਮੱਛੀ ਛਿੱਲ ਕੇ ਸਾਫ ਕੀਤੀ। ਜਿਸ ਵੇਲ਼ੇ ਉਹ ਸਾਰੀਆਂ ਇਹ ਜਨਾਨੀਆਂ ਵਾਲ਼ੇ ਕੰਮ ਕਰ ਰਹੀਆਂ ਸਨ, ਸਾਰਜੈਂਟ ਮੇਜਰ, ਜਿਵੇਂ ਮਰਦ ਨੂੰ ਸ਼ੋਭਾ ਦਿੰਦਾ ਹੈ, ਥੋੜ੍ਹਾ ਜਿਹਾ ਦੂਰ ਬੈਠਾ ਹੋਇਆ ਸਿਗਰਟ ਪੀਂਦਾ ਰਿਹਾ ਸੀ ਤੇ ਇਸ ਗੱਲ ਦੀ ਉਡੀਕ ਕਰਦਾ ਰਿਹਾ ਸੀ ਕਿ ਖਾਣ ਲਈ ਕਦੋਂ ਆਵਾਜ ਪੈਂਦੀ ਹੈ। ਇਸ ਦੇ ਨਾਲ਼ ਹੀ ਥਕੇਵੇਂ ਦਾ ਮਾਰਿਆ ਉਹ ਆਪਣੇ ਆਪ ਨੂੰ ਸਮਝਾ ਰਿਹਾ ਸੀ ਕਿ ਵੱਡੀ ਵਿਪਤਾ ਹੁਣ ਟਲ ਗਈ ਹੈ...

7

ਲੀਜ਼ਾ ਬਰੀਚਕੀਨਾ ਨੇ ਆਪਣੀ ਉਮਰ ਦੇ ਉੱਨੀ ਸਾਲ ਭਲਕ ਦੀਆਂ ਉਡੀਕਾਂ ਵਿੱਚ ਬਿਤਾਏ ਸਨ। ਰੋਜ਼ ਸਵੇਰੇ ਉਹਨੂੰ ਓੜਕਾਂ ਦੀ ਖੁਸ਼ੀ ਨਾਲ਼ ਮੁਲਾਕਾਤ ਦੀ ਡਾਢੀ ਤੀਬਰ ਤਾਂਘ ਹੁੰਦੀ ਅਤੇ ਇੱਕ ਦਮ ਹੀ ਉਹਦੀ ਮਾਂ ਦੀ ਸਾਹ ਸੂਤ ਲੈਣ ਵਾਲ਼ੀ ਖੰਘ ਆ ਦਖਲ ਦਿੰਦੀ। ਖੁਸ਼ੀ ਨਾਲ਼ ਇਸ ਮੁਲਾਕਾਤ ਨੂੰ ਇੱਕ ਦਿਨ ਹੋਰ ਅੱਗੇ ਪਾ ਦਿੰਦੀ। ਇਸ ਨਾਲ਼ ਉਹਦੀਆਂ ਆਸਾਂ ਮਰੀਆਂ ਨਹੀਂ ਸਨ ਹੋਈਆਂ— ਬਸ ਹੋਰ ਅੱਗੇ ਪੈਂਦੀਆਂ ਰਹੀਆਂ ਸਨ।

"ਤੇਰੀ ਮਾਂ ਨੇ ਬਹੁਤੇ ਦਿਨ ਨਹੀਂ ਕੱਢਣੇ", ਉਹਦਾ ਪਿਓ ਲੀਜ਼ਾ ਨੂੰ ਸਖਤੀ ਨਾਲ਼ ਚਿਤਾਵਨੀ ਦਿੰਦਾ।

ਪੰਜ ਸਾਲ ਹਰ ਰੋਜ ਜਦੋਂ ਉਹ ਲੀਜ਼ਾ ਨੂੰ ਮਿਲਦਾ ਰਿਹਾ ਤਾਂ ਉਹਦੇ ਬੁੱਲ੍ਹਾਂ 'ਤੇ ਇਹੋ ਲਫਜ ਨਿੱਕਲਦੇ ਰਹੇ ਸਨ। ਲੀਜ਼ਾ ਵਿਹੜੇ ਵਿੱਚ ਸੂਰ ਨੂੰ , ਭੇਡ ਨੂੰ ਤੇ ਸਰਕਾਰੀ ਬੁੱਢੇ ਖੱਸੀ ਘੋੜੇ ਨੂੰ ਚਾਰਾ ਦਾਣਾ ਪਾਉਂਦੀ। ਫਿਰ ਉਹ ਆਪਣੀ ਮਾਂ ਦਾ ਹੱਥ ਮੂੰਹ ਧੋਂਦੀ , ਉਹਨੂੰ ਕੱਪੜੇ ਪੁਆਉਂਦੀ ਅਤੇ ਚਮਚੇ ਨਾਲ਼ ਉਹਦੇ ਮੂੰਹ ਵਿੱਚ ਕੁੱਝ ਪਾਉਂਦੀ। ਉਹ ਰੋਟੀ ਟੁੱਕ ਬਣਾਉਂਦੀ , ਘਰ ਦੀਆਂ ਸਫਾਈਆਂ ਕਰਦੀ ਤੇ ਪਿੰਡ ਦੀ ਨੇੜੇ ਦੀ ਦੁਕਾਨ ਤੋਂ ਡਬਲ ਰੋਟੀ ਫੜ ਲਿਆਉਂਦੀ। ਉਹ ਆਪਣੇ ਪਿਤਾ ਦੇ ਜੰਗਲਾਤੀ ਹਲਕੇ ਦੀ ਜਾਂਚ ਪੜਤਾਲ ਵੀ ਕਰ ਆਉਂਦੀ। ਹੋਰਾਂ ਕੁੜੀਆਂ ਨੇ, ਉਹਦੀਆਂ ਸਹੇਲੀਆਂ ਨੇ ਸਕੂਲ ਦੀ ਪੜ੍ਹਾਈ ਮੁਕਾ ਵੀ ਲਈ ਸੀ। ਉਹਨਾਂ ਵਿੱਚੋਂ ਕੁੱਝ ਤਾਂ ਹੋਰ ਕਿਧਰੇ ਜਾ ਕੇ ਅੱਗੇ ਪੜ੍ਹਨ ਲੱਗ ਪਈਆਂ ਸਨ, ਕਈਆਂ ਦੇ ਵਿਆਹ ਹੋ ਗਏ ਸਨ ਪਰ ਲੀਜ਼ਾ ਪਸ਼ੂਆਂ ਨੂੰ ਚਾਰਾ ਦਾਣਾ ਪਾਉਣ, ਕੱਪੜੇ ਲੀੜੇ ਧੋਣ, ਸਫਾਈਆਂ ਕਰਨ ਤੇ ਫਿਰ ਰੋਟੀ ਖੁਆਉਣ ਦੇ ਗੇੜਾਂ ਵਿੱਚ ਹੀ ਪਈ ਹੋਈ ਸੀ ਅਤੇ ਆਪਣੀ ਉਜ਼ਲੀ ਭਲਕ ਦੀ ਉਡੀਕ ਕਰ ਰਹੀ ਸੀ।

ਉਸ ਉਜਲੀ ਭਲਕ ਨੂੰ ਉਹਨੇ ਆਪਣੇ ਦਿਮਾਗ ਵਿੱਚ ਆਪਣੀ ਮਾਂ ਦੀ ਮੌਤ ਨਾਲ਼ ਕਦੇ ਨਹੀਂ ਸੀ ਜੋੜਿਆ। ਹੁਣ ਤੱਕ ਉਹਨੇ ਸ਼ਾਇਦ ਹੀ ਕਦੇ ਆਪਣੀ ਮਾਂ ਨੂੰ ਤੰਦਰੁਸਤ ਵੇਖਿਆ ਹੋਵੇ। ਇਸ ਦੇ ਇਲਾਵਾ ਲੀਜ਼ਾ ਵਿੱਚ ਇਨੀ ਜਿੰਦ ਜਾਨ ਸੀ ਕਿ ਉਹਦੇ ਮਨ ਵਿੱਚ ਮੌਤ ਦੇ ਵਿਚਾਰ ਲਈ ਕੋਈ ਥਾਂ ਨਹੀਂ ਸੀ।

ਮੌਤ ਦੇ ਉਲਟ, ਜਿਸ ਬਾਰੇ ਉਹਦਾ ਪਿਤਾ ਬੜੀ ਦਿਲਗੀਰ ਸਿਰੜਤਾ ਨਾਲ਼ ਹਰ ਵੇਲ਼ੇ ਯਾਦ ਕਰਾਉਂਦਾ ਰਹਿੰਦਾ ਸੀ, ਉਹ ਜਿੰਦਗੀ ਨੂੰ ਇੱਕ ਵਾਸਤਵਿਕ ਤੇ ਠੋਸ ਚੀਜ਼ ਸਮਝਦੀ ਸੀ।

ਜਿੰਦਗੀ ਸ਼ਾਨਦਾਰ ਭਲਕ ਵਿੱਚ ਕਿਧਰੇ ਲੁਕੀ ਹੋਈ ਸੀ ਅਤੇ ਭਾਵੇਂ ਹਾਲੇ ਤੱਕ ਉਹ ਇਸ ਜੰਗਲੀ ਇਲਾਕੇ ਤੋਂ ਕੋਹਾਂ ਦੂਰ ਕਿਧਰੇ ਲੁਕੀ ਹੋਈ ਸੀ, ਲੀਜ਼ਾ ਇਹ ਪੱਕੀ ਤਰਾਂ ਜਾਣਦੀ ਸੀ ਕਿ ਐਸੀ ਜਿੰਦਗੀ ਦੀ ਹੋਂਦ ਹੈ ਜੋ ਜਿਉਣ ਦੇ ਯੋਗ ਹੈ। ਉਸ ਜਿੰਦਗੀ ਵਿੱਚ ਉਹਦਾ ਵੀ ਹਿੱਸਾ ਹੈ। ਇਹ ਹੋ ਨਹੀਂ ਸਕਦਾ ਕਿ ਉਹ ਲੀਜ਼ਾ ਦੇ ਕੋਲ਼ੋਂ ਦੀ ਲੰਘ ਜਾਵੇ ਜਿਸ ਤਰਾਂ ਇਹ ਨਹੀਂ ਹੋ ਸਕਦਾ ਕਿ ਉਹਦੀ ਭਲਕ ਨਾ ਆਵੇ ਅਤੇ ਲੀਜ਼ਾ ਉਡੀਕ ਕਰਨਾ ਜਾਣਦੀ ਸੀ।

ਚੌਦਾਂ ਵਰ੍ਹਿਆਂ ਦੀ ਉਮਰ ਤੋਂ ਹੀ ਉਹ ਉਡੀਕ ਕਰਨ ਦੀ ਇਸ ਮਹਾਨ ਇਸਤਰੀ ਕਲਾ ਦੀ ਸਿੱਖਿਆ ਲੈ ਰਹੀ ਸੀ। ਆਪਣੀ ਮਾਂ ਦੀ ਬਿਮਾਰੀ ਕਾਰਨ ਸਕੂਲ ਛੱਡਣ ਲਈ ਮਜ਼ਬੂਰ ਹੋ ਕੇ, ਸਭ ਤੋਂ ਪਹਿਲਾਂ ਉਹ ਉਸ ਦਿਨ ਦੀ ਉਡੀਕ ਕਰਦੀ ਰਹੀ ਜਿਸ ਦਿਨ ਉਹ ਆਪਣੀ ਪੜ੍ਹਾਈ ਫਿਰ ਸ਼ੁਰੂ ਕਰ ਸਕੇ। ਇਸ ਤੋਂ ਮਗਰੋਂ ਉਹ ਆਪਣੇ ਦੋਸਤਾਂ ਸਹੇਲੀਆਂ ਨੂੰ ਮਿਲਣ ਦਾ ਮੌਕਾ ਹੱਥ ਆਉਣ ਦੀ ਉਡੀਕ ਕਰਦੀ ਰਹੀ ਤੇ ਇਸ ਤੋਂ ਮਗਰੋਂ ਉਹਨਾਂ ਵਿਰਲੀਆਂ ਟਾਵੀਆਂ ਵਿਹਲੀਆਂ ਸ਼ਾਮਾਂ ਦੀ ਜਿਹੜੀਆਂ ਉਹ ਕਲੱਬ ਦੇ ਸਾਹਮਣੇ ਹਰਿਆਲੀ ਵਿੱਚ ਗੁਜ਼ਾਰ ਸਕੇ ਅਤੇ ਇਸ ਤੋਂ ਮਗਰੋਂ...

ਇਸ ਤੋਂ ਮਗਰੋਂ ਗੱਲ ਇਹ ਹੋਈ ਕਿ ਅਚਾਨਕ ਹੀ ਕੋਈ ਵੀ ਐਸੀ ਚੀਜ਼ ਨਾ ਰਹੀ ਜਿਸ ਦੀ ਉਹ ਉਡੀਕ ਕਰਦੀ। ਉਸ ਦੇ ਦੋਸਤ ਸਹੇਲੀਆਂ ਜਾਂ ਤਾਂ ਹਾਲੇ ਪੜ੍ਹ ਰਹੇ ਸਨ ਜਾਂ ਕੰਮੀਂ ਲੱਗ ਗਏ ਸਨ। ਉਹ ਉਸ ਕੋਲ਼ੋਂ ਬਹੁਤ ਦੂਰ ਰਹਿੰਦੇ ਸਨ, ਸਭ ਦੇ ਆਪੋ ਆਪਣੇ ਝਮੇਲੇ ਸਨ ਜਿਨ੍ਹਾਂ ਵਿੱਚ ਹੁਣ ਉਹ ਆਪਣੇ ਆਪ ਨੂੰ ਸ਼ਾਮਲ ਨਹੀਂ ਸੀ ਸਮਝਦੀ। ਜਿਨ੍ਹਾਂ ਮੁੰਡਿਆਂ ਨਾਲ਼ ਕਿਸੇ ਵੇਲ਼ੇ ਕਲੱਬ ਵਿੱਚ ਬੈਠਣਾ ਅਤੇ ਫਿਲਮ ਸ਼ੁਰੂ ਹੋਣ ਤੋਂ ਪਹਿਲਾਂ ਮਖੌਲ ਕਰਨਾ ਬੜੀ ਹੀ ਸਰਲ ਤੇ ਸੌਖੀ ਗੱਲ ਸੀ ਉਹੋ ਮੁੰਡੇ ਹੁਣ ਵੱਖਰੀ ਤਰਾਂ ਦੇ, ਓਪਰੇ ਜਿਹੇ ਤੇ ਖਿੱਲੀ ਉਡਾਉਂਦੇ ਜਾਪਦੇ ਸਨ। ਲੀਜ਼ਾ ਹੁਣ ਉਹਨਾਂ ਦੇ ਨਾਲ਼ ਬਹਿਣ ਉੱਠਣ ਤੋਂ ਕਤਰਾਉਂਦੀ ਸੀ, ਉਹਨਾਂ ਦੀ ਮੌਜੂਦਗੀ ਵਿੱਚ ਚੁੱਪ ਰਹਿੰਦੀ ਸੀ ਅਤੇ ਬਾਅਦ ਵਿੱਚ ਉਸ ਨੇ ਕਲੱਬ ਜਾਣਾ ਉੱਕਾ ਹੀ ਛੱਡ ਦਿੱਤਾ ਸੀ।

ਲੀਜ਼ਾ ਦਾ ਬਚਪਨ ਬੀਤ ਗਿਆ ਅਤੇ ਇਸਦੇ ਨਾਲ਼ ਹੀ ਪੁਰਾਣੀਆਂ ਦੋਸਤੀਆਂ ਵੀ ਗਈਆਂ। ਹੁਣ ਉਸਦਾ ਕੋਈ ਦੋਸਤ ਨਹੀਂ ਸੀ ਕਿਉਂਕਿ ਉਸਦੇ ਘਰ ਜਗਦੇ ਤੇਲ ਦੇ ਲੈਂਪ ਦੀ ਰੌਸ਼ਨੀ ਨੇ ਜੰਗਲਾਤ ਦੇ ਹੰਢੇ ਵਰਤੇ ਕਰਮਚਾਰੀਆਂ ਤੋਂ ਬਿਨਾਂ ਕਦੇ ਕਿਸੇ ਨੂੰ ਖਿੱਚ ਨਹੀਂ ਸੀ ਪਾਈ। ਲੀਜ਼ਾ ਬੜੀ ਤਲਖੀ ਤੇ ਡਰ ਮਹਿਸੂਸ ਕਰਦੀ ਕਿਉਂਕਿ ਇਸ ਨੂੰ ਇਹ ਨਹੀਂ ਸੀ ਪਤਾ ਕਿ ਕਿਹੜੀ ਚੀਜ਼ ਉਹਦੇ ਬਚਪਨ ਦੀ ਥਾਂ ਲੈ ਰਹੀ ਹੈ। ਸਿਆਲ ਬੀਤ ਗਿਆ। ਲੀਜ਼ਾ ਪ੍ਰੇਸ਼ਾਨ ਮਹਿਸੂਸ ਕਰਦੀ ਰਹੀ ਸੀ ਅਤੇ ਉਹ ਕਿਸੇ ਚੀਜ਼ ਲਈ ਤਾਂਘਦੀ ਰਹੀ ਸੀ। ਇਹ ਕੀ ਚੀਜ਼ ਸੀ ਉਹ ਆਪ ਵੀ ਨਹੀਂ ਸੀ ਜਾਣਦੀ। ਬਹਾਰ ਦਾ ਮੌਸਮ ਆਇਆ ਤਾਂ ਪਿਤਾ ਇੱਕ ਸ਼ਿਕਾਰੀ ਨੂੰ ਆਪਣੇ ਨਾਲ਼ ਘਰ ਲੈ ਆਇਆ।

"ਕੁੱਝ ਦਿਨ ਸਾਡੇ ਕੋਲ਼ ਰਹਿਣਾ ਚਾਹੁੰਦਾ ਏ", ਉਸ ਨੇ ਆਪਣੀ ਧੀ ਨੂੰ ਦੱਸਿਆ, "ਪਰ ਅਸੀਂ ਇਸਨੂੰ ਕਿੱਥੇ ਟਿਕਾ ਸਕਦੇ ਆਂ ? ਮਾਂ ਤੇਰੀ ਮਰਨੇ ਪਈ ਹੋਈ ਏ।"

"ਘਾਹ ਵਾਲ਼ੀ ਪੜਛੱਤੀ ਬਾਰੇ ਕੀ ਖਿਆਲ ਏ ?" ਮਹਿਮਾਨ ਦਾ ਸੁਝਾਅ ਸੀ।

"ਅਜੇ ਠੰਡ ਐ", ਲੀਜ਼ਾ ਨੇ ਝਿਜਕਦਿਆਂ ਆਖਿਆ।

"ਭੇਡ ਦੀ ਖੱਲ ਦਾ ਇੱਕ ਕੋਟ ਨਹੀਂ ਦੇ ਸਕਦੇ ?"

ਪਿਤਾ ਤੇ ਮਹਿਮਾਨ ਚੋਖਾ ਚਿਰ ਰਸੋਈ ਵਿੱਚ ਬੈਠੇ ਵੋਦਕਾ ਪੀਂਦੇ ਰਹੇ। ਫੱਟਿਆਂ ਨਾਲ਼

ਕੀਤੀ ਪਾਰਟੀਸ਼ਨ ਦੇ ਦੂਜੇ ਪਾਸੇ ਖੰਘ ਨਾਲ਼ ਮਾਂ ਦੀਆਂ ਆਂਦਰਾਂ ਬਾਹਰ ਨੂੰ ਆਉਂਦੀਆਂ ਰਹੀਆਂ। ਲੀਜ਼ਾ ਨੇ ਭੋਰੇ ਵਿੱਚੋਂ ਲੂਣੀ ਬੰਦ-ਗੋਭੀ ਲਿਆ ਦਿੱਤੀ, ਆਂਡੇ ਭੁੰਨ ਦਿੱਤੇ ਤੇ ਬੈਠੀ ਉਹਨਾਂ ਦੀਆਂ ਗੱਲਾਂ ਸੁਣਦੀ ਰਹੀ।

ਬਹੁਤੀਆਂ ਗੱਲਾਂ ਉਹਦਾ ਪਿਤਾ ਹੀ ਕਰ ਰਿਹਾ ਸੀ। ਉਹ ਵੋਦਕਾ ਦੇ ਗਲਾਸ ਤੇ ਗਲਾਸ ਆਪਣੇ ਹਲਕ ਵਿੱਚ ਸੁੱਟੀ ਗਿਆ ਅਤੇ ਹੱਥਾਂ ਨਾਲ਼ ਹੀ ਲੂਣੀ ਗੋਭੀ ਚੁੱਕ ਚੁੱਕ ਕੇ ਆਪਣੇ ਜੱਤਲ ਮੂੰਹ ਵਿੱਚ ਤੁੰਨੀ ਗਿਆ ਅਤੇ ਆਪਣੇ ਭਰੇ ਹੋਏ ਮੂੰਹ ਨਾਲ ਹੀ ਉਹ ਬੋਲੀ ਜਾਂਦਾ—

"ਠਹਿਰ ਜਾ ਤੂੰ, ਠਹਿਰ ਜਾ, ਬੱਚੂ। ਜਿੰਦਗੀ ਉਸ ਤਰਾਂ ਦੀ ਐ, ਜਿਵੇਂ ਜੰਗਲ ਹੁੰਦਾ ਏ। ਇਸ ਨੂੰ ਛਾਂਗਣ ਦੀ ਲੋੜ ਏ, ਸਾਫ ਕਰਨ ਦੀ ਲੋੜ ਏ ਤੇ ਝਾੜ ਬੂਟ ਪੁੱਟ ਕੇ ਬਾਹਰ ਸੁੱਟਣ ਦੀ ਲੋੜ ਏ। ਕੀ ਆਂਹਦੈ ? ਨਹੀਂ, ਠਹਿਰ ਜਾ, ਉੱਥੇ ਢੇਰ ਸਾਰੀ ਸੁੱਕੀ ਲੱਕੜ ਹੁੰਦੀ ਏ, ਬਿਮਾਰ ਦਰਖਤ ਹੁੰਦੇ ਨੇ, ਤੇ ਝਾੜ ਬੂਟ, ਹੈ ਕਿ ਨਹੀਂ ?"

"ਠੀਕ, ਸਫਾਈ ਕਰਨ ਦੀ ਲੋੜ ਏ", ਮਹਿਮਾਨ ਸਹਿਮਤ ਸੀ। "ਛਾਂਗਣ ਦੀ ਨਹੀਂ ਲੋੜ। ਸਫਾਈ ਕਰਨ ਦੀ ਲੋੜ ਏ, ਝਾੜ ਬੂਟ ਪੁੱਟ ਕੇ ਬਾਹਰ ਮਾਰਨ ਦੀ ਲੋੜ ਏ।"

"ਬਿਲਕੁਲ", ਲੀਜ਼ਾ ਦੇ ਪਿਤਾ ਨੇ ਆਖਿਆ। "ਮੰਨ ਲਈ ਗੱਲ। ਪਰ ਸੁਣ ਮੇਰੀ ਗੱਲ। ਅਸੀਂ ਜੰਗਲਾਂ ਵਿੱਚ ਕੰਮ ਕਰਨ ਵਾਲ਼ੇ ਜੰਗਲ ਬਾਰੇ ਸਭ ਕੁੱਝ ਜਾਣਦੇ ਆਂ। ਜੰਗਲ ਦੀ ਹਰ ਗੱਲ ਸਾਨੂੰ ਚਿੱਟੇ ਦਿਨ ਵਾਂਗ ਸਾਫ ਏ ਤੇ ਜਿੱਥੋਂ ਤੱਕ ਸਵਾਲ ਹੈ ਜਿੰਦਗੀ ਦਾ ? ਕੁੱਝ ਨਿੱਘਾ ਤੇ ਜਿਉਂਦਾ ਜਾਗਦਾ ਜਿਹਾ, ਕੁੱਝ ਦੌੜ ਭੱਜ ਜਿਹੀ, ਕੁੱਝ ਚੀਕ ਚਿਹਾੜਾ ਜਿਹਾ ?"

"ਹਾਂ ਮਿਸਾਲ ਵਾਸਤੇ, ਬਘਿਆੜ", ਮਹਿਮਾਨ ਨੇ ਮਜ਼ਾਕ ਨਾਲ਼ ਕਿਹਾ।

"ਬਘਿਆੜ ?"...ਲੀਜ਼ਾ ਦੇ ਪਿਤਾ ਨੂੰ ਗੁੱਸਾ ਆ ਗਿਆ।

"ਬਘਿਆੜ ਨੇ ਤੇਰਾ ਕੀ ਵਿਗਾੜਿਐ ? ਬਘਿਆੜਾਂ ਨਾਲ਼ ਕੀ ਗਿਲਾ ਏ ਤੈਨੂੰ ? ਬੋਲ, ਕੀ ਗੱਲ ਏ ?"

"ਬਘਿਆੜ ਦੇ ਦੰਦ ਹੁੰਦੇ ਨੇ", ਸ਼ਿਕਾਰੀ ਮੁਸਕਰਾਇਆ।

"ਤੇ ਜੇ ਉਹ ਬਘਿਆੜ ਏ, ਤਾਂ ਇਹ ਉਹਦਾ ਕਸੂਰ ਕੀ ਏ ? ਉਹਦਾ ਕਸੂਰ ਏ ?.... ਨਹੀਂ, ਬੱਚੂ, ਇਹ ਤਾਂ ਅਸੀਂ ਹਾਂ ਉਹਦੇ ਮੱਥੇ ਕਸੂਰ ਮੜ੍ਹਨ ਵਾਲ਼ੇ ਤੇ ਇਹ ਕੰਮ ਕਰਨ ਲੱਗਿਆਂ ਅਸੀਂ ਉਹਦੇ ਨਾਲ਼ ਸਲਾਹ ਵੀ ਨਹੀਂ ਕੀਤੀ। ਇਹ ਕੋਈ ਇਨਸਾਫ ਏ ?"

"ਪਰ ਗੱਲ ਸੁਣ, ਪੇਤਰੋਵਿਚ, ਬਘਿਆੜ ਤੇ ਇਨਸਾਫ, ਇਹ ਵੱਖ-ਵੱਖ ਗੱਲਾਂ ਨੇ। ਇਹਨਾਂ ਦਾ ਕੋਈ ਮੇਲ ਨਹੀਂ।"

"ਕੋਈ ਮੇਲ ਨਹੀਂ ?...ਹੱਛਾ, ਬਘਿਆੜ ਤੇ ਖਰਗੋਸ਼... ਇਹਨਾਂ ਦਾ ਮੇਲ ਹੈ ? ਹੀ ਹੀ ਨਾ ਕਰ, ਬੱਚੂ ! ....ਠੀਕ ਹੈ, ਸਾਨੂੰ ਇਹ ਸਮਝਾਇਆ ਗਿਆ ਏ ਕਿ ਬਘਿਆੜਾਂ ਨੂੰ ਲੋਕਾਂ ਦੇ ਦੁਸ਼ਮਣ ਸਮਝੀਏ—ਇਹ ਹੁਕਮ ਹੈ। ਠੀਕ। ਤੇ ਅਸੀਂ ਉੱਠ ਕੇ ਸਾਰੇ ਬਘਿਆੜਾਂ ਨੂੰ ਗੋਲੀ ਮਾਰਨ ਤੁਰ ਪਏ, ਸਾਰੇ ਰੂਸ ਵਿੱਚ ਹੀ। ਇੱਕ ਇੱਕ ਬਘਿਆੜ ਨੂੰ। ਇਸ ਦਾ ਨਤੀਜਾ ਕੀ ਹੋਵੇਗਾ ?"

"ਨਤੀਜਾ ?" ਸ਼ਿਕਾਰੀ ਮੁਸਕਰਾਇਆ। "ਬਹੁਤ ਸਾਰਾ ਸ਼ਿਕਾਰ ਮਿਲੇਗਾ।"

"ਬਹੁਤਾ ਨਹੀਂ, ਥੋੜ੍ਹਾ!" ਪਿਤਾ ਕੜਕ ਕੇ ਬੋਲਿਆ ਅਤੇ ਉਸ ਨੇ ਆਪਣੀ ਜੱਤਲ ਜਿਹੀ ਮੁੱਠ ਇਨੇ ਜ਼ੋਰ ਨਾਲ਼ ਮੇਜ਼ ਉਤੇ ਮਾਰੀ ਕਿ ਜਬਰਦਸਤ ਖੜਕਾ ਹੋਇਆ। "ਸ਼ਿਕਾਰ ਲੱਭਣਾ ਹੀ

ਨਹੀਂ, ਮੈਂ ਤੈਨੂੰ ਦੱਸਾਂ। ਜਿਨ੍ਹਾਂ ਦਾ ਅਸੀਂ ਸ਼ਿਕਾਰ ਕਰਦੇ ਆਂ, ਉਹਨਾਂ ਸਭ ਜਾਨਵਰਾਂ ਨੂੰ ਤੰਦਰੁਸਤ ਤੇ ਭੱਜੇ ਫਿਰਦੇ ਰੱਖਣ ਦੀ ਲੋੜ ਏ। ਭੱਜੇ ਫਿਰਦੇ, ਬੱਚੂ, ਆਈ ਸਮਝ ? ਤੇ ਭੱਜੇ ਫਿਰਦੇ ਰੱਖਣ ਲਈ ਉਹ ਡਰੇ ਸਹਿਮੇ ਰਹਿਣੇ ਚਾਹੀਦੇ ਨੇ। ਉਹਨਾਂ ਨੂੰ ਇਸ ਗੱਲ ਦਾ ਡਰ ਹੋਣਾ ਚਾਹੀਦਾ ਏ ਕਿ ਕਿਸੇ ਪਲ ਵੀ ਉਹ ਖਾਧੇ ਜਾ ਸਕਦੇ ਨੇ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਜਿੰਦਗੀ ਨੂੰ ਇੱਕੋ ਰੰਗ ਵਿੱਚ ਰੰਗਿਆ ਜਾ ਸਕਦਾ ਏ। ਇਹ ਗੱਲ ਮੁਮਕਿਨ ਏ। ਪਰ ਕਿਉਂ ਕੀਤਾ ਜਾਏ ਇਸ ਤਰਾਂ ? ਇਸ ਵਾਸਤੇ ਕਿ ਅਮਨ ਚੈਨ ਹੋਵੇ ? ਫੇਰ ਰਹਿ ਕੀ ਜਾਏਗਾ—ਮੋਟੇ ਤੇ ਆਲਸੀ ਖਰਗੋਸ਼, ਜਿਹੜੇ ਬਘਿਆੜ ਨਾ ਹੋਣ ਕਰਕੇ ਆਪਣਾ ਫਰਜ ਹੀ ਭੁੱਲ ਜਾਣਗੇ। ਫੇਰ ਕੀ ਬਣੇਗਾ ? ਬਘਿਆੜਾਂ ਦੀ ਕੋਈ ਨਵੀਂ ਨਸਲ ਤਿਆਰ ਕਰਨੀ ਏ ਅਸਾਂ ਜਾਂ ਜਾਨਵਰਾਂ ਨੂੰ ਟਿਚਨ ਰੱਖਣ ਵਾਸਤੇ ਬਾਹਰੋਂ ਦਰਾਮਦ ਕਰਾਂਗੇ ?"

"ਮੈਨੂੰ ਇਹ ਦੱਸ, ਇਵਾਨ ਪੇਤਰੋਵਿਚ, ਤੂੰ ਪਹਿਲਾਂ ਕੁਲਾਕ ਤਾਂ ਨਹੀਂ ਸੀ ਹੁੰਦਾ ?" ਮਹਿਮਾਨ ਨੇ ਬੜੇ ਆਰਾਮ ਨਾਲ਼ ਪੁੱਛਿਆ।

"ਮੇਰੇ ਵਿੱਚ ਕੁਲਾਕਾਂ ਵਾਲ਼ੀ ਕਿਹੜੀ ਗੱਲ ਏ ?" ਜੰਗਲਾਤ ਦੇ ਮਹਿਕਮੇ ਦੇ ਅਫਸਰ ਨੇ ਹੌਂਕਾ ਲਿਆ। "ਮੇਰੀ ਕਿਹੜੀ ਜਾਇਦਾਦ ਏ—ਮੇਰੇ ਦੋ ਹੀ "ਕੁਲਾਕ" ਨੇ, ਮੇਰੇ ਦੋ ਘਸੁੰਨ, ਮੇਰੀ ਬੀਵੀ ਤੇ ਮੇਰੀ ਧੀ। ਮੈਨੂੰ ਕੁਲਾਕ ਆਖਣ ਦਾ ਉਹਨਾਂ ਨੂੰ ਕੋਈ ਫਾਇਦਾ ਨਹੀਂ।"

"ਉਹਨਾਂ ਨੂੰ ?"

"ਚੱਲ, ਸਾਨੂੰ ਹੀ ਸਹੀ !...." ਪਿਤਾ ਨੇ ਗਿਲਾਸਾਂ ਵਿੱਚ ਥੋੜ੍ਹੀ-ਥੋੜ੍ਹੀ ਵੋਦਕਾ ਪਾਈ ਤੇ ਮਹਿਮਾਨ ਦੇ ਗਿਲਾਸ ਵਿੱਚ ਆਪਣਾ ਗਲਾਸ ਟਕਰਾਇਆ। "ਮੈਂ ਬਘਿਆੜ ਨਹੀਂ, ਪਿਆਰੇ, ਮੈਂ ਤਾਂ ਖਰਗੋਸ਼ ਆਂ।" ਉਸ ਨੇ ਇੱਕੋ ਘੁੱਟ ਨਾਲ਼ ਗਿਲਾਸ ਖਾਲੀ ਕੀਤਾ ਤੇ ਉੱਠਣ ਲੱਗਿਆ ਇਉਂ ਕੁਚੱਜਿਆਂ ਵਾਂਗ ਮੇਜ ਵੱਲ ਉਲਰਿਆ ਜਿਵੇਂ ਉਹ ਰਿੱਛ ਹੋਵੇ। ਜਾਂਦਾ ਜਾਂਦਾ ਉਹ ਬਰੂਹਾਂ ਵਿੱਚ ਖਲੋ ਗਿਆ।

"ਮੈਂ ਸੌਣ ਲੱਗਿਆਂ। ਕੁੜੀ ਪੁਚਾ ਦੇਵੇਗੀ ਤੈਨੂੰ, ਜਿੱਥੇ ਤੂੰ ਸੌਣਾ ਏ।"

ਲੀਜ਼ਾ ਇੱਕ ਨੁੱਕਰ ਵਿੱਚ ਚੁੱਪ ਕਰਕੇ ਬੈਠੀ ਹੋਈ ਸੀ। ਸ਼ਿਕਾਰੀ ਇੱਕ ਸ਼ਹਿਰੀਆ ਨੌਜਵਾਨ ਸੀ ਜਿਸ ਦੇ ਮਜ਼ਬੂਤ ਚਿੱਟੇ ਦੰਦ ਸਨ ਅਤੇ ਇਹ ਘਬਰਾਹਟ ਪੈਦਾ ਕਰਨ ਵਾਲੀ ਗੱਲ ਸੀ। ਉਹ ਮੁਗਧ ਹੋਈ ਉਸ ਵੱਲ ਵੇਖਦੀ ਰਹੀ ਸੀ ਤੇ ਜਦੋਂ ਉਹ ਉਹਦੇ ਵੱਲ ਵੇਖਦਾ ਤਾਂ ਧਿਆਨ ਦੂਜੇ ਪਾਸੇ ਕਰ ਲੈਂਦੀ ਸੀ। ਲੀਜ਼ਾ ਉਹਦੇ ਨਾਲ਼ੋਂ ਅੱਖ ਮਿਲਾਉਣੋ ਡਰਦੀ ਸੀ। ਉਹ ਨੂੰ ਇਹ ਡਰ ਮਾਰ ਰਿਹਾ ਸੀ ਕਿ ਜੇ ਉਹ ਗੱਲਾਂ ਕਰਨ ਲੱਗ ਪਿਆ ਤਾਂ ਖ਼ਬਰੇ ਉਹਦੇ ਵਾਸਤੇ ਜਵਾਬ ਦੇਣਾ ਔਖਾ ਹੋਵੇ, ਜਾਂ ਖ਼ਬਰੇ ਕੋਈ ਮੂਰਖਾਂ ਵਾਲ਼ੀ ਗੱਲ ਆਖ ਬੈਠੇ।

"ਤੁਹਾਡਾ ਪਿਤਾ ਗੱਲ ਬਾਤ ਕਰਨ ਵਿੱਚ ਬੜਾ ਬੇਪ੍ਰਵਾਹ ਏ।"

" ਉਹ ਲਾਲ ਛਾਪੇਮਾਰ ਹੁੰਦਾ ਸੀ", ਉਹਨੇ ਛੇਤੀ ਨਾਲ਼ ਜਵਾਬ ਦਿੱਤਾ।

"ਸਾਨੂੰ ਪਤਾ ਏ ਇਸ ਗੱਲ ਦਾ", ਮਹਿਮਾਨ ਮੁਸਕਰਾਇਆ ਤੇ ਖੜ੍ਹਾ ਹੋ ਗਿਆ। "ਖੈਰ, ਕਿਹੜੀ ਥਾਂ ਸੌਣਾ ਏ ਮੈਂ ਲੀਜ਼ਾ ?

ਘਾਹ ਵਾਲ਼ੀ ਪੜਛੱਤੀ ਵਿੱਚ ਹਨੇਰਾ ਸੀ, ਜਿਵੇਂ ਕੋਈ ਭੋਰਾ ਹੋਵੇ। ਲੀਜ਼ਾ ਬਰੂਹਾਂ ਵਿੱਚ ਲੁਕ ਗਈ, ਇੱਕ ਪਲ ਸੋਚਿਆ ਤੇ ਫੇਰ ਮਹਿਮਾਨ ਦੀਆਂ ਬਾਹਾਂ ਤੋਂ ਭੇਡ ਦੀ ਖੱਲ ਦਾ ਭਾਰਾ ਕੋਟ

ਤੇ ਫੁੱਲਿਆ ਹੋਇਆ ਸਿਰ੍ਹਾਣਾ ਚੁੱਕ ਕੇ ਬੋਲੀ :

"ਠਹਿਰੋ ਰਤਾ ਕੁ ਇੱਥੇ।"

ਉਹ ਢਿੱਲਮ ਢਿੱਲੀ ਪੌੜੀ ਚੜ੍ਹ ਗਈ, ਘਾਹ ਨੂੰ ਹਿਲਾ ਜੁਲਾ ਕੇ ਝਾੜਿਆ ਤੇ ਸਿਰ੍ਹਾਣਾ ਹੇਠਾਂ ਸੁੱਟ ਦਿੱਤਾ। ਉਹ ਹੁਣ ਹੇਠਾਂ ਉੱਤਰ ਕੇ ਮਹਿਮਾਨ ਨੂੰ ਆਵਾਜ਼ ਦੇ ਸਕਦੀ ਸੀ। ਇਸ ਦੀ ਥਾਂ, ਉਹ ਘੁੱਪ ਹਨੇਰੇ ਵਿੱਚ ਪਿਛਲੇ ਸਾਲ ਦੇ ਕੂਲੇ-ਕੂਲੇ ਘਾਹ ਉਤੇ ਗੋਡਿਆਂ ਪਰਨੇ ਹੋ ਕੇ ਇਸ ਨੂੰ ਫੁਲਾਉਣ ਤੇ ਵਧੇਰੇ ਪੋਲਾ ਸੁਖਦਾਈ ਬਣਾਉਣ ਲੱਗ ਪਈ। ਇਸ ਵਿਚਕਾਰ ਉਹ ਬਰਾਬਰ ਕੰਨ ਖੜ੍ਹੇ ਕਰ ਕੇ ਬਿੜਕ ਲੈਂਦੀ ਰਹੀ ਸੀ। ਉਹ ਕਦੇ ਆਪਣੇ ਆਪ ਅੱਗੇ ਇਹ ਮੰਨਣ ਨੂੰ ਤਿਆਰ ਨਹੀਂ ਸੀ ਹੋ ਸਕਦੀ ਕਿ ਉਹ ਇਸ ਗੱਲ ਦੀ ਉਡੀਕ ਵਿੱਚ ਸੀ ਕਿ ਮਹਿਮਾਨ ਦੇ ਪੈਰਾਂ ਨਾਲ਼ ਪੌੜੀ ਦੀ ਚੀਂ-ਚੀਂ ਦੀ ਆਵਾਜ ਸੁਣਾਈ ਦੇਵੇ ਅਤੇ ਉਹ ਚਾਹੁੰਦੀ ਸੀ ਕਿ ਹਨੇਰੇ ਵਿੱਚ ਕਾਹਲੀ ਨਾਲ਼ ਪਰੇਸ਼ਾਨ ਕਰ ਦੇਣ ਵਾਲ਼ੀ ਉਸ ਦੀ ਨੇੜਤਾ, ਉਸ ਦੇ ਸਾਹਾਂ ਦੀ ਘੁਸਰ ਮੁਸਰ ਹੀ ਨਹੀਂ ਸਗੋਂ ਉਸ ਦੀ ਗੁਸਤਾਖ਼ ਛੋਹ ਵੀ ਮਹਿਸੂਸ ਕਰੇ। ਨਹੀਂ, ਉਸ ਦੇ ਦਿਮਾਗ ਵਿੱਚ ਗੁਨਾਹ ਕਰਨ ਦਾ ਵਿਚਾਰ ਨਹੀਂ ਸੀ। ਉਹ ਤਾਂ ਸਿਰਫ ਇਹ ਚਾਹੁੰਦੀ ਸੀ ਕਿ ਉਹਦਾ ਦਿਲ ਅਚਾਨਕ ਹੀ ਜਿੰਨਾ ਤੇਜ਼ ਧੜਕ ਸਕਦਾ ਹੈ ਧੜਕੇ, ਕੋਈ ਧੁੰਦਲਾ ਜਿਹਾ ਕੌਲ ਇਕਰਾਰ ਕਰੇ, ਕਿਸੇ ਤੱਤੀ ਤੇ ਬਲ਼ਦੀ ਚੀਜ਼ ਦਾ ਕੌਲ, ਜਿਹੜੀ ਇੱਕ ਪਲ ਸੈਨਤਾਂ ਮਾਰਦੀ ਹੋਵੇ ਤੇ ਦੂਜੇ ਪਲ ਗਾਇਬ ਹੋ ਜਾਏ।

ਪਰ ਚੀਂ-ਚੀਂ ਦੀ ਕੋਈ ਆਵਾਜ਼ ਨਹੀਂ ਆਈ ਤੇ ਲੀਜ਼ਾ ਹੇਠਾਂ ਆ ਗਈ। ਮਹਿਮਾਨ ਬਰੂਹਾਂ ਵਿੱਚ ਖੜ੍ਹਾ ਸਿਗਰਟ ਪੀ ਰਿਹਾ ਸੀ ਤੇ ਉਹਨੇ ਖਿਝ ਕੇ ਆਖਿਆ ਕਿ ਪੜਛੱਤੀ ਉੱਤੇ ਸਿਗਰਟ ਨਾ ਪੀਵੇ।

"ਮੈਨੂੰ ਪਤਾ ਏ", ਉਸ ਨੇ ਆਖਿਆ ਤੇ ਸਿਗਰਟ ਦਾ ਟੋਟਾ ਪੈਰਾਂ ਹੇਠਾਂ ਮਸਲ ਦਿੱਤਾ। "ਸੁਭ ਰਾਤ"

ਤੇ ਉਹ ਸੌਣ ਵਾਸਤੇ ਉਪਰ ਚੜ੍ਹ ਗਿਆ। ਲੀਜ਼ਾ ਘਰ ਮੁੜ ਕੇ ਭਾਂਡੇ ਟੀਂਡੇ ਮਾਂਜਣ ਧੋਣ ਲੱਗ ਪਈ। ਬੜੀ ਚੌਕਸੀ ਨਾਲ਼ ਤੇ ਬਹੁਤ ਹੀ ਹੌਲ਼ੀ-ਹੌਲ਼ੀ, ਇੱਕ ਇੱਕ ਪਲੇਟ ਨੂੰ ਧੋ ਪੂੰਝ ਕੇ ਰਖਦੀ ਹੋਈ ਉਹ ਕੰਨ ਚੁੱਕ ਕੇ ਬਿੜਕ ਲੈਂਦੀ ਰਹੀ ਸੀ ਤੇ ਆਸ ਕਰਦੀ ਰਹੀ ਸੀ ਕਿ ਖਿੜਕੀ ਉੱਤੇ ਠੱਕ ਠੱਕ ਹੋਵੇਗੀ। ਤੇ ਠੱਕ-ਠੱਕ ਕੋਈ ਨਹੀਂ ਸੀ ਹੋਈ। ਲੀਜ਼ਾ ਨੇ ਫੂਕ ਮਾਰ ਕੇ ਲੈਂਪ ਬੁਝਾਈ ਤੇ ਬਿਸਤਰੇ ਉਤੇ ਜਾ ਪਈ। ਰੋਜ਼ ਵਾਂਗ ਮਾਂ ਦੇ ਖੰਘਣ ਤੇ ਪਿਤਾ ਦੇ ਉੱਚੀ ਉੱਚੀ ਘੁਰਾੜੇ ਮਾਰਨ ਦੀ ਆਵਾਜ਼ ਆ ਰਹੀ ਸੀ ਜਿਸ ਨੇ ਘੁੱਟ ਕੁ ਬਹੁਤੀ ਪੀ ਲਈ ਸੀ।

ਮਹਿਮਾਨ ਰੋਜ ਸਵੇਰੇ ਗਾਇਬ ਹੋ ਜਾਂਦਾ ਅਤੇ ਰਾਤ ਨੂੰ ਚਿਰਾਕਾ, ਭੁੱਖਾ ਭਾਣਾ ਤੇ ਥੱਕਾ ਟੁੱਟਿਆ ਵਾਪਸ ਆ ਜਾਂਦਾ। ਲੀਜ਼ਾ ਉਸ ਨੂੰ ਰੋਟੀ ਖੁਆਉਂਦੀ ਤੇ ਉਹ ਛੇਤੀ-ਛੇਤੀ ਰੋਟੀ ਖਾ ਲੈਂਦਾ, ਪਰ ਹਾਬੜਿਆਂ ਵਾਂਗੂ ਨਹੀਂ ਤੇ ਇਹ ਗੱਲ ਲੀਜ਼ਾ ਨੂੰ ਚੰਗੀ ਲੱਗਦੀ। ਰੋਟੀ ਖਾਣ ਤੋਂ ਝੱਟ ਹੀ ਮਗਰੋਂ ਮਹਿਮਾਨ ਪੜਛੱਤੀ ਵੱਲ ਉੱਠ ਤੁਰਦਾ ਅਤੇ ਲੀਜ਼ਾ ਘਰ ਹੀ ਰਹਿੰਦੀ ਕਿਉਂਕਿ ਹੁਣ ਉਹਨੂੰ ਉਹਦੇ ਵਾਸਤੇ ਬਿਸਤਰਾ ਕਰਨ ਜਾਣ ਦੀ ਲੋੜ ਨਹੀਂ ਸੀ।

"ਇਹ ਕੀ ਗੱਲ ਹੋਈ ਕਿ ਤੁਸੀਂ ਸ਼ਿਕਾਰ ਜਾ ਕੇ ਕੁੱਝ ਲਿਆਉਂਦੇ ਹੀ ਨਹੀਂ ? ਉਸ ਨੇ ਇੱਕ ਵਾਰ ਹੌਸਲਾ ਭਰ ਕੇ ਉਸ ਨੂੰ ਪੁੱਛ ਲਿਆ।

"ਮਾੜੀ ਕਿਸਮਤ", ਉਹ ਮੁਸਕਰਾਇਆ।

"ਤੁਸੀਂ ਲਿੱਸੇ ਹੋ ਗਏ ਓ", ਉਹ ਉਸ ਵੱਲ ਵੇਖੇ ਬਗੈਰ ਬੋਲਦੀ ਗਈ। "ਇਸ ਨੂੰ ਤੁਸੀਂ ਆਰਾਮ ਕਰਨਾ ਆਖਦੇ ਓ ?"

"ਮੈਂ ਬੜੇ ਮਜੇ ਨਾਲ਼ ਆਰਾਮ ਕਰ ਰਿਹਾ ਆਂ, ਲੀਜ਼ਾ" , ਮਹਿਮਾਨ ਨੇ ਹੌਂਕਾ ਭਰ ਕੇ ਆਖਿਆ। "ਬਦਕਿਸਮਤੀ ਨਾਲ਼, ਆਰਾਮ ਦੇ ਦਿਨ ਖਤਮ ਹੋ ਗਏ ਨੇ। ਭਲਕੇ ਮੈਂ ਚਲੇ ਜਾਣਾ ਹੈ।"

"ਭਲਕੇ ?" .....ਨਿੰਮੋਝੂਣੀ ਹੋਈ ਲੀਜ਼ਾ ਨੇ ਫਿਰ ਪੁੱਛਿਆ।

"ਹਾਂ, ਸਵੇਰੇ। ਤੇ ਮੈਂ ਬਿਨਾਂ ਕੋਈ ਸ਼ਿਕਾਰ ਮਾਰੇ ਜਾ ਰਿਹਾ ਹਾਂ। ਹੈ ਨਾ ਹਾਸੇ ਵਾਲ਼ੀ ਗੱਲ ?"

"ਹਾਂ, ਇਹ ਤਾਂ ਹਾਸੇ ਵਾਲ਼ੀ ਗੱਲ ਹੋਈ", ਉਸ ਨੇ ਉਦਾਸ ਹੁੰਦਿਆਂ ਆਖਿਆ।

ਇਸ ਤੋਂ ਵੱਧ ਉਹਨਾਂ ਵਿਚਕਾਰ ਕੋਈ ਗੱਲ ਨਹੀਂ ਹੋਈ। ਪਰ ਉਹਦੇ ਘਰ ਜਾਣ ਦੀ ਦੇਰ ਸੀ ਕਿ ਲੀਜ਼ਾ ਨੇ ਛੇਤੀ-ਛੇਤੀ ਰਸੋਈ ਦਾ ਕੰਮ ਨਿਬੇੜਿਆ ਤੇ ਬਾਹਰ ਵਿਹੜੇ ਵਿੱਚ ਆ ਗਈ। ਢੇਰ ਚਿਰ ਤੱਕ ਉਹ ਘਾਹ ਵਾਲ਼ੇ ਕੋਠੇ ਦੁਆਲੇ ਫਿਰਦੀ ਮਹਿਮਾਨ ਦੇ ਹੌਂਕੇ ਭਰਨ ਅਤੇ ਆਪਣਾ ਸੰਘ ਸਾਫ ਕਰਨ ਦੀਆਂ ਬਿੜਕਾਂ ਲੈਂਦੀ ਰਹੀ। ਉਹ ਆਪਣੇ ਨੌਂਹ ਟੁੱਕਣ ਲੱਗ ਪਈ ਤੇ ਫੇਰ ਉਸਨੇ ਛੇਤੀ ਨਾਲ਼ ਪਰ ਚੁੱਪ ਚਾਪ ਬੂਹਾ ਖੋਹਲਿਆ ਜਿਵੇਂ ਉਸ ਨੂੰ ਡਰ ਹੋਵੇ ਕਿ ਉਹਦੀ ਸਲਾਹ ਹੀ ਨਾ ਬਦਲ ਜਾਵੇ ਅਤੇ ਉਹ ਪੌੜੀ ਚੜ੍ਹ ਗਈ।

"ਕੌਣ ਏਂ ?...ਉਸ ਨੇ ਹੌਲ਼ੀ ਜਿਹੀ ਪੁੱਛਿਆ।

"ਮੈਂ ਆਂ", ਲੀਜ਼ਾ ਨੇ ਜਵਾਬ ਦਿੱਤਾ। "ਬਿਸਤਰਾ ਵਿਛਾ ਦੇਵਾਂ ?..."

"ਨਹੀਂ, ਕੋਈ ਲੋੜ ਨਹੀਂ", ਉਸਨੇ ਲੀਜ਼ਾ ਦੀ ਗੱਲ ਟੋਕਦਿਆਂ ਕਿਹਾ। "ਸੌਂ ਜਾ ਹੁਣ।"

ਲੀਜ਼ਾ ਖਾਮੋਸ਼ ਸੀ। ਉਹ ਇਸ ਗਲਘੋਟੂ ਹਨੇਰੇ ਵਿੱਚ ਉਸ ਦੇ ਕੋਲ਼ ਆਰਾਮ ਨਾਲ਼ ਬੈਠੀ ਹੋਈ ਸੀ। ਮਹਿਮਾਨ ਨੂੰ ਲੀਜ਼ਾ ਦੇ ਸਾਹਾਂ ਤੱਕ ਦੀ ਆਵਾਜ ਸੁਣਾਈ ਦੇ ਰਹੀ ਸੀ ਜਿਨ੍ਹਾਂ ਨੂੰ ਉਹ ਰੋਕ ਰੋਕ ਰੱਖਣ ਦੀ ਪੂਰੀ ਵਾਹ ਲਾ ਰਹੀ ਸੀ।

"ਕਿਉਂ, ਓਦਰ ਗਈ ਏਂ ?"

"ਓਦਰ ਗਈ ਆਂ", ਉਹਦਾ ਜਵਾਬ ਮਸਾਂ ਹੀ ਸੁਣਾਈ ਦਿੱਤਾ।

"ਤਦ ਵੀ ਬੰਦੇ ਨੂੰ ਮੂਰਖਾਂ ਵਾਲ਼ਾ ਕੰਮ ਨਹੀਂ ਕਰਨਾ ਚਾਹੀਦਾ।"

ਲੀਜ਼ਾ ਨੂੰ ਲੱਗਾ ਜਿਵੇਂ ਉਹ ਮੁਸਕਰਾ ਰਿਹਾ ਸੀ। ਉਹਨੂੰ ਆਪਣੇ ਆਪ ਤੋਂ ਘਿਣ ਆ ਗਈ, ਆਪਣੇ ਆਪ 'ਤੇ ਗੁੱਸਾ ਆ ਗਿਆ, ਤੇ ਉਹਦੇ ਉੱਤੇ ਵੀ—ਤੇ ਉੱਥੇ ਬੈਠੀ ਰਹੀ। ਉਹ ਨਹੀਂ ਸੀ ਜਾਣਦੀ ਕਿ ਉਹ ਕਿਉਂ ਬੈਠੀ ਹੋਈ ਸੀ, ਜਿਵੇਂ ਉਸ ਨੂੰ ਇਹ ਨਹੀਂ ਸੀ ਪਤਾ ਕਿ ਉਹ ਇੱਥੇ ਆਈ ਕਿਉਂ ਸੀ। ਉਹ ਸਾਰੀ ਉਮਰ ਇਕੱਲੀ ਹੀ ਰਹੀ ਸੀ। ਉਹ ਸ਼ਾਇਦ ਹੀ ਕਦੇ ਰੋਈ ਹੋਵੇ ਕਿਉਂ ਉਹ ਇਕੱਲੀ ਰਹਿਣਾ ਗਿੱਝ ਗਈ ਸੀ। ਇਸ ਵੇਲ਼ੇ ਜੇ ਉਹਨੂੰ ਸੰਸਾਰ ਵਿੱਚ ਕਿਸੇ ਚੀਜ਼ ਦੀ ਖਾਹਿਸ਼ ਸੀ ਤਾਂ ਇੱਕ ਹਮਦਰਦੀ ਦੀ। ਉਹ ਚਾਹੁੰਦੀ ਸੀ ਕਿ ਕੋਈ ਉਹਦੇ ਨਾਲ਼ ਮਿੱਠੀਆਂ-ਮਿੱਠੀਆਂ ਪਿਆਰੀਆਂ-ਪਿਆਰੀਆਂ ਗੱਲਾਂ ਕਰੇ, ਕੋਈ ਉਸ ਦੇ ਸਿਰ ਉੱਤੇ ਹੱਥ ਫੇਰੇ, ਉਹਦੇ ਕੇਸਾਂ ਨੂੰ ਪਲੋਸੇ, ਕੋਈ ਉਸਨੂੰ ਧਰਵਾਸ ਦੇਵੇ ਅਤੇ— ਇਹ ਗੱਲ ਉਹ ਮੰਨਣ ਨੂੰ ਤਿਆਰ ਨਹੀਂ ਸੀ—ਕੋਈ ਉਸ ਨੂੰ ਚੁੰਮ ਲਵੇ। ਕੀ ਉਹ ਮੰਨ ਸਕਦੀ ਸੀ ਕਿ ਇਸ ਗੱਲ ਨੂੰ ਪੰਜ ਸਾਲ ਹੋ ਗਏ ਜਦੋਂ ਪਿਛਲੀ ਵਾਰ ਉਹਦੀ ਮਾਂ ਨੇ ਉਹਨੂੰ ਚੁੰਮਿਆਂ ਸੀ ਅਤੇ ਇਸ ਵੇਲ਼ੇ ਉਸ ਨੂੰ ਉਸ ਅਨੂਠੀ ਭਲਕ ਦੇ ਇਕਰਾਰ ਵਜੋਂ

ਚੁੰਮਣ ਦੀ ਲੋੜ ਹੈ ਜਿਸ ਦੀ ਖਾਤਰ ਉਹ ਸੰਸਾਰ ਵਿੱਚ ਜਿਉਂਦੀ ਹੈ ?

"ਜਾ ਸੌਂ ਜਾ ਕੇ ਹੁਣ" , ਮਹਿਮਾਨ ਨੇ ਆਖਿਆ। ਮੈਂ ਥੱਕਿਆ ਹੋਇਆ ਹਾਂ ਤੇ ਸਵੇਰੇ ਸਵਖਤੇ ਜਾਣਾ ਹੈ।"

ਉਸ ਨੇ ਉਬਾਸੀ ਲਈ। ਬੇਲਾਗ ਆਦਮੀ ਵਾਂਗ ਉੱਚੀ ਆਵਾਜ ਵਿੱਚ ਆ....ਆ ਕਰਦਿਆਂ ਲੰਮੀ ਉਬਾਸੀ। ਆਪਣੇ ਬੁੱਲ੍ਹਾਂ ਨੂੰ ਟੁਕਦੀ ਲੀਜ਼ਾ ਛੇਤੀ ਨਾਲ਼ ਪੌੜੀਓਂ ਉੱਤਰ ਆਈ। ਕਾਹਲੀ ਵਿੱਚ ਉਹਨੇ ਆਪਣੇ ਗੋਡੇ ਵੀ ਭਨਾ ਲਏ ਪਰ ਉਹ ਦੌੜ ਕੇ ਵਿਹੜੇ ਵਿੱਚ ਹੋ ਗਈ ਤੇ ਧੜਾਕ ਕਰਕੇ ਬੂਹਾ ਬੰਦ ਕਰ ਦਿੱਤਾ।

ਸਵੇਰ ਵੇਲ਼ੇ ਉਹਨੇ ਆਪਣੇ ਪਿਤਾ ਨੂੰ ਸਰਕਾਰੀ ਘੋੜੇ ਦੀਮਕਾ 'ਤੇ ਸਾਜ ਪਾਉਂਦਿਆਂ ਦੀ ਵਾਜ਼ ਸੁਣੀ, ਮਹਿਮਾਨ ਨੂੰ ਆਪਣੀ ਮਾਂ ਕੋਲ਼ੋਂ ਵਿਦਾ ਲੈਂਦਿਆਂ ਸੁਣਿਆਂ ਅਤੇ ਫਾਟਕ ਨੂੰ ਚੀਂ ਚੀਂ ਕਰਦਿਆਂ ਸੁਣਿਆਂ। ਉਹ ਸੁੱਤੀ ਹੋਣ ਦਾ ਮੱਕਰ ਕਰਦੀ ਐਂਵੇ ਮੰਜੇ 'ਤੇ ਪਈ ਰਹੀ ਤੇ ਉਹਦੀਆਂ ਬੰਦ ਅੱਖਾਂ ਦੀਆਂ ਝਿੰਮਣੀਆਂ ਹੇਠਾਂ ਹੌਲ਼ੀ-ਹੌਲ਼ੀ ਅੱਥਰੂ ਵਗਣ ਲੱਗ ਪਏ।

ਰੋਟੀ ਵੇਲ਼ੇ ਉਹਦਾ ਪਿਤਾ ਜਦੋਂ ਘਰ ਮੁੜਿਆ ਤਾਂ ਉਹਨੇ ਪੀਤੀ ਹੋਈ ਸੀ। ਉਸ ਨੇ ਆਪਣੀ ਟੋਪੀ ਵਿੱਚੋਂ ਥੋੜੀਆਂ ਜਿਹੀਆਂ ਖੰਡ ਦੀਆਂ ਨੀਲੀਆਂ ਡਲੀਆਂ ਉਲੱਦੀਆਂ ਤੇ ਉਹ ਖੜ-ਖੜ ਕਰਦੀਆਂ ਮੇਜ ਉੱਤੇ ਖਿੱਲਰ ਗਈਆਂ ਅਤੇ ਉਹ ਮਾੜੀ ਜਿਹੀ ਹੈਰਾਨੀ ਨਾਲ਼ ਬੋਲਿਆ-

"ਵਾਹ, ਬੜਾ ਸਿਰਕੱਢ ਬੰਦਾ ਏ, ਸਾਡਾ ਮਹਿਮਾਨ ਵੀ! ਆਖਣ ਲੱਗਾ ਕਿ ਸਾਨੂੰ ਖੰਡ ਦਿੱਤੀ ਜਾਵੇ। ਕਿਉਂ ,ਤਕਰੀਬਨ ਸਾਲ ਹੋ ਗਿਐ ਸਾਨੂੰ ਆਪਣੀ ਦੁਕਾਨ ਉਤੇ ਖੰਡ ਵੇਖਿਆਂ। ਪੂਰੀ ਤਿੰਨ ਕਿੱਲੋ ਖੰਡ ਏ!"...

ਉਹ ਚੁੱਪ ਹੋ ਗਿਆ ਤੇ ਆਪਣੀਆਂ ਜੇਬਾਂ ਟੋਹਣ ਲੱਗਾ ਤੇ ਆਪਣੀ ਤਮਾਕੂ ਵਾਲ਼ੀ ਗੁੱਥੀ ਵਿੱਚ ਇੱਕ ਮਰੁੰਡਿਆ ਹੋਇਆ ਕਾਗਜ ਦਾ ਪੁਰਜਾ ਕੱਢ ਕੇ ਆਖਣ ਲੱਗਾ, "ਆਹ, ਤੇਰੇ ਵਾਸਤੇ ਆ।"

"ਤੈਨੂੰ ਪੜ੍ਹਾਈ ਕਰਨੀ ਚਾਹੀਦੀ ਏ, ਲੀਜ਼ਾ। ਜੇ ਤੂੰ ਜੰਗਲ ਵਿੱਚ ਰਹਿੰਦੀ ਰਹੀ ਤਾਂ ਜਾਂਗਲੀ ਬਣ ਜਾਏਂਗੀ। ਅਗਸਤ ਵਿੱਚ ਇੱਥੇ ਆ ਜਾ ਤੇ ਮੈਂ ਤੈਨੂੰ ਤਕਨੀਕੀ ਸਕੂਲ ਵਿੱਚ ਦਾਖਲ ਕਰਵਾ ਦਿਆਂਗਾ ਤੇ ਤੂੰ ਹੋਸਟਲ ਵਿੱਚ ਰਿਹਾ ਕਰੀਂ। "

ਹੇਠਾਂ ਦਸਖਤ ਸਨ ਤੇ ਪਤਾ ਲਿਖਿਆ ਹੋਇਆ ਸੀ। ਬਸ, ਹੋਰ ਕੁੱਝ ਨਹੀਂ, ਦੁਆ ਸਲਾਮ ਦੇ ਦੋ ਅੱਖਰ ਵੀ ਨਹੀਂ।

ਇੱਕ ਮਹੀਨੇ ਬਾਅਦ ਉਹਦੀ ਮਾਂ ਮਰ ਗਈ। ਉਹਦਾ ਪਿਤਾ ਹਰ ਵੇਲ਼ੇ ਚੁੱਪ ਗੜੁੱਪ ਤੇ ਉਦਾਸ ਰਹਿਣ ਲੱਗ ਪਿਆ। ਉਸ ਦਾ ਸੁਭਾ ਚਿੜਚਿੜਾ ਹੋ ਗਿਆ ਤੇ ਹਰ ਵੇਲ਼ੇ ਉਹ ਸ਼ਰਾਬ ਪੀਤੀ ਰਖਦਾ। ਲੀਜ਼ਾ, ਪਹਿਲਾਂ ਵਾਂਗ ਹੀ, ਆਪਣੀ ਅਨੂਠੀ ਭਲਕ ਦੀ ਇੰਤਜਾਰ ਕਰਦੀ ਰਹੀ, ਪਰ ਰਾਤ ਵੇਲ਼ੇ ਆਪਣੇ ਪਿਤਾ ਦੇ ਸ਼ਰਾਬੀ ਵੇਲਿਆਂ ਤੋਂ ਡਰਦੀ ਬੜੇ ਧਿਆਨ ਨਾਲ਼ ਆਪਣੇ ਬੂਹੇ ਨੂੰ ਜਿੰਦਾ ਕੁੰਡਾ ਲਾ ਕੇ ਰਖਦੀ। ਇਸ ਦਿਨ ਤੋਂ ਮਗਰੋਂ ਉਸ ਦੀ ਸ਼ਾਨਦਾਰ ਪ੍ਰਭਾਤ ਅਗਸਤ ਮਹੀਨੇ ਨਾਲ਼ ਪੱਕੀ ਤਰਾਂ ਜੁੜ ਗਈ ਅਤੇ ਜਿਸ ਵੇਲ਼ੇ ਉਸ ਨੂੰ ਦੀਵਾਰ ਦੇ ਦੂਜੇ ਪਾਸਿਓਂ ਸ਼ਰਾਬੀਆਂ ਦੀਆਂ ਆਵਾਜ਼ਾਂ ਸੁਣਾਈ ਦੇ ਰਹੀਆਂ ਹੁੰਦੀਆਂ ਸਨ, ਲੀਜ਼ਾ ਉਸ ਛੋਟੇ ਜਿਹੇ ਰੁੱਕੇ ਨੂੰ, ਜਿਹੜਾ ਹੁਣ ਬਿਲਕੁਲ ਖਸਤਾਹਾਲਤ ਹੋ ਗਿਆ ਸੀ, ਪੜ੍ਹ ਰਹੀ ਹੁੰਦੀ ਸੀ, ਖ਼ਬਰੇ ਹਜ਼ਾਰਵੀਂ ਵਾਰ ਪੜ੍ਹ ਰਹੀ

ਹੁੰਦੀ ਸੀ।

ਇਸ ਤੋਂ ਮਗਰੋਂ ਲੜਾਈ ਛਿੜ ਪਈ ਅਤੇ ਸ਼ਹਿਰ ਜਾਣ ਦੀ ਥਾਂ ਲੀਜ਼ਾ ਮੋਰਚੇਬੰਦੀਆਂ ਦੇ ਕੰਮ ਵਿੱਚ ਲੱਗ ਗਈ ਸੀ। ਸਾਰੀਆਂ ਗਰਮੀਆਂ ਖੰਦਕਾਂ ਪੁੱਟਣ ਤੇ ਟੈਂਕਾਂ ਨੂੰ ਰੋਕਣ ਵਾਸਤੇ ਮੋਰਚੇਬੰਦੀਆਂ ਖੜ੍ਹੀਆਂ ਕਰਨ ਲਈ ਗੁਜਰ ਗਈਆਂ ਜਿਨ੍ਹਾਂ ਦੇ ਕੋਲੋਂ ਦੀ ਜਰਮਨ ਬੜੀ ਸਫਾਈ ਨਾਲ਼ ਬਚ ਕੇ ਲੰਘ ਗਏ। ਉਹ ਹੋਰ ਲੋਕਾਂ ਦੇ ਨਾਲ਼ ਹੀ ਘੇਰੇ ਵਿੱਚ ਆ ਗਈ ਅਤੇ ਜਰਮਨਾਂ ਦੇ ਕਾਬੂ ਆ ਜਾਣ ਤੋਂ ਬਚ ਨਿੱਕਲੀ ਅਤੇ ਫਿਰ ਖੰਦਕਾਂ ਪੁਟਦੀ ਹੋਈ ਪੂਰਬ ਵਾਲ਼ੇ ਪਾਸੇ ਹਰੋ ਅੱਗੇ ਵਧਦੀ ਗਈ। ਪੱਤਝੜ ਦੇ ਅਖੀਰ ਉਹ ਵਾਲਦਾਈ ਪਹਾੜੀਆਂ ਦੇ ਪਾਰ ਕਿਸੇ ਥਾਂ ’ਤੇ ਸੀ। ਇਸ ਤੋਂ ਮਗਰੋਂ ਹਵਾ ਮਾਰ ਤੋਪਾਂ ਦੇ ਦਸਤੇ ਵਿੱਚ ਆ ਗਈ ਸੀ ਅਤੇ ਇਸੇ ਕਰਕੇ ਹੀ ਉਹ ਇਸ ਵੇਲ਼ੇ 171 ਨੰਬਰ ਸਟੇਸ਼ਨ ਵੱਲ ਦੌੜੀ ਜਾਂਦੀ ਸੀ...

ਵਾਸਕੋਵ ਇੱਕ ਦਮ ਹੀ ਲੀਜ਼ਾ ਦੇ ਦਿਲ ਨੂੰ ਭਾ ਗਿਆ ਸੀ। ਪਹਿਲੀ ਵਾਰ ਹੀ ਜਦੋਂ ਉਹਨੇ ਵਾਸਕੋਵ ਨੂੰ ਆਪਣੀ ਕਤਾਰ ਦੇ ਸਾਹਮਣੇ ਖੜ੍ਹੇ ਵੇਖਿਆ ਸੀ, ਉਹ ਆਪਣੀ ਸੁੱਤ ਉਨੀਂਦੀਆਂ ਜਿਹੀਆਂ ਅੱਖਾਂ ਝਮਕ ਰਿਹਾ ਸੀ ਤੇ ਸੁਚੇਤ ਹੋ ਰਿਹਾ ਸੀ। ਉਹ ਬਹੁਤ ਥੋੜ੍ਹੀਆਂ ਗੱਲਾਂ ਕਰਨ ਵਾਲ਼ਾ ਬੰਦਾ ਸੀ, ਬੜੇ ਹੀ ਤਹੱਮਲ ਵਾਲ਼ਾ—ਇਹ ਉਸ ਦਾ ਜਮਾਂਦਰੂ ਗੁਣ ਸੀ। ਉਹ ਇੱਕ ਕਿਸਾਨ ਸੀ ਤੇ ਉਹਦੇ ਸੁਭਾਅ ਵਿੱਚ ਮਰਦਾਂ ਵਾਲ਼ੀ ਉਹ ਦ੍ਰਿੜਤਾ ਸੀ ਜਿਹੜੀ ਔਰਤਾਂ ਨੂੰ ਹਮੇਸ਼ਾਂ ਚੰਗੀ ਲਗਦੀ ਹੈ ਜਿਵੇਂ ਇਹ ਗੱਲ ਪਰਿਵਾਰ ਦੀ ਖੁਸ਼ੀ ਦੀ ਕੋਈ ਗਰੰਟੀ ਹੋਵੇ। ਪਰ ਗੱਲ ਇਹ ਹੋਈ ਕਿ ਸਾਰੀਆਂ ਹੀ ਕੁੜੀਆਂ ਕੁਮੇਦਾਨ ਦਾ ਮਖੌਲ ਉਡਾਉਣ ਲੱਗ ਪਈਆਂ। ਇਹ ਤਾਂ ਜਿਵੇਂ ਕੋਈ ਅਦਬ ਅਦਾਬ ਵਾਲ਼ੀ ਗੱਲ ਬਣ ਗਈ। ਲੀਜ਼ਾ ਇਸ ਮਜ਼ਾਕ ਵਿੱਚ ਕੋਈ ਹਿੱਸਾ ਨਹੀਂ ਸੀ ਲੈਂਦੀ ਤੇ ਜਦੋਂ ਸਭ ਕੁੱਝ ਜਾਣਦੀ ਬੁਝਦੀ ਕਿਰੀਆਨੋਵਾ ਨੇ ਹੱਸਦਿਆਂ-ਹੱਸਦਿਆਂ ਆਖਿਆ ਕਿ ਕੁਮੇਦਾਨ ਆਪਣੀ ਮਕਾਨ-ਮਾਲਕਣ ਦੇ ਡੁਲ੍ਹ-ਡੁਲ੍ਹ ਪੈਂਦੇ ਹੁਸਨ ਦਾ ਸ਼ਿਕਾਰ ਹੋ ਗਿਆ ਹੈ, ਤਾਂ ਲੀਜ਼ਾ ਨੇ ਇਕਦਮ ਲਾਲ ਹੋ ਕੇ ਆਖਿਆ ਸੀ-

“ਇਹ ਝੂਠ ਏ!”

“ਉਹ ਇਹਦੇ ਇਸ਼ਕ ਵਿੱਚ ਫਾਥੀ ਗਈ ਏ!” ਕਿਰੀਆਨੋਵਾ ਨੇ ਵਿਜ਼ਈਆਂ ਵਾਂਗ ਆਖਿਆ। “ਉਹ ਤਾਂ ਰੋਮ ਰੋਮ ਇਸ਼ਕ ਵਿੱਚ ਫਾਥੀ ਗਈ ਏ, ਬਰੀਚਕੀਨਾ ਰਾਣੀ! ਉਹ ਫੌਜੀ ਨੂੰ ਦਿਲ ਦੇ ਬੈਠੀ ਏ!”

“ਵਿਚਾਰੀ ਲੀਜ਼ਾ!” ਗੁਰਵਿਚ ਨੇ ਨਾਟਕੀ ਅੰਦਾਜ ਵਿੱਚ ਹੌਕਾ ਭਰ ਕੇ ਆਖਿਆ।

ਇਸ ਗੱਲ ’ਤੇ ਤਕੜਾ ਹੋ ਹੱਲਾ ਮੱਚ ਗਿਆ। ਸਾਰੀਆਂ ਜਣੀਆਂ ਗੱਲਾਂ ਕਰਨ ’ਤੇ ਹੱਸਣ ਲੱਗ ਪਈਆਂ ਅਤੇ ਲੀਜ਼ਾ ਦੇ ਅੱਥਰੂ ਵਗ ਤੁਰੇ ਤੇ ਉਹ ਦੌੜ ਕੇ ਜੰਗਲ ਵਿੱਚ ਜਾ ਵੜੀ। ਜਦੋਂ ਤੱਕ ਅਖੀਰ ਰੀਤਾ ਤੇ ਓਸੀਆਨੀਨਾ ਨੇ ਉਸ ਨੂੰ ਲੱਭ ਨਹੀਂ ਲਿਆ ਉਹ ਇੱਕ ਰੁੱਖ ਦੇ ਮੁੱਢ ਉਤੇ ਬੈਠੀ ਰੋਂਦੀ ਰਹੀ।

“ਪਰ, ਇਹ ਕੀ ਮੂਰਖਾਂ ਵਾਲ਼ੀ ਗੱਲ ਹੋਈ? ਦਿਲ ਛੋਟਾ ਕਿਉਂ ਕਰਨਾ ਹੋਇਆ! ਜਿਵੇਂ ਜੀਅ ਕਰੇ, ਕਰ। ਆਈ ਸਮਝ?”

ਪਰ ਲੀਜ਼ਾ ਤੋਂ ਇਹ ਬਰਦਾਸ਼ਤ ਨਹੀਂ ਸੀ ਹੁੰਦਾ। ਸ਼ਰਮ ਦੀ ਮਾਰੀ ਦਾ ਸਾਹ ਘੁਟਦਾ ਸੀ ਅਤੇ ਸਾਰਜੈਂਟ ਮੇਜਰ, ਕੁਮੇਦਾਨ ਹਮੇਸ਼ਾਂ ਆਪਣੇ ਫਰਜ ਪੂਰੇ ਕਰਨ ਲੱਗਾ ਰਹਿੰਦਾ ਅਤੇ ਜੇ ਕਦੇ

ਇਹ ਸਬੱਬ ਨਾ ਬਣਦਾ, ਤਾਂ ਉਹ ਇੱਕ ਦੂਜੇ ਵੱਲ ਕਦੇ ਚੰਗੀ ਤਰਾਂ ਵੇਖਦੇ ਵੀ ਨਾ। ਇਹੋ ਕਾਰਨ ਸੀ ਕਿ ਹੁਣ ਲੀਜ਼ਾ ਜੰਗਲ ਵਿੱਚੋਂ ਦੀ ਇਉਂ ਦੌੜੀ ਜਾ ਰਹੀ ਸੀ ਜਿਵੇਂ ਉੱਡ ਰਹੀ ਹੋਵੇ।

"ਬਾਅਦ ਵਿੱਚ ਆਪਾਂ ਰਲ ਕੇ ਗੀਤ ਗਾਵਾਂਗੇ, ਤੂੰ ਤੇ ਮੈਂ, ਲੀਜ਼ਾਵੇਤਾ", ਸਾਰਜੈਂਟ ਮੇਜਰ ਨੇ ਆਖਿਆ ਸੀ। "ਅਸੀਂ ਆਪਣਾ ਮਿਸ਼ਨ ਪੂਰਾ ਕਰਾਂਗੇ ਅਤੇ ਅਸੀਂ ਗਾਵਾਂਗੇ..."

ਉਸ ਦੇ ਲਫਜ਼ਾਂ ਉੱਤੇ ਸੋਚਦੀ ਹੋਈ ਲੀਜ਼ਾ ਮੁਸਕਰਾ ਪਈ। ਉਹਦੇ ਦਿਲ ਵਿੱਚ ਕਿਸੇ ਵੇਲ਼ੇ ਇੱਕ ਬਲਵਾਨ, ਰਹੱਸਮਈ ਅਹਿਸਾਸ ਧੜਕ ਪੈਂਦਾ ਜਿਸ ਤੋਂ ਉਹ ਘਬਰਾ ਜਾਂਦੀ ਸੀ ਅਤੇ ਸ਼ਰਮ ਨਾਲ਼ ਉਹਦੀਆਂ ਗੱਲ੍ਹਾਂ ਲਾਲ ਹੋ ਜਾਂਦੀਆਂ ਸਨ। ਇਹਨਾਂ ਹੀ ਭਾਵਨਾਵਾਂ ਵਿੱਚ ਡੁੱਬੀ ਉਹ ਆਪਣੇ ਨਿਸ਼ਾਨ, ਦਿਆਰ ਦੇ ਰੁੱਖ ਤੋਂ ਅੱਗੇ ਲੰਘ ਗਈ ਅਤੇ ਟੋਹਣੀਆਂ ਦਾ ਖਿਆਲ ਉਹਦੇ ਮਨ ਵਿੱਚ ਉਦੋਂ ਆਇਆ ਜਦੋਂ ਉਹ ਦਲਦਲੀ ਜ਼ਮੀਨ ਵਿੱਚ ਪਹੁੰਚ ਗਈ ਸੀ। ਪਿਛਾਂਹ ਮੁੜਨ ਨੂੰ ਉਹਦਾ ਜੀਅ ਕੀਤਾ। ਉਥੇ ਬਥੇਰੇ ਰੁੱਖ ਤੇ ਟਹਿਣੀਆਂ ਡਿੱਗੀਆਂ ਪਈਆਂ ਸਨ ਤੇ ਉਹਨੇ ਛੇਤੀ ਨਾਲ਼ ਇੱਕ ਟਹਿਣੀ ਚੁੱਕ ਲਈ ਜਿਸ ਨਾਲ਼ ਕੰਮ ਸਰ ਜਾਵੇ।

ਦਲਦਲ ਨੂੰ ਪਾਰ ਕਰਨ ਤੋਂ ਪਹਿਲਾਂ ਉਸਨੇ ਖੜ੍ਹੀ ਹੋ ਕੇ ਬਿੜਕ ਲਈ ਤੇ ਫਿਰ ਛੇਤੀ ਛੇਤੀ-ਬੜੀ ਪ੍ਰਬੀਨਤਾ ਨਾਲ਼ ਆਪਣੀ ਸਕਰਟ ਉਤਾਰੀ ਇਸਨੂੰ ਉਹਨੇ ਟਹਿਣੀ ਦੇ ਸਿਰੇ ਨਾਲ਼ ਬੰਨ੍ਹਿਆਂ, ਆਪਣੀ ਪੇਟੀ ਤੇ ਕਮੀਜ਼ ਨੂੰ ਠੀਕ ਠਾਕ ਕੀਤਾ, ਆਪਣੀ ਵਰਦੀ ਦੀ ਨੀਲੀ ਸਲੈਕਸ ਨੂੰ ਉਤਾਂਹ ਚੁੱਕਿਆ ਅਤੇ ਦਲਦਲ ਵਿੱਚ ਪੈਰ ਰੱਖ ਦਿੱਤਾ।

ਇਸ ਵਾਰ ਰਾਹ ਵਿਖਾਉਣ ਵਾਲ਼ਾ ਕੋਈ ਨਹੀਂ ਸੀ। ਗਿੱਲਾ ਤੇ ਚਿਪਚਿਪਾ ਚਿੱਕੜ ਉਹਦੇ ਕੁੱਲਿਆਂ ਨਾਲ਼ ਚਿਪਕ ਗਿਆ ਸੀ ਤੇ ਉਹਦੇ ਪਿੱਛੇ ਪਿੱਛੇ ਘਸੀਟਦਾ ਆ ਰਿਹਾ ਸੀ। ਲੀਜ਼ਾ ਹਿਚਕੋਲੇ ਖਾਂਦੀ ਤੇ ਲੰਮੇ-ਲੰਮੇ ਸਾਹ ਲੈਂਦੀ ਕਦਮ ਕਦਮ ਅੱਗੇ ਵਧਦੀ ਗਈ। ਬਰਫ ਵਰਗੇ ਠੰਡੇ ਪਾਣੀ ਵਿੱਚ ਉਹਦਾ ਸਰੀਰ ਜੰਮਦਾ ਜਾ ਰਿਹਾ ਸੀ ਤੇ ਉਸਨੇ ਆਪਣੀਆਂ ਨਜ਼ਰਾਂ ਛੋਟੇ ਜਿਹੇ ਟਾਪੂ ਉਤਲੇ ਦਿਆਰ ਦੇ ਦੋ ਰੁੱਖਾਂ ਉੱਤੇ ਗੱਡੀਆਂ ਹੋਈਆਂ ਸਨ।

ਨਾ ਗਾਰਾ, ਨਾ ਠੰਡ ਤੇ ਪੈਰਾਂ ਹੇਠ ਜਾਨਦਾਰ, ਸਾਹ ਲੈਂਦਾ ਚਿੱਕੜ, ਉਸ ਨੂੰ ਕਿਸੇ ਵੀ ਚੀਜ਼ ਤੋਂ ਡਰ ਨਹੀਂ ਸੀ ਆ ਰਿਹਾ। ਉਹ ਡਰ ਰਹੀ ਸੀ ਮੌਤ ਵਰਗੀ, ਪਾਤਾਲੀ ਚੁੱਪ ਤੋਂ ਇਕੱਲ ਦੇ ਅਹਿਸਾਸ ਤੋਂ ਜਿਹੜੀ ਇਸ ਕਾਈ, ਮਨਹੂਸ ਦਲਦਲ ਉਤੇ ਤਣੀ ਹੋਈ ਸੀ। ਲੀਜ਼ਾ ਕਰੀਬ ਕਰੀਬ ਹੈਵਾਨੀ ਖੌਫ ਦੇ ਪੰਜੇ ਵਿੱਚ ਜਕੜੀ ਹੋਈ ਸੀ, ਐਸਾ ਖੌਫ ਜਿਹੜਾ, ਉਸ ਨੂੰ ਛੱਡਣ ਦੀ ਥਾਂ, ਪਲ-ਪਲ ਹੋਰ ਆਪਣੀਆਂ ਨਹੁੰਦਰਾਂ ਖੋਭੀਂ ਜਾਂਦਾ ਜਾਪਦਾ ਸੀ ਅਤੇ ਉਹ ਲਾਚਾਰੀ ਤੇ ਦਰਦਨਾਕ ਹਾਲਤ ਵਿੱਚ ਥਰ ਥਰ ਕੰਬ ਉੱਠੀ। ਉਹ ਪਿੱਛੇ ਮੂੰਹ ਭੁਆ ਕੇ ਵੇਖਣ, ਕੋਈ ਬੇਲੋੜੀ ਹਰਕਤ ਕਰਨ ਜਾਂ ਸਗੋਂ ਡੂੰਘਾ ਸਾਹ ਲੈਣ ਤੋਂ ਵੀ ਡਰਦੀ ਸੀ।

ਉਸ ਨੂੰ ਇਹ ਚੰਗੀ ਤਰਾਂ ਯਾਦ ਨਹੀਂ ਕਿ ਉਹ ਟਾਪੂ 'ਤੇ ਕਿਵੇਂ ਪਹੁੰਚੀ ਸੀ। ਸਖਤ ਜਮੀਨ ਉਤੇ ਉਹ ਆਪਣੇ ਹੱਥਾਂ ਤੇ ਗੋਡਿਆਂ ਭਾਰ ਰਿੜ੍ਹਨ ਲੱਗੀ ਉਸਨੇ ਆਪਣਾ ਮੂੰਹ ਹੇਠਾਂ ਸੜ ਗਲ ਰਹੇ ਘਾਹ ਵਿੱਚ ਦਿੱਤਾ ਹੋਇਆ ਸੀ ਤੇ ਉਹ ਫੁੱਟ-ਫੁੱਟ ਕੇ ਰੋਣ ਲੱਗ ਪਈ। ਆਪਣੀਆਂ ਗੁਦਗੁਦੀਆਂ ਗੱਲ੍ਹਾਂ ਤੋਂ ਅੱਥਰੂ ਪੂੰਝਦੀ, ਪਾਲ਼ੇ, ਇਕੱਲ ਅਤੇ ਘਿਣਾਉਣੇ ਭੈਅ ਨਾਲ਼ ਕੰਬਦੀ ਹੋਈ ਉਹ ਹਟਕੋਰੇ ਭਰ ਰਹੀ ਸੀ।

ਜਦੋਂ ਉਹ ਉੱਠ ਕੇ ਤੁਰਨ ਲੱਗੀ ਹੰਝੂ ਅਜੇ ਵੀ ਉਹਦੀਆਂ ਗੱਲ੍ਹਾਂ 'ਤੇ ਧਾਰ ਬਣ ਕੇ ਵਹਿ

ਰਹੇ ਸਨ। ਰੋਂਦੀ-ਰੋਂਦੀ ਹੀ ਉਹ ਛੋਟੇ ਜਿਹੇ ਟਾਪੂ ਨੂੰ ਲੰਘ ਆਈ ਸੀ, ਇਹ ਨਿਸਚਿਤ ਕਰਦੀ ਹੋਈ ਕਿ ਅੱਗੋਂ ਕਿਹੜਾ ਰਾਹ ਫੜਨਾ ਚੰਗਾ ਹੋਵੇਗਾ। ਉਸ ਨੇ ਕੋਈ ਆਰਾਮ ਨਾ ਕੀਤਾ, ਸਰੀਰ ਵਿੱਚ ਸਤਿਆ ਆ ਲੈਣ ਦੀ ਇੰਤਜਾਰ ਨਹੀਂ ਕੀਤੀ ਤੇ ਖੋਭੇ ਵਿੱਚ ਕੁੱਦ ਪਈ।

ਸ਼ੁਰੂ ਵਿੱਚ ਖੋਭਾ ਬਹੁਤਾ ਡੂੰਘਾ ਨਹੀਂ ਸੀ। ਇਸ ਨਾਲ਼ ਲੀਜ਼ਾ ਨੂੰ ਧੀਰਜ ਰੱਖਣ ਅਤੇ ਸਗੋਂ ਆਸਬਵਦ ਮਹਿਸੂਸ ਕਰਨ ਦਾ ਮੌਕਾ ਮਿਲ ਗਿਆ। ਉਹ ਹੁਣ ਆਪਣੇ ਸਫਰ ਦੇ ਆਖਰੀ ਮਰਹਲੇ ਉੱਤੇ ਸੀ ਅਤੇ ਇਹ ਭਾਵੇਂ ਕਿੰਨਾ ਵੀ ਔਖਾ ਹੋਵੇ, ਇਸ ਨੂੰ ਪਾਰ ਕਰ ਕੇ, ਉਹ ਸੁੱਕੀ ਸਖ਼ਤ ਜ਼ਮੀਨ ਉੱਤੇ, ਘਾਹ ਤੇ ਦਰਖਤਾਂ ਵਾਲ਼ੀ ਜਾਣੀ ਪਛਾਣੀ ਜ਼ਮੀਨ ਉੱਤੇ ਤੁਰੇਗੀ। ਲੀਜ਼ਾ ਹੁਣ ਇਹ ਸੋਚਣ ਲੱਗ ਪਈ ਸੀ ਕਿ ਉਹ ਹੱਥ ਮੂੰਹ ਕਿੱਥੇ ਜਾ ਕੇ ਧੋਵੇਗੀ। ਪਾਣੀ ਦੀਆਂ ਜਿੰਨੀਆਂ ਵੀ ਛੱਪੜੀਆਂ ਉਸ ਨੂੰ ਯਾਦ ਸਨ ਇੱਕ ਇੱਕ ਕਰਕੇ ਸਭ ਉਹਦੀ ਕਲਪਨਾ ਵਿੱਚੋਂ ਲੰਘ ਗਈਆਂ ਅਤੇ ਉਹ ਆਪਣੇ ਆਪ ਨਾਲ਼ ਸਲਾਹੀਂ ਪਈ ਹੋਈ ਸੀ ਕਿ ਆਪਣੇ ਕੱਪੜੇ ਵੀ ਹੱਥ ਮੂੰਹ ਧੋਣ ਲੱਗੀ ਹੀ ਫੁਲਕ ਲਵੇਗੀ। ਜਾਂ ਸਟੇਸ਼ਨ 'ਤੇ ਪਹੁੰਚ ਕੇ ਹੀ ਇਹ ਕੰਮ ਕਰੇ। ਆਖਰ ਸਟੇਸ਼ਨ ਹੁਣ ਕੋਈ ਬਹੁਤਾ ਦੂਰ ਨਹੀਂ ਸੀ ਰਹਿ ਗਿਆ। ਉਹਨੂੰ ਰਸਤਾ ਚੰਗੀ ਤਰਾਂ ਯਾਦ ਸੀ, ਸਾਰੇ ਮੋੜ ਤੇ ਵਲ਼ ਵਿੰਗ ਚੇਤੇ ਸਨ ਤੇ ਉਹਨੂੰ ਯਕੀਨ ਸੀ ਕਿ ਹੋਰ ਘੰਟੇ ਡੇਢ ਘੰਟੇ ਤਾਈਂ, ਉਹ ਆਪਣੇ ਬੰਦਿਆਂ ਵਿੱਚ ਘਿਰੀ ਹੋਵੇਗੀ।

ਤੁਰਨਾ ਹੋਰ ਵੀ ਮੁਸ਼ਕਲ ਹੋ ਗਿਆ ਸੀ। ਉਹ ਗੋਡੇ-ਗੋਡੇ ਡੂੰਘੇ ਪਾਣੀ ਵਾਲ਼ੇ ਚਿੱਕੜ ਵਿੱਚ ਤੁਰ ਰਹੀ ਸੀ, ਪਰ ਹਰ ਕਦਮ ਨਾਲ਼ ਉਹ ਦੂਜੇ ਕੰਢੇ ਦੇ ਨੇੜੇ ਹੁੰਦੀ ਜਾਂਦੀ ਸੀ ਅਤੇ ਲੀਜ਼ਾ ਨੂੰ ਹੁਣ ਉਹ ਆਖਰੀ ਨਿਸ਼ਾਨ, ਉਹ ਮੁੱਢ ਸਾਫ ਵਿਖਾਈ ਦੇ ਰਿਹਾ ਸੀ ਜਿੱਥੋਂ ਸਾਰਜੈਂਟ ਮੇਜਰ ਪਿਛਲੀ ਵਾਰੀਂ ਖੋਭੇ ਵਿੱਚ ਕੁੱਦ ਪਿਆ ਸੀ। ਕਿੱਡੀ ਹਾਸੋਹੀਣੀ ਬੇਢੰਗੀ ਛਾਲ਼ ਸੀ ਇਹ—ਉਹਦੇ ਪੈਰ ਲਗਭਗ ਉੱਖੜ ਗਏ ਸਨ।

ਲੀਜ਼ਾ ਦੀਆਂ ਸੋਚਾਂ ਇੱਕ ਵਾਰੀ ਫੇਰ ਵਾਸਕੋਵ ਵੱਲ ਮੁੜ ਗਈਆਂ ਅਤੇ ਉਹ ਮੁਸਕਰਾਉਣ ਲੱਗ ਪਈ। ਉਸ ਨੂੰ ਪੱਕਾ ਯਕੀਨ ਸੀ ਕਿ ਜਦੋਂ ਕੁਮੇਦਾਨ ਨੇ ਇਹ ਮਿਸ਼ਨ ਪੂਰਾ ਕਰ ਲਿਆ ਅਤੇ ਉਹ ਵਾਪਸ ਸਟੇਸ਼ਨ ਉੱਤੇ ਆ ਗਏ ਤਾਂ ਉਹ ਰਲ ਕੇ ਗੀਤ ਗਾਉਣਗੇ। ਸਿਰਫ ਉਹਨੂੰ ਥੋੜ੍ਹੀ ਜਿਹੀ ਚਲਾਕੀ ਖੇਡਣੀ ਚਾਹੀਦੀ ਹੈ, ਤ੍ਰਿਕਾਲਾਂ ਵੇਲ਼ੇ ਕੁਮੇਦਾਨ ਨੂੰ ਆਪਣੇ ਨਾਲ਼ ਜੰਗਲ ਵਿੱਚ ਲੈ ਜਾਣਾ ਚਾਹੀਦਾ ਹੈ। ਤੇ ਉੱਥੇ…ਉੱਥੇ ਵੇਖਾਂਗੇ ਕੌਣ ਜਿੱਤਦਾ ਹੈ—ਉਹ ਜਿਤਦੀ ਹੈ ਜਾਂ ਮਕਾਨ-ਮਾਲਕਣ ਜਿਸ ਦੀ ਸਿਰਫ ਇੱਕੋ ਹੀ ਖਾਸ ਖਿੱਚ ਹੈ ਕਿ ਉਹ ਸਾਰਜੈਂਟ ਮੇਜਰ ਨਾਲ਼ ਇੱਕੋ ਮਕਾਨ ਵਿੱਚ ਰਹਿੰਦੀ ਹੈ…

ਇੱਕ ਬਹੁਤ ਵੱਡਾ ਬੁਲਬੁਲਾ ਐਨ ਉਸ ਦੇ ਸਾਹਮਣੇ ਗੂੰਜਵੀਂ ਆਵਾਜ਼ ਨਾਲ਼ ਪਾਟਿਆ। ਇਹ ਏਡਾ ਅਚਾਨਕ ਤੇ ਉਸ ਦੇ ਏਨਾ ਨੇੜੇ ਵਾਪਰਿਆ ਤੇ ਬੁਲਬਲਾ ਏਨੀ ਜਲਦੀ-ਜਲਦੀ ਬਣਿਆਂ ਤੇ ਪਾਟਿਆ ਕਿ ਲੀਜ਼ਾ ਦੀ ਹਾਲੇ ਚੀਕ ਵੀ ਨਹੀਂ ਨਿੱਕਲੀ ਸੀ ਕਿ ਉਹਨੂੰ ਸਹਿਜ ਸੁਭਾਵਿਕ ਹੀ ਹਿਚਕੋਲਾ ਆ ਗਿਆ। ਝਟਕੇ ਨਾਲ਼ ਉਹ ਸਿਰਫ ਇੱਕ ਕਦਮ ਹੀ ਲਾਂਭੇ ਹੋਈ ਸੀ ਪਰ ਇੱਕ ਦਮ ਹੀ ਉਸ ਦੇ ਪੈਰ ਲੜਖੜਾ ਗਏ ਤੇ ਉਹ ਜਿਵੇਂ ਕਿਸੇ ਅਸਥਿਰ ਸੱਖਣੇਪਨ ਵਿੱਚ ਲਟਕ ਗਈ ਹੋਵੇ ਜਦੋਂ ਕਿ ਗਾਰੇ ਨੇ ਉਹਦੇ ਪੱਟਾਂ ਨੂੰ ਪੋਲੇ ਜਿਹੇ ਫੜਿਆ ਹੋਵੇ। ਜਿਹੜਾ ਭਐ ਬੜੇ ਚਿਰ ਤੋਂ ਉਹਦੇ ਮਨ ਦੀ ਕਿਸੇ ਨੁੱਕਰੇ ਲੁਕਿਆ ਬੈਠਾ ਸੀ, ਉਹ ਅਚਾਨਕ ਉਸਦੇ ਰੋਮ ਰੋਮ ਵਿੱਚ

ਆ ਵਸਿਆ ਤੇ ਉਹਦੇ ਦਿਲ ਨੂੰ ਚੂੰਢਣ ਲੱਗਾ। ਆਪਣਾ ਪੈਰ ਟਿਕਾਉਣ ਤੇ ਆਪਣਾ ਰਾਹ ਲੱਭਣ ਦੇ ਯਤਨ ਵਿੱਚ, ਲੀਜ਼ਾ ਆਪਣੀ ਟੋਹਣੀ ਦੇ ਭਾਰ ਉਲਰੀ। ਸੁੱਕੀ ਟਹਿਣੀ ਖੜ ਖੜ ਕਰ ਕੇ ਟੁੱਟ ਗਈ ਅਤੇ ਲੀਜ਼ਾ ਠੰਡੇ, ਪਤਲੇ ਗਾਰੇ ਵਿੱਚ ਮੂੰਹ ਦੇ ਭਾਰ ਡਿੱਗ ਪਈ।

ਇਹ ਕੋਈ ਸਖਤ ਜ਼ਮੀਨ ਨਹੀਂ ਸੀ। ਉਸਦੇ ਪੈਰ ਬਹੁਤ ਹੀ ਹੌਲ਼ੀ ਹੌਲ਼ੀ ਹੇਠਾਂ ਧਸਦੇ ਜਾਂਦੇ ਸਨ ਅਤੇ ਹੱਥ ਬੇਕਾਰ ਹੀ ਚਿੱਕੜ ਨੂੰ ਰਿੜਕ ਮਧੋਲ ਰਹੇ ਸਨ ਅਤੇ ਪਤਲੇ ਗਾਰੇ ਵਿੱਚ ਗੋਤੇ ਖਾਂਦੀ ਉਹ ਪਾਸੇ ਪਲਸੇਟੇ ਮਾਰਦੀ ਜਾ ਰਹੀ ਸੀ। ਰਾਹ ਤਾਂ ਅਜੇ ਵੀ ਕਿਧਰੇ ਨੇੜੇ ਹੀ ਸੀ-ਇੱਕ ਕਦਮ, ਜਾਂ ਖਬਰੇ ਅੱਧ ਕਦਮ, ਪਰ ਇਹ ਅੱਧਾ ਕਦਮ ਪੁੱਟਣਾ ਵੀ ਹੁਣ ਉਹਦੇ ਵੱਸ ਦੀ ਗੱਲ ਨਹੀਂ ਸੀ।

"ਬਚਾਓ!....ਬਚਾਓ ਮੈਨੂੰ!.....ਬਚਾਓ!..."

ਬੇਕਿਰਕ ਤੇ ਭੂਰੀ ਦਲਦਲ ਉੱਤੇ ਭੈ ਵਿੱਚ ਡੁੱਬੀ ਇਕੱਲੀ ਆਵਾਜ਼ ਢੇਰ ਚਿਰ ਤੱਕ ਥਿਰਕਦੀ ਗੂੰਜਦੀ ਰਹੀ। ਇਹ ਆਵਾਜ਼ ਦਿਆਰਾਂ ਦੀਆਂ ਟੀਸੀਆਂ ਉੱਤੇ ਫੜਫੜਾਈ, ਆਲਡਰ ਦੀਆਂ ਝਿੜੀਆਂ ਵਿੱਚ ਭਟਕਦੀ ਰਹੀ ਤੇ ਭਰੜਾਈ ਹੋਈ ਫੁਸਰ ਫੁਸਰ ਵਿੱਚ ਬਦਲ ਕੇ ਰਹਿ ਗਈ ਅਤੇ ਇੱਕ ਵਾਰੀ ਫੇਰ, ਪੂਰੇ ਜ਼ੋਰ ਨਾਲ਼ ਮਈ ਮਹੀਨੇ ਦੇ ਨਿੱਤਰੇ ਆਕਾਸ਼ ਨਾਲ਼ ਜਾ ਟਕਰਾਈ।

ਢੇਰ ਚਿਰ ਤੱਕ ਲੀਜ਼ਾ ਉਸ ਖੂਬਸੂਰਤ ਨਿਰਮਲ ਆਕਾਸ਼ ਵੱਲ ਵੇਖਦੀ ਰਹੀ। ਗੋਤਿਆਂ ਨਾਲ਼ ਮੂੰਹ ਵਿੱਚ ਜਾਂਦੇ ਗਾਰੇ ਨੂੰ ਥੁਕਦੀ, ਉਹ ਆਕਾਸ਼ ਵੱਲ ਵਧਣ ਦਾ ਤਾਣ ਲਾਉਂਦੀ ਰਹੀ। ਉਹ ਤਾਣ ਲਾਈ ਜਾ ਰਹੀ ਸੀ ਤੇ ਆਸ ਦਾ ਪੱਲਾ ਛੱਡਣੋ ਇਨਕਾਰੀ ਸੀ।

ਸੂਰਜ ਹੌਲੀ-ਹੌਲ਼ੀ ਰੁੱਖਾਂ ਦੀਆਂ ਟੀਸੀਆਂ 'ਤੇ ਚੜ੍ਹ ਆਇਆ, ਇਸ ਦੀਆਂ ਕਿਰਨਾਂ ਦਲਦਲ ਉੱਤੇ ਪੈਣ ਲੱਗ ਪਈਆਂ ਅਤੇ ਆਖਰੀ ਵਾਰ ਲੀਜ਼ਾ ਨੇ ਸੂਰਜ ਦੇ ਚਾਨਣ ਨੂੰ, ਇਸਦੇ ਨਿੱਘ ਨੂੰ ਮਹਿਸੂਸ ਕੀਤਾ। ਬੇਹੱਦ ਉਜ਼ਲੀਆਂ ਕਿਰਨਾਂ ਜਿਵੇਂ ਸ਼ਾਨਦਾਰ ਭਲਕ ਦਾ ਇਕਰਾਰ ਹੋਵੇ। ਆਖਰੀ ਪਲ ਤੱਕ ਉਸ ਨੂੰ ਇਹ ਵਿਸ਼ਵਾਸ਼ ਰਿਹਾ ਕਿ ਉਹਦੇ ਵਾਸਤੇ ਵੀ ਉਹ ਭਲਕ ਜ਼ਰੂਰ ਆਵੇਗੀ।

8

ਜਿਸ ਵੇਲ਼ੇ ਉਹ ਹਾਸਾ ਠੱਠਾ ਤੇ ਨੁਕਲ ਪਾਣੀ ਕਰਦੇ ਰਹੇ (ਕੁਦਰਤੀ ਹੀ, ਉਹਨਾਂ ਨੇ ਕੁੱਝ ਰਿੰਨ੍ਹਿਆਂ ਪਕਾਇਆ ਨਹੀਂ ਸੀ)। ਦੁਸ਼ਮਣ ਚੋਖਾ ਦੂਰ ਨਿੱਕਲ ਗਿਆ ਸੀ। ਜਾਂ, ਵਧੇਰੇ ਸਰਲ ਸ਼ਬਦਾਂ ਵਿੱਚ, ਦੁਸ਼ਮਣ ਦੇ ਦਸਤੇ ਆਪਣੀ ਜਾਨ ਬਚਾਉਣ ਲਈ ਇਸ ਸ਼ੋਰ ਸ਼ਰਾਬੇ ਵਾਲ਼ੇ ਕੰਢੇ ਤੋਂ ਚਹਿਕ ਰਹੀਆਂ ਪੇਂਡੂ ਔਰਤਾਂ ਅਤੇ ਅਦਿੱਖ ਮਰਦਾਂ ਤੋਂ ਦੂਰ ਭੱਜ ਗਏ ਸਨ ਅਤੇ ਜੰਗਲ ਵਿੱਚ ਇਉਂ ਅਲੋਪ ਹੋ ਗਏ, ਮਾਣੋ ਉਹ ਕਦੇ ਇੱਧਰ ਆਏ ਹੀ ਨਾ ਹੋਣ।

ਵਾਸਕੋਵ ਨੂੰ ਇਹ ਗੱਲ ਚੰਗੀ ਨਹੀਂ ਸੀ ਲੱਗੀ। ਉਹ ਤਜ਼ਰਬੇ ਵਾਲ਼ਾ ਆਦਮੀ ਸੀ। ਉਸ ਨੂੰ ਸਿਰਫ ਲੜਾਈ ਦਾ ਹੀ ਨਹੀਂ ਸਗੋਂ ਇੱਕ ਸ਼ਿਕਾਰੀ ਦਾ ਅਨੁਭਵ ਵੀ ਸੀ ਅਤੇ ਸਮਝਦਾ ਸੀ ਕਿ ਦੁਸ਼ਮਣ ਉੱਤੇ ਜਾਂ ਰਿੱਛ ਉੱਤੇ ਨਿਗਾਹ ਟਿਕਾ ਕੇ ਰੱਖਣੀ ਪੈਂਦੀ ਹੈ। ਕੌਣ ਜਾਣੇ ਕਿ ਜਰਮਨਾਂ ਦੇ ਕੀ ਇਰਾਦੇ ਹਨ, ਉਹ ਕਿੱਧਰ ਨੂੰ ਮੁੜ ਜਾਣ ਅਤੇ ਕਿਹੜੀ ਥਾਂ ਆਪਣੇ ਪਹਿਰੇਦਾਰ ਤਾਇਨਾਤ ਕਰ ਦੇਣ। ਹਾਲਤ ਇਸ ਤਰਾਂ ਦੀ ਸੀ ਜਿਸ ਤਰਾਂ ਦੀ ਮਾੜਾ ਸ਼ਿਕਾਰ ਖੇਡਣ ਵੇਲ਼ੇ ਹੁੰਦੀ ਹੈ, ਜਦੋਂ ਬੰਦੇ ਨੂੰ ਇਹ ਨਹੀਂ ਪਤਾ ਹੁੰਦਾ ਕਿ ਕੌਣ ਕਿਸ ਦੇ ਮਗਰ ਹੈ। ਰਿੱਛ ਤੁਹਾਡੇ ਮਗਰ ਹੈ ਜਾਂ ਤੁਸੀਂ ਰਿੱਛ ਦੇ ਮਗਰ ਹੋ। ਇਸ ਕਿਸਮ ਦੀ ਹਾਲਤ ਤੋਂ ਬਚਣ ਲਈ ਸਾਰਜੈਂਟ ਮੇਜਰ ਨੇ ਕੁੜੀਆਂ ਨੂੰ ਪਿੱਛੇ ਨਾਲ਼ੇ

ਦੇ ਕੰਢੇ ਰਹਿਣ ਦਿੱਤਾ ਅਤੇ ਆਪ ਓਸੀਆਨੀਨਾ ਨੂੰ ਨਾਲ਼ ਲੈ ਕੇ ਸੂਹ ਲੈਣ ਨਿੱਕਲ ਪਿਆ।

"ਮੇਰੇ ਨਾਲ਼ ਨਾਲ਼ ਰਹਿ, ਮਾਰਗਰੀਤਾ। ਜਦੋਂ ਮੈਂ ਖਲੋ ਜਾਵਾਂ ਤੂੰ ਵੀ ਖਲੋ ਜਾਈਂ, ਜਦੋਂ ਮੈਂ ਲੇਟ ਜਾਵਾਂ ਤੂੰ ਵੀ ਲੇਟ ਜਾਈਂ। ਜਰਮਨਾਂ ਨਾਲ਼ ਲੁਕਣਮੀਟੀ ਖੇਡਣ ਦਾ ਮਤਲਬ ਹੁੰਦਾ ਹੈ ਮੌਤ ਨਾਲ਼ ਲੁਕਣਮੀਟੀ ਖੇਡਣਾ। ਇਸ ਕਰਕੇ ਰੋਮ ਰੋਮ ਕੰਨ ਬਣ ਜਾਣਾ ਚਾਹੀਦਾ ਹੈ। ਕੰਨ ਤੇ ਅੱਖਾਂ।"

ਉਹ ਅੱਗੇ ਅੱਗੇ ਤੁਰ ਪਿਆ ਸੀ। ਇੱਕ ਝਾੜੀ ਤੋਂ ਦੂਜੀ ਝਾੜੀ, ਇੱਕ ਚਟਾਨ ਤੋਂ ਦੂਜੀ ਚਟਾਨ। ਉਹ ਇਉਂ ਅੱਖਾਂ ਟੱਡ-ਟੱਡ ਕੇ ਵੇਖਦਾ ਰਿਹਾ ਕਿ ਅੱਖਾਂ ਪੀੜ ਕਰਨ ਲੱਗ ਪਈਆਂ। ਉਹਦੇ ਕੰਨ ਜਮੀਨ ਨਾਲ਼ ਲੱਗੇ ਹੋਏ ਸਨ। ਉਹ ਹਵਾ ਨੂੰ ਸੁੰਘ ਰਿਹਾ ਸੀ—ਇੰਝ ਲਗਦਾ ਸੀ ਜਿਵੇਂ ਉਹ ਫਟਣ ਵਾਸਤੇ ਤਿਆਰ ਹੋਈਆ ਟਾਈਮ ਬੰਬ ਹੋਵੇ। ਸਭ ਕੁੱਝ ਵੇਖ ਤਾੜ ਕੇ ਅਤੇ ਸੁਣ ਕੇ ਜਦੋਂ ਉਹਦੇ ਕੰਨਾਂ ਵਿੱਚ ਸਾਂ ਸਾਂ ਹੋਣ ਲੱਗੀ ਤਾਂ ਉਹਨੇ ਹੱਥ ਨਾਲ਼ ਮਾੜਾ ਜਿਹਾ ਇਸ਼ਾਰਾ ਕੀਤਾ—ਅਤੇ ਓਸੀਆਨੀਨਾ ਝੱਟ ਉਹਦੇ ਨਾਲ਼ ਜਾ ਮਿਲੀ। ਖਾਮੋਸ਼ੀ ਵਿੱਚ ਉਹਨਾਂ ਦੋਹਾਂ ਨੇ ਕੰਨ ਖੜ੍ਹੇ ਕਰ ਕੇ ਸੁਣਿਆਂ, ਟਾਹਣੀਆਂ ਦੇ ਕਰਚ ਕਰਚ ਜਾਂ ਖੜ ਖੜ ਕਰਨ ਦੀ ਕੋਈ ਆਵਾਜ਼ ਨਹੀਂ ਸੀ ਆਉਂਦੀ। ਮੂਰਖ ਪੰਛੀ, ਗੁਟਾਰ ਦਾ ਹੀ ਕਿਧਰੇ ਕੋਈ ਸੰਕੇਤ ਨਹੀਂ ਸੀ ਮਿਲਦਾ ਅਤੇ ਸਾਰਜੈਂਟ ਮੇਜਰ ਇੱਕ ਵਾਰ ਫੇਰ ਅਗਾਂਹ ਸਰਕ ਕੇ, ਜਿਵੇਂ ਕੋਈ ਪਰਛਾਵਾਂ ਸਰਕਦਾ ਹੈ, ਅਗਲੀ ਓਟ ਦੇ ਓਹਲੇ ਹੋ ਗਿਆ ਅਤੇ ਰੀਤਾ ਆਪਣੀ ਥਾਂ 'ਤੇ ਹੀ ਰਹੀ, ਦੋਹਾਂ ਵਿੱਚੋਂ ਕੋਈ ਵੀ ਆਵਾਜ਼ ਸੁਣਨ ਲਈ ਚੌਕਸ।

ਇਸ ਤਰਾਂ ਕਰਦੇ ਕਰਦੇ ਉਹ ਪਹਾੜੀ ਤੋਂ ਪਾਰ ਚਲੇ ਗਏ, ਮੁੱਖ ਮੋਰਚੇ 'ਤੇ ਆ ਗਏ ਤੇ ਇਸ ਤੋਂ ਮਗਰੋਂ ਉਸ ਛੋਟੀ ਜਿਹੀ ਦਿਆਰਾਂ ਦੀ ਝਾੜੀ ਕੋਲ਼ ਆ ਗਏ। ਉਸ ਦਿਨ ਬਰੀਚਕੀਨਾ ਜਰਮਨਾਂ ਅੱਗੋਂ ਦੀ ਲੰਘਦੀ ਹੋਈ ਇੱਥੋਂ ਹੀ ਜੰਗਲ ਵਿੱਚ ਦਾਖਲ ਹੋਈ ਸੀ। ਹਾਲੇ ਤੱਕ ਪੂਰਨ ਖਾਮੋਸ਼ੀ ਤੇ ਅਮਨ ਅਮਾਨ ਸੀ, ਜਿਵੇਂ ਦੁਨੀਆਂ ਵਿੱਚ ਕੋਈ ਦੁਸ਼ਮਣ ਹੁੰਦਾ ਹੀ ਨਹੀਂ, ਪਰ ਫੇਦੋਤ ਵਾਸਕੋਵ ਨੇ ਨਾ ਆਪਣੇ ਆਪ ਨੂੰ ਇਸ ਤਰਾਂ ਸੋਚਣ ਦੀ ਆਗਿਆ ਦਿੱਤੀ ਸੀ ਨਾ ਹੀ ਜੂਨੀਅਰ ਸਾਰਜੈਂਟ ਨੂੰ।

ਦਿਆਰ ਦੇ ਰੁੱਖਾਂ ਦੀ ਛੋਟੀ ਜਿਹੀ ਝਿੜੀ ਤੋਂ ਪਾਰ ਝੀਲ ਲੇਗੋਨਤੋਵੋ ਦਾ ਮਾਮੂਲੀ ਜਿਹਾ ਢਾਲਵਾਂ ਕਾਈਦਾਰ ਕੰਢਾ ਸੀ ਜਿੱਥੇ ਪੱਥਰ ਖਿੱਲਰੇ ਪਏ ਸਨ। ਮੁੱਖ ਜੰਗਲ ਥੋੜ੍ਹਾ ਜਿਹਾ ਹੋਰ ਅੱਗੇ ਚੜ੍ਹਾਈ ਚੜ੍ਹਕੇ ਸ਼ੁਰੂ ਹੁੰਦਾ ਸੀ ਅਤੇ ਵਿੰਗੇ ਟੇਢੇ ਬਰਚਿਆਂ ਤੇ ਵਿਰਲੇ ਵਿਰਲੇ ਨੀਵੇਂ ਨੀਵੇਂ ਫਰ ਦੇ ਰੁੱਖਾਂ ਦੀ ਝਿੜੀ ਵਿੱਚੋਂ ਲੰਘ ਕੇ ਇੱਧਰ ਨੂੰ ਜਾਈਦਾ ਸੀ।

ਇੱਥੇ ਆ ਕੇ ਸਾਰਜੈਂਟ ਮੇਜਰ ਰੁਕ ਗਿਆ। ਉਸ ਨੇ ਆਪਣੀ ਦੂਰਬੀਨ ਨਾਲ਼ ਝਾੜੀਆਂ ਨੂੰ ਵੇਖਿਆ ਘੋਖਿਆ, ਕੁੱਝ ਦੇਰ ਬਿੜਕਾਂ ਲੈਂਦਾ ਰਿਹਾ ਅਤੇ ਫਿਰ ਜ਼ਮੀਨ ਤੋਂ ਉੱਠ ਖੜ੍ਹਾ ਹੋਇਆ, ਢਲਵਾਨ ਤੋਂ ਹੇਠਾਂ ਪੱਧਰੀ ਝੀਲ ਵੱਲੋਂ ਹਲਕੀ ਹਵਾ ਦੇ ਬੁੱਲੇ ਆ ਰਹੇ ਸਨ। ਉਸ ਨੇ ਖੁਸ਼ਗਵਾਰ ਹਵਾ ਵਿੱਚ ਇੱਕ ਲੰਮਾ ਸਾਹ ਖਿੱਚਿਆ। ਰੀਤਾ ਉਸ ਦੇ ਕੋਲ਼ ਹੀ ਇੱਕ ਪਾਸੇ ਚੁੱਪ ਕਰਕੇ ਲੰਮੀ ਪਈ ਹੋਈ ਸੀ। ਉਸ ਨੂੰ ਇਸ ਗੱਲੋਂ ਖਿਝ ਚੜ੍ਹ ਰਹੀ ਸੀ ਕਿ ਉਸ ਦੇ ਕੱਪੜੇ ਸਿੱਲ੍ਹੀ ਕਾਈ ਨਾਲ਼ ਹੌਲ਼ੀ-ਹੌਲ਼ੀ ਗੜੁੱਚ ਹੁੰਦੇ ਜਾ ਰਹੇ ਸਨ।

"ਪਿਆ ਕੁੱਝ ਪੱਲੇ ?" ਸਾਰਜੈਂਟ ਮੇਜਰ ਨੇ ਹੌਲ਼ੀ ਜਿਹੀ ਪੁੱਛਿਆ ਅਤੇ ਆਪਣੇ ਆਪ 'ਤੇ ਹੱਸ ਪਿਆ। "ਸਭਿਆਚਾਰ ਨੇ ਲੈ ਡੁੱਬਣਾ ਏ ਜਰਮਨਾਂ ਨੂੰ। ਕਾਫੀ ਬਣਾ ਰਹੇ ਨੇ।"

"ਇਸ ਤਰਾਂ ਕਿਉਂ ਸੋਚਦੇ ਹੋ ?"

"ਹਵਾੜ ਆਉਂਦੀ ਏ। ਮੇਰੀ ਜਾਚੇ, ਉਹ ਨਾਸ਼ਤਾ ਕਰ ਰਹੇ ਨੇ। ਪਤਾ ਨਹੀਂ, ਸੋਲਾਂ ਦੇ ਸੋਲਾਂ ਹੀ ਉੱਥੇ ਨੇ ?...

ਇੱਕ ਪਲ ਸੋਚਣ ਮਗਰੋਂ, ਉਸ ਨੇ ਆਪਣੀ ਰਫਲ ਇੱਕ ਦਿਆਰ ਦੇ ਤਣੇ ਨਾਲ਼ ਟਿਕਾਈ, ਆਪਣੀ ਪੇਟੀ ਨੂੰ ਥੋੜ੍ਹਾ ਜਿਹਾ ਹੋਰ ਕਸਿਆ ਅਤੇ ਪਲੱਥਾ ਮਾਰ ਕੇ ਰੀਤਾ ਕੋਲ਼ ਬਹਿ ਗਿਆ।

"ਇਹਨਾਂ ਦੀ ਗਿਣਤੀ ਕਰਨੀ ਚਾਹੀਦੀ ਏ, ਮਾਰਗਰੀਤਾ, ਭਲਾ ਸਾਰੇ ਹੀ ਉੱਥੇ ਨੇ ਜਾਂ ਨਹੀਂ। ਗੱਲ ਸੁਣ, ਮੈਂ ਇੱਕ ਗੱਲ ਦੱਸਾਂ। ਜੇ ਗੋਲ਼ੀ ਚੱਲਣ ਦੀ ਆਵਾਜ਼ ਆਏ ਤਾਂ ਫੌਰਨ ਚਲੀ ਜਾਵੀਂ, ਮੇਰਾ ਮਤਲਬ ਹੈ ਇੱਕਦਮ। ਕੁੜੀਆਂ ਨੂੰ ਲੈ ਕੇ ਸਿੱਧੀ ਪੂਰਬ ਵੱਲ ਐਨ ਨਹਿਰ ਤੱਕ ਕੂਚ ਕਰ ਜਾਵੀਂ। ਉਹਨਾਂ ਨੂੰ ਉੱਥੇ ਜਰਮਨਾਂ ਦੀ ਖਬਰ ਕਰੀਂ। ਵੈਸੇ ਤਾਂ ਮੇਰਾ ਖਿਆਲ ਐ ਉਦੋਂ ਤੱਕ ਉਹਨਾਂ ਨੂੰ ਪਤਾ ਲੱਗ ਜਾਵੇਗਾ, ਕਿਉਂਕਿ ਲੀਜ਼ਾ ਬਰੀਚਕੀਨਾ ਹੁਣ ਕਿਸੇ ਵੀ ਪਲ ਸਟੇਸ਼ਨ 'ਤੇ ਪਹੁਚਣ ਵਾਲ਼ੀ ਹੋਵੇਗੀ। ਸਮਝ ਲਈ ਗੱਲ ?"

"ਨਹੀਂ", ਰੀਤਾ ਨੇ ਆਖਿਆ। "ਤੇ ਤੁਸੀਂ ?"

"ਬਸ, ਚੁੱਪ ਓਸੀਆਨੀਨਾ", ਸਾਰਜੈਂਟ ਮੇਜਰ ਨੇ ਉਸ ਨੂੰ ਚੁੱਪ ਕਰਾ ਦਿੱਤਾ। "ਅਸੀਂ ਖੁੰਭਾਂ ਚੁਗਣ ਜਾਂ ਬੇਰ ਤੋੜਨ ਨਹੀਂ ਆਏ। ਜੇ ਉਹਨਾਂ ਨੇ ਮੈਨੂੰ ਵੇਖਿਆ ਤਾਂ ਉਹ ਮੈਨੂੰ ਜਿਉਂਦਾ ਨਹੀਂ ਜਾਣ ਦੇਣ ਲੱਗੇ। ਇਹ ਪੱਕੀ ਗੱਲ ਹੈ। ਇਸ ਕਰਕੇ ਤੂੰ ਫੌਰਨ ਵਾਪਸ ਮੁੜ ਜਾਵੀਂ। ਆ ਗਈ ਸਮਝ ਮੇਰੇ ਹੁਕਮ ਦੀ ?"

ਰੀਤਾ ਅੱਗੋਂ ਨਹੀਂ ਬੋਲੀ।

"ਤੂੰ ਬੋਲਦੀ ਕਿਉਂ ਨਹੀਂ, ਓਸੀਆਨੀਨਾ ?"

"ਆ ਗਈ ਸਮਝ।"

ਸਾਰਜੈਂਟ ਮੇਜਰ ਨਿੰਮਾ ਨਿੰਮਾ ਮੁਸਕਰਾਇਆ ਅਤੇ ਨੀਵਾਂ ਹੋ ਕੇ, ਸਭ ਤੋਂ ਨੇੜੇ ਦੀ ਚਟਾਨ ਵੱਲ ਵਧਣ ਲੱਗ ਪਿਆ।

ਰੀਤਾ ਬੜੇ ਗਹੁ ਨਾਲ਼ ਉਸ ਨੂੰ ਵੇਖਦੀ ਰਹੀ ਸੀ, ਪਰ ਫੇਰ ਵੀ ਉਸ ਨੂੰ ਪਤਾ ਨਹੀਂ ਸੀ ਲੱਗਾ ਕਿ ਉਹ ਕਿਸ ਵੇਲ਼ੇ ਅੱਖਾਂ ਤੋਂ ਓਹਲੇ ਹੋ ਗਿਆ। ਉਹ ਤਾਂ ਜਿਵੇਂ ਭੂਰੀ ਭੂਰੀ ਕਾਈ ਨਾਲ਼ ਭਰੀਆਂ ਚਟਾਨਾਂ ਵਿੱਚ ਚਟਾਨ ਹੀ ਹੋ ਗਿਆ ਸੀ। ਰੀਤਾ ਦੀ ਸਕਰਟ ਤੇ ਉਸ ਦੀ ਕਮੀਜ਼ ਦੀਆਂ ਬਾਹਾਂ ਭਿੱਜ ਕੇ ਗੜੁੱਚ ਹੋ ਗਈਆਂ ਸਨ। ਉਹ ਰੀਂਗ ਕੇ ਪਿੱਛੇ ਹੋ ਗਈ ਤੇ ਇੱਕ ਮੁੱਢ ਉੱਤੇ ਬਹਿ ਗਈ ਅਤੇ ਜੰਗਲ ਦੀ ਸ਼ਾਂਤਮਈ ਸਰਸਰ ਨੂੰ ਕੰਨ ਲਾ ਕੇ ਸੁਣਨ ਲੱਗੀ।

ਉਹ ਲਗਭਗ ਠੰਡੇ ਦਿਲ ਨਾਲ਼ ਇੰਤਜਾਰ ਕਰਦੀ ਰਹੀ। ਉਸ ਦਾ ਪੱਕਾ ਯਕੀਨ ਸੀ ਕਿ ਕੋਈ ਵੀ ਮਾੜੀ ਗੱਲ ਨਹੀਂ ਵਾਪਰਨ ਲੱਗੀ। ਉਸ ਦੀ ਸਾਰੀ ਪੜ੍ਹਾਈ ਲਿਖਾਈ ਨੇ ਉਸ ਨੂੰ ਇਹੋ ਸਿਖਾਇਆ ਸੀ ਕਿ ਸਿਰਫ ਸੁਖਦਾਈ ਸਿੱਟਿਆਂ ਦੀ ਹੀ ਉਡੀਕ ਕਰਨੀ ਚਾਹੀਦੀ ਹੈ। ਉਸ ਪੀੜ੍ਹੀ ਲਈ ਕਿਸੇ ਵੀ ਕੰਮ ਵਿੱਚ ਸਫਲਤਾ ਉੱਤੇ ਸੰਦੇਹ ਰੱਖਣਾ ਲੱਗਭਗ ਵਿਸਾਹਘਾਤ ਦੇ ਬਰਾਬਰ ਸਮਝਿਆ ਜਾਂਦਾ ਸੀ। ਬੇਸ਼ੱਕ, ਉਹ ਮਹਿਸੂਸ ਕਰਦੀ ਸੀ ਕਿ ਡਰ, ਸਹਿਮ ਤੇ ਬੇਯਕੀਨੀ ਕੀ ਹੁੰਦੀ ਹੈ, ਪਰ ਇਸ ਦੇ ਬਾਵਜੂਦ ਸਫਲਤਾ ਵਿੱਚ ਦਿਲੀ ਵਿਸ਼ਵਾਸ਼ ਅਸਲ ਹਾਲਾਤ ਨਾਲ਼ੋਂ ਸਦਾ ਹੀ ਵਧੇਰੇ ਮਜ਼ਬੂਤ ਹੁੰਦਾ ਸੀ।

ਪਰ ਭਾਵੇਂ ਰੀਤਾ ਨੇ ਕਿੰਨੇ ਵੀ ਆਪਣੇ ਕੰਨ ਖੜ੍ਹੇ ਰੱਖੇ, ਕਿੰਨੀ ਵੀ ਸਾਵਧਾਨੀ ਤੋਂ ਕੰਮ

ਲਿਆ, ਸਾਰਜੈਂਟ ਮੇਜਰ ਨੇ ਅਚਨਚੇਤ ਅਤੇ ਚੁੱਪ ਚਾਪ ਆਣ ਵਿਖਾਲੀ ਦਿੱਤੀ ਸੀ। ਫਰ ਦੀਆਂ ਟਹਿਣੀਆਂ ਨਾਮ ਮਾਤਰ ਹੀ ਹਿੱਲੀਆਂ ਸਨ। ਚੁੱਪ ਕਰ ਕੇ ਉਸ ਨੇ ਆਪਣੀ ਰਫਲ ਚੁੱਕੀ, ਸਿਰ ਹਿਲਾ ਕੇ ਉਹਨੂੰ ਇਸ਼ਾਰਾ ਕੀਤਾ ਅਤੇ ਝਿੜੀ ਵਿੱਚ ਗਾਇਬ ਹੋ ਗਿਆ। ਜਿਸ ਵੇਲ਼ੇ ਉਹ ਰੁਕਿਆ ਉਹ ਚਟਾਨਾਂ ਉੱਤੇ ਪਹੁੰਚ ਗਏ ਸਨ।

"ਤੂੰ ਵਧੀਆ ਸੈਨਿਕ ਨਹੀਂ, ਓਸਾਆਨੀਨਾ। ਕਿਸੇ ਕੰਮ ਦੀ ਸੈਨਿਕ ਨਹੀਂ।"

ਉਸ ਨੇ ਇਹ ਗੱਲ ਗੁੱਸੇ ਨਾਲ਼ ਨਹੀਂ ਸੀ ਆਖੀ। ਸਗੋਂ ਉਹਦੀ ਤੱਕਣੀ ਵਿੱਚ ਚਿੰਤਾ ਦਾ ਪਰਛਾਵਾਂ ਸੀ ਜਿਸ 'ਤੇ ਰੀਤਾ ਮੁਸਕਰਾ ਪਈ।

"ਕਿਉਂ ?" ਰੀਤਾ ਨੇ ਪੁੱਛਿਆ।

"ਰੁੱਖ ਦੇ ਮੁੱਢ ਉੱਤੇ ਇਉਂ ਪਸਰ ਕੇ ਬੈਠੀ ਸੀ ਜਿਵੇਂ ਬਣ-ਤਿਤਰੀ ਬੋਟ ਲੈ ਕੇ ਬਹਿੰਦੀ ਹੈ। ਹੁਕਮ ਸੀ ਲੇਟੀ ਰਹਿਣ ਦਾ।"

"ਉੱਥੇ ਸਿੱਲ੍ਹ ਬੜੀ ਸੀ, ਫੇਦੋਤ ਵਾਸਕੋਵ।"

"ਸਿੱਲ੍ਹ ਸੀ...." ਸਾਰਜੈਂਟ ਮੇਜਰ ਘੁਰਕਿਆ। "ਤੇਰੀ ਕਿਸਮਤ ਚੰਗੀ ਸੀ ਕਿ ਉਹ ਕਾਫੀ ਪੀ ਰਹੇ ਨੇ, ਵਰਨਾ ਤੇਰੇ ਵਾਲ਼ੀ ਖੇਡ ਖਤਮ ਸੀ।"

"ਸੋ ਤੁਸੀਂ ਠੀਕ ਬੁੱਝ ਲਿਐ ?"

"ਮੈਂ ਨਜੂਮੀ ਨਹੀਂ, ਓਸੀਆਨੀਨਾ। ਇਹ ਬੁੱਝਣ ਵਾਲ਼ੀ ਕੋਈ ਗੱਲ ਨਹੀਂ। ਦਸ ਬੰਦੇ ਖਾ-ਪੀ ਰਹੇ ਨੇ—ਮੈਂ ਆਪ ਵੇਖੇ ਨੇ। ਦੋ ਜਣੇ ਪਹਿਰੇ 'ਤੇ ਖੜੇ ਨੇ—ਉਹ ਵੀ ਮੈਂ ਵੇਖੇ ਨੇ। ਬਾਕੀ ਜ਼ਰੂਰ ਦੂਜੇ ਪਾਸੇ ਪਹਿਰਾ ਦੇ ਰਹੇ ਹੋਣਗੇ। ਉਹ ਬੜੇ ਆਰਾਮ ਨਾਲ਼ ਡੇਰਾ ਲਾਈ ਬੈਠੇ ਨੇ ਤੇ ਧੂਣੀ ਬਾਲ ਕੇ ਜੁਰਾਬਾਂ ਸੁਕਾ ਰਹੇ ਨੇ। ਹੁਣ ਵੇਲ਼ਾ ਹੈ ਆਪਣੇ ਮੋਰਚੇ ਬਦਲ ਲੈਣ ਦਾ। ਮੈਂ ਇੱਥੇ ਚਟਾਨਾਂ ਪੱਥਰਾਂ ਵਿੱਚ ਨਿਗਾਹ ਰੱਖਦਾ ਹਾਂ, ਤੂੰ ਦੌੜ ਕੇ ਬਾਕੀਆਂ ਨੂੰ ਲੈ ਆ, ਮਾਰਗਰੀਤਾ ਤੇ ਜਦੋਂ ਵਾਪਸ ਇੱਧਰ ਓਧਰ ਆਓ ਤਾਂ ਲੁਕ ਛਿਪ ਕੇ। ਹਿੜ ਹਿੜ ਨਾ ਕਰੇ ਕੋਈ।

"ਮੈਂ ਸਮਝਦੀ ਆਂ।"

"ਹਾਂ, ਤੇ ਉੱਥੇ ਮੈਂ ਆਪਣਾ ਤਮਾਕੂ ਸੁੱਕਣੇ ਪਾਇਆ ਹੋਇਆ ਹੈ, ਉਹ ਵੀ ਲੈਂਦੀ ਆਵੀਂ, ਬੀਬੀ ਕੁੜੀ। ਤੇ ਮੇਰੀਆਂ ਹੋਰ ਸਭ ਚੀਜ਼ਾਂ ਵੀ।"

"ਲੈ ਆਵਾਂਗੀ, ਸਾਰਜੈਂਟ ਮੇਜਰ।"

ਓਧਰ ਓਸੀਆਨੀਨਾ ਦੂਜੀਆਂ ਕੁੜੀਆਂ ਨੂੰ ਲੈਣ ਚਲੀ ਗਈ ਤੇ ਇੱਧਰ ਸਾਰਜੈਂਟ ਮੇਜਰ ਨੇ ਢਿੱਡ ਪਰਨੇ ਰਿੜ੍ਹ ਰਿੜ੍ਹ ਕੇ ਸਾਰੇ ਦੂਰ ਨੇੜੇ ਦੇ ਪੱਥਰਾਂ ਚਟਾਨਾਂ ਦੀ ਜਾਂਚ ਪੜਤਾਲ਼ ਕਰ ਲਈ। ਉਸ ਨੇ ਆਪਣੀਆਂ ਅੱਖਾਂ, ਆਪਣੇ ਕੰਨਾਂ ਅਤੇ ਆਪਣੇ ਨੱਕ ਉੱਤੇ ਬੜਾ ਜ਼ੋਰ ਪਾਇਆ। ਪਰ ਉਸ ਨੂੰ ਕਿਧਰੇ ਵੀ ਕੋਈ ਜਰਮਨ ਨਾ ਲੱਭਾ ਤੇ ਹੁਣ ਉਹ ਪਹਿਲਾਂ ਨਾਲ਼ੋਂ ਕੁੱਝ ਟਹਿਕ ਪਿਆ। ਉਸ ਨੇ ਹਿਸਾਬ ਕਿਤਾਬ ਲਾ ਕੇ ਵੇਖਿਆ ਕਿ ਲੀਜ਼ਾ ਬਰੀਚਕੀਨਾ ਸਟੇਸ਼ਨ ਦੇ ਨੇੜੇ ਪਹੁੰਚ ਗਈ ਹੋਵੇਗੀ ਤੇ ਹੁਣ ਕਿਸੇ ਵੀ ਪਲ ਰਿਪੋਰਟ ਕਰ ਦੇਵੇਗੀ ਤੇ ਇਸ ਤਰਾਂ ਜਰਮਨ ਘੁਸਪੈਠੀਆਂ ਦੇ ਦੁਆਲ਼ੇ ਇੱਕ ਅਦਿੱਖ ਜਾਲ਼ ਵਿਛਾ ਦਿੱਤਾ ਜਾਵੇਗਾ। ਸ਼ਾਮ ਤੱਕ—ਵੱਧ ਤੋਂ ਵੱਧ ਪ੍ਰਭਾਤ ਹੋਣ ਤੱਕ—ਉਹਨਾਂ ਨੂੰ ਕੁਮਕ ਪਹੁੰਚ ਜਾਵੇਗੀ। ਉਹ ਮਰਦਾਂ ਨੂੰ ਠੀਕ ਪਾਸੇ ਵੱਲ ਭੇਜ ਦੇਵੇਗਾ ਅਤੇ ਕੁੜੀਆਂ ਨੂੰ ਬਚਾਓ ਵਾਸਤੇ ਚਟਾਨਾਂ ਵਿੱਚ। ਬਹੁਤ ਦੂਰ, ਜਿੱਥੇ ਉਹਨਾਂ ਨੂੰ ਕੋਈ ਗਾਲ਼ੀ ਗਲੋਚ ਨਾ

ਸੁਣ ਸਕੇ। ਦੂ-ਬਦੂ ਲੜਾਈ ਵਿੱਚ ਹਮੇਸ਼ਾਂ ਹੀ ਇਸ ਤਰਾਂ ਦਾ ਬੜਾ ਕੁੱਝ ਹੁੰਦਾ ਹੈ।

ਇੱਕ ਵਾਰ ਫਿਰ ਉਸਨੇ ਦੂਰੋਂ ਹੀ ਕੁੜੀਆਂ ਦੀ ਆਵਾਜ਼ ਸੁਣੀ। ਨਹੀਂ, ਇਹ ਕੋਈ ਰੌਲਾ ਗੌਲ਼ਾ ਨਹੀਂ ਸੀ, ਨਾ ਹੀ ਘੁਸਰ ਮੁਸਰ ਦੀ ਆਵਾਜ, ਨਾ ਹੀ ਧਾਤ ਦੀਆਂ ਚੀਜ਼ਾਂ ਦੀ ਖਣ ਖਣ ਸੀ, ਪਰ ਕੁਮੇਦਾਨ ਜਾਣਦਾ ਸੀ ਕਿ ਕੁੜੀਆਂ ਆ ਰਹੀਆਂ ਸਨ ਜਦੋਂ ਕਿ ਉਹ ਹਾਲੇ ਕਾਫੀ ਦੂਰ ਸਨ। ਹੋ ਸਕਦਾ ਹੈ ਇਹ ਉਹਨਾਂ ਦੇ ਬੋਝਲ ਸਾਹਾਂ ਦੀ ਆਵਾਜ਼ ਹੋਵੇ ਜਾਂ ਉਹਨਾਂ ਦੀ ਵਰਤੀ ਯੂਡੀਕਲੋਨ ਦੀ ਮਹਿਕ। ਪਰ ਕੁੱਝ ਵੀ ਸੀ ਸਾਰਜੈਂਟ ਮੇਜਰ ਆਪਣੀ ਹੋਣੀ ਦਾ ਇਸ ਗੱਲੋਂ ਸ਼ੁਕਰਗੁਜ਼ਾਰ ਸੀ ਕਿ ਇਹਨਾਂ ਜਰਮਨਾਂ ਵਿੱਚ ਕੋਈ ਪੇਸ਼ਾਵਰ ਸ਼ਿਕਾਰੀ ਨਹੀਂ ਸੀ।

ਉਸ ਨੂੰ ਸਿਗਰਟ ਦੀ ਬੜੀ ਸਖਤ ਤਲਬ ਹੋ ਰਹੀ ਸੀ। ਦੋ ਘੰਟਿਆਂ ਤੋਂ ਉੱਤੇ ਹੋ ਗਏ ਸਨ ਉਸ ਨੂੰ ਚਟਾਨਾਂ ਵਿੱਚ ਗੀਂਗਦੇ ਫਿਰਦੇ ਨੂੰ ਤੇ ਉਸ ਨੇ ਸਿਗਰਟ ਨਹੀਂ ਸੀ ਪੀਤੀ। ਉਹ ਆਪਣਾ ਤਮਾਕੂ ਕੁੜੀਆਂ ਦੇ ਨੇੜੇ ਇੱਕ ਪੱਥਰ ਉੱਤੇ ਰੱਖ ਆਇਆ ਸੀ ਤਾਂ ਜੋ ਮਨ ਭਰਮਾਵੇ ਨਾ। ਹੁਣ ਜਦੋਂ ਉਹ ਉਸ ਨੂੰ ਆ ਕੇ ਮਿਲੀਆਂ ਤਾਂ ਉਹਨਾਂ ਨੂੰ ਚੁੱਪ ਰਹਿਣ ਲਈ ਖਬਰਦਾਰ ਕਰਕੇ ਉਹਨਾਂ ਕੋਲ਼ੋਂ ਆਪਣੀ ਤਮਾਕੂ ਵਾਲ਼ੀ ਗੁੱਥੀ ਮੰਗੀ। ਓਸੀਆਨੀਨਾ ਨੇ ਸਿਰਫ ਹੱਥ ਹਿਲਾ ਛੱਡੇ ਸਨ—

"ਭੁੱਲ ਗਈ, ਫੇਦੋਤ ਵਾਸਕੋਵ, ਪਿਆਰੇ, ਭੁੱਲ ਗਈ!..."

ਸਾਰਜੈਂਟ ਮੇਜਰ ਨੇ ਘੁਰਕੀ ਮਾਰੀ—ਰੱਬ ਲਵੇ ਇਹਨਾਂ ਜਨਾਨੀਆਂ ਨੂੰ। ਕਦੇ ਕੁੱਝ ਨਹੀਂ ਯਾਦ ਰੱਖਦੀਆਂ! ਜੇ ਉਹਦੇ ਸੈਨਿਕ ਮਰਦ ਹੁੰਦੇ ਤਾਂ ਬੜਾ ਆਰਾਮ ਰਹਿੰਦਾ! ਉਹ ਬਿਨਾਂ ਕਿਸੇ ਝਿਜਕ ਦੇ ਉਹਨਾਂ ਦੀ ਝਾੜ ਝੰਬ ਕਰ ਸਕਦਾ ਸੀ ਤੇ ਗੁੱਥੀ ਲੈਣ ਵਾਸਤੇ ਵਾਪਸ ਭੇਜ ਸਕਦਾ ਸੀ। ਪਰ ਹੁਣ ਇਸ ਦੀ ਥਾਂ ਉਸ ਨੇ ਬੁੱਲ੍ਹਾਂ 'ਤੇ ਇੱਕ ਮੁਸਕਰਾਹਟ ਲਿਆਂਦੀ ਤੇ ਆਖਿਆ—

"ਹੱਛਾ, ਕੋਈ ਨਹੀਂ। ਮੇਰੇ ਕਿੱਟ-ਬੈਗ ਵਿੱਚੋਂ ਕੁੱਝ ਥੋੜ੍ਹਾ ਬਹੁਤ ਨਿੱਕਲ਼ ਆਵੇਗਾ...ਮੇਰਾ ਕਿੱਟ ਬੈਗ ਤਾਂ ਨਹੀਂ ਭੁੱਲ ਆਈ?"

ਉਸ ਨੂੰ ਉਹਦਾ ਕਿੱਟ ਬੈਗ ਦੇ ਦਿੱਤਾ ਗਿਆ। ਸਾਰਜੈਂਟ ਮੇਜਰ ਨੂੰ ਏਨਾ ਤਮਾਕੂ ਦਾ ਝੋਰਾ ਨਹੀਂ ਸੀ ਜਿੰਨਾ ਗੁਥਲੀ ਦਾ ਕਿਉਂਕਿ ਉਹ ਕਿਸੇ ਦੀ ਭੇਟ ਕੀਤੀ ਸੁਗਾਤ ਸੀ ਤੇ ਇਹਦੇ ਉੱਤੇ ਧਾਗੇ ਨਾਲ਼ ਕੱਢਿਆ ਹੋਇਆ ਸੀ।, "**ਸਾਡੀ ਮਾਤਭੂਮੀ ਦੇ ਸ਼ਾਨਦਾਰ ਰਖਵਾਲੇ ਨੂੰ।**" ਆਪਣੀ ਨਿਰਾਸ਼ਾ ਨੂੰ ਉਹ ਹਾਲੇ ਚੰਗੀ ਤਰਾਂ ਲੁਕਾ ਨਹੀਂ ਸੀ ਸਕਿਆ, ਕਿ ਗੂਰਵਿਚ ਨੇ ਪਿਛਾਂਹ ਵੱਲ ਸੂਟ ਵੱਟ ਲਈ।

"ਮੈਂ ਲਿਆਉਂਦੀ ਆਂ! ਮੈਨੂੰ ਪਤਾ ਏ ਕਿੱਥੇ ਪਈ ਏ!"

"ਕਿੱਧਰ ਚੱਲੀ ਏਂ, ਸੈਨਿਕ ਗੂਰਵਿਚ?... ਮੁੜ ਆ, ਕਾਮਰੇਡ ਦੁਭਾਸ਼ਣ!..."

ਉਸ ਦਾ ਰੌਲਾ ਪਾਉਣਾ ਵਿਅਰਥ ਹੀ ਸੀ। ਸਿਰਫ ਛੋਹਲੇ ਛੋਹਲੇ ਤੇ ਭਾਰੇ ਕਦਮਾਂ ਦੀ ਆਵਾਜ਼ ਹੀ ਉਹਨਾਂ ਦੇ ਕੰਨੀ ਪੈ ਰਹੀ ਸੀ...

ਆਵਾਜ਼ ਭਾਰੀ ਇਸ ਕਰਕੇ ਸੀ ਕਿ ਸੋਨੀਆ ਗੂਰਵਿਚ ਨੇ ਪਹਿਲਾਂ ਕਦੇ ਵੀ ਲੰਮੇ ਬੂਟ ਨਹੀਂ ਪਾਏ ਸਨ ਅਤੇ ਆਪਣੇ ਅਣਜਾਣੇ ਸਦਕਾ ਉਹਨੇ ਜੋੜਾ ਵੀ ਉਹ ਲੈ ਲਿਆ ਜਿਹੜਾ ਦੋ ਨੰਬਰ ਵੱਡਾ ਸੀ। ਜਦੋਂ ਬੂਟ ਬਹੁਤੇ ਵੱਡੇ ਹੋਣ ਤਾਂ ਉਹਨਾਂ ਦੀ ਖੜੱਪ ਖੜੱਪ ਦੀ ਬੜੀ ਆਵਾਜ਼ ਆਉਂਦੀ ਹੈ। ਫੌਜੀ ਅਮਲੇ ਦੇ ਲੋਕ ਇਹ ਗੱਲ ਜਾਣਦੇ ਹਨ। ਸੋਨੀਆਂ ਦਾ ਟੱਬਰ ਪੂਰੀ ਤਰਾਂ ਅਸੈਨਿਕ ਸੀ, ਉਹਨਾਂ ਦੇ ਘਰ ਵਿੱਚ ਕਦੇ ਕਿਸੇ ਕੋਲ਼ ਲੰਮੇ ਬੂਟ ਨਹੀਂ ਹੁੰਦੇ ਸਨ ਅਤੇ ਇੱਥੋਂ ਤੱਕ ਕਿ

ਉਹਦੇ ਪਿਉ ਨੂੰ ਇਹ ਪਾਉਣੇ ਵੀ ਨਹੀਂ ਆਉਂਦੇ ਸਨ...

ਨੇਮੀਗਾ ਦਰਿਆ ਦੇ ਪਰਲੇ ਪਾਸੇ ਉਹਨਾਂ ਦੇ ਛੋਟੇ ਜਿਹੇ ਮਕਾਨ ਦੇ ਬੂਹੇ ਉੱਤੇ ਤਾਂਬੇ ਦੀ ਇੱਕ ਪਲੇਟ ਲੱਗੀ ਹੋਈ ਸੀ ਜਿਸ ਉੱਤੇ ਲਿਖਿਆ ਹੋਇਆ ਸੀ–"**ਡਾਕਟਰ ਸੋਲੋਮੋਨ ਅਰੋਨੋਵਿਚ ਗੂਰਵਿਚ।**" ਭਾਵੇਂ ਉਸ ਦਾ ਪਿਤਾ ਇੱਕ ਆਮ ਜਿਹਾ ਡਾਕਟਰ ਸੀ ਅਤੇ ਉਹਦੇ ਕੋਲ਼ 'ਡਾਕਟਰ ਆਫ ਮੈਡੀਸਨ' ਦੀ ਡਿਗਰੀ ਵੀ ਨਹੀਂ ਸੀ, ਪਰ ਪਲੇਟ ਬੂਹੇ ਉੱਤੇ ਲੱਗੀ ਹੋਈ ਸੀ ਕਿਉਂਕਿ ਇਹ ਉਹਦੇ ਦਾਦੇ ਵੱਲੋਂ ਇੱਕ ਸੁਗਾਤ ਸੀ ਜਿਸ ਨੇ ਆਪ ਆਪਣੇ ਹੱਥੀਂ ਬੂਹੇ ਉੱਤੇ ਲਾਈ ਸੀ। ਇਹ ਉਸ ਨੇ ਉਸ ਵਾਸਤੇ ਲਾਈ ਸੀ ਕਿ ਸਾਰੇ ਮਿਨਸ਼ਕ ਸ਼ਹਿਰਾਂ ਨੂੰ ਪਤਾ ਲੱਗ ਜਾਵੇ ਕਿ ਉਸਦਾ ਪੁੱਤਰ ਇੱਕ ਪੜ੍ਹਿਆ ਲਿਖਿਆ ਬੰਦਾ ਹੈ।

ਦਰਵਾਜੇ ਦੇ ਨਾਲ਼ ਹੀ ਘੰਟੀ ਦੀ ਮੁੱਠ ਸੀ ਜਿਸ ਨੂੰ ਘੰਟੀ ਵਜਾਉਣ ਵਾਸਤੇ ਖਿੱਚਣਾ ਪੈਂਦਾ ਸੀ। ਸੋਨੀਆਂ ਦਾ ਸਾਰਾ ਬਚਪਨ ਹੀ ਇਸ ਘੰਟੀ ਦੀ ਤੌਖਲੇ ਭਰੀ ਟੁਣਕਾਰ ਦੇ ਸਾਥ ਵਿੱਚ ਬੀਤਿਆ ਸੀ—ਉਸ ਦਾ ਦਿਨ ਤੇ ਰਾਤ, ਸਿਆਲ ਤੇ ਗਰਮੀਆਂ। ਉਸ ਦਾ ਪਿਤਾ ਆਪਣਾ ਡਾਕਟਰ ਵਾਲ਼ਾ ਬੈਗ ਚੁੱਕਦਾ ਅਤੇ ਹਰ ਮੌਸਮ ਵਿੱਚ ਪੈਦਲ ਹੀ ਤੁਰ ਪੈਂਦਾ, ਕਿਉਂਕਿ ਘੋੜਾ ਗੱਡੀ ਵਾਸਤੇ ਉਹਦੇ ਕੋਲ਼ ਪੈਸੇ ਨਹੀਂ ਸੀ ਹੁੰਦੇ। ਘਰ ਆ ਕੇ ਉਹ ਹੌਲ਼ੀ ਜਿਹੀ ਆਵਾਜ਼ ਵਿੱਚ ਤਪਦਿਕ, ਟਾਂਸਲਾਈਟਸ ਜਾਂ ਮਲੇਰੀਆ ਬੁਖਾਰ ਦੀਆਂ ਗੱਲਾਂ ਕਰਨ ਲਗਦਾ ਅਤੇ ਦਾਦੀ ਘਰ ਬਣਾਈ ਸ਼ਾਹਦਾਣੇ ਦੀ ਸ਼ਰਾਬ ਦਾ ਗਲਾਸ ਭਰ ਕੇ ਉਹਨੂੰ ਦੇਂਦੀ।

ਉਹਨਾਂ ਦੇ ਪਰਿਵਾਰ ਵਿੱਚ ਬੜੀ ਸਾਂਝ ਸੀ ਤੇ ਪਰਿਵਾਰ ਸੀ ਵੀ ਵੱਡਾ। ਬੱਚੇ ਸਨ, ਭਤੀਜੇ ਭਤੀਜੀਆਂ ਸਨ, ਦਾਦੀ ਸੀ, ਮਾਂ ਦੀ ਅਣਵਿਆਹੀ ਭੈਣ ਸੀ ਤੇ ਇੱਕ ਹੋਰ ਦੂਰੋਂ ਨੇੜਿਓਂ ਰਿਸ਼ਤੇਦਾਰ ਸੀ। ਘਰ ਵਿੱਚ ਕੋਈ ਵੀ ਮੰਜਾ ਐਸਾ ਨਹੀਂ ਸੀ ਜਿਸ ਉੱਤੇ ਦੋ ਜਾਣੇ ਨਾ ਸੌਂਦੇ ਹੋਣ ਅਤੇ ਇੱਕ ਉਤੇ ਤਾਂ ਤਿੰਨ ਜਣੇ ਸੌਂਦੇ ਸਨ।

ਯੂਨੀਵਰਸਿਟੀ ਵਿੱਚ ਪੜ੍ਹਦਿਆਂ ਹੋਇਆਂ ਵੀ, ਸੋਨੀਆਂ ਆਪਣੀਆਂ ਵੱਡੀਆਂ ਭੈਣਾਂ ਦੇ ਕੱਪੜੇ ਪਾਉਂਦੀ ਹੁੰਦੀ ਸੀ-ਭੁਸਲੇ ਜਿਹੇ ਰੰਗ ਦੇ, ਉੱਚੇ ਗਲਮੇ ਵਾਲ਼ੇ ਤੇ ਸੰਜੋਅ ਵਾਂਗ ਆਕੜੇ ਹੋਏ। ਢੇਰ ਚਿਰ ਤੱਕ ਉਹਨੇ ਆਪਣੀਆਂ ਫਰਾਕਾਂ ਦੇ ਭਾਰ ਦਾ ਕੋਈ ਫਿਕਰ ਹੀ ਨਹੀਂ ਸੀ ਕੀਤਾ ਕਿਉਂਕਿ ਨੱਚਣ ਜਾਣ ਦੀ ਥਾਂ ਉਹ ਅਕਸਰ ਲਾਇਬ੍ਰੇਰੀ ਚਲੀ ਜਾਂਦੀ ਜਾਂ ਮਾਸਕੋ ਆਰਟ ਥਿਏਟਰ ਵਿੱਚ ਜਾ ਵੜਦੀ। ਉਹ ਵੀ ਤਾਂ ਜੇ ਉਸ ਨੂੰ ਗੈਲਰੀ ਦੀ ਟਿਕਟ ਮਿਲ ਜਾਂਦੀ ਇਸ ਦਾ ਫਿਕਰ ਉਸਨੂੰ ਉਦੋਂ ਲੱਗਾ ਜਦੋਂ ਉਸ ਨੂੰ ਸਮਝ ਆ ਗਈ ਸੀ ਕਿ ਐਨਕਾਂ ਵਾਲ਼ਾ ਉਹਦਾ ਗੁਆਂਢੀ, ਜਿਹੜਾ ਉਹਦੇ ਨਾਲ਼ ਹੀ ਪੜ੍ਹਦਾ ਸੀ, ਸਬਬ ਨਾਲ਼ ਹੀ ਉਹਦੇ ਮਗਰ ਮਗਰ ਲਾਇਬ੍ਰੇਰੀ ਵਿੱਚ ਨਹੀਂ ਸੀ ਆ ਗਿਆ। ਪਰ ਇਹ ਤਾਂ ਯੂਨੀਵਰਸਿਟੀ ਵਿੱਚ ਦਾਖਲ ਹੋਣ ਮਗਰੋਂ, ਗਰਮੀਆਂ ਦੀ ਗੱਲ ਹੈ। ਗੋਰਕੀ ਪਾਰਕ ਵਿੱਚ ਉਹਦੇ ਨਾਲ਼ ਇੱਕ ਅਭੁੱਲ ਸ਼ਾਮ ਗੁਜ਼ਾਰਨ ਤੋਂ ਪੰਜ ਦਿਨ ਮਗਰੋਂ ਉਸ ਨੇ ਬਲੋਕ* ਦੀਆਂ ਕਵਿਤਾਵਾਂ ਦੀ ਇੱਕ ਪਤਲੀ ਜਿਹੀ ਕਿਤਾਬ ਭੇਟ ਕੀਤੀ ਸੀ ਅਤੇ ਇਸ ਤੋਂ ਮਗਰੋਂ ਉਹ ਵਲੰਟੀਅਰ ਬਣ ਕੇ ਮੁਹਾਜ 'ਤੇ ਚਲਾ ਗਿਆ ਸੀ।

ਹਾਂ, ਯੂਨੀਵਰਸਿਟੀ ਵਿੱਚ ਵੀ ਸੋਨੀਆਂ ਆਪਣੀਆਂ ਭੈਣਾਂ ਦੀਆਂ ਲਾਹੀਆਂ ਫਰਾਕਾਂ ਹੀ ਪਾਉਂਦੀ ਰਹੀ ਸੀ। ਲੰਮੀਆਂ ਤੇ ਭਾਰੀਆਂ, ਜਿਵੇਂ ਸੰਜੋਅ ਹੁੰਦੀ ਹੈ...

---

* ਪ੍ਰਸਿੱਧ ਰੂਸੀ ਅਤੇ ਸੋਵੀਅਤ ਕਵੀ — **ਸੰਪਾ.।**

ਪਰ ਇਹ ਠੀਕ ਹੈ ਕਿ ਉਸ ਨੇ ਇਹ ਫਰਾਕਾਂ ਬਹੁਤਾ ਚਿਰ ਨਹੀਂ ਸੀ ਪਾਈਆਂ, ਸਿਰਫ ਇੱਕ ਸਾਲ ਹੀ। ਉਸ ਤੋਂ ਮਗਰੋਂ ਉਹਨੇ ਫੌਜੀ ਵਰਦੀ ਪਾਉਣੀ ਸ਼ੁਰੂ ਕਰ ਦਿੱਤੀ ਸੀ ਅਤੇ ਲੰਮੇ ਬੂਟ—ਦੋ ਨੰਬਰ ਵੱਡੇ।

ਆਪਣੇ ਦਸਤੇ ਵਿੱਚ ਉਸ ਨੂੰ ਕੋਈ ਘੱਟ ਵੱਧ ਹੀ ਜਾਣਦਾ ਸੀ। ਉਸ ਕਿਸੇ ਵੀ ਤਰਾਂ ਉੱਘੀ ਨਹੀਂ ਸੀ ਤੇ ਚੁੱਪ ਚਾਪ ਆਪਣੇ ਕੰਮ ਲੱਗੀ ਰਹਿੰਦੀ ਸੀ। ਇਹ ਤਾਂ ਐਵੇਂ ਸਬੱਬ ਹੀ ਬਣ ਗਿਆ ਸੀ ਕਿ ਉਹ ਹਵਾਮਾਰ ਦਸਤੇ ਵਾਸਤੇ ਚੁਣ ਲਈ ਗਈ। ਮੁਹਾਜ ਦੇ ਉਹਨਾਂ ਵਾਲ਼ੇ ਹਿੱਸੇ ਵਿੱਚ ਕੋਈ ਲੜਾਈ ਨਹੀਂ ਸੀ ਹੋ ਰਹੀ ਅਤੇ ਉਹਨਾਂ ਨੇ ਬਚਾਓ ਦੇ ਮੋਰਚੇ ਹੀ ਮੱਲੇ ਹੋਏ ਸਨ। ਦੁਭਾਸ਼ੀਏ ਤਾਂ ਬੇਅੰਤ ਸਨ ਪਰ ਹਵਾਮਾਰ ਤੋਪਚੀ ਬਹੁਤ ਥੋੜ੍ਹੇ ਸਨ। ਇਹੋ ਕਾਰਨ ਸੀ ਕਿ ਮੇਸ਼ਰਸ਼ਮਿਤ ਲੜਾਕੇ ਜਹਾਜ਼ਾਂ ਦੇ ਖਿਲਾਫ ਲੜਾਈ ਤੋਂ ਮਗਰੋਂ ਉਸ ਨੂੰ ਤੇ ਜੇਨੀਆਂ ਕੋਮੇਲਕੋਵਾ ਨੂੰ ਹਵਾਮਾਰ ਦਸਤੇ ਵਿੱਚ ਭੇਜ ਦਿੱਤਾ ਗਿਆ ਸੀ। ਸ਼ਾਇਦ ਇਸੇ ਕਰਕੇ ਹੀ ਉਹ ਦੂਜੀਆਂ ਕੁੜੀਆਂ ਉਸ ਨੂੰ ਚੰਗੀ ਤਰਾਂ ਜਾਣਦੀਆਂ ਨਹੀਂ ਸਨ, ਸਿਰਫ ਸਾਰਜੈਂਟ ਮੇਜਰ ਦੇ ਕੰਨੀ ਹੀ ਉਸਦੀ ਆਵਾਜ ਪਈ ਸੀ।

"ਇਹ ਗੁਰਵਿਚ ਦੀ ਆਵਾਜ਼ ਨਹੀਂ ?"

ਸਭ ਦੇ ਕੰਨ ਖੜ੍ਹੇ ਹੋ ਗਏ। ਪਰ ਪਹਾੜੀ ਉੱਤੇ ਪੂਰਨ ਖਾਮੋਸ਼ੀ ਸੀ, ਸਿਰਫ ਹਵਾ ਹੀ ਪੋਲੇ ਪੋਲੇ ਸਰ ਸਰ ਕਰ ਰਹੀ ਸੀ।

"ਨਹੀਂ", ਰੀਤਾ ਨੇ ਆਖਿਆ। "ਐਵੇਂ ਤੁਹਾਡਾ ਭਰਮ ਏ।"

ਦੂਰ ਤੋਂ ਉਹ ਪੋਲੀ ਜਿਹੀ ਆਵਾਜ਼, ਜਿਵੇਂ ਕੋਈ ਹੌਕਾ ਲੈਂਦਾ ਹੈ, ਮੁੜਕੇ ਸੁਣਾਈ ਨਹੀਂ ਦਿੱਤੀ। ਪਰ ਸਾਰਜੈਂਟ ਮੇਜਰ ਨੇ ਇਸ ਦੀ ਬਿੜਕ ਲੈਣ ਵਾਸਤੇ ਕੰਨ ਖੜ੍ਹੇ ਕੀਤੇ ਹੋਏ ਸਨ ਅਤੇ ਹੌਲ਼ੀ-ਹੌਲ਼ੀ ਉਸ ਦਾ ਚਿਹਰਾ ਇੱਕ ਸਖ਼ਤ ਪੱਥਰ ਬਣ ਗਿਆ ਸੀ। ਉਹ ਅਜੀਬ ਕਿਸਮ ਦੀ ਚੀਕ ਜਿਵੇਂ ਅੰਦਰ ਧਸ ਗਈ ਹੋਵੇ, ਜਿਵੇਂ ਅਜੇ ਵੀ ਉਸਦੇ ਕੰਨਾਂ ਵਿੱਚ ਗੂੰਜਦੀ ਹੋਵੇ ਅਤੇ ਜਦੋਂ ਉਸ ਨੂੰ ਸਮਝ ਆਈ ਕਿ ਇਸ ਦਾ ਮਤਲਬ ਕੀ ਹੈ ਤਾਂ ਉਹ ਬਰਫ ਵਾਂਗ ਜੰਮ ਗਿਆ ਸੀ। ਉਸ ਨੇ ਬੇਧਿਆਨੀ ਜਿਹੀ ਨਾਲ਼ ਕੁੜੀ ਵੱਲ ਵੇਖਿਆ ਅਤੇ ਅਜੀਬ ਤਰਾਂ ਦੀ ਆਵਾਜ ਵਿੱਚ ਆਖਿਆ-

"ਕੋਮੇਲਕੋਵਾ, ਮੇਰੇ ਮਗਰ ਮਗਰ ਆ ਜਾ। ਬਾਕੀ ਇੱਥੇ ਉਡੀਕੋ।"

ਵਾਸਕੋਵ ਹੌਲ਼ੀ-ਹੌਲ਼ੀ ਪਰਛਾਵੇਂ ਵਾਂਗ ਅੱਗੇ ਵਧਦਾ ਜਾ ਰਿਹਾ ਸੀ ਅਤੇ ਹੌਂਕਦੀ ਹੋਈ ਜੇਨੀਆਂ ਮਸਾਂ ਹੀ ਉਹਦੇ ਨਾਲ਼ ਕਦਮ ਮਿਲਾ ਰਹੀ ਸੀ। ਇਹ ਠੀਕ ਹੈ ਕਿ ਸਾਰਜੈਂਟ ਮੇਜਰ ਨੇ ਕੋਈ ਭਾਰ ਨਹੀਂ ਸੀ ਚੁੱਕਿਆ ਹੋਇਆ ਅਤੇ ਜੇਨੀਆਂ ਨੇ—ਉਹਨੇ ਆਪਣੀ ਰਫਲ ਚੁੱਕੀ ਹੋਈ ਸੀ ਤੇ ਸਕਰਟ ਅੜਚਣ ਬਣ ਰਹੀ ਸੀ ਕਿਉਂਕਿ ਦੌੜਨ ਵਾਸਤੇ ਉਹ ਬਹੁਤ ਤੰਗ ਸੀ। ਵੱਡੀ ਗੱਲ ਤਾਂ ਇਹ ਸੀ ਕਿ ਜੇਨੀਆਂ ਦੀ ਸਾਰੀ ਸੱਤਿਆ ਇਸ ਗੱਲ ਨੇ ਖਾ ਲਈ ਕਿ ਬਿਨਾਂ ਕੋਈ ਆਵਾਜ਼ ਖੜਾਕ ਕੀਤਿਆਂ ਤੁਰਨ ਦਾ ਯਤਨ ਕੀਤਾ ਜਾ ਰਿਹਾ ਸੀ ਤੇ ਉਹਦੇ ਵਿੱਚ ਕੋਈ ਹਿੰਮਤ ਨਹੀਂ ਸੀ ਰਹਿ ਗਈ।

ਵਾਸਕੋਵ ਦਾ ਸਾਰਾ ਵਜੂਦ ਉਸ ਚੀਕ ਉੱਤੇ ਇਕਾਗਰ ਹੋਇਆ ਪਿਆ ਸੀ ਜਿਹੜੀ ਉਸ ਨੇ ਸੁਣ ਲਈ ਸੀ। ਇੱਕੋ ਹੀ, ਲਗਭਗ ਖਾਮੋਸ਼ ਚੀਕ, ਜਿਹੜੀ ਕਿਸੇ ਤਰਾਂ ਉਹਦੇ ਕੰਨੀ ਪੈ ਗਈ ਸੀ ਤੇ ਉਸ ਨੇ ਪਛਾਣ ਲਈ ਸੀ ਤੇ ਸਮਝ ਲਈ ਸੀ। ਉਸ ਨੇ ਪਹਿਲਾਂ ਵੀ ਇਸ ਤਰਾਂ ਦੀਆਂ ਚੀਕਾਂ ਸੁਣੀਆਂ ਹੋਈਆਂ ਸਨ, ਜਿਹੜੀਆਂ ਚੀਕਾਂ ਨਾਲ਼ ਬਾਕੀ ਸਭ ਕੁੱਝ ਉੱਤੇ ਪੂੰਝਾ ਫਿਰ ਜਾਂਦਾ

ਹੈ, ਸਭ ਕੁੱਝ ਮਿਟ ਜਾਂਦਾ ਹੈ ਅਤੇ ਉਹ ਗੂੰਜਦੀਆਂ ਰਹਿੰਦੀਆਂ ਹਨ। ਉਹ ਤੁਹਾਡੇ ਅੰਦਰ ਗੂੰਜਦੀਆਂ ਰਹਿੰਦੀਆਂ ਹਨ, ਤੁਹਾਡੇ ਸਿਰ ਵਿੱਚ, ਇੱਕ ਐਸੀ ਧੁਨੀ ਬਣ ਕੇ ਜਿਸ ਨੂੰ ਇੱਕ ਵਾਰ ਸੁਣ ਕੇ ਤੁਸੀਂ ਕਦੇ ਭੁੱਲ ਨਹੀਂ ਸਕਦੇ, ਜਿਹੜੀ ਧੁਨੀ ਤੁਹਾਨੂੰ ਬਰਫ ਵਾਂਗ ਯਖ ਕਰ ਦੇਂਦੀ ਹੈ, ਆਪਣੀ ਪਕੜ ਵਿੱਚ ਤੁਹਾਨੂੰ ਜਕੜ ਰਖਦੀ ਹੈ, ਤੁਹਾਡੇ ਹਿਰਦੇ ਵਿੱਚ ਟਿਕੀ ਰਹਿੰਦੀ ਹੈ। ਕੁਮੇਦਾਨ ਦੀ ਕਾਹਲੀ ਦਾ ਇਹੋ ਕਾਰਨ ਸੀ।

ਅਤੇ ਇਹੋ ਹੀ ਕਾਰਨ ਸੀ ਕਿ ਉਹ ਅਚਾਨਕ ਹੀ ਇੱਕਦਮ ਰੁਕ ਗਿਆ ਜਿਵੇਂ ਸਾਹਮਣੇ ਕੋਈ ਕੰਧ ਆ ਗਈ ਹੋਵੇ ਅਤੇ ਉਸ ਦੇ ਪਿੱਛੇ ਪਿੱਛੇ ਦੌੜੀ ਜਾਂਦੀ ਜੇਨੀਆਂ ਦੀ ਮੋਢੇ ਉੱਤੇ ਲਮਕਦੀ ਰਫਲ ਦੀ ਨਾਲ਼ੀ ਉਹਦੀ ਪਿੱਠ ਨਾਲ਼ ਜਾ ਟਕਰਾਈ। ਪਰ ਉਸ ਨੇ ਪਿੱਛੇ ਮੁੜ ਕੇ ਨਹੀਂ ਵੇਖਿਆ ਅਤੇ ਧੜੰਮ ਕਰਕੇ ਬਹਿ ਗਿਆ ਅਤੇ ਆਪਣੇ ਹੱਥ ਜਮੀਨ ਨਾਲ਼ ਲਾ ਦਿੱਤੇ—ਪੈਰਾਂ ਦੇ ਇੱਕ ਨਿਸ਼ਾਨ ਦੇ ਕੋਲ਼।

ਪੈਰ ਦਾ ਨਿਸ਼ਾਨ ਲੰਮਾ ਚੌੜਾ ਸੀ। ਇਸ ਦਾ ਬੂਟਾਂ ਦੇ ਨਿਸ਼ਾਨਾਂ ਤੋਂ ਸਪੱਸ਼ਟ ਪਤਾ ਲੱਗਦਾ ਸੀ।

"ਜਰਮਨ ?...." ਜੇਨੀਆ ਤੇਜ਼-ਤੇਜ਼ ਪਰ ਬੇਆਵਾਜ਼ ਸਾਹ ਲੈਣ ਲੱਗੀ।

ਸਾਰਜੈਂਟ ਮੇਜਰ ਨੇ ਕੋਈ ਜਵਾਬ ਨਹੀਂ ਦਿੱਤਾ। ਉਸ ਨੇ ਵੇਖਿਆ, ਉਸ ਨੇ ਸੁਣਿਆਂ, ਉਸ ਨੇ ਸੁੰਘਿਆ। ਉਸ ਨੇ ਇਨੇ ਜ਼ੋਰ ਨਾਲ਼ ਮੁੱਕਾ ਵੱਟਿਆ ਕਿ ਉਹਦੀਆਂ ਉਂਗਲਾਂ ਦੀਆਂ ਗੰਢਾਂ ਦਾ ਰੰਗ ਚਿੱਟਾ ਹੋ ਗਿਆ। ਜੇਨੀਆਂ ਨੇ ਸਾਹਮਣੇ ਧਿਆਨ ਮਾਰਿਆ ਤੇ ਉਸ ਨੂੰ ਹੁਣੇ-ਹੁਣੇ ਪੁੱਟੀ ਗਈ ਮਿੱਟੀ ਉੱਤੇ ਕਾਲ਼ੇ-ਕਾਲ਼ੇ ਦਾਗ ਨਜ਼ਰ ਆਏ। ਸਾਰਜੈਂਟ ਮੇਜਰ ਨੇ ਬੜੀ ਸਾਵਧਾਨੀ ਨਾਲ਼ ਇੱਕ ਪੱਥਰ ਚੁੱਕਿਆ। ਇਸ ਉੱਤੇ ਇੱਕ ਸੰਘਣਾ ਕਾਲ਼ਾ ਕਤਰਾ ਸੀ ਜਿਵੇਂ ਕੋਈ ਜਿਉਂਦੀ ਚੀਜ਼ ਹੋਵੇ। ਜੇਨੀਆ ਤ੍ਰਭਕ ਗਈ। ਉਹਦਾ ਜੀਅ ਕਰਦਾ ਸੀ ਰੌਲਾ ਪਾਵੇ ਪਰ ਉਹਨੇ ਆਵਾਜ਼ ਸੰਘ ਵਿੱਚ ਹੀ ਰੋਕ ਲਈ।

"ਵਲੱਲੀ", ਸਾਰਜੈਂਟ ਮੇਜਰ ਨੇ ਆਖਿਆ ਤੇ ਦੁਹਰਾਇਆ, "ਵਲੱਲੀ..."

ਉਸ ਨੇ ਆਰਾਮ ਨਾਲ਼ ਪੱਥਰ ਹੇਠਾਂ ਰੱਖ ਦਿੱਤਾ ਤੇ ਚੁਫੇਰੇ ਨਜ਼ਰ ਮਾਰੀ ਅਤੇ ਅੰਦਾਜਾ ਕਰਨ ਲੱਗਾ ਕਿ ਇੱਥੇ ਜੋ ਕੁੱਝ ਹੋਇਆ ਹੈ ਉਹ ਕਿਸ ਤਰਾਂ ਹੋਇਆ ਹੈ। ਇਸ ਤੋਂ ਮਗਰੋਂ ਉਹ ਚਟਾਨ ਦੇ ਦੂਜੇ ਪਾਸੇ ਗਿਆ। ਜਿਸ ਤਰਾਂ ਉਹਦਾ ਅੰਦਾਜਾ ਸੀ, ਸੋਨੀਆਂ ਗੂਰਵਿਚ ਇੱਕ ਦਰਾੜ ਵਿੱਚ ਪਈ ਸੀ। ਉਸ ਦੇ ਭੱਦੇ ਜਿਹੇ ਲੰਮੇ ਬੂਟ ਉਸ ਦੀ ਸੜੀ ਹੋਈ ਸਕਰਟ ਦੇ ਹੇਠੋਂ ਇੱਕ ਪਾਸੇ ਬਾਹਰ ਨਿੱਕਲੇ ਹੋਏ ਸਨ। ਸਾਰਜੈਂਟ ਮੇਜਰ ਨੇ ਮਲਕੜੇ ਜਿਹੇ ਉਸ ਨੂੰ ਪੇਟੀ ਤੋਂ ਫੜ ਕੇ ਖਿੱਚਿਆ ਤਾਂ ਜੋ ਉਸ ਨੂੰ ਚੁੱਕ ਲਵੇ। ਕੁੱਝ ਕਦਮ ਦੂਰ ਲਿਆ ਕੇ ਉਸ ਨੇ ਉਹਨੂੰ ਪਿੱਠ ਪਰਨੇ ਲਿਟਾ ਦਿੱਤਾ।

ਸੋਨੀਆਂ ਦੀਆਂ ਅਧ-ਖੁੱਲ੍ਹੀਆਂ ਅੱਖਾਂ ਤਾੜੇ ਲੱਗੀਆਂ ਹੋਈਆਂ ਸਨ ਅਤੇ ਉਹਦੀ ਕਮੀਜ਼ ਦਾ ਅੱਗਾ ਲਹੂ ਵਿੱਚ ਗੜੁੱਚ ਹੋਇਆ ਪਿਆ ਸੀ। ਸਾਰਜੈਂਟ ਮੇਜਰ ਨੇ ਹੌਲੀ-ਹੌਲ਼ੀ ਉਹਦੀ ਕਮੀਜ਼ ਦੇ ਬਟਨ ਖੋਹਲੇ ਅਤੇ ਉਹਦੇ ਦਿਲ ਦੀ ਧੜਕਨ ਸੁਣਨ ਲੱਗਾ। ਉਹ ਸੁਣਦਾ ਰਿਹਾ, ਬੜਾ ਚਿਰ ਸੁਣਦਾ ਰਿਹਾ ਅਤੇ ਜੇਨੀਆਂ ਉਹਦੇ ਪਿੱਛੇ ਖੜ੍ਹੀ ਬੇਆਵਾਜ਼ ਸਿਸਕੀਆਂ ਭਰਦੀ ਰਹੀ। ਉਹਦਾ ਸਰੀਰ ਕੰਬੀ ਜਾ ਰਹੀ ਸੀ ਤੇ ਉਹ ਆਪਣੀ ਹੱਥ ਦੀ ਵੱਟੀ ਮੁੱਕੀ ਨੂੰ ਦੰਦੀਆਂ ਵੱਢੀਂ ਜਾ ਰਹੀ ਸੀ। ਇਸ ਤੋਂ ਮਗਰੋਂ ਸਾਰਜੈਂਟ ਮੇਜਰ ਸਿੱਧਾ ਖੜ੍ਹਾ ਹੋ ਗਿਆ ਅਤੇ ਸਹਿਜ ਨਾਲ਼ ਉਸ ਦੀ ਲਹੂ ਭਿੱਜੀ

ਸਮੀਜ਼ ਨਾਲ਼ ਉਹਦੀ ਹਿੱਕ ਨੂੰ ਕੱਜ ਦਿੱਤਾ। ਉਹਦੇ ਸੀਨੇ ਵਿੱਚ ਦੋ ਛੋਟੀਆਂ ਛੋਟੀਆਂ ਮੋਰੀਆਂ ਸਨ। ਇੱਕ ਉਹਦੀ ਛਾਤੀ ਵਿੱਚ, ਖੱਬੀ ਛਾਤੀ ਵਿੱਚ। ਦੂਜੀ ਰਤਾ ਹੇਠਾਂ ਕਰਕੇ, ਉਹਦੇ ਦਿਲ ਵਿੱਚ।

"ਇਸੇ ਕਰਕੇ ਤੂੰ ਚੀਕ ਮਾਰੀ ਸੀ", ਸਾਰਜੈਂਟ ਮੇਜਰ ਨੇ ਫੁਸਰ-ਫੁਸਰ ਕੀਤਾ। "ਤੂੰ ਚੀਕ ਮਾਰ ਵੀ ਇਸੇ ਕਰਕੇ ਹੀ ਸਕੀ—ਉਸ ਨੇ ਮਰਦ ਨੂੰ ਮਾਰਨ ਲਈ ਵਾਰ ਕੀਤਾ ਸੀ। ਉਹਦਾ ਪਹਿਲਾ ਵਾਰ ਤੇਰੇ ਦਿਲ 'ਤੇ ਨਾ ਚਲਿਆ...ਛਾਤੀ ਵਿੰਨ੍ਹੀ ਗਈ..."

ਉਸ ਨੇ ਉਹਦੀ ਕਮੀਜ਼ ਦੇ ਬਟਨ ਬੰਦ ਕਰ ਦਿੱਤੇ— ਇੱਕ ਇੱਕ ਕਰਕੇ ਸਾਰੇ ਬਟਨ ਅਤੇ ਕਾਲਰ ਨੂੰ ਠੀਕ ਠਾਕ ਕੀਤਾ। ਉਸ ਦੀਆਂ ਬਾਹਵਾਂ ਜੋੜ ਦਿੱਤੀਆਂ, ਉਸ ਦੀਆਂ ਅੱਖਾਂ ਬੰਦ ਕਰ ਦੇਣੀਆਂ ਚਾਹੁੰਦਾ ਸੀ ਪਰ ਨਹੀਂ ਹੋ ਸਕੀਆਂ, ਕੇਵਲ ਉਹਦੀਆਂ ਝਿੰਮਣੀਆਂ ਵਿੱਚ ਉਹਦਾ ਲਹੂ ਭਰ ਦਿੱਤਾ। ਉਹ ਖੜ੍ਹਾ ਹੋ ਗਿਆ-

"ਪਈ ਰਹਿ ਇੱਥੇ ਹੀ, ਹਾਲ ਦੀ ਘੜੀ, ਸੋਨਿਚਕਾ।"

ਉਸ ਦੇ ਪਿੱਛੇ ਖੜ੍ਹੀ ਜੇਨੀਆਂ ਦੀਆਂ ਭੁੱਬਾਂ ਨਿੱਕਲ ਗਈਆਂ। ਸਾਰਜੈਂਟ ਮੇਜਰ ਨੇ ਆਪਣੇ ਭਰਵੱਟਿਆਂ ਹੇਠੋਂ ਚੋਰ ਅੱਖਾਂ ਨਾਲ਼ ਉਹਦੇ ਵੱਲ ਇੱਕ ਝਾਤ ਮਾਰੀ—"ਰੋਣ ਦਾ ਵੇਲ਼ਾ ਨਹੀਂ, ਕੋਮੇਲਕੋਵਾ।"

ਰਤਾ ਨੀਵਾਂ ਹੋ ਕੇ ਉਹ ਛੇਤੀ ਛੇਤੀ ਅੱਗੇ ਵਧਣ ਲੱਗਾ। ਫਿੱਕੀਆਂ ਫਿੱਕੀਆਂ ਪੈੜਾਂ ਦੇ ਨਿਸ਼ਾਨ ਮੁਸ਼ਕਲ ਨਾਲ਼ ਹੀ ਵਿਖਾਈ ਦੇ ਰਹੇ ਸਨ।

9

ਕੀ ਜਰਮਨ ਸੋਨੀਆਂ ਦੀ ਉਡੀਕ ਵਿੱਚ ਬੈਠੇ ਸਨ ਜਾਂ ਉਹ ਸਬੱਬ ਨਾਲ਼ ਹੀ ਉਹਨਾਂ ਨੂੰ ਟੱਕਰ ਗਈ ? ਉਹ ਬਿਨਾਂ ਸੋਚੇ ਸਮਝੇ ਉਸ ਰਾਹ ਦੌੜੀ ਜਾ ਰਹੀ ਸੀ ਜਿੱਥੋਂ ਉਹ ਦੋ ਵਾਰ ਲੰਘ ਚੁੱਕੇ ਸਨ। ਉਸ ਨੂੰ ਸਾਰਜੈਂਟ ਮੇਜਰ ਵਾਸਕੋਵ ਵਾਸਤੇ ਖਸਮਾ ਖਾਣਾ ਤਮਾਕੂ ਫੜ ਲਿਆਉਣ ਦੀ ਕਾਹਲੀ ਸੀ। ਉਹ ਬੜੀ ਖੁਸ਼ ਖੁਸ਼ ਭੱਜੀ ਜਾ ਰਹੀ ਸੀ ਕਿ ਉਸ ਨੂੰ ਪਤਾ ਵੀ ਨਾ ਲੱਗਾ ਕਿ ਉਹਦੇ ਮਾੜਚੂ ਜਿਹੇ ਮੋਢਿਆਂ 'ਤੇ ਪਸੀਨਾ ਲਿਆ ਦੇਣ ਵਾਲ਼ਾ ਇਹ ਭਾਰ ਜਿਹਾ ਕੀ ਆ ਪਿਆ ਸੀ, ਜਾਂ ਉਹਦੇ ਦਿਲ ਵਿੱਚ ਇਹ ਵਿੰਨ੍ਹਵੀ ਤੇ ਅੱਖਾਂ ਅੱਗੇ ਭੰਬੂ ਤਾਰੇ ਨਚਾ ਦੇਣ ਵਾਲ਼ੀ ਪੀੜ ਕਿਉਂ ਹੋਈ ਸੀ...ਨਹੀਂ, ਉਸ ਨੂੰ ਸਮਝ ਆ ਗਈ ਸੀ ਤੇ ਉਹਨੇ ਚੀਕ ਮਾਰੀ ਸੀ। ਉਸ ਨੂੰ ਸਮਝ ਆ ਗਈ ਸੀ ਤੇ ਉਹਨੇ ਚੀਕ ਮਾਰੀ ਸੀ ਕਿਉਂਕਿ ਛੁਰੀ ਪਹਿਲੇ ਹੀ ਹੱਲੇ ਉਹਦੇ ਦਿਲ ਵਿੱਚ ਨਹੀਂ ਸੀ ਖੁਭੀ....ਇਹ ਵਾਰ ਉਹਦੀ ਛਾਤੀ ਨੇ ਰੋਕ ਲਿਆ ਸੀ, ਉਸ ਦੀ ਮੁਟਿਆਰਾਂ ਵਰਗੀ ਨਿੱਗਰ ਛਾਤੀ ਨੇ।

ਇਹ ਵੀ ਹੋ ਸਕਦਾ ਹੈ ਕਿ ਸਭ ਕੁੱਝ ਇਸ ਤਰਾਂ ਨਾ ਹੋਇਆ ਹੋਵੇ ? ਖ਼ਬਰੇ ਉਹ ਉਸ ਦੀ ਉਡੀਕ ਵਿੱਚ ਹੀ ਪਏ ਹੋਣ ? ਹੋ ਸਕਦਾ ਹੈ ਜਰਮਨ ਉਹਨਾਂ ਦੇ ਵੀ ਕੰਨ ਕੁਤਰ ਗਏ ਹੋਣ, ਉਹਨਾਂ ਅਨਾੜੀ ਕੁੜੀਆਂ ਦੇ ਤੇ ਉਸ ਦੇ, ਮੁੜ ਭਰਤੀ ਕੀਤੇ ਗਏ ਫੌਜੀ ਦੇ ਜਿਸ ਨੂੰ ਜਾਸੂਸੀ ਦੇ ਕੰਮ ਵਿੱਚ ਆਪਣੀ ਬਹਾਦਰੀ ਵਿਖਾਉਣ ਲਈ ਤਮਗੇ ਮਿਲੇ ਹੋਏ ਸਨ ? ਹੋ ਸਕਦਾ ਹੈ ਕਿ ਇਹ ਉਹਨਾਂ ਦਾ ਪਿੱਛਾ ਨਾ ਕਰ ਰਿਹਾ ਹੋਵੇ, ਸਗੋਂ ਉਹ ਇਸ ਦਾ ਪਿੱਛਾ ਕਰਦੇ ਹੋਣ ? ਹੋ ਸਕਦਾ ਹੈ ਕਿ ਉਹਨਾਂ ਨੇ ਇਹਨਾਂ ਸਭਨਾਂ ਨੂੰ ਵੇਖ ਲਿਆ ਹੋਵੇ, ਸਭ ਹਿਸਾਬ ਕਿਤਾਬ ਲਾ ਲਿਆ ਹੋਵੇ ਤੇ ਇਸ ਗੱਲ ਦਾ ਪਤਾ ਹੋਵੇ ਕਿ ਹੁਣ ਕਦੋਂ ਕਿਸ ਦਾ ਅੰਤ ਹੋਵੇਗਾ ?

ਇਸ ਗੱਲ ਦੇ ਬਾਵਜੂਦ ਡਰ ਨਹੀਂ ਸਗੋਂ ਕਹਿਰਾਂ ਦਾ ਰੋਹ ਸਾਰਜੈਂਟ ਮੇਜਰ ਨੂੰ ਅੱਗੇ ਲਈਂ ਜਾ ਰਿਹਾ ਸੀ। ਭਿਆਨਕ ਤੇ ਪ੍ਰਚੰਡ ਗੁੱਸੇ ਵਿੱਚ ਆਇਆ ਉਹ ਆਪਣੇ ਦੰਦ ਪੀਹ ਰਿਹਾ ਸੀ ਅਤੇ ਉਹਦੀ ਸਿਰਫ ਇੱਕੋ ਹੀ ਕਾਮਨਾ –ਉਹਨਾਂ ਨੂੰ ਜਾ ਮਿਲਣਾ, ਉਹਨਾਂ ਨੂੰ ਜਾ ਮਿਲਣਾ ਅਤੇ ਫੇਰ....

"ਮੇਰੇ ਹੱਥਾਂ ਵਿੱਚ ਤੇਰੀ ਚੀਕ ਨਹੀਂ ਨਿੱਕਲ ਸਕਣੀ...ਨਹੀਂ, ਨਹੀਂ .....ਨਹੀਂ ਨਿੱਕਲ ਸਕਣੀ....."

ਗੋਲ਼ ਚਟਾਨਾਂ ਉੱਤੇ ਫਿੱਕੀਆਂ ਪੈੜਾਂ ਹਾਲੇ ਕਿਧਰੇ ਕਿਧਰੇ ਵਿਖਾਈ ਦਿੰਦੀਆਂ ਸਨ ਅਤੇ ਫੇਦੋਤ ਵਾਸਕੋਵ ਨੂੰ ਹੁਣ ਚੰਗੀ ਤਰਾਂ ਪਤਾ ਲੱਗ ਗਿਆ ਹੋਇਆ ਸੀ ਕਿ ਇਹ ਜਰਮਨ ਦੋ ਜਣੇ ਹਨ। ਇੱਕ ਵਾਰੀ ਫਿਰ ਉਸ ਨੇ ਆਪਣੇ ਆਪ ਨੂੰ ਕੋਸਿਆ। ਉਹ ਆਪਣੇ ਆਪ ਨੂੰ ਮਾਫ ਨਹੀਂ ਸੀ ਕਰ ਸਕਦਾ ਅਤੇ ਇਸ ਵੇਲ਼ੇ ਉਹ ਇਸ ਗੱਲੋਂ ਦੁਖੀ ਹੋ ਰਿਹਾ ਸੀ ਕਿ ਉਹ ਸਾਰੇ ਦੁਸ਼ਮਣਾਂ ਉੱਤੇ ਨਿਗਾਹ ਨਹੀਂ ਸੀ ਰੱਖ ਸਕਿਆ। ਕਿਉਂਕਿ ਉਹਨੂੰ ਆਸ ਸੀ ਕਿ ਜਿਹੜੇ ਗਿਣਤੀ ਵਿੱਚ ਨਹੀਂ ਸਨ ਆ ਸਕੇ ਉਹ ਅੱਗ ਦੀ ਧੂਣੀ ਦੇ ਦੂਜੇ ਪਾਸੇ ਹੋਣਗੇ ਅਤੇ ਉਸ ਪਾਸੇ ਨਹੀਂ ਜਿੱਧਰ ਕੁੜੀਆਂ ਸਨ। ਹਾਂ, ਉਹ ਆਪਣੀ ਦੁਭਾਸ਼ਣ ਨੂੰ ਗੁਆ ਬਹਿਣ ਦਾ ਕਸੂਰਵਾਰ ਸੀ ਜਿਸ ਨਾਲ਼ ਹਾਲੇ ਪਿਛਲੀ ਰਾਤ ਹੀ ਉਹਨੇ ਇੱਕੋ ਭਾਂਡੇ ਵਿੱਚ ਦਲੀਆ ਖਾਧਾ ਸੀ। ਇਹ ਅਹਿਸਾਸ ਉਸ ਨੂੰ ਤੜਫਾ ਰਿਹਾ ਸੀ, ਉਹਦੇ ਅੰਦਰੋਂ ਲੂਹਰੀਆਂ ਉੱਠ ਰਹੀਆਂ ਸਨ, ਉਹਦਾ ਅੰਦਰ ਪੱਛਿਆ ਜਾ ਰਿਹਾ ਸੀ ਅਤੇ ਸਿਰਫ ਇੱਕੋ ਹੀ ਗੱਲ ਉਹਦੇ ਕਾਲ਼ਜੇ ਨੂੰ ਠੰਡ ਪਾ ਸਕਦੀ ਸੀ—ਉਹ ਜਰਮਨਾਂ ਨੂੰ ਜਾ ਮਿਲੇ। ਇਸ ਵੇਲ਼ੇ ਉਹ ਕਿਸੇ ਹੋਰ ਗੱਲ ਬਾਰੇ ਸੋਚਣਾ ਵੀ ਨਹੀਂ ਸੀ ਚਾਹੁੰਦਾ, ਉਹ ਤਾਂ ਪਿੱਛੇ ਮੁੜ ਕੇ ਇਹ ਵੀ ਨਹੀਂ ਸੀ ਵੇਖਣਾ ਚਾਹੁੰਦਾ ਕਿ ਕੋਮੇਲਕੋਵਾ ਉਹਦੇ ਮਗਰ ਮਗਰ ਆ ਰਹੀ ਹੈ ਜਾਂ ਨਹੀਂ।

ਜੇਨੀਆਂ ਜਾਣਦੀ ਸੀ ਉਹ ਕਿੱਧਰ ਦੌੜੇ ਜਾ ਰਹੇ ਹਨ ਤੇ ਕਿਉਂ। ਉਸ ਨੂੰ ਇਸ ਗੱਲ ਦਾ ਪਤਾ ਸੀ ਭਾਵੇਂ ਸਾਰਜੈਂਟ ਮੇਜਰ ਨੇ ਉਸ ਨੂੰ ਕੁੱਝ ਨਹੀਂ ਸੀ ਦੱਸਿਆ। ਉਹ ਜਾਣਦੀ ਸੀ ਤੇ ਉਹਦੇ ਦਿਲ ਵਿੱਚ ਕੋਈ ਡਰ ਭੈ ਨਹੀਂ ਸੀ। ਸਭ ਕੁੱਝ ਅਚਾਨਕ ਜੰਮ ਗਿਆ ਸੀ, ਟਿਕ ਗਿਆ ਸੀ, ਇਸ ਕਰਕੇ ਨਾ ਕੋਈ ਪੀੜ ਮਹਿਸੂਸ ਹੁੰਦੀ ਸੀ ਨਾ ਲਹੂ ਵਗਦਾ ਸੀ। ਇਉਂ ਲੱਗਦਾ ਸੀ ਜਿਵੇਂ ਅੰਦਰ ਦਾ ਵੱਟ ਇਸ ਗੱਲ ਦੀ ਉਡੀਕ ਵਿੱਚ ਹੋਵੇ ਕਿ ਉਹਨੂੰ ਪੀੜ ਕਰਨ ਦੀ ਛੁੱਟੀ ਮਿਲੇ, ਪਰ ਉਹ ਇਉਂ ਨਹੀਂ ਹੋਣ ਦਿੰਦੀ ਸੀ। ਇਸ ਕਰਕੇ ਕੋਈ ਚੀਜ਼ ਨਹੀਂ ਸੀ ਜਿਹੜੀ ਉਹਨਾਂ ਦਾ ਧਿਆਨ ਕਿਸੇ ਹੋਰ ਪਾਸੇ ਲੈ ਜਾਵੇ। ਇਸ ਤਰਾਂ ਦਾ ਅਹਿਸਾਸ ਉਸ ਨੇ ਪਹਿਲਾਂ ਵੀ ਇੱਕ ਵਾਰ ਹੰਡਾਇਆ ਸੀ ਜਦੋਂ ਇੱਕ ਐਸਤੋਨੀਅਨ ਔਰਤ ਨੇ ਉਸ ਨੂੰ ਲੁਕਾ ਲਿਆ ਸੀ। ਇਹ 1941 ਦੀਆਂ ਗਰਮੀਆਂ ਦੀ, ਕੋਈ ਸਾਲ ਕੁ ਪਹਿਲਾਂ ਦੀ ਗੱਲ ਹੈ......

ਸਾਰਜੈਂਟ ਮੇਜਰ ਨੇ ਆਪਣਾ ਹੱਥ ਉਤਾਂਹ ਚੁੱਕਿਆ ਤੇ ਉਹ ਜਿੱਥੇ ਸੀ ਉੱਥੇ ਹੀ ਰੁਕ ਗਈ ਤੇ ਆਪਣੀ ਪੂਰੀ ਤਾਕਤ ਨਾਲ਼ ਆਪਣਾ ਸਾਹ ਰੋਕ ਲਿਆ।

"ਸਾਹ ਲੈ ਲੈ", ਫੇਦੋਤ ਵਾਸਕੋਵ ਨੇ ਹੌਲ਼ੀ ਜਿਹੀ ਆਖਿਆ। "ਉਹ ਐਥੇ ਕਿਧਰੇ ਹੀ ਨੇ। ਕਿਤੇ ਬਹੁਤ ਨੇੜੇ ਤੇੜੇ ਹੀ।"

ਜੇਨੀਆ ਆਪਣੀ ਰਫਲ ਉੱਤੇ ਉਲਰ ਗਈ ਤੇ ਇੱਕ ਝਟਕੇ ਨਾਲ਼ ਆਪਣਾ ਗਲਮਾ ਖੋ੍ਹਲ ਦਿੱਤਾ। ਉਹ ਇੱਕ ਲੰਮਾਂ ਡੂੰਘਾ ਸਾਹ ਲੈਣਾ ਚਾਹੁੰਦੀ ਸੀ ਤਾਂ ਜੋ ਉਹਦੇ ਫੇਫੜਿਆਂ ਵਿੱਚ ਹਵਾ ਭਰ

ਜਾਏ। ਪਰ ਇਸ ਦੀ ਥਾਂ ਉਸ ਨੇ ਹੌਲ਼ੀ ਜਿਹੀ ਸਾਹ ਲਿਆ ਜਿਸ ਨਾਲ਼ ਕੋਈ ਆਵਾਜ਼ ਨਾ ਹੋਵੇ ਤੇ ਉਹਦੇ ਦਿਲ ਦੀ ਧੜਕਣ ਜਿਵੇਂ ਮੱਠੀ ਹੀ ਨਾ ਹੋਣਾ ਚਾਹੁੰਦੀ ਹੋਵੇ।

"ਔਹ ਫਿਰਦੇ ਨੇ", ਸਾਰਜੈਂਟ ਮੇਜਰ ਨੇ ਆਖਿਆ।

ਉਹ ਪੱਥਰਾਂ ਵਿੱਚੋਂ ਇੱਕ ਤੰਗ ਜਿਹੀ ਵਿਰਲ ਵਿੱਚੋਂ ਵੇਖ ਰਿਹਾ ਸੀ। ਜੇਨੀਆ ਨੇ ਨਜ਼ਰ ਮਾਰੀ ਤੇ ਵੇਖਿਆ ਕਿ ਛੋਟੇ ਛੋਟੇ ਬਰਚਿਆਂ ਦੀਆਂ ਨੋਕਦਾਰ ਲਚਕੀਲੀਆਂ ਟੀਸੀਆਂ ਹਿੱਲ ਰਹੀਆਂ ਸਨ।

"ਉਹ ਸਾਡੇ ਕੋਲ਼ੋਂ ਦੀ ਲੰਘਣ ਵਾਲ਼ੇ ਨੇ", ਸਾਰਜੈਂਟ ਮੇਜਰ ਨੇ ਮੁੜ ਕੇ ਵੇਖੇ ਬਗੈਰ ਆਖਿਆ। "ਇੱਥੇ ਹੀ ਖੜ੍ਹੀ ਰਹਿ। ਜਦੋਂ ਮੈਂ ਬੱਤਖ ਦੀ ਆਵਾਜ਼ ਕੱਢਾਂ ਤਾਂ ਥੋੜ੍ਹਾ ਜਿਹਾ ਸ਼ੋਰ ਕਰੀਂ। ਇੱਕ ਪੱਥਰ ਡੇਗ ਲਵੀਂ ਜਾਂ ਆਪਣੀ ਰਫਲ ਦੇ ਕੁੰਦੇ ਨਾਲ਼ ਠੱਕ ਠੱਕ ਕਰੀਂ ਤਾਂ ਜੋ ਉਹ ਤੇਰੇ ਵੱਲ ਵੇਖਣ। ਪਰ ਉਸ ਤੋਂ ਮਗਰੋਂ ਕੋਈ ਆਵਾਜ਼ ਨਾ ਆਵੇ। ਬਿਲਕੁਲ ਚੁੱਪ ਚਾਪ ਰਹੀਂ, ਸਮਝੀ ?"

" ਸਮਝ ਗਈ, ਬਤਖ ਦੀ ਕੈਂ ਕੈਂ। ਇਸ ਤੋਂ ਪਹਿਲਾਂ ਨਹੀਂ।"

ਉਸਨੇ ਇੱਕ ਭਰਵਾਂ ਡੂੰਘਾ ਸਾਹ ਲਿਆ, ਛਾਲ਼ ਮਾਰ ਕੇ ਇੱਕ ਪੱਥਰ ਟੱਪ ਕੇ ਬਰਚਿਆਂ ਦੀ ਝਿੜੀ ਵਿੱਚ ਹੋ ਗਿਆ—ਜਰਮਨਾਂ ਦੇ ਰਾਹ ਨੂੰ ਚੀਰ ਕੇ।

ਹੁਣ ਉਸ ਦਾ ਪਹਿਲਾ ਵੱਡਾ ਕੰਮ ਸੀ ਉਹਨਾਂ ਨੂੰ ਠੀਕ ਉਸ ਵੇਲ਼ੇ ਜਾ ਪੈਣਾ ਜਦੋਂ ਅੱਖਾਂ ਚੁੰਧਿਆਉਂਦੀ ਧੁੱਪ ਵਿੱਚ ਉਹ ਉਸ ਨੂੰ ਵੇਖ ਨਾ ਸਕਣ। ਦੂਜਾ ਵੱਡਾ ਕੰਮ ਸੀ ਛਾਲ਼ ਮਾਰ ਕੇ ਇੱਕ ਨੂੰ ਪਿੱਛੋਂ ਜਾ ਦੱਬਣਾ, ਸੰਘੀ ਨੱਪ ਕੇ ਹੇਠਾਂ ਸੁੱਟ ਲੈਣ ਤੇ ਇਸ ਤਰਾਂ ਵਾਰ ਕਰਨਾ ਕਿ ਉਹਦੇ ਮੂਹੋਂ ਹਾਏ ਤੱਕ ਨਾ ਨਿੱਕਲੇ। ਰੌਲ਼ਾ ਪਾਉਣ ਦਾ ਮੌਕਾ ਹੀ ਨਾ ਮਿਲੇ.....

ਉਸ ਨੇ ਇੱਕ ਬਹੁਤ ਢੁਕਵੀਂ ਥਾਂ ਭਾਲ਼ ਲਈ ਸੀ। ਜਰਮਨਾਂ ਨੂੰ ਇਸ ਪਾਸਿਓਂ ਲੰਘਣਾ ਹੀ ਪੈਣਾ ਸੀ ਅਤੇ ਉਹ ਉਸ ਨੂੰ ਵੇਖੇ ਬਗੈਰ ਹੀ ਸਾਹਮਣੇ ਆ ਜਾਣਗੇ ਕਿਉਂਕਿ ਉਸ ਦੇ ਠੀਕ ਸਾਹਮਣੇ ਬਰਚਿਆਂ ਵਿੱਚ ਮਾੜੀ ਮੋਟੀ ਵੀ ਵਿਰਲ ਵਿੱਥ ਨਹੀਂ ਸੀ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਉਹ ਆਪਣੀ ਥਾਂ ਤੋਂ ਉਹਨਾਂ ਨੂੰ ਗੋਲ਼ੀ ਸੌਖਿਆਂ ਹੀ ਮਾਰ ਸਕਦਾ ਸੀ ਤੇ ਨਿਸ਼ਾਨਾ ਖੁੰਝਣਾ ਵੀ ਨਹੀਂ ਸੀ। ਪਰ ਜਰਮਨਾਂ ਦੀ ਬਾਕੀ ਟੋਲੀ ਨੂੰ ਉਹਦੇ ਗੋਲ਼ੀ ਚਲਾਉਣ ਦੀ ਆਵਾਜ਼ ਸੁਣ ਸਕਦੀ ਸੀ—ਅਤੇ ਇਹ ਗੱਲ ਉਹ ਨਹੀਂ ਸੀ ਚਾਹੁੰਦਾ। ਇਸ ਕਰਕੇ ਉਸ ਨੇ ਫੌਰਨ ਆਪਣੇ ਪਸਤੌਲ ਨੂੰ ਖੋਲ ਵਿੱਚ ਰੱਖਿਆ ਤੇ ਬਟਨ ਵੀ ਬੰਦ ਕਰ ਲਿਆ। ਇਸ ਤੋਂ ਮਗਰੋਂ ਉਹਨੇ ਆਪਣੇ ਖਾਸ ਹਥਿਆਰ, ਫਿਨਲੈਂਡ ਦੀ ਬਣੀ ਸ਼ਿਕਾਰ ਮਾਰਨ ਵਾਲ਼ੀ ਛੁਰੀ ਨੂੰ ਵੇਖਿਆ ਪਰਖਿਆ ਕਿ ਉਸ ਨੂੰ ਮਿਆਨ ਵਿੱਚ ਕੱਢਣ ਰੱਖਣ ਵਿੱਚ ਕੋਈ ਦਿੱਕਤ ਤਾਂ ਨਹੀਂ ਹੁੰਦੀ।

ਐਨ ਉਸੇ ਵੇਲ਼ੇ ਜਰਮਨਾਂ ਨੇ ਪਹਿਲੀ ਵਾਰੀ ਬਰਚਿਆਂ ਦੇ ਤਣਿਆਂ ਵਿੱਚ ਵਿਖਾਲੀ ਦਿੱਤੀ ਜਿਨ੍ਹਾਂ ਨੇ ਹਾਲੇ ਬਹਾਰ ਦੇ ਮੌਸਮ ਦੇ ਝਾਲਰਦਾਰ ਵਸਤਰ ਨਹੀਂ ਸੀ ਉਤਾਰੇ ਸਨ। ਜਿਵੇਂ ਕਿ ਫੇਦੋਤ ਵਾਸਕੋਵ ਦਾ ਅੰਦਾਜਾ ਸੀ, ਇਹ ਦੋ ਜਣੇ ਹੀ ਸਨ। ਪਹਿਲਾ ਜਣਾ ਇੱਕ ਹੱਟਾ ਕੱਟਾ ਬੰਦਾ ਸੀ ਜਿਸ ਨੇ ਸੱਜੇ ਮੋਢੇ ਉੱਤੇ ਛੋਟੀ ਮਸ਼ੀਨ ਗੱਨ ਲਟਕਾਈ ਹੋਈ ਸੀ। ਆਪਣੇ ਪਸਤੌਲ ਨਾਲ਼ ਉਹ ਉਹਨਾਂ ਦੋਹਾਂ ਨੂੰ ਕਿਵੇਂ ਸੌਖਿਆਂ ਹੀ ਪਾਰ ਬੁਲਾ ਸਕਦਾ ਸੀ, ਪਰ ਉਸ ਨੇ ਫਿਰ ਇਸ ਖਿਆਲ ਨੂੰ ਛੰਡ ਕੇ ਸੁੱਟ ਦਿੱਤਾ ਕਿ ਉਸ ਨੂੰ ਗੋਲ਼ੀ ਚੱਲਣ ਦੀ ਆਵਾਜ਼ ਸੁਣੇ ਜਾਣ ਦਾ ਡਰ ਸੀ, ਸਗੋਂ ਇਸ ਕਰਕੇ ਕਿ ਸੋਨੀਆ ਦਾ ਚੇਤਾ ਆ ਗਿਆ ਸੀ ਤੇ ਉਹ ਬਸ ਉਹਨਾਂ ਨੂੰ ਸੌਖੀ ਮੌਤ ਨਹੀਂ ਸੀ ਮਰਨ

ਦੇਣਾ ਚਾਹੁੰਦਾ। ਜੈਸੇ ਨੂੰ ਤੈਸਾ, ਛੁਰੀ ਦੇ ਬਦਲੇ ਛੁਰੀ— ਬਸ ਇਹੋ ਹੀ ਇੱਕ ਤਰੀਕਾ ਸੀ, ਸਿਰਫ ਇਹੋ।

ਜਰਮਨ ਬਿਨਾਂ ਕਿਸੇ ਫਿਕਰ ਚਿੰਤਾ ਦੇ ਬੜੇ ਆਰਾਮ ਨਾਲ਼ ਤੁਰੇ ਆ ਰਹੇ ਸਨ। ਦੂਸਰਾ ਜਣਾ ਤਾਂ ਪਚਾਕੇ ਮਾਰ ਮਾਰ ਕੇ ਬਿਸਕੁਟ ਖਾ ਰਿਹਾ ਸੀ ਅਤੇ ਆਪਣੇ ਬੁੱਲ੍ਹਾਂ ’ਤੇ ਜ਼ੁਬਾਨ ਫੇਰ ਰਿਹਾ ਸੀ। ਸਾਰਜੈਂਟ ਮੇਜਰ ਨੇ ਉਹਨਾਂ ਦੇ ਕਦਮਾਂ ਦੀ ਲੰਬਾਈ ਦਾ ਅਨੁਮਾਨ ਕੀਤਾ, ਫਾਸਲੇ ਦਾ ਅੰਦਾਜਾ ਲਾਇਆ ਤੇ ਅੱਟੇ ਸੱਟੇ ਉਹ ਪਲ ਨਿਸਚਿਤ ਕਰ ਲਿਆ ਜਿਸ ਵੇਲ਼ੇ ਉਹ ਉਸ ਦੇ ਸਾਹਮਣੇ ਹੋਣਗੇ, ਆਪਣੀ ਛੁਰੀ ਕੱਢ ਲਈ ਤੇ ਜਿਸ ਵੇਲ਼ੇ ਪਹਿਲਾ ਜਰਮਨ ਉਹਦੇ ਕੋਲ਼ੋਂ ਕੋਈ ਛਾਲ਼ ਕੁ ਭਰ ਦੂਰ ਰਹਿ ਗਿਆ ਸੀ ਉਹਨੇ ਬੱਤਖ ਵਾਂਗ ਦੋ ਵਾਰੀ ਕੈਂ ਕੈਂ ਕੀਤਾ। ਦੋਹਾਂ ਜਰਮਨਾਂ ਨੇ ਉੱਪਰ ਵੱਲ ਨਜ਼ਰ ਮਾਰੀ, ਪਰ ਉਸੇ ਹੀ ਵੇਲ਼ੇ ਕੋਮੇਲਕੋਵਾ ਨੇ ਆਪਣੀ ਰਫਲ ਦੇ ਕੁੰਦੇ ਨਾਲ਼ ਪੱਥਰ ਉੱਤੇ ਤਕੜੀ ਸੱਟ ਮਾਰੀ ਤੇ ਉਹ ਭੰਬੀਰੀ ਵਾਂਗ ਉਸ ਪਾਸੇ ਭੌਂ ਗਏ ਜਿਸ ਪਾਸਿਓਂ ਆਵਾਜ਼ ਆਈ ਸੀ ਤੇ ਠੀਕ ਉਸੇ ਵੇਲ਼ੇ ਵਾਸਕੋਵ ਝਪਟ ਪਿਆ।

ਉਹਦੀ ਛਾਲ਼ ਐਨ ਪੂਰੀ ਤਰਾਂ ਨਾਪੀ ਤੋਲੀ ਹੋਈ ਸੀ ; ਪਲ ਵੀ ਬਿਲਕੁਲ ਠੀਕ ਢੁਕਵਾਂ ਸੀ ਤੇ ਫਾਸਲੇ ਦੇ ਅੰਦਾਜੇ ਵਿੱਚ ਕੋਈ ਕਿਸੇ ਤਰਾਂ ਦੀ ਕਸਰ ਨਹੀਂ ਸੀ ਰਹੀ। ਉਸ ਨੇ ਜਰਮਨ ਨੂੰ ਲੱਕ ਤੋਂ ਜੱਫਾ ਮਾਰਿਆ, ਦੋਹਾਂ ਅਰਕਾਂ ਨੂੰ ਖਿੱਚ ਕੇ ਆਪਣੇ ਗੋਡਿਆਂ ਵਿੱਚ ਫਸਾਇਆ। ਜਰਮਨ ਨੂੰ ਨਾ ਸਾਹ ਲੈਣ ਦਾ ਮੌਕਾ ਦਿੱਤਾ ਨਾ ਤ੍ਰਬਕਣ ਦਾ ਤੇ ਵਾਲ਼ਾਂ ਤੋਂ ਫੜ ਕੇ ਉਹਦੇ ਸਿਰ ਨੂੰ ਪਿਛਾਂਹ ਵੱਲ ਮਰੋੜਾ ਦਿੱਤਾ ਤੇ ਤਣੀ ਹੋਈ ਧੌਣ ਤੇ ਤਿੱਖੀ ਛੁਰੀ ਫੇਰ ਦਿੱਤੀ।

ਇਹ ਸਾਰਾ ਕੰਮ ਬਿਲਕੁਲ ਉਸੇ ਤਰਾਂ ਸਿਰੇ ਚੜ੍ਹ ਗਿਆ ਜਿਸ ਤਰਾਂ ਸਾਰਜੈਂਟ ਮੇਜਰ ਨੇ ਵਿਉਂਤਿਆ ਸੀ। ਜਰਮਨ ਨੂੰ ਭੇਡ ਵਾਂਗ ਝਟਕਾ ਦਿੱਤਾ ਗਿਆ ਸੀ ਤੇ ਉਹਦੇ ਮੂਹੋਂ ਹਾਏ ਵੀ ਨਹੀਂ ਨਿਕਲਣ ਦਿੱਤੀ। ਬਸ ਜਿਸ ਵੇਲ਼ੇ ਲਹੂ ਦਾ ਫੁਹਾਰਾ ਜਿਹਾ ਛੁੱਟ ਪਿਆ ਤਾਂ ਉਹਦਾ ਘੋਰੜੂ ਵੱਜਿਆ ਸੀ। ਜਿਸ ਵੇਲ਼ੇ ਜਰਮਨ ਡਿੱਗਣ ਲੱਗਾ ਤਾਂ ਸਾਰਜੈਂਟ ਮੇਜਰ ਛਾਲ਼ ਮਾਰ ਕੇ ਪਰੇ ਹੋ ਗਿਆ ਤੇ ਦੂਜੇ ਵੱਲ ਭੱਜ ਉੱਠਿਆ।

ਇਹ ਸਭ ਕੁੱਝ ਛਿਣ ਵਿੱਚ ਹੀ ਹੋ ਗਿਆ ਸੀ, ਸਿਰਫ ਇੱਕ ਛਿਣ ਵਿੱਚ। ਦੂਜੇ ਜਰਮਨ ਦੀ ਇਸ ਪਾਸੇ ਵੱਲ ਹਾਲੇ ਪਿੱਠ ਹੀ ਸੀ। ਪਰ ਜਾਂ ਤਾਂ ਹੁਣ ਸਾਰਜੈਂਟ ਮੇਜਰ ਵਿੱਚ ਇੱਕ ਵਾਰੀ ਫਿਰ ਝਪਟ ਪੈਣ ਦੀ ਹਿੰਮਤ ਨਹੀਂ ਸੀ ਰਹੀ ਤਾਂ ਇਸ ਕੰਮ ਵਾਸਤੇ ਕੀਮਤੀ ਪਲ ਹੱਥੋਂ ਨਿੱਕਲ ਗਿਆ ਸੀ। ਕਾਰਨ ਕੁੱਝ ਵੀ ਹੋਵੇ, ਉਹ ਛੁਰੀ ਨਾ ਚਲਾ ਸਕਿਆ। ਉਸ ਨੇ ਉਹਦੇ ਹੱਥਾਂ ਵਿੱਚੋਂ ਉਹ ਛੋਟੀ ਮਸ਼ੀਨਗੱਨ ਖੋਹ ਲਈ ਪਰ ਇਸ ਤਰਾਂ ਕਰਦਿਆਂ ਛੁਰੀ ਹੇਠਾਂ ਡੇਗ ਲਈ। ਛੁਰੀ ਲਹੂ ਨਾਲ਼ ਭਰੀ ਹੋਈ ਸੀ ਤੇ ਸਾਬਨ ਦੀ ਟਿੱਕੀ ਵਾਂਗ ਹੱਥੋਂ ਤਿਲਕ ਤਿਲਕ ਜਾਂਦੀ ਸੀ।

ਗੱਲ ਮੂਰਖਾਂ ਵਾਲ਼ੀ ਹੀ ਬਣ ਗਈ ਸੀ। ਲੜਾਈ ਦੀ ਥਾਂ ਖਿੱਚ ਧੂਹ ਹੋਣ ਲੱਗ ਪਈ ਸੀ। ਜਰਮਨ ਭਾਵੇਂ ਬਹੁਤਾ ਉੱਚਾ ਲੰਮਾਂ ਤਾਂ ਨਹੀਂ ਸੀ ਪਰ ਉਹ ਤਕੜਾ ਨਿੱਕਲਿਆ। ਉਸ ਦੇ ਗੋਡੇ ਲਵਾਉਣੇ ਔਖੇ ਸਨ ਤੇ ਸਾਰਜੈਂਟ ਮੇਜਰ ਉਸ ਨੂੰ ਕਾਬੂ ਨਾ ਕਰ ਸਕਿਆ। ਉਹ ਪੱਥਰਾਂ ਵਿੱਚ ਉੱਗੀ ਕਾਈ ਤੇ ਬਰਚਿਆਂ ਵਿੱਚ ਹੱਥੋ ਪਾਈ ਹੁੰਦੇ ਰਹੇ, ਲੁੜ੍ਹਕਦੇ ਰਿੜ੍ਹਦੇ, ਡਿਗਦੇ ਉਠਦੇ ਰਹੇ, ਪਰ ਹਾਲੇ ਤੱਕ ਜਰਮਨ ਨੇ ਮੂਹੋਂ ਆਵਾਜ਼ ਕੋਈ ਨਹੀਂ ਸੀ ਕੱਢੀ। ਜਾਂ ਤਾਂ ਉਸ ਨੂੰ ਆਸ ਸੀ ਕਿ ਉਹ ਸਾਰਜੈਂਟ ਮੇਜਰ ਨੂੰ ਕਾਬੂ ਕਰ ਲਵੇਗਾ ਤੇ ਜਾਂ ਉਹ ਆਪਣੀ ਸਤਿਆ ਨੂੰ ਵਿਅਰਥ ਗੁਆਉਣਾ ਨਹੀਂ ਸੀ

ਚਾਹੁੰਦਾ।

ਫੇਦੋਤ ਵਾਸਕੋਵ ਇੱਕ ਹੋਰ ਗਲਤੀ ਵੀ ਕਰ ਬੈਠਾ ਸੀ। ਜਿਸ ਵੇਲ਼ੇ ਉਹਨੇ ਜਰਮਨ ਨੂੰ ਮਜ਼ਬੂਤ ਜੱਫਾ ਮਾਰਨ ਦੀ ਕੋਸ਼ਿਸ਼ ਕੀਤੀ ਤਾਂ ਉਹ ਉਸ ਦੇ ਹੱਥਾਂ ਵਿੱਚੋਂ ਨਿੱਕਲ ਗਿਆ ਤੇ ਉਸ ਨੇ ਆਪਣੀ ਛੁਰੀ ਕੱਢ ਲਈ ਸੀ। ਸਾਰਜੈਂਟ ਮੇਜਰ ਛੁਰੀ ਤੋਂ ਇਨਾ ਡਰ ਗਿਆ ਕਿ ਉਹ ਬੇਹਿੰਮਤਾ ਜਿਹਾ ਹੋ ਗਿਆ ਤੇ ਉਹਦਾ ਧਿਆਨ ਉੱਖੜ ਗਿਆ ਜਿਸ ਕਰਕੇ ਜਰਮਨ ਨੇ ਉਸ ਨੂੰ ਚੁਫਾਨ ਸੁੱਟ ਲਿਆ ਤੇ ਆਪਣੀਆਂ ਲੱਤਾਂ ਹੇਠ ਦੱਬ ਲਿਆ। ਇਸ ਤੋਂ ਮਗਰੋਂ ਉਹ ਹੱਥ ਜਿਸ ਵਿੱਚ ਖੁੰਢਾ ਜਿਹਾ ਅਸਪਾਤੀ ਖੰਜਰ ਸੀ, ਸਾਰਜੈਂਟ ਮੇਜਰ ਦੇ ਸੰਘ ਵੱਲ ਵਧਿਆ। ਹਾਲੇ ਤੱਕ ਸਾਰਜੈਂਟ ਮੇਜਰ ਵਿੱਚ ਇਨੀ ਹਿੰਮਤ ਸੀ ਕਿ ਜਰਮਨ ਨੂੰ ਗੁੱਟੋਂ ਫੜ ਰੱਖੇ, ਹਾਲੇ ਤੱਕ ਉਹ ਡਟੇ ਰਹਿਣ ਦੇ ਕਾਬਲ ਸੀ, ਪਰ ਜਰਮਨ ਦਾ ਇਸ ਗੱਲੋਂ ਪੱਲਾ ਭਾਰਾ ਸੀ ਕਿ ਉਸ ਦੇ ਭਾਰੇ ਸਰੀਰ ਨੇ ਸਾਰਜੈਂਟ ਮੇਜਰ ਨੂੰ ਦੱਬਿਆ ਹੋਇਆ ਸੀ। ਕੁਮੇਦਾਨ ਨੂੰ ਇਸ ਗੱਲ ਦਾ ਅਹਿਸਾਸ ਹੋ ਗਿਆ ਸੀ ਕਿ ਇਹ ਸਭ ਕੁੱਝ ਹੁਣ ਮਿੰਟਾਂ ਸਕਿੰਟਾਂ ਦੀ ਖੇਡ ਹੈ। ਜਰਮਨ ਵੀ ਇਸ ਗੱਲ ਨੂੰ ਜਾਣ ਗਿਆ ਸੀ। ਇਸੇ ਕਰਕੇ ਹੀ ਉਹਨੇ ਆਪਣੀਆਂ ਅੱਖਾਂ ਭੀਚੀਆਂ ਤੇ ਦੰਦੀਆਂ ਕੱਢਣ ਲੱਗਾ।

ਅਗਲੇ ਪਲ ਉਹਦਾ ਸਰੀਰ ਇਉਂ ਇੱਕ ਪਾਸੇ ਢਿਲਕ ਗਿਆ ਜਿਵੇਂ ਕੋਈ ਖਾਲੀ ਬੋਰਾ ਹੋਵੇ। ਪਹਿਲਾਂ ਤਾਂ ਫੇਦੋਤ ਵਾਸਕੋਵ ਨੂੰ ਇਸ ਗੱਲ ਦੀ ਸਮਝ ਨਹੀਂ ਸੀ ਆਈ ਕਿ ਇਹ ਕਿਉਂ ਹੋਇਆ। ਉਸ ਨੇ ਜਰਮਨ ਉੱਤੇ ਹੋਏ ਪਹਿਲੇ ਹਮਲੇ ਦੀ ਆਵਾਜ਼ ਨਹੀਂ ਸੀ ਸੁਣੀ। ਪਰ ਦੂਜੀ ਸੱਟ ਦੀ ਆਵਾਜ਼ ਉਹਨੇ ਸੁਣ ਲਈ ਸੀ ਇਸ ਤਰਾਂ ਦੀ ਆਵਾਜ਼ ਸੀ ਜਿਸ ਤਰਾਂ ਕੋਈ ਸੁੱਕੇ ਸੜੇ ਰੁੱਖ ਦੇ ਤਣੇ ਉੱਤੇ ਟੱਕ ਮਾਰਦਾ ਹੋਵੇ। ਉਸ ਨੂੰ ਲੱਗਾ ਕਿ ਉਸ ਦੇ ਮੂੰਹ 'ਤੇ ਤੱਤੇ ਲਹੂ ਦੇ ਛਿੱਟੇ ਪਏ ਹਨ ਅਤੇ ਜਰਮਨ ਲੁੜ੍ਹਕਣ ਲੱਗ ਪਿਆ ਹੈ। ਆਪਣਾ ਮੂੰਹ ਟੱਡੀ ਉਹ ਲੰਮੇ ਲੰਮੇ ਸਾਹ ਲੈ ਰਿਹਾ ਸੀ। ਸਾਰਜੈਂਟ ਮੇਜਰ ਨੇ ਅਖੀਰ ਧੱਕਾ ਮਾਰ ਕੇ ਉਸ ਨੂੰ ਪਰੇ ਸੁੱਟਿਆ, ਝਪਟ ਮਾਰ ਕੇ ਛੁਰਾ ਫੜਿਆ ਅਤੇ ਉਹਦਾ ਦਿਲ ਚੀਰ ਕੇ ਰੱਖ ਦਿੱਤਾ।

ਇਸ ਤੋਂ ਪਿੱਛੋਂ ਹੀ ਉਸ ਨੇ ਪਿੱਛੇ ਮੁੜ ਕੇ ਵੇਖਿਆ ਸੀ। ਸੈਨਿਕ ਕੋਮੇਲਕੋਵਾ ਉਸ ਦੇ ਸਾਹਮਣੇ ਖੜ੍ਹੀ ਸੀ ਤੇ ਆਪਣੀ ਰਫਲ ਉਹਨੇ ਨਾਲ਼ੀ ਤੋਂ ਇਸ ਤਰਾਂ ਫੜੀ ਹੋਈ ਸੀ ਜਿਵੇਂ ਇਹ ਕੋਈ ਡੰਡਾ ਹੋਵੇ। ਕੁੰਦਾ ਲਹੂ ਨਾਲ਼ ਲਿੱਬੜਿਆ ਹੋਇਆ ਸੀ।

"ਸ਼ਾਬਾਸ਼, ਕੋਮੇਲਕੋਵਾ....ਮੈਂ ਤੇਰਾ ਸ਼ੁਕਰੀਆ.....ਅਦਾ ਕਰਦਾ ਹਾਂ...." ਸਾਰਜੈਂਟ ਮੇਜਰ ਨੇ ਤਿੰਨਾਂ ਸਾਹਾਂ ਵਿੱਚ ਮਸਾਂ ਹੀ ਇਹ ਲਫਜ ਆਖੇ।

ਉਸ ਨੇ ਉੱਠਣ ਵਾਸਤੇ ਹੰਭਲਾ ਮਾਰਿਆ ਪਰ ਨਾ ਉੱਠ ਸਕਿਆ। ਉਹ ਜ਼ਮੀਨ ਉਤੇ ਹੀ ਬੈਠਾ ਰਿਹਾ ਅਤੇ ਮੂੰਹ ਟੱਡ ਟੱਡ ਕੇ ਇਉਂ ਸਾਹ ਲੈਂਦਾ ਰਿਹਾ ਜਿਵੇਂ ਕੋਈ ਮੱਛੀ ਲੈਂਦੀ ਹੈ। ਉਸ ਨੇ ਪਹਿਲੇ ਜਰਮਨ ਵੱਲ ਮੁੜ ਕੇ ਵੇਖਿਆ। ਉਹ ਗਠਵੇਂ ਸਰੀਰ ਵਾਲ਼ਾ ਸੀ ਜਿਵੇਂ ਕੋਈ ਸਾਨ੍ਹ ਹੁੰਦਾ ਹੈ। ਉਹਦਾ ਸਰੀਰ ਅਜੇ ਵੀ ਤੜਫ ਰਿਹਾ ਸੀ, ਘੋਰੜੂ ਵੱਜ ਰਿਹਾ ਸੀ ਤੇ ਲਹੂ ਦੀ ਤਤੀਰੀ ਵਗੀ ਜਾ ਰਹੀ ਸੀ। ਦੂਜਾ ਜਣਾ ਅਹਿੱਲ ਪਿਆ ਸੀ। ਮੌਤ ਦੀਆਂ ਕੜਵੱਲਾਂ ਨੇ ਥਾਂ 'ਤੇ ਹੀ ਉਹਦੇ ਹੱਥ ਪੈਰ ਠੰਡੇ ਕਰ ਦਿੱਤੇ ਸਨ। ਕੰਮ ਖਤਮ ਹੋ ਗਿਆ ਸੀ।

"ਖੈਰ, ਹੁਣ, ਜੇਨੀਆ", ਸਾਰਜੈਂਟ ਮੇਜਰ ਨੇ ਹੌਲ਼ੀ ਜਿਹੀ ਆਖਿਆ। "ਉਹਨਾਂ ਵਿੱਚੋਂ ਦੋ ਘਟ ਗਏ..."

ਜੇਨੀਆ ਨੇ ਅਚਨਚੇਤ ਹੀ ਆਪਣੀ ਰਫਲ ਸੁੱਟੀ ਅਤੇ ਦੌੜਦੀ ਹੋਈ ਤੇ ਸ਼ਰਾਬੀਆਂ ਵਾਂਗੂੰ ਝੂਮਦੀ ਹੋਈ ਝਾੜੀਆਂ ਵਿੱਚ ਜਾ ਵੜੀ। ਉਹ ਗੋਡਿਆਂ ਦੇ ਭਾਰ ਡਿੱਗ ਪਈ। ਉਸ ਨੂੰ ਉਲਟੀ ਆ ਗਈ ਸੀ। ਉਹ ਸਿਸਕੀਆਂ ਭਰਨ ਲੱਗੀ ਤੇ ਕਿਸੇ ਨੂੰ ਵਾਜ਼ਾਂ ਮਾਰਨ ਲੱਗੀ, ਖ਼ਬਰੇ ਆਪਣੀ ਮਾਂ ਨੂੰ....

ਸਾਰਜੈਂਟ ਮੇਜਰ ਉੱਠ ਖੜ੍ਹਾ ਹੋਇਆ। ਉਸ ਦੇ ਗੋਡੇ ਹਾਲੇ ਵੀ ਕੰਬ ਰਹੇ ਸਨ ਅਤੇ ਉਹਦੇ ਢਿੱਡ ਵਿੱਚ ਵੱਟ ਪੈ ਰਹੇ ਸਨ, ਪਰ ਇੱਕ ਪਲ ਵੀ ਜਾਇਆ ਕਰਨਾ ਖਤਰੇ ਤੋਂ ਖਾਲੀ ਨਹੀਂ ਸੀ। ਉਸ ਨੇ ਕੋਮੇਲਕੋਵਾ ਨੂੰ ਨਹੀਂ ਹਿਲਾਇਆ, ਨਾ ਹੀ ਆਵਾਜ਼ ਦਿੱਤੀ। ਉਸ ਨੂੰ ਚੰਗੀ ਤਰਾਂ ਪਤਾ ਹੈ ਕਿ ਜਦੋਂ ਬੰਦਾ ਦੂ-ਬਦੂ ਲੜਾਈ ਦੇ ਤਜਰਬੇ ਵਿੱਚੋਂ ਪਹਿਲੀ ਵਾਰੀ ਲੰਘਦਾ ਹੈ, ਜਦੋਂ ਉਹ ਜਿੰਦਗੀ ਦੇ, ਕੁਦਰਤ ਦੇ ਇਸ ਨੇਮ "ਕਿਸੇ ਨੂੰ ਕਤਲ ਨਾ ਕਰੋ" ਦੀ—ਉਲੰਘਣਾ ਕਰਦਾ ਹੈ ਤਾਂ ਉਹਦੇ ਦਿਲ ਉੱਤੇ ਕੀ ਬੀਤਦੀ ਹੈ। ਬੰਦੇ ਨੂੰ ਇਸ ਗੱਲ ਦੀ ਆਦਤ ਬਣਾਉਣੀ ਪੈਂਦੀ ਹੈ, ਆਪਣਾ ਦਿਲ ਪੱਥਰ ਕਰਨਾ ਪੈਂਦਾ ਹੈ। ਤਕੜੇ-ਤਕੜੇ ਮਰਦ ਤੇ ਫੌਜੀ ਜਵਾਨ ਜੇਨੀਆ ਨਾਲ਼ੋਂ ਕਿਤੇ ਵੱਧ ਤਕੜੇ, ਵੀ ਜਿਨਾਂ ਚਿਰ ਆਪਣੀ ਜ਼ਮੀਰ ਨੂੰ ਮਾਰ ਨਹੀਂ ਲੈਂਦੇ, ਬੜੀ ਔਖ ਵਿੱਚ ਫਸੇ ਰਹਿੰਦੇ ਹਨ, ਬੜੇ ਦੁਖੀ ਹੁੰਦੇ ਹਨ ਤੇ ਇਹ ਤਾਂ ਇੱਕ ਔਰਤ ਸੀ, ਜਿਸ ਨੇ ਸ਼ਾਇਦ ਭਲਕ ਨੂੰ ਮਾਂ ਬਣਨਾ ਹੈ, ਜਿਹੜੀ ਆਪਣੇ ਸੁਭਾਅ ਸਦਕਾ ਹੀ ਕਿਸੇ ਨੂੰ ਮਾਰਨ ਵੱਢਣ ਦੇ ਖਿਲਾਫ ਹੁੰਦੀ ਹੈ। ਪਰ ਇਸ ਦੇ ਬਾਵਜੂਦ ਉਸ ਨੇ ਆਪਣੀ ਰਫਲ ਦੇ ਕੁੰਦੇ ਨਾਲ਼ ਇੱਕ ਇਨਸਾਨ ਦੀ ਖੋਪੜੀ ਪਾੜ ਕੇ ਉਸ ਨੂੰ ਜਾਨੋ ਮਾਰ ਸੁੱਟਿਆ ਸੀ ਅਤੇ ਸਾਰਜੈਂਟ ਮੇਜਰ ਨੇ ਜਰਮਨਾਂ ਦੇ ਖਿਲਾਫ ਵੀ ਇਹੋ ਗੱਲ ਨੋਟ ਕੀਤੀ ਜਿਨਾਂ ਨੇ ਮਨੁੱਖਤਾ ਦੇ ਨੇਮਾਂ ਦਾ ਉਲੰਘਣ ਕਰ ਕੇ ਆਪਣੇ ਆਪ ਨੂੰ ਕਾਨੂੰਨ ਦੀਆਂ ਹੱਦਾਂ ਤੋਂ ਬਾਹਰ ਕੱਢ ਲਿਆ ਸੀ। ਇਸੇ ਕਰਕੇ ਹੀ ਜਿਸ ਵੇਲ਼ੇ ਉਹਨੇ ਜਰਮਨਾਂ ਦੇ ਹਾਲੇ ਤੱਕ ਗਰਮ ਸਰੀਰਾਂ ਦੀ ਤਲਾਸ਼ੀ ਲਈ ਤਾਂ ਉਸਨੂੰ ਸਿਰਫ ਕਰਹਿਤ ਹੀ ਮਹਿਸੂਸ ਹੋਈ ਸੀ, ਸਿਰਫ ਕਰਹਿਤ ਜਿਵੇਂ ਉਹ ਮੁਰਦਾਰਾਂ ਨੂੰ ਹੱਥ ਲਾ ਰਿਹਾ ਹੋਵੇ।

ਉਸ ਨੂੰ ਉਹ ਚੀਜ਼ ਮਿਲ ਗਈ ਜਿਹੜੀ ਉਹ ਲੱਭ ਰਿਹਾ ਸੀ। ਇਹ ਸੀ ਤਮਾਕੂ ਦੀ ਗੁਥਲੀ ਜਿਹੜੀ ਉਸ ਮੋਟੇ ਤਾਜ਼ੇ ਜਰਮਨ ਦੀ ਜੇਬ ਵਿੱਚ ਸੀ ਜਿਸ ਦੀ ਹੁਣੇ ਹੀ ਜਾਨ ਨਿੱਕਲੀ ਸੀ ਤੇ ਇਸ ਵੇਲ਼ੇ ਚੁੱਪ ਪਿਆ ਸੀ। ਤਮਾਕੂ ਵਾਲ਼ੀ ਇਹ ਗੁਥਲੀ ਉਹਦੀ ਆਪਣੀ ਸੀ ਜਿਸ ਉੱਤੇ ਧਾਗੇ ਨਾਲ਼ ਕਢਾਈ ਕੀਤੀ ਹੋਈ ਸੀ—"**ਸਾਡੀ ਮਾਤ-ਭੂਮੀ ਦੇ ਸ਼ਾਨਦਾਰ ਰਖਵਾਲੇ ਨੂੰ।**" ਇਹ ਉਹੋ ਗੁਥਲੀ ਸੀ ਜਿਸ ਨੂੰ ਲੈਣ ਗਈ ਸੋਨੀਆ ਨੇ ਆਪਣੀ ਜਾਨ ਗੁਆ ਲਈ ਸੀ... ਉਸ ਨੇ ਠੁੱਡ ਮਾਰ ਕੇ ਇੱਕ ਜੱਤਲ ਹੱਥ ਆਪਣੇ ਰਾਹ ਵਿੱਚੋਂ ਪਾਸੇ ਹਟਾਇਆ ਅਤੇ ਜੇਨੀਆ ਦੇ ਕੋਲ਼ ਆ ਗਿਆ। ਉਹ ਹਾਲੇ ਵੀ ਝਾੜੀਆਂ ਵਿੱਚ ਗੋਡਿਆਂ ਭਾਰ ਹੋਈ ਕਦੇ ਸਿਸਕੀਆਂ ਭਰਨ ਲੱਗ ਪੈਂਦੀ, ਕਦੇ ਉਹਦਾ ਗੱਚ ਭਰ ਜਾਂਦਾ।

"ਚਲੇ ਜਾਓ..." ਉਹਨੇ ਆਖਿਆ।

ਉਸ ਨੇ ਤਮਾਕੂ ਵਾਲ਼ੀ ਗੁਥਲੀ ਉਹਦੇ ਮੂੰਹ ਦੇ ਨੇੜੇ ਕਰਕੇ ਉਸ ਨੂੰ ਵਿਖਾਈ ਜਿਸ ਨੂੰ ਉਹਨੇ ਹੱਥ ਵਿੱਚ ਲਮਕਾਇਆ ਹੋਇਆ ਸੀ। ਜੇਨੀਆ ਨੇ ਗੁਥਲੀ ਪਛਾਣ ਲਈ ਤੇ ਨਜ਼ਰ ਚੁੱਕ ਕੇ ਉਹਦੇ ਵੱਲ ਵੇਖਿਆ।

"ਉੱਠ, ਜੇਨੀਆ।"

ਉਸ ਨੇ ਉਹਨੂੰ ਸਹਾਰਾ ਦੇ ਕੇ ਉਠਾਇਆ ਅਤੇ ਉਹਨੂੰ ਬਾਹਰ ਖੁੱਲ੍ਹੀ ਥਾਂ ਲਿਆਉਣ ਹੀ ਲੱਗਾ ਸੀ ਕਿ ਜੇਨੀਆ ਨੇ ਇੱਕ ਹੀ ਕਦਮ ਪੁੱਟਿਆ ਤੇ ਖਲੋ ਗਈ ਤੇ ਸਿਰ ਹਿਲਾ ਦਿੱਤਾ।

"ਛੱਡ ਪਰੇ ਹੁਣ", ਉਸ ਨੇ ਆਖਿਆ। "ਬਥੇਰਾ ਰੋ ਲਿਆ, ਬਸ ਹੁਣ। ਤੈਨੂੰ ਇੱਕ ਗੱਲ ਸਮਝ ਲੈਣੀ ਚਾਹੀਦੀ ਹੈ। ਇਹ ਲੋਕ ਇਨਸਾਨ ਨਹੀਂ। ਇਹ ਬੰਦੇ ਨਹੀਂ, ਕਾਮਰੇਡ ਸੈਨਿਕ, ਇਹ ਤਾਂ ਜਾਨਵਰ ਵੀ ਨਹੀਂ। ਇਹ ਤਾਂ ਸਿਰਫ ਫਾਸਿਸਟ ਨੇ। ਇਹਨਾਂ ਨੂੰ ਇਸੇ ਨਜ਼ਰ ਨਾਲ਼ ਵੇਖ।"

ਜੇਨੀਆ ਉਹਨਾਂ ਵੱਲ ਵੇਖ ਨਹੀਂ ਸੀ ਸਕਦੀ ਅਤੇ ਸਾਰਜੈਂਟ-ਮੇਜਰ ਨੇ ਕੋਈ ਸਿਰੜ ਵੀ ਨਾ ਕੀਤਾ। ਉਸ ਨੇ ਚਾਰਜ਼ਰਾਂ ਸਮੇਤ ਛੋਟੀਆਂ ਮਸ਼ੀਨਗੱਨਾਂ ਚੁੱਕੀਆਂ। ਉਹ ਤਾਂ ਉਹਨਾਂ ਦੀਆਂ ਫਲਾਸਕਾਂ ਵੀ ਚੁੱਕਣ ਲੱਗਾ ਸੀ, ਪਰ ਕੋਮੇਲਕੋਵਾ ਵੱਲ ਵੇਖ ਕੇ ਉਹਨੇ ਇਰਾਦਾ ਬਦਲ ਲਿਆ। ਦਫਾ ਕਰੋ ਇਹਨਾਂ ਨੂੰ—ਦੋ ਫਲਾਸਕਾਂ ਨਾਲ਼ ਬਹੁਤਾ ਕੁੱਝ ਸੌਰਨਾ ਨਹੀਂ ਤੇ ਕੋਮੇਲਕੋਵਾ ਦੇ ਦਿਲ ਨੂੰ ਕੋਈ ਦੁੱਖ ਵੀ ਨਹੀਂ ਹੋਵੇਗਾ। ਇਸ ਘਟਨਾ ਦੀ ਯਾਦ ਕਰਾਉਣ ਵਾਲ਼ੀਆਂ ਚੀਜ਼ਾਂ ਜਿੰਨੀਆਂ ਘੱਟ ਹੋਣ ਉਨਾ ਚੰਗਾ।

ਵਾਸਕੋਵ ਨੇ ਫੈਸਲਾ ਕੀਤਾ ਕਿ ਇਹਨਾਂ ਮੁਰਦਾ ਸਰੀਰਾਂ ਨੂੰ ਲੁਕਾਉਣ ਦੀ ਕੋਈ ਲੋੜ ਨਹੀਂ। ਕੀ ਫਰਕ ਪੈਣ ਲੱਗਾ ਹੈ, ਕਿਉਂਕਿ ਇਸ ਖੁੱਲ੍ਹੀ ਥਾਂ ਤੋਂ ਲਹੂ ਦੇ ਦਾਗ ਤਾਂ ਮਿਟਾਏ ਨਹੀਂ ਜਾ ਸਕਦੇ। ਤ੍ਰਿਕਾਲਾਂ ਪੈਣ ਵਾਲ਼ੀਆਂ ਸਨ ਤੇ ਉਹਨਾਂ ਨੂੰ ਛੇਤੀ ਹੀ ਕੁਮਕ ਪਹੁੰਚ ਜਾਣ ਦੀ ਆਸ ਸੀ। ਜਰਮਨਾਂ ਕੋਲ਼ ਹੁਣ ਵਕਤ ਥੋੜ੍ਹਾ ਹੀ ਰਹਿ ਗਿਆ ਸੀ ਅਤੇ ਸਾਰਜੈਂਟ ਮੇਜਰ ਚਾਹੁੰਦਾ ਸੀ ਕਿ ਉਹਨਾਂ ਦਾ ਇਹ ਵਕਤ ਕਿਸੇ ਵੀ ਤਰਾਂ ਆਰਾਮ ਨਾਲ਼ ਨਾ ਗੁਜਰੇ। ਸ਼ਾਲਾ, ਇਹਨਾਂ ਨੂੰ ਚਿੰਤਾ ਚੂੰਢਦੀ ਰਹੇ, ਇਹ ਕਿਆਸ ਲਾਉਂਦੇ ਤੇ ਲੱਭਦੇ ਰਹਿਣ ਉਹਨਾਂ ਬੰਦਿਆਂ ਨੂੰ ਜਿਨ੍ਹਾਂ ਨੇ ਉਹਨਾਂ ਦੇ ਸੂਹੀਆਂ ਨੂੰ ਚਿੱਤ ਕਰ ਦਿੱਤਾ, ਇਹ ਡਰੇ ਸਹਿਮੇ ਰਹਿਣ ਹਰ ਆਵਾਜ਼ ਤੋਂ ਹਰ ਪਰਛਾਵੇਂ ਤੋਂ।

ਜਿਵੇਂ ਹੀ ਉਹ ਇੱਕ ਛੋਟੀ ਜਿਹੀ ਛੱਪੜੀ 'ਤੇ ਆਏ (ਉੱਥੇ ਬਹੁਤ ਸਾਰੀਆਂ ਛੱਪੜੀਆਂ ਜਿਹੀਆਂ ਸਨ ਜਿਵੇਂ ਲਾਖੇ ਵਾਲ਼ਾਂ ਵਾਲ਼ੀ ਕੁੜੀ ਦੇ ਮੂੰਹ 'ਤੇ ਦਾਗ) ਸਾਰਜੈਂਟ ਮੇਜਰ ਨੇ ਹੱਥ ਮੂੰਹ ਧੋਤਾ ਅਤੇ ਆਪਣੀ ਕਮੀਜ਼ ਦੇ ਪਾਟ ਗਏ ਕਾਲਰ ਨੂੰ ਠੀਕ ਠਾਕ ਕੀਤਾ ਤੇ ਜੇਨੀਆਂ ਨੂੰ ਆਖਿਆ-

"ਕੀ ਖਿਆਲ ਏ ? ਹੱਥ ਮੂੰਹ ਨਹੀਂ ਧੋਣਾ ?"

ਉਸ ਨੇ ਸਿਰ ਮਾਰ ਦਿੱਤਾ। ਹਾਲੇ ਉਹਦੇ ਵਿੱਚ ਬੋਲਣ ਦੀ ਹਿੰਮਤ ਨਹੀਂ ਸੀ। ਅਜੇ ਉਹ ਉਸੇ ਹੀ ਤਰਾਂ ਡੌਰ ਭੌਰ ਸੀ... ਸਾਰਜੈਂਟ ਮੇਜਰ ਨੇ ਇੱਕ ਲੰਮਾ ਸਾਹ ਲਿਆ ਤੇ ਪੁੱਛਿਆ-

"ਕੁੜੀਆਂ ਕੋਲ਼ ਆਪੇ ਪਹੁੰਚ ਜਾਵੇਗੀ ਜਾ ਮੈਂ ਨਾਲ਼ ਚੱਲਾਂ ?"

"ਮੈਂ ਚਲੀ ਜਾਵਾਂਗੀ।"

"ਭੱਜ ਕੇ ਜਾ ਫਿਰ। ਤੇ ਉਹਨਾਂ ਨੂੰ ਨਾਲ਼ ਹੀ ਲੈ ਆ—ਜਿੱਥੇ ਸੋਨੀਆ ਹੈ। ਪਤਾ ਈ, ਕਿਹੜੀ ਥਾਂ ਏ... ਕੱਲੀ ਜਾਂਦਿਆਂ ਡਰ ਤਾਂ ਨਹੀਂ ਲਗਦਾ ?"

"ਨਹੀਂ।"

"ਪਰ ਸੰਭਲ ਕੇ ਜਾਈਂ, ਖ਼ਬਰਦਾਰੀ ਨਾਲ਼, ਸਮਝੀ ?"

"ਸਮਝਦੀ ਆਂ।"

"ਜਾ ਫਿਰ। ਉਥੇ ਨਾ ਬੈਠੀਆਂ ਰਿਹਾ ਜੇ। ਮਾਤਮ ਬਾਅਦ ਵਿੱਚ ਕਰ ਲਵਾਂਗੇ।"

ਉਹ ਦੋਵੇਂ ਇੱਕ ਦੂਜੇ ਤੋਂ ਅਲੱਗ ਹੋ ਗਏ। ਜਿਨਾ ਚਿਰ ਉਹ ਨਜ਼ਰਾਂ ਤੋਂ ਉਹਲੇ ਨਹੀਂ ਹੋ

ਗਈ। ਸਾਰਜੈਂਟ ਮੇਜਰ ਜੇਨੀਆ ਵੱਲ ਵੇਖਦਾ ਰਿਹਾ। ਜਿਸ ਤਰੀਕੇ ਨਾਲ਼ ਉਹ ਜਾ ਰਹੀ ਸੀ ਉਹ ਉਸ ਨੂੰ ਪਸੰਦ ਨਹੀਂ ਸੀ। ਉਹ ਕੇਵਲ ਆਪਣੇ ਆਪ ਨੂੰ ਹੀ, ਜੋ ਕੁੱਝ ਉਹਦੇ ਅੰਦਰੋਂ ਆਵਾਜ਼ ਉੱਠ ਰਹੀ ਸੀ ਉਸੇ ਨੂੰ ਹੀ ਸੁਣ ਰਹੀ ਸੀ ਤੇ ਦੁਸ਼ਮਣ ਵੱਲੋਂ ਉਹ ਬੇਧਿਆਨੀ ਸੀ। ਅਜੀਬ ਸਿਪਾਹੀਆਂ ਦਾ ਦਸਤਾ ਸੀ ਉਹਦਾ ਵੀ...

ਸੋਨੀਆਂ ਦੀਆਂ ਬੇਨੂਰ ਅੱਧਖੁੱਲ੍ਹੀਆਂ ਅੱਖਾਂ ਤਾਰੇ ਲੱਗੀਆਂ ਹੋਈਆਂ ਸਨ। ਸਾਰਜੈਂਟ ਮੇਜਰ ਨੇ ਇੱਕ ਵਾਰ ਫਿਰ ਉਹਨਾਂ ਨੂੰ ਬੰਦ ਕਰਨ ਦੀ ਕੋਸ਼ਿਸ਼ ਕੀਤੀ ਪਰ ਕੁੱਝ ਨਾ ਬਣਿਆ। ਤਦ ਉਸ ਨੇ ਸੋਨੀਆ ਦੀ ਫੌਜੀ ਕਮੀਜ਼ ਦੀਆਂ ਛਾਤੀ ਵਾਲ਼ੀਆਂ ਜੇਬਾਂ ਦੇ ਬਟਨ ਖੋਹਲੇ ਅਤੇ ਉਹਨਾਂ ਵਿੱਚੋਂ ਉਸ ਦਾ ਕੋਮਸੋਮੋਲ ਕਾਰਡ, ਅਨੁਵਾਦਕਾਂ ਦੇ ਸਕੂਲ ਦਾ ਸਨਾਖਤੀ ਕਾਗਜ਼, ਦੋ ਚਿੱਠੀਆਂ ਤੇ ਇੱਕ ਫੋਟੋ ਕੱਢ ਲਈ। ਇਹ ਇੱਕ ਗਰੁੱਪ ਫੋਟੋ ਸੀ ਜਿਸ ਵਿੱਚ ਸਭ ਨੇ ਸਿਵਲੀਅਨ ਕੱਪੜੇ ਪਾਏ ਹੋਏ ਸਨ। ਗਰੁੱਪ ਵਿਚਕਾਰ ਕੌਣ ਸੀ ਇਸ ਦਾ ਸਾਰਜੈਂਟ ਮੇਜਰ ਨੂੰ ਪਤਾ ਨਹੀਂ ਲੱਗ ਸਕਿਆ ਕਿਉਂਕਿ ਜਿਹੜੀ ਛੁਰੀ ਨਾਲ਼ ਸੋਨੀਆ ਦੀ ਮੌਤ ਹੋਈ ਉਸ ਨੇ ਇੱਥੇ ਮੋਰੀ ਕਰ ਦਿੱਤੀ ਸੀ। ਪਰ ਉਸ ਨੇ ਸੋਨੀਆਂ ਨੂੰ ਪਛਾਣ ਲਿਆ। ਉਹ ਗਰੁੱਪ ਦੇ ਇੱਕ ਪਾਸੇ ਖੜ੍ਹੀ ਸੀ ਤੇ ਉਹਨੇ ਚੌੜੇ ਕਾਲਰ ਵਾਲ਼ੀ ਪੂਰੀਆਂ ਬਾਹਾਂ ਦੀ ਫਰਾਕ ਪਾਈ ਹੋਈ ਸੀ। ਕਾਲਰ ਵਿੱਚੋਂ ਉਸ ਦੀ ਪਤਲੀ ਜਿਹੀ ਧੌਣ ਇਉਂ ਬਾਹਰ ਨਿੱਕਲੀ ਹੋਈ ਸੀ ਜਿਵੇਂ ਪੰਜਾਲੀ ਵਿੱਚੋਂ ਨਿੱਕਲੀ ਹੋਵੇ। ਉਸ ਨੂੰ ਇੱਕ ਦਿਨ ਪਹਿਲਾਂ ਹੋਈ ਗੱਲਬਾਤ ਦਾ, ਸੋਨੀਆ ਦੇ ਗਮ ਦਾ ਚੇਤਾ ਆ ਗਿਆ ਅਤੇ ਤਲਖੀ ਵਿੱਚ ਆ ਕੇ ਉਹ ਸੋਚਣ ਲੱਗਾ ਕਿ ਕੋਈ ਵੀ ਐਸਾ ਆਦਮੀ ਨਹੀਂ ਜਿਸ ਨੂੰ ਉਹ ਸੋਨੀਆ ਦੀ ਬਹਾਦਰਾਨਾ ਮੌਤ ਦੀ, ਸੈਨਿਕ ਸੋਫੀਆ ਸੋਲੋਮੋਨੋਵਨਾ ਗੁਰਵਿਚ ਦੀ ਖਬਰ ਲਿਖ ਭੇਜੇ। ਉਸ ਨੇ ਸੋਨੀਆ ਦਾ ਛੋਟਾ ਜਿਹਾ ਰੁਮਾਲ ਚੁੱਕਿਆ, ਇਸ ਨੂੰ ਆਪਣੇ ਬੁੱਲਾਂ ਨਾਲ਼ ਗਿੱਲਾ ਕੀਤਾ, ਉਹਦੀਆਂ ਮੁਰਦਾ ਝਿੰਮਣੀਆਂ ਤੋਂ ਲਹੂ ਪੂੰਝਿਆ ਤੇ ਉਹਦਾ ਮੂੰਹ ਢਕ ਦਿੱਤਾ। ਦਸਤਾਵੇਜ਼ਾਂ ਉਸ ਨੇ ਆਪਣੀ ਜੇਬ ਵਿੱਚ, ਆਪਣੀ ਛਾਤੀ ਵਾਲ਼ੀ ਖੱਬੀ ਜੇਬ ਵਿੱਚ ਰੱਖ ਲਈਆਂ ਜਿਸ ਵਿੱਚ ਉਹਦਾ ਆਪਣਾ ਪਾਰਟੀ ਕਾਰਡ ਪਿਆ ਸੀ। ਉਹ ਸੋਨੀਆਂ ਦੇ ਕੋਲ਼ ਬੈਠ ਗਿਆ ਅਤੇ ਯਾਦਭਰੀ ਨਿਸ਼ਾਨੀ ਬਣੀ ਹੋਈ ਗੁਥਲੀ ਵਿੱਚੋਂ ਤਮਾਕੂ ਕੱਢ ਕੇ ਸਿਗਰਟ ਬਣਾਈ।

ਉਸ ਦਾ ਰੋਹ ਮਿਟ ਗਿਆ ਸੀ, ਉਸ ਦੇ ਦਿਲ ਦੀ ਪੀੜ ਵੀ ਸੌਂ ਗਈ ਸੀ। ਬਸ ਉਹ ਗਮ ਤੇ ਅਫਸੋਸ ਦੀ ਮੂਰਤ ਬਣਿਆਂ ਹੋਇਆ ਸੀ। ਉਹਦਾ ਅੰਦਰ ਗਮ ਨਾਲ਼ ਭਰਿਆ ਹੋਇਆ ਸੀ, ਜਿਸ ਨਾਲ਼ ਉਹਦਾ ਦਮ ਘੁੱਟ ਰਿਹਾ ਸੀ। ਪਰ ਇਸ ਵੇਲ਼ੇ ਵਕਤ ਸੀ ਸੋਚਣ ਵਿਚਾਰਨ ਦਾ, ਹਾਲਤ ਸੀ ਪਰਖਣ ਜੋਖਣ ਦੀ ਅਤੇ ਇਹ ਸਮਝਣ ਦੀ ਕਿ ਅੱਗੇ ਕੀ ਕਰਨਾ ਹੈ। ਉਸ ਨੂੰ ਇਸ ਗੱਲ ਦਾ ਕੋਈ ਅਫਸੋਸ ਨਹੀਂ ਸੀ ਕਿ ਉਸ ਨੇ ਜਰਮਨ ਸੂਹੀਆਂ ਨੂੰ ਮਾਰ ਦਿੱਤਾ ਹੈ ਤੇ ਇਸ ਤਰਾਂ ਆਪਣੀ ਮੌਜੂਦਗੀ ਜ਼ਾਹਿਰ ਕਰ ਦਿੱਤੀ ਹੈ। ਇਹ ਗੱਲ ਉਹਦੇ ਹੱਕ ਵਿੱਚ ਜਾਂਦੀ ਸੀ। ਹੁਣ ਸਿਰਫ ਇੱਕੋ ਕੰਮ ਕਰਨ ਵਾਲ਼ਾ ਸੀ ਕਿ ਹੈਡਕੁਆਟਰ ਵਿੱਚ ਖ਼ਬਰ ਪਹੁੰਚਣ ਦੀ ਉਡੀਕ ਕਰੇ। ਜਲਦੀ ਹੀ ਇੱਕ ਦਸਤੇ ਨੂੰ ਇਹ ਹੁਕਮ ਮਿਲ ਜਾਣਗੇ ਕਿ ਹਾਲਤ ਨਾਲ਼ ਕਿਵੇਂ ਨਿੱਬੜਨਾ ਹੈ ਤੇ ਇਸ ਦਾ ਸਭ ਤੋਂ ਚੰਗਾ ਤਰੀਕਾ ਕਿਹੜਾ ਹੈ। ਇਹਨਾਂ ਚਾਰ ਜਣਿਆਂ ਨੂੰ, ਤਿੰਨ ਜਾਂ ਸ਼ਬਰੇ ਵੱਧ ਤੋਂ ਵੱਧ ਪੰਜ ਘੰਟੇ ਹੋਰ ਚੌਦਾਂ ਜਰਮਨਾਂ ਦੇ ਵਿਰੁੱਧ ਡਟੇ ਰਹਿਣਾ ਪਵੇਗਾ ਅਤੇ ਉਹਦਾ ਅੰਦਾਜਾ ਸੀ ਕਿ ਉਹ ਇਹ ਕੰਮ ਕਰ ਸਕਦੇ ਹਨ। ਖਾਸ ਕਰਕੇ ਹੁਣ ਜਦੋਂ ਉਹਨਾਂ ਨੇ ਜਰਮਨਾਂ ਨੂੰ ਝੀਲ ਲੇਗੋਨਤੋਵੋ ਦਾ ਚੱਕਰ

ਕੱਟਣ ਵਿੱਚ ਪਾ ਕੇ ਸਿੱਧਾ ਰਾਹ ਛੱਡ ਜਾਣ ਲਈ ਮਜ਼ਬੂਰ ਕਰ ਦਿੱਤਾ ਹੈ। ਉਸ ਰਾਹੇ ਉਹਨਾਂ ਨੂੰ ਪੂਰੇ ਚੌਵੀ ਘੰਟੇ ਲੱਗ ਜਾਣਗੇ।

ਉਹਦਾ ਦਸਤਾ ਆਪਣੀਆਂ ਸਭ ਚੀਜ਼ਾਂ ਵਸਤਾਂ ਲੈ ਕੇ ਉਹਦੇ ਕੋਲ਼ ਆ ਗਿਆ ਸੀ। ਦੋ ਕੁੜੀਆਂ ਗੈਰ ਹਾਜਰ ਸਨ— ਇਹ ਸੱਚ ਹੈ ਕਿ ਦੋ ਵੱਖ-ਵੱਖ ਤਰੀਕਿਆਂ ਨਾਲ਼—ਪਰ ਉਹਨਾਂ ਦਾ ਸਾਮਾਨ ਉਹਨਾਂ ਦੀ ਟੋਲੀ ਕੋਲ਼ ਸੀ ਅਤੇ ਹੁਣ ਇਸ ਟੋਲੀ ਕੋਲ਼ ਢੇਰ ਸਾਰਾ ਸਾਮਾਨ ਇਕੱਠਾ ਹੋ ਗਿਆ ਸੀ ਜਿਵੇਂ ਸੰਜਮ ਸਰਫੇ ਵਾਲ਼ੇ ਟੱਬਰ ਕੋਲ਼ ਹੁੰਦਾ ਹੈ। ਗਾਲੀਆ ਚਿਤਵਿਰਤਕ ਕੰਬਣ ਲੱਗ ਪਈ ਅਤੇ ਸੋਨੀਆ ਦੀ ਇਹ ਦਿਹ ਵੇਖ ਕੇ ਉਹਦੀਆਂ ਚੀਕਾਂ ਨਿੱਕਲ ਚੱਲੀਆਂ ਸਨ, ਪਰ ਓਸੀਆਨੀਨਾ ਨੇ ਕੜਕ ਕੇ ਹੁਕਮ ਦਿੱਤਾ ਸੀ—

"ਕੋਈ ਝੱਲ ਨਹੀਂ ਖਿਲਾਰਨਾ, ਹੁਣ।"

ਗਾਲੀਆ ਚੁੱਪ ਹੋ ਗਈ। ਉਹ ਸੋਨੀਆ ਦੇ ਸਿਰ ਕੋਲ਼ ਗੋਡਿਆਂ ਪਰਨੇ ਬਹਿ ਗਈ ਤੇ ਹੌਲ਼ੀ-ਹੌਲ਼ੀ ਰੋਣ ਲੱਗ ਪਈ। ਰੀਤਾ ਦੇ ਉੱਭੇ ਸਾਹਾਂ ਦੀ ਆਵਾਜ਼ ਸੁਣਦੀ ਸੀ ਭਾਵੇਂ ਉਹਦੀਆਂ ਅੱਖਾਂ ਵਿੱਚ ਅੱਥਰੂ ਕੋਈ ਨਹੀਂ ਸੀ ਤੇ ਇਹ ਮਘਦੇ ਕੋਲਿਆਂ ਵਾਂਗ ਦਹਿਕ ਰਹੀਆਂ ਸਨ।

"ਚਲੋ, ਕਰੀਏ ਹੁਣ ਜੋ ਕੁੱਝ ਕਰਨਾ ਚਾਹੀਦਾ ਹੈ", ਸਾਰਜੈਂਟ ਮੇਜਰ ਨੇ ਆਖਿਆ।

ਉਸ ਨੇ ਆਪਣਾ ਕੁਹਾੜਾ ਫੜਿਆ (ਉਸ ਨੂੰ ਅਫਸੋਸ ਹੋ ਰਿਹਾ ਸੀ ਕਿ ਇਹੋ ਜਿਹੇ ਹੰਗਾਮੀ ਮੌਕੇ ਵਾਸਤੇ ਉਹਦੇ ਕੋਲ਼ ਬੇਲਚਾ ਨਹੀਂ ਸੀ) ਅਤੇ ਪੱਥਰਾਂ ਵਿੱਚ ਕਬਰ ਵਾਸਤੇ ਥਾਂ ਲੱਭਣ ਤੁਰ ਪਿਆ। ਉਸ ਨੇ ਕੁੱਝ ਟਹਿਣੀਆਂ ਵੱਢੀਆਂ ਅਤੇ ਮਘੋਰੇ ਦੇ ਹੇਠਾਂ ਟਿਕਾ ਦਿੱਤੀਆਂ ਤੇ ਵਾਪਸ ਆ ਗਿਆ।

"ਚੋਟੀ ਦੇ ਨੰਬਰ ਲੈਂਦੀ ਹੁੰਦੀ ਸੀ", ਓਸੀਆਨੀਨਾ ਨੇ ਆਖਿਆ "ਸਕੂਲ ਵਿੱਚ ਵੀ ਤੇ ਯੂਨੀਵਰਸਿਟੀ ਵਿੱਚ ਵੀ ਚੋਟੀ ਦੇ ਨੰਬਰ ਲੈਣ ਵਾਲ਼ਿਆਂ ਵਿੱਚ ਹੁੰਦੀ ਸੀ।"

"ਹਾਂ", ਸਾਰਜੈਂਟ ਮੇਜਰ ਨੇ ਆਖਿਆ। "ਕਵਿਤਾਵਾਂ ਪੜ੍ਹਨ ਦਾ ਸ਼ੌਂਕ ਸੀ ਉਹਨੂੰ।"

ਆਪਣੇ ਮਨ ਵਿੱਚ ਉਹ ਸੋਚ ਰਿਹਾ ਸੀ ਕਿ ਮੁੱਖ ਗੱਲ ਇਹ ਨਹੀਂ। ਮੁੱਖ ਗੱਲ ਤਾਂ ਇਹ ਸੀ ਕਿ ਸੋਨੀਆ ਦੇ ਬੱਚੇ ਹੁੰਦੇ ਜਿਨ੍ਹਾਂ ਦੇ ਅੱਗੋਂ ਫੇਰ ਬੱਚੇ ਹੁੰਦੇ ਤੇ ਇਸ ਤਰਾਂ ਕੁਲ ਤੁਰੀ ਰਹਿੰਦੀ ਤੇ ਹੁਣ ਇਹ ਕੁਲ ਖਤਮ ਹੋ ਗਈ, ਇਹ ਤੰਦ ਟੁੱਟ ਗਈ। ਮਨੁੱਖਤਾ ਦੀ ਅਨੰਤ ਤਾਣੀ ਦੀ ਇੱਕ ਨਿੱਕੀ ਜਿਹੀ ਤੰਦ ਛੁਰੀ ਨਾਲ਼ ਕੱਟੀ ਗਈ।...

"ਚੁੱਕੋ", ਉਸ ਨੇ ਆਖਿਆ।

ਕੋਮੇਲਕੋਵਾ ਤੇ ਓਸੀਆਨੀਨਾ ਨੇ ਮੋਢੇ ਤੋਂ ਫੜ ਲਿਆ ਅਤੇ ਚਿਤਵਿਰਤਕ ਨੇ ਪੈਰਾਂ ਤੋਂ। ਲੜਖੜਾਉਂਦੀਆਂ ਤੇ ਝੂਲਦੀਆਂ ਉਹ ਉਸ ਨੂੰ ਚੁੱਕ ਕੇ ਤੁਰ ਪਈਆਂ ਅਤੇ ਚਿਤਵਿਰਤਕ ਤਾਂ ਪੈਰ ਪੈਰ 'ਤੇ ਡੋਲਦੀ ਸੀ, ਕੁਚੱਜਿਆਂ ਵਾਂਗ ਤੁਰਦੀ ਸੀ ਕਿਉਂਕਿ ਉਹਦੇ ਬੂਟ ਜੋ ਆੜਾ ਬਾੜਾ ਕਰ ਕੇ ਬਣਾਏ ਹੋਏ ਸਨ। ਸਾਰਜੈਂਟ ਮੇਜਰ ਉਹਨਾਂ ਦੇ ਪਿੱਛੇ-ਪਿੱਛੇ ਤੁਰ ਪਿਆ। ਉਹਦੇ ਹੱਥਾਂ ਵਿੱਚ ਸੋਨੀਆ ਦਾ ਵੱਡਾ ਕੋਟ ਸੀ।

"ਰੁਕ ਜਾਓ" ਮਘੋਰੇ ਦੇ ਨੇੜੇ ਪਹੁੰਚਣ 'ਤੇ ਉਸ ਨੇ ਆਖਿਆ "ਰੱਖ ਦਿਓ ਇੱਥੇ ਪਲ ਦੀ ਪਲ।"

ਉਹਨਾਂ ਨੇ ਸੋਨੀਆਂ ਦੇ ਦਿਹ ਕਬਰ ਦੇ ਸਿਰੇ 'ਤੇ ਰੱਖ ਦਿੱਤੀ। ਜਮੀਨ ਪੱਧਰੀ ਨਹੀਂ ਸੀ ਜਿਸ

ਕਰਕੇ ਉਹਦਾ ਸਿਰ ਓਨਾ ਚਿਰ ਇੱਕ ਪਾਸੇ ਨੂੰ ਲੁੜ੍ਹਕ ਲੁੜ੍ਹਕ ਜਾਂਦਾ ਰਿਹਾ ਜਿੰਨਾ ਚਿਰ ਕੋਮੇਲਕੋਵਾ ਨੇ ਉਹਦੀ ਗੱਲ੍ਹ ਹੇਠ ਉਹਦੀ ਟੋਪੀ ਨਹੀਂ ਰੱਖ ਦਿੱਤੀ। ਫੇਦੋਤ ਵਾਸਕੋਵ ਨੇ ਮਮੂਲੀ ਜਿਹਾ ਸੋਚਿਆ ਅਤੇ ਓਸੀਆਨੀਨਾ ਵੱਲ ਵੇਖੇ ਬਗੈਰ ਘੁਰਕਿਆ (ਉਫ, ਉਹ ਇਹ ਕੰਮ ਨਹੀਂ ਸੀ ਕਰਨਾ ਚਾਹੁੰਦਾ, ਨਹੀਂ ਸੀ ਚਾਹੰਦਾ!)–

"ਇਸ ਦੀਆਂ ਲੱਤਾਂ ਫੜ।"

"ਉਹ ਕਾਹਦੇ ਲਈ?"

"ਜੋ ਆਖਿਆ ਗਿਆ ਹੈ, ਉਹ ਕਰ। ਹਾਂ, ਇੱਥੋਂ ਨਹੀਂ—ਗੋਡਿਆਂ ਤੋਂ ਫੜ।"

ਤੇ ਉਹਨੇ ਖਿੱਚ ਕੇ ਇੱਕ ਬੂਟ ਲਾਹਿਆ।

"ਕੀ ਕਰਦੇ ਓ?" ਓਸੀਆਨੀਨਾ ਚਿਲਾਈ।" ਨਾ ਕਰੋ, ਕਿਉਂ ਲਾਹੁੰਦੇ ਓ?"

"ਇਸ ਕਰਕੇ ਕਿ ਇੱਕ ਸੈਨਿਕ ਪੈਰੋਂ ਨੰਗੀ ਏ, ਬਸ ਇਸ ਕਰਕੇ।"

"ਨਾ, ਨਾ, ਨਾ!" ...ਚਿਤਵਿਰਤਕ ਨੇ ਝੱਲਿਆ ਕੇ ਆਖਿਆ।

"ਅਸੀਂ ਇੱਥੇ ਸ਼ਿਕਾਰ ਖੇਡਣ ਨਹੀਂ ਆਏ ਹੋਏ, ਬੀਬਾ" ਸਾਰਜੈਂਟ ਮੇਜਰ ਨੇ ਹੌਂਕਾ ਭਰਿਆ। "ਜਿਉਂਦਿਆਂ ਬਾਰੇ ਸੋਚਣ ਦੀ ਲੋੜ ਹੈ। ਲੜਾਈ ਦਾ ਸਿਰਫ ਇਹੋ ਅਸੂਲ ਹੈ। ਫੜ, ਓਸੀਆਨੀਨਾ। ਇਹ ਹੁਕਮ ਹੈ।"

ਉਸ ਨੇ ਦੂਸਰਾ ਬੂਟ ਵੀ ਖਿੱਚ ਲਿਆ ਅਤੇ ਗਾਲੀਆ ਚਿਤਵਿਰਤਕ ਨੂੰ ਸੰਬੋਧਨ ਕਰ ਕੇ ਬੋਲਿਆ–

"ਪਾ ਲੈ ਇਹਨਾਂ ਨੂੰ। ਜਜ਼ਬਾਤੀ ਬਣਨ ਦੀ ਨਹੀਂ ਲੋੜ। ਜਰਮਨਾਂ ਨੇ ਸਾਡਾ ਲਿਹਾਜ ਨਹੀਂ ਕਰਨਾ।"

ਉਸ ਨੇ ਕਬਰ ਵਿੱਚ ਛਾਲ ਮਾਰੀ, ਸੋਨੀਆ ਨੂੰ ਚੁੱਕਿਆ। ਉਸਨੂੰ ਉਹਦੇ ਵੱਡੇ ਕੋਟ ਵਿੱਚ ਲਪੇਟਿਆ ਅਤੇ ਕਬਰ ਵਿੱਚ ਲਿਟਾ ਦਿੱਤਾ। ਕੁੜੀਆਂ ਉਸਨੂੰ ਪੱਥਰ ਫੜਾਉਂਦੀਆਂ ਗਈਆਂ ਤੇ ਉਹ ਕਬਰ ਵਿੱਚ ਟਿਕਾਈ ਗਿਆ। ਸਾਰਾ ਕੰਮ ਉਹਨਾਂ ਨੇ ਛੇਤੀ ਛੇਤੀ ਬਿਨਾਂ ਬੋਲੇ ਕੁਸਕੇ ਦੇ ਮੁਕਾਇਆ। ਜਲਦੀ ਹੀ ਉਸ ਥਾਂ ਇੱਕ ਧੜਾ ਜਿਹਾ ਬਣ ਗਿਆ ਅਤੇ ਸਾਰਜੈਂਟ ਮੇਜਰ ਨੇ ਸੋਨੀਆ ਦੀ ਟੋਪੀ ਕਬਰ ਉੱਤੇ ਰੱਖ ਦਿੱਤੀ ਤੇ ਉੱਪਰ ਇੱਕ ਪੱਥਰ ਰੱਖ ਦਿੱਤਾ ਅਤੇ ਕੋਮੇਲਕੋਵਾ ਨੇ ਇੱਕ ਹਰੀ ਟਹਿਣੀ ਧਰ ਦਿੱਤੀ।

"ਨਕਸ਼ੇ ਉੱਤੇ ਨਿਸ਼ਾਨ ਲਾ ਦਿਆਂਗੇ", ਉਸ ਨੇ ਆਖਿਆ।

"ਜੰਗ ਤੋਂ ਮਗਰੋਂ ਉਹਦੀ ਯਾਦਗਾਰ ਬਣੇਗੀ।"

ਉਸ ਨੇ ਨਕਸ਼ੇ ਉਤੇ ਥਾਂ ਲੱਭੀ ਤੇ ਇਸ ਉੱਤੇ ਕਾਟਾ ਮਾਰ ਕੇ ਨਿਸ਼ਾਨ ਲਾ ਦਿੱਤਾ। ਜਦੋਂ ਉਸ ਨੇ ਨਜ਼ਰ ਚੁੱਕ ਕੇ ਵੇਖਿਆ ਤਾਂ ਚਿਤਵਿਰਤਕ ਨੇ ਇੱਕ ਪੈਰ ਉੱਤੇ ਹਾਲੇ ਵੀ ਕੱਪੜਾ ਲਪੇਟਿਆ ਹੋਇਆ ਸੀ।

"ਸੈਨਿਕ ਚਿਤਵਿਰਤਕ, ਕੀ ਗੱਲ ਹੈ? ਬੂਟ ਕਿਉਂ ਨਹੀਂ ਪਾਏ?" ਚਿਤਵਿਰਤਕ ਕੰਬਣ ਲੱਗ ਪਈ–

"ਨਹੀਂ!....ਨਹੀਂ, ਨਹੀਂ, ਨਹੀਂ! ਮੈਥੋਂ ਨਹੀਂ ਇਹ ਹੋ ਸਕਦਾ! ਇਹ ਹਾਨੀਕਾਰਕ ਏ! ਮੈਨੂੰ ਪਤਾ ਏ, ਮੇਰੀ ਮਾਂ ਡਾਕਟਰ ਏ..."

"ਝੂਠ ਨਾ ਬੋਲ!" ਅਚਾਨਕ ਓਸੀਆਨੀਨਾ ਚਿਲਾਈ। "ਬਥੇਰਾ ਹੋ ਗਿਆ! ਕੋਈ ਮਾਂ ਮੂੰ ਨਹੀਂ ਤੇਰੀ। ਕਦੇ ਵੀ ਨਹੀਂ ਸੀ! ਤੂੰ ਯਤੀਮ ਏਂ ਤੇ ਐਵੇਂ ਫਜ਼ੂਲ ਬਾਤਾਂ ਨਾ ਪਾ।"

ਗਾਲੀਆ ਦੀਆਂ ਡਾਡਾਂ ਨਿੱਕਲ ਗਈਆਂ। ਉਹਦੀਆਂ ਅੱਖਾਂ ਵਿੱਚੋਂ ਪਰਲ-ਪਰਲ ਹੰਝੂ ਵਗਣ ਲੱਗ ਪਏ ਜਿਵੇਂ ਖਿਲੌਣਾ ਟੁੱਟ ਜਾਣ 'ਤੇ ਬੱਚੇ ਦੇ ਅੱਥਰੂ ਵਗਦੇ ਹਨ।...

10

"ਇਹ ਗੱਲ ਕਿਉਂ ਆਖਦੀ ਏਂ, ਕਾਹਦੇ ਲਈ? ਜੇਨੀਆ ਨੇ ਝਿੜਕ ਦਿੱਤੀ ਅਤੇ ਹਟਕੋਰੇ ਭਰਦੀ ਚਿਤਵਿਰਤਕ ਨੂੰ ਆਪਣੇ ਕਲਾਵੇ ਵਿੱਚ ਲੈ ਲਿਆ। "ਸਾਨੂੰ ਕੀਨਾ ਖੋਰ ਨਹੀਂ ਬਣਨਾ ਚਾਹੀਦਾ, ਨਹੀਂ ਤਾਂ ਅਸੀਂ ਵੀ ਵਹਿਸ਼ੀ ਹੋਏ। ਜਿਵੇਂ ਜਰਮਨ ਵਹਿਸ਼ੀ ਨੇ।"

ਓਸੀਆਨੀਨਾ ਅੱਗੋਂ ਕੁੱਝ ਨਹੀਂ ਬੋਲੀ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਗਾਲੀਆ ਯਤੀਮ ਸੀ ਅਤੇ ਉਹਦਾ ਉਪਨਾਮ ਚਿਤਵਿਰਤਕ (ਪਊਆ) ਵੀ ਯਤੀਮਖਾਨੇ ਵਿੱਚ ਹੀ ਪਿਆ। ਇਸ ਕਾਰਨ ਕਿ ਉਹਦਾ ਕੱਦ ਉੱਥੇ ਸਭਨਾਂ ਨਾਲ਼ੋਂ ਛੋਟਾ ਸੀ।

ਯਤੀਮਖਾਨੇ ਦੀ ਇਮਾਰਤ ਕਿਸੇ ਜਮਾਨੇ ਵਿੱਚ ਮੱਠ ਹੁੰਦੀ ਸੀ ਜਿਸ ਦੀ ਗੂੰਜਵੀਂ ਡਾਟਦਾਰ ਛੱਤ ਤੋਂ ਭੂਰੇ ਰੰਗ ਦੀਆਂ ਮੋਟੀਆਂ ਮੋਟੀਆਂ ਸੁੰਡੀਆਂ ਡਿਗਦੀਆਂ ਸਨ। ਇਮਾਰਤ ਵਿੱਚ ਕਿੰਨੇ ਸਾਰੇ ਛੋਟੇ ਗਿਰਜੇ ਸਨ ਜਿਨ੍ਹਾਂ ਨੂੰ ਯਤੀਮਖਾਨੇ ਦੇ ਤੌਰ 'ਤੇ ਵਰਤਿਆ ਜਾਂਦਾ ਸੀ। ਇਹਨਾਂ ਦੀਆਂ ਕੰਧਾਂ ਤੋਂ ਕਾਹਲ਼ੀ ਕਾਹਲ਼ੀ ਕੀਤੀ ਕਲੀ ਸਦਕਾ ਸੰਤਾਂ ਸਾਧੂਆਂ ਦੇ ਦਾੜ੍ਹੀਆਂ ਵਾਲ਼ੇ ਧੁੰਦਲੇ-ਧੁੰਦਲੇ ਚਿਹਰੇ ਬੱਚਿਆਂ ਵੱਲ ਝਾਕਦੇ ਸਨ ਅਤੇ ਮੱਠ ਦੀਆਂ ਕੋਠੜੀਆਂ ਵਿੱਚ ਏਨੀ ਠੰਡ ਹੁੰਦੀ ਸੀ ਜਿਵੇਂ ਕਿਤੇ, ਭੋਰੇ ਹੋਣ।

ਗਾਲੀਆ ਦਸਾਂ ਵਰ੍ਹਿਆਂ ਦੀ ਸੀ ਜਦੋਂ ਉਹ ਇੱਕ ਹੰਗਾਮਾ ਖੜ੍ਹਾ ਕਰਕੇ ਸਾਰਿਆਂ ਵਿੱਚ ਮਸ਼ਹੂਰ ਹੋ ਗਈ ਸੀ। ਮੱਠ ਕਾਇਮ ਹੋਣ ਦੇ ਦਿਨ ਤੋਂ ਹੀ ਉੱਥੇ ਇਸ ਤਰਾਂ ਦਾ ਹੰਗਾਮਾ ਕਦੇ ਨਹੀਂ ਸੀ ਹੋਇਆ। ਗੱਲ ਇਸ ਤਰਾਂ ਹੋਈ ਕਿ ਇੱਕ ਰਾਤ ਜਦੋਂ ਉਹ ਬਿਸਤਰੇ ਤੋਂ ਉੱਠ ਕੇ ਪਖਾਨੇ ਜਾਣ ਲੱਗੀ ਤਾਂ ਉਹਨੇ ਚਾਂਗਰਾਂ ਮਾਰ-ਮਾਰ ਕੇ ਸਾਰੇ ਯਤੀਮਖਾਨੇ ਨੂੰ ਜਗਾ ਦਿੱਤਾ। ਸੁੱਤੇ ਪਏ ਪ੍ਰਬੰਧਕਾਂ ਨੇ ਉੱਠ ਕੇ ਵੇਖਿਆ ਕਿ ਗਾਲੀਆ ਹੁਣ ਹਨੇਰੇ ਜਿਹੇ ਬਰਾਂਡੇ ਦੇ ਫਰਸ਼ ਉੱਤੇ ਪਈ ਸੀ। ਗਾਲੀਆ ਨੇ ਬੜੀ ਸੂਝ ਸਿਆਣਪ ਨਾਲ਼ ਉਹਨਾਂ ਨੂੰ ਸਮਝਾਇਆ ਕਿ ਇੱਕ ਦਾੜ੍ਹੀ ਵਾਲ਼ਾ ਬੁੱਢਾ ਆਦਮੀ ਉਸ ਨੂੰ ਧੂਹ ਕੇ ਆਪਣੀ ਗੁਫਾ ਵਿੱਚ ਲਿਜਾਣਾ ਚਾਹੁੰਦਾ ਸੀ।

ਇਸ "ਇੱਜ਼ਤ ਨੂੰ ਹੱਥ ਪਾਉਣ ਦੇ ਮਾਮਲੇ" ਦੀ ਪੜਤਾਲ ਸ਼ੁਰੂ ਹੋ ਗਈ। ਇਸ ਮਾਮਲੇ ਦੀ ਸਭ ਤੋਂ ਵੱਡੀ ਉਲਝਣ ਇਹ ਸੀ ਕਿ ਸਾਰੇ ਇਲਾਕੇ ਵਿੱਚ ਇੱਕ ਵੀ ਦਾੜ੍ਹੀ ਵਾਲ਼ਾ ਬੁੱਢਾ ਆਦਮੀ ਨਹੀਂ ਸੀ। ਬਾਹਰੋਂ ਆਏ ਪੜਤਾਲ ਕਰਨ ਵਾਲ਼ਿਆਂ ਨੇ ਅਤੇ ਸਥਾਨਕ ਸ਼ਰਲੌਕ ਹੋਮਸੈਸਾਂ ਨੇ ਸਬਰ ਸੰਤੋਖ ਨਾਲ਼ ਗਾਲੀਆ ਦੀ ਪੁੱਛ ਪੜਤਾਲ਼ ਕੀਤੀ ਤੇ ਜਦੋਂ ਵੀ ਪੁੱਛ ਪੜਤਾਲ ਹੁੰਦੀ ਤਾਂ ਉਹ ਸਾਰੀ ਕਹਾਣੀ ਵਿੱਚ ਨਿੱਤ ਕੋਈ ਨਾ ਕੋਈ ਨਵਾਂ ਵੇਰਵਾ ਜੋੜ ਦਿੰਦੀ। ਅਖੀਰ ਯਤੀਮਖਾਨੇ ਦੇ ਹੀ ਇੱਕ ਵਡੇਰੀ ਉਮਰ ਦੇ ਮੋਦੀ ਨੇ, ਜਿਸ ਨਾਲ਼ ਗਾਲੀਆ ਦੀ ਗੂੜ੍ਹੀ ਮਿੱਤਰਤਾ ਸੀ ਕਿਉਂਕਿ ਉਹਦੇ ਵਾਸਤੇ ਇੰਨਾ ਮਧੁਰ ਮਿੱਠਾ ਨਾਮ ਉਸ ਨੇ ਹੀ ਚੁਣਿਆ ਸੀ, ਇਹ ਪਤਾ ਲਾ ਲਿਆ ਕਿ ਸਾਰਾ ਮਾਮਲਾ ਹੀ ਗਾਲੀਆ ਦੀ ਮਨਘੜਤ ਕਹਾਣੀ ਸੀ।

ਗਾਲੀਆ ਬੜਾ ਚਿਰ ਦੂਜੇ ਬੱਚਿਆਂ ਦੇ ਮਖੌਲਾਂ ਮਜ਼ਾਕਾਂ ਦਾ ਨਿਸ਼ਾਨਾ ਬਣੀ ਰਹੀ ਸੀ। ਅਖੀਰ ਆਪਣੇ ਬਚਾਓ ਲਈ ਉਹਨੇ ਇੱਕ ਕਹਾਣੀ ਘੜ ਮਾਰੀ ਸੀ ਜਿਸ ਦੀ ਉਹ ਆਪ ਹੀ ਨਾਇਕਾ ਸੀ। ਉਸ ਦੀ ਕਹਾਣੀ ਗਿਠ-ਮੁਠੀਏ ਦੀ ਕਹਾਣੀ ਨਾਲ਼ ਬਹੁਤ ਮਿਲਦੀ ਜੁਲਦੀ ਸੀ, ਪਰ ਪਹਿਲੀ ਗੱਲ ਤਾਂ ਇਹ ਸੀ ਕਿ ਇਸ ਕਹਾਣੀ ਦਾ ਮੁੱਖ ਪਾਤਰ ਮੁੰਡਾ ਨਹੀਂ ਸਗੋਂ ਇੱਕ ਕੁੜੀ ਸੀ ਅਤੇ ਦੂਜੇ ਦਾੜ੍ਹੀ ਵਾਲ਼ੇ ਬੁੱਢੇ ਅਤੇ ਹਨੇਰੀਆਂ ਗੁਫਾਵਾਂ ਦਾ ਇਸ ਵਿੱਚ ਉੱਘਾ ਰੋਲ ਸੀ।

ਇਸ ਕਹਾਣੀ ਨਾਲ਼ ਗਾਲੀਆ ਮਸ਼ਹੂਰ ਹੋ ਗਈ ਪਰ ਜਿਵੇਂ ਜਿਵੇਂ ਲੋਕ ਇਸ ਤੋਂ ਅਕਦੇ ਥਕਦੇ ਗਏ, ਇਹ ਮਸ਼ਹੂਰੀ ਵੀ ਖਤਮ ਹੁੰਦੀ ਗਈ। ਗਾਲੀਆ ਦਾ ਨਵੀਂ ਕਹਾਣੀ ਘੜਨ ਦਾ ਕੋਈ ਇਰਾਦਾ ਨਹੀਂ ਸੀ, ਪਰ ਕਿਸੇ ਤਰਾਂ ਯਤੀਮਖਾਨੇ ਵਿੱਚ ਅਫਵਾਹਾਂ ਫੈਲਣ ਲੱਗ ਪਈਆਂ ਕਿ ਭਿਖਸ਼ੂਆਂ ਨੇ ਉੱਥੇ ਇੱਕ ਖਜ਼ਾਨਾ ਲੁਕਾਇਆ ਹੋਇਆ ਹੈ। ਬੱਚਿਆਂ ਵਿੱਚ ਜਿਵੇਂ ਹੀ ਕੋਈ ਵਬਾ ਫੈਲ ਗਈ ਹੋਵੇ। ਮੱਠ ਦੇ ਸਾਰੇ ਹਾਤੇ ਵਿੱਚ ਪਲਾਂ ਘੜੀਆਂ ਰੇਤੀਲੇ ਖੱਡੇ ਹੀ ਖੱਡੇ ਬਣ ਗਏ। ਅਜੇ ਅਧਿਕਾਰੀਆਂ ਨੇ ਇਸ ਨੂੰ ਠੱਲ੍ਹ ਪਾਈ ਹੀ ਸੀ ਕਿ ਇੱਕ ਹੋਰ ਘਟਨਾ ਵਾਪਰੀ ਗਈ। ਭੋਰਿਆਂ ਵਿੱਚ ਭੂਤ ਪ੍ਰੇਤ ਆਉਣ ਲੱਗ ਪਏ ਜਿਨ੍ਹਾਂ ਨੇ ਲਹਿਰਾਉਂਦੇ ਹੋਏ ਚਿੱਟੇ ਚੋਲ਼ੇ ਪਾਏ ਹੁੰਦੇ। ਕਈਆਂ ਨੇ ਇਹਨਾਂ ਭੂਤਾਂ ਪ੍ਰੇਤਾਂ ਨੂੰ ਵੇਖਿਆ ਸੀ ਅਤੇ ਛੋਟੇ-ਛੋਟੇ ਬੱਚਿਆਂ ਨੇ ਰਾਤ ਵੇਲ਼ੇ ਆਪਣੇ ਮੰਜਿਆਂ ਤੋਂ ਉੱਠਣਾ ਉੱਕਾ ਹੀ ਬੰਦ ਕਰ ਦਿੱਤਾ। ਨਤੀਜਾ ਭਾਵੇਂ ਕੋਈ ਵੀ ਹੋਵੇ। ਇਹ ਮੁਸੀਬਤ ਵਧਦੀ-ਵਧਦੀ ਅਖੀਰ ਸੱਚਮੁੱਚ ਹੀ ਇੱਕ ਭਿਆਨਕ ਬਿਪਤਾ ਬਣ ਗਈ ਅਤੇ ਅਧਿਆਪਕਾਂ ਨੂੰ ਗੁਪਤ ਤਰੀਕੇ ਨਾਲ਼ ਇਹਨਾਂ ਭੂਤਾਂ ਚੁੜੇਲਾਂ ਦਾ ਪਤਾ ਲਾਉਣ ਲਈ ਮਜ਼ਬੂਰ ਹੋਣਾ ਪਿਆ ਤੇ ਜਿਹੜੀ ਪਹਿਲੀ ਚੁੜੇਲ ਰੰਗੇ ਹੱਥੀਂ ਫੜੀ ਗਈ ਉਹ ਸੀ ਗਾਲੀਆ ਚਿਤਵਿਰਤਕ ਜਿਸ ਨੇ ਬਿਸਤਰੇ ਦੀ ਚਾਦਰ ਦੀ ਬੁੱਕਲ ਮਾਰੀ ਹੋਈ ਸੀ।

ਇਸ ਤੋਂ ਮਗਰੋਂ ਗਾਲੀਆ ਚੁੱਪ ਕਰ ਕੇ ਬਹਿ ਗਈ। ਉਹ ਬੜੀ ਲਗਨ ਨਾਲ਼ ਪੜ੍ਹਾਈ ਕਰਦੀ, ਬੱਚਿਆਂ ਦਾ ਧਿਆਨ ਰੱਖਣ ਵਿੱਚ ਹੱਥ ਵਟਾਉਂਦੀ ਅਤੇ ਸੰਗੀਤ ਮੰਡਲੀ ਵਿੱਚ ਸ਼ਾਮਲ ਹੋਣਾ ਵੀ ਮੰਨ ਗਈ, ਭਾਵੇਂ ਅੱਜ ਤੱਕ ਉਹ ਹਰ ਵਕਤ ਸਿਰਫ ਇਕੱਲਿਆਂ ਗਾਉਣ ਦੇ, ਲੰਮੇ ਗਾਉਣਾਂ ਅਤੇ ਹਰ ਪਾਸੇ ਪ੍ਰਸੰਸਾ ਦੇ ਹੀ ਸੁਪਨੇ ਲੈਂਦੀ ਰਹੀ ਸੀ। ਇਹਨਾਂ ਦਿਨਾਂ ਵਿੱਚ ਹੀ ਉਹਨੂੰ ਪਹਿਲੀ ਵਾਰ ਕਿਸੇ ਨਾਲ਼ ਮੁਹੱਬਤ ਹੋ ਗਈ ਅਤੇ ਜਿਵੇਂ ਉਹ ਆਪਣੇ ਸਾਰੇ ਕੰਮਾਂ ਦੁਆਲੇ ਇੱਕ ਭੇਤ ਜਿਹੇ ਦਾ ਪਰਦਾ ਤਾਣਨ ਗਿੱਝੀ ਹੋਈ ਸੀ, ਸਾਰੇ ਹੀ ਯਤੀਮਖਾਨੇ ਵਿੱਚ ਨਿੱਕੇ -ਨਿੱਕੇ ਰੁੱਕੇ, ਚਿੱਠੀਆਂ, ਹੰਝੂ ਤੇ ਮੁਲਾਕਾਤਾਂ ਦਾ ਦੌਰ ਚੱਲ ਪਿਆ। ਇੱਕ ਵਾਰੀ ਫਿਰ ਉਸ ਦੀ ਝਾੜ ਝੰਬ ਹੋਈ ਅਤੇ ਅਧਿਕਾਰੀਆਂ ਨੇ ਉਸ ਨੂੰ ਗਲ਼ੋਂ ਲਾਹੁਣ ਦਾ ਫੈਸਲਾ ਕਰ ਲਿਆ ਅਤੇ ਇੱਥੋਂ ਤੱਕ ਕਿ ਉਸ ਨੂੰ ਆਮ ਨਾਲ਼ੋਂ ਵੱਧ ਵਜੀਫਾ ਦੇ ਕੇ ਪੁਸਤਕਾਲਾ-ਪ੍ਰਬੰਧਕਾਂ ਦੀ ਸਿਖਲਾਈ ਦੇਣ ਲਈ ਸਕੂਲ ਭੇਜ ਦਿੱਤਾ।

ਜਦੋਂ ਲੜਾਈ ਛਿੜ ਪਈ ਉਦੋਂ ਗਾਲੀਆ ਤੀਜੇ ਸਾਲ ਵਿੱਚ ਪੜ੍ਹਦੀ ਸੀ ਅਤੇ ਲੜਾਈ ਸ਼ੁਰੂ ਹੋਣ ਤੋਂ ਮਗਰੋਂ ਪਹਿਲੇ ਹੀ ਸੋਮਵਾਰ ਉਸ ਦਾ ਸਾਰਾ ਹੀ ਗਰੁੱਪ, ਬਿਨਾਂ ਕਿਸੇ ਛੋਟ ਦੇ, ਭਰਤੀ ਦੇ ਸਥਾਨਕ ਦਫਤਰ ਜਾ ਹਾਜ਼ਰ ਹੋਇਆ। ਸਾਰਾ ਗਰੁੱਪ ਭਰਤੀ ਕਰ ਲਿਆ ਗਿਆ, ਪਰ ਗਾਲੀਆ ਨੂੰ ਭਰਤੀ ਨਾ ਕੀਤਾ ਗਿਆ। ਇਸ ਦਾ ਕਾਰਨ ਇਹ ਸੀ ਕਿ ਉਹਦਾ ਕੱਦ ਵੀ ਨੇਮ ਮੁਤਾਬਿਕ ਪੂਰਾ ਨਹੀਂ ਸੀ ਉਤਰਿਆ ਤੇ ਉਮਰੋਂ ਵੀ ਉਹ ਛੋਟੀ ਸੀ। ਪਰ ਗਾਲੀਆ ਨੇ ਹਾਰ ਨਾ ਮੰਨੀ। ਉਹ

ਰਕਰੂਟਿੰਗ ਅਫਸਰ ਉਤੇ ਹਮਲੇ ਕਰਦੀ ਰਹੀ ਅਤੇ ਏਡੀ ਬੇਸ਼ਰਮੀ ਨਾਲ਼ ਝੂਠ ਬੋਲਦੀ ਰਹੀ ਕਿ ਅਖੀਰ ਇੱਕ ਲੈਫਟੀਨੈਂਟ ਨੂੰ ਕਈ ਰਾਤ ਉਨੀਂਦਰੇ ਰੱਖ ਕੇ ਭੁਚਲਾ ਲਿਆ ਅਤੇ ਉਸ ਨੇ ਆਮ ਨੇਮਾਂ ਦੀ ਛੋਟ ਦੇ ਕੇ ਗਾਲੀਆ ਨੂੰ ਭਰਤੀ ਕਰ ਕੇ ਹਵਾਮਾਰ ਦਸਤੇ ਵਿੱਚ ਭੇਜ ਦਿੱਤਾ।

ਯਥਾਰਥ ਬਣਨ ਵਾਲ਼ਾ ਸੁਪਨਾ ਹਮੇਸ਼ਾਂ ਹੀ ਇੱਕ ਰੁਮਾਂਟਿਕ ਆਭਾ ਛੱਡ ਜਾਂਦਾ ਹੈ। ਯਥਾਰਥ ਬੜਾ ਕਠੋਰ ਤੇ ਜ਼ਾਲਮ ਨਿੱਕਲ਼ਿਆ ਸੀ ਅਤੇ ਉਹ ਬਹਾਦਰਾਨਾ ਕੋਸ਼ਿਸ਼ ਨਹੀਂ ਸਗੋਂ ਫੌਜੀ ਨੇਮਾਂ ਦੇ ਸਖਤੀ ਨਾਲ਼ ਪਾਲਣ ਕਰਨ ਦੀ ਮੰਗ ਕਰਦਾ ਸੀ। ਉੱਚਤਾ ਤੇ ਨਵੀਨਤਾ ਦੀ ਭਾਵਨਾ ਛੇਤੀ ਹੀ ਲੋਪ ਹੋ ਗਈ ਅਤੇ ਰੋਜ਼ ਬਰੋਜ਼ ਵਾਲ਼ੇ ਕੰਮਾਂ ਵਿੱਚ ਉਸ ਤਰਾਂ ਦਾ ਕੁੱਝ ਵੀ ਨਹੀਂ ਸੀ ਜੋ ਮੁਹਾਜ ਬਾਰੇ ਗਾਲੀਆ ਦੀ ਕਲਪਨਾ ਨਾਲ਼ ਮੇਲ ਖਾਂਦਾ ਹੋਵੇ। ਗਾਲੀਆ ਪ੍ਰੇਸ਼ਾਨ ਹੋ ਉੱਠੀ। ਉਸ ਦਾ ਉਤਸ਼ਾਹ ਮਾਰਿਆ ਗਿਆ ਅਤੇ ਉਹ ਰਾਤ ਨੂੰ ਆਮ ਕਰਕੇ, ਦੂਜਿਆਂ ਤੋਂ ਲੁਕ ਕੇ ਅਥਰੂ ਕੇਰਦੀ ਤੇ ਰੋਂਦੀ ਰਹਿੰਦੀ। ਪਰ ਫਿਰ ਜੇਨੀਆ ਆ ਗਈ ਤੇ ਜਿੰਦਗੀ ਇੱਕ ਵਾਰੀ ਫਿਰ ਖੁਸ਼ੀ-ਖੁਸ਼ੀ ਚੱਲਣ ਲੱਗ ਪਈ।

ਕਹਾਣੀਆਂ ਘੜਨ ਦੀ ਆਦਤ ਤੋਂ ਗਾਲੀਆ ਬਾਜ਼ ਨਹੀਂ ਸੀ ਰਹਿ ਸਕਦੀ। ਅਸਲ ਵਿੱਚ ਇਹ ਕੋਈ ਝੂਠ ਬੋਲਣ ਵਾਲ਼ੀ ਗੱਲ ਨਹੀਂ ਸੀ। ਇਹ ਕੁੱਝ ਲੋਚਣ ਤੇ ਤਾਂਘਣ ਵਾਲ਼ੀ ਗੱਲ ਸੀ। ਇਸੇ ਲਈ ਉਹਨੇ ਇਹ ਕਹਾਣੀ ਘੜ ਲਈ ਕਿ ਉਹਦੀ ਮਾਂ ਹੈ ਜਿਹੜੀ ਡਾਕਟਰ ਹੈ...ਅਤੇ ਜਿਸ ਦੀ ਹੋਂਦ ਵਿੱਚ ਗਾਲੀਆ ਦਾ ਆਪਣਾ ਲਗਭਗ ਪੂਰਾ ਵਿਸ਼ਵਾਸ਼ ਸੀ...

ਉਹਨਾਂ ਦਾ ਚੋਖਾ ਵਕਤ ਜਾਇਆ ਹੋ ਗਿਆ ਸੀ ਅਤੇ ਵਾਸਕੋਵ ਕੁੱਝ ਪ੍ਰੇਸ਼ਾਨੀ ਮਹਿਸੂਸ ਕਰਨ ਲੱਗ ਪਿਆ ਸੀ। ਉਹਨਾਂ ਲਈ ਜ਼ਰੂਰੀ ਸੀ ਕਿ ਛੇਤੀ ਤੋਂ ਛੇਤੀ ਇਸ ਥਾਂ ਤੋਂ ਨਿਕਲਣ, ਜਰਮਨਾਂ ਦੀ ਭਾਲ਼ ਕਰਨ, ਉਹਨਾਂ ਦਾ ਨਿਰੰਤਰ ਪਿੱਛਾ ਕਰਨ ਅਤੇ ਫਿਰ ਉਹਨਾਂ ਨੂੰ ਆਪਣੇ ਸੂਹੀਆਂ ਨੂੰ ਲੱਭਣ ਦੇਣ। ਜੇ ਉਹਨਾਂ ਨੇ ਇਹ ਸਭ ਕੁੱਝ ਕਰ ਲਿਆ ਤਾਂ ਸਾਰਜੈਂਟ ਮੇਜਰ ਉਹਨਾਂ ਨੂੰ ਕਾਬੂ ਕਰ ਲਵੇਗਾ। ਉਹ ਜਰਮਨਾਂ ਨੂੰ ਕੱਠਪੁਤਲੀਆਂ ਵਾਂਗ ਨਚਾ ਸਕੇਗਾ, ਜਿੱਥੇ ਮਰਜੀ ਹੈ ਭੇਜ ਸਕੇਗਾ ਤੇ ਆਪ ਉਡੀਕ ਕਰ ਸਕੇਗਾ। ਓਨਾ ਚਿਰ ਉਡੀਕ ਕਰ ਸਕੇਗਾ ਜਿੱਨਾ ਚਿਰ ਕੁਮਕ ਨਹੀਂ ਪਹੁੰਚਦੀ ਤੇ ਜਰਮਨਾਂ ਨੂੰ ਘੇਰ ਨਹੀਂ ਲਿਆ ਜਾਂਦਾ।

ਹਾਂ, ਉਹਨਾਂ ਦਾ ਬਹੁਤ ਸਾਰਾ ਵਕਤ ਜਾਇਆ ਹੋ ਗਿਆ ਸੀ। ਸੋਨੀਆ ਨੂੰ ਦਫਨ ਕਰਦਿਆਂ, ਚਿਤਵਿਰਤਕ ਨੂੰ ਮਨਾਉਂਦਿਆਂ.... ਵਕਤ ਲੱਗਾ ਸੀ। ਓਧਰ ਫੇਦੋਤ ਵਾਸਕੋਵ ਨੇ ਛੋਟੀਆਂ ਮਸ਼ੀਨਗੱਨਾਂ ਦੀ ਪੜਤਾਲ ਕੀਤੀ, ਦੋ ਵਾਧੂ ਰਫਲਾਂ ਨੂੰ ਲੁਕਾਇਆ ਅਤੇ ਕਾਰਤੂਸ ਵੰਡ ਲਏ। ਉਸ ਨੇ ਓਸੀਆਨੀਨਾ ਨੂੰ ਪੁੱਛਿਆ-

"ਮਸ਼ੀਨਗਨ ਕਦੇ ਚਲਾਈ ਹੈ ?"

"ਸਿਰਫ ਆਪਣੀ, ਸੋਵੀਅਤ ਹੀ।"

"ਹੁਣ ਜਰਮਨ ਵਰਤ ਕੇ ਵੇਖੀਂ। ਮੇਰਾ ਖਿਆਲ ਹੈ, ਚਲਾ ਲਵੇਂਗੀ।" ਉਸ ਨੇ ਸਮਝਾਇਆ, ਕਿ ਇਸ ਨੂੰ ਕਿਵੇਂ ਚਲਾਉਣਾ ਹੈ ਅਤੇ ਖ਼ਬਰਦਾਰ ਕੀਤਾ-"ਗੋਲ਼ੀਆਂ ਦੀ ਲੰਮੀ ਬੁਛਾੜ ਨਹੀਂ ਕਰਨੀ, ਇਸ ਤਰਾਂ ਨਾਲ਼ੀ ਉੱਪਰ ਉੱਠ ਜਾਂਦੀ ਹੈ। ਛੋਟੀਆਂ ਬਾੜਾਂ ਨਾਲ਼ ਗੋਲ਼ੀ ਚਲਾਉਣੀ ਹੈ।"

ਉਹਨਾਂ ਦੀ ਸ਼ਾਨ ਵਧੇ, ਆਖਰ ਉਹ ਤੁਰ ਪਏ...। ਅੱਗੇ-ਅੱਗੇ ਸਾਰਜੈਂਟ ਮੇਜਰ, ਪਿੱਛੇ ਚਿਤਵਿਰਤਕ ਤੇ ਕੋਮੇਲੇਕੋਵਾ, ਮੁੱਖ ਟੋਲੀ ਅਤੇ ਸਭ ਤੋਂ ਪਿੱਛੇ ਓਸੀਆਨੀਨਾ। ਉਹ ਪੂਰੀ ਤਰਾਂ

ਚੌਕਸ ਚੁੱਪ ਚਾਪ ਅੱਗੇ ਵਧ ਰਹੇ ਸਨ। ਪਰ ਇੱਕ ਵਾਰੀ ਫਿਰ ਉਹਨੇ ਕੀ ਵੇਖਿਆ ਕਿ ਉਹਨਾਂ ਦੀਆਂ ਕੋਠੀਆਂ ਧੜਕਣ ਲੱਗ ਪਈਆਂ ਕਿਉਂਕਿ ਇਹ ਇੱਕ ਚਮਤਕਾਰ ਹੀ ਹੋਇਆ ਸੀ ਕਿ ਉਹ ਜਰਮਨਾਂ ਨੂੰ ਅੱਗੋਂ ਦੀ ਨਾ ਜਾ ਟੱਕਰੇ। ਬਿਲਕੁਲ ਚਮਤਕਾਰ, ਜਿਵੇਂ ਪਰੀ-ਕਹਾਣੀਆਂ ਵਿੱਚ ਹੁੰਦਾ ਹੈ।

ਖੁਸ਼ਕਿਸਮਤੀ ਨਾਲ਼, ਸਭ ਤੋਂ ਪਹਿਲਾਂ ਸਾਰਜੈਂਟ ਮੇਜਰ ਦੀ ਉਹਨਾਂ ’ਤੇ ਨਜ਼ਰ ਪੈ ਗਈ। ਉਸ ਨੇ ਵੇਖਿਆ ਕਿ ਦੋ ਜਰਮਨ ਸਿੱਧੇ ਉਹਦੇ ਵੱਲ ਹੀ ਆ ਰਹੇ ਸਨ ਤੇ ਬਾਕੀ ਉਹਨਾਂ ਦੇ ਮਗਰ ਸਨ। ਜੇ ਕਿਤੇ ਫੇਦੋਤ ਵਾਸਕੋਵ ਸੱਤ ਕਦਮ ਪਛੜ ਜਾਂਦਾ ਤਾਂ ਉਹਦੇ ਸਾਰੇ ਸੈਨਿਕਾਂ ਦਾ ਸਫਾਇਆ ਹੋ ਜਾਣਾ ਸੀ। ਇਸ ਕੰਮ ਲਈ ਗੋਲ਼ੀਆਂ ਦੀਆਂ ਦੋ ਬਾੜ੍ਹਾਂ ਹੀ ਕਾਫੀ ਹੋਣੀਆਂ ਸਨ।

ਪਰ ਸੱਤ ਕਦਮ ਚੁੱਕਣ ਵਾਲ਼ਾ ਉਹ ਆਪ ਸੀ ਤੇ ਇਸੇ ਕਰਕੇ ਹੀ ਸਭ ਕੁੱਝ ਉਹਦੇ ਹੱਕ ਵਿੱਚ ਹੋ ਗਿਆ। ਉਹਦੇ ਕੋਲ਼ ਵਕਤ ਸੀ ਕਿ ਝਕਾਨੀ ਦੇ ਜਾਵੇ ਅਤੇ ਕੁੜੀਆਂ ਨੂੰ ਖਿੰਡ ਪੁੰਡ ਜਾਣ ਦਾ ਸੰਕੇਤ ਦੇ ਸਕੇ। ਖੁਸ਼ਕਿਸਮਤੀ ਨਾਲ਼ ਗਰਨੇਡ ਨੂੰ ਪਲੀਤਾ ਲੱਗਾ ਹੋਇਆ ਸੀ ਅਤੇ ਇੱਕ ਚਟਾਨ ਦੇ ਪਿੱਛੇ ਹੋ ਕੇ ਉਹਨੇ ਗਰਨੇਡ ਸੁੱਟ ਦਿੱਤਾ। ਧਮਾਕਾ ਹੋਣ ਦੇ ਤੁਰਤ ਮਗਰੋਂ ਉਸ ਨੇ ਉਹਨਾਂ ਉੱਤੇ ਆਪਣੀ ਮਸ਼ੀਨਗੰਨ ਦੀਆਂ ਗੋਲ਼ੀਆਂ ਦਾ ਮੀਂਹ ਵਰ੍ਹਾ ਦਿੱਤਾ।

ਫੌਜੀ ਨੇਮਾਂ ਵਿੱਚ ਇਸ ਕਿਸਮ ਦੀ ਟੱਕਰ ਨੂੰ “ਮੁੱਠਭੇੜ” ਆਖਿਆ ਜਾਂਦਾ ਹੈ। ਇਸ ਮੁੱਠਭੇੜ ਦਾ ਖਾਸ ਲੱਛਣ ਇਹ ਹੁੰਦਾ ਹੈ ਕਿ ਦੁਸ਼ਮਣ ਨੂੰ ਇਹ ਨਹੀਂ ਪਤਾ ਹੁੰਦਾ ਕਿ ਤੁਸੀਂ ਕਿੰਨੇ ਜਣੇ ਹੋ, ਤੁਸੀਂ ਜਸੂਸੀ ਕਰਨ ਵਾਲ਼ੇ ਹੋ ਜਾ ਅਗਾਂਹੂ ਆਉਣ ਵਾਲ਼ਾ ਦਸਤਾ ਹੋ—ਉਹਦੇ ਵਾਸਤੇ ਇਸ ਗੱਲ ਦਾ ਫੈਸਲਾ ਕਰਨਾ ਬੜਾ ਮੁਸ਼ਕਲ ਹੁੰਦਾ ਹੈ ਸੋ ਮੁੱਖ ਮਨੋਰਥ ਹੈ ਦੁਸ਼ਮਣ ਨੂੰ ਕਿਆਸ ਕਰੀ ਜਾਣ ਵਿੱਚ ਪਾਈ ਰੱਖਣਾ, ਸੰਭਲਣ ਟਿਕਣ ਦਾ ਕੋਈ ਮੌਕਾ ਨਾ ਦੇਣਾ।

ਕੁਦਰਤੀ ਗੱਲ ਸੀ ਕਿ ਸਾਰਜੈਂਟ ਮੇਜਰ ਨੇ ਇਹ ਸਭ ਨੁਕਤੇ ਸੋਚੇ ਵਿਚਾਰੇ ਨਹੀਂ ਸਨ। ਇਹ ਤਾਂ ਉਹਦੀ ਯਾਦ ਵਿੱਚ ਉੱਕਰੇ ਹੋਏ ਸਨ। ਸਾਰੀ ਜ਼ਿੰਦਗੀ ਵਾਸਤੇ ਉੱਕਰੇ ਗਏ ਸਨ ਅਤੇ ਸੋਚਿਆ ਉਸ ਨੇ ਸਿਰਫ ਇਨਾਂ ਹੀ ਸੀ ਕਿ ਗੋਲ਼ੀ ਚਲਾਉਣੀ ਚਾਹੀਦੀ ਹੈ ਤੇ ਫਿਰ ਉਸ ਨੇ ਇਹ ਵੀ ਸੋਚਿਆ ਸੀ ਕਿ ਉਸ ਦੀਆਂ ਸੈਨਿਕ ਕੁੜੀਆਂ ਕਿੱਥੇ ਹਨ ? ਉਹਨਾਂ ਨੇ ਕਿਤੇ ਓਟ ਲਈ ਹੈ, ਮੋਰਚੇ ਮੱਲ ਲਏ ਹਨ ਜਾਂ ਸਿਰਫ ਭੱਜ ਹੀ ਗਈਆਂ ਹਨ ?

ਕੰਨ ਪਾੜਵਾਂ ਸ਼ੋਰ ਹੋ ਰਿਹਾ ਸੀ ਕਿਉਂਕਿ ਜਰਮਨ ਆਪਣੀਆਂ ਸਾਰੀਆਂ ਹੀ ਕਾਰਗਰ ਮਸ਼ੀਨਗੱਨਾਂ ਨਾਲ਼ ਉਸ ਚਟਾਨ ਉਤੇ ਗੋਲ਼ੀਆਂ ਵਰ੍ਹਾ ਰਹੇ ਸਨ ਜਿਸ ਦੇ ਉਹਲੇ ਉਹ ਬੈਠਾ ਸੀ। ਪੱਥਰਾਂ ਦੀਆਂ ਚਿੱਪਰਾਂ ਨਾਲ਼ ਉਹਦਾ ਮੂਹ ਛਿੱਲਿਆ ਗਿਆ ਸੀ, ਉਹਦੀਆਂ ਅੱਖਾਂ ਧੂੜ ਨਾਲ਼ ਭਰ ਗਈਆਂ ਸਨ ਅਤੇ ਅੱਖਾਂ ਵਿੱਚੋਂ ਵਗਦੇ ਪਾਣੀ ਸਦਕਾ, ਜਿਸ ਨੂੰ ਪੂੰਝਣ ਦਾ ਉਹਦੇ ਕੋਲ਼ ਵਕਤ ਨਹੀਂ ਸੀ, ਉਸ ਨੂੰ ਕੁੱਝ ਵੀ ਵਿਖਾਈ ਨਹੀਂ ਸੀ ਦਿੰਦਾ।

ਉਸ ਦੀ ਮਸ਼ੀਨਗੱਨ ਦਾ ਬੋਲਟ ਖੜ-ਖੜ ਕਰਦਾ ਪਿੱਛੇ ਹੋ ਗਿਆ। ਸਭ ਗੋਲ਼ੀਆਂ ਚੱਲ ਗਈਆਂ ਸਨ। ਵਾਸਕੋਵ ਦਾ ਸਾਹ ਸੁੱਕ ਗਿਆ ਕਿਉਂਕਿ ਮਸ਼ੀਨਗੱਨ ਨੂੰ ਮੁੜ ਭਰਨ ਵਾਸਤੇ ਕੀਮਤੀ ਪਲ ਲੱਗਣੇ ਸਨ ਅਤੇ ਇਹਨਾਂ ਕੀਮਤੀ ਪਲਾਂ ਦਾ ਮਤਲਬ ਸੀ ਜ਼ਿੰਦਗੀ ਜਾਂ ਮੌਤ। ਮਸ਼ੀਨਗੱਨ ਚੁੱਪ ਹੋ ਗਈ ਜਰਮਨ ਉੱਤੇ ਟੁੱਟ ਕੇ ਵੀ ਪੈ ਸਕਦੇ ਸਨ-ਦਸ ਮੀਟਰ ਵਾਲ਼ਾ ਫਾਸਲਾ ਕੋਈ ਵੱਡੀ ਗੱਲ ਨਹੀਂ ਸੀ—ਤੇ ਖੇਡ ਖਤਮ ਹੋ ਜਾਂਦੀ। ਤੇ ਬੱਸ।

ਪਰ ਜਰਮਨਾਂ ਨੇ ਟੁੱਟ ਕੇ ਪੈਣ ਦੀ ਹਿੰਮਤ ਨਾ ਕੀਤੀ। ਉਹਨਾਂ ਨੇ ਤਾਂ ਆਪਣੇ ਸਿਰ ਵੀ ਉਤਾਂਹ ਨਾ ਚੁੱਕੇ, ਕਿਉਂਕਿ ਦੂਜੀ ਮਸ਼ੀਨਗੱਨ-ਓਸੀਆਨੀਨਾ ਦੀ-ਨੇ ਉਹਨਾਂ ਨੂੰ ਹਿੱਲਣ ਨਾ ਦਿੱਤਾ। ਉਹ ਛੋਟੀਆਂ ਛੋਟੀਆਂ ਬਾੜ੍ਹਾਂ ਛੱਡਦੀ ਜਾਂਦੀ ਸੀ, ਧਿਆਨ ਨਾਲ਼ ਸ਼ਿਸਤ ਬੰਨ੍ਹ ਕੇ ਅਤੇ ਨੇੜਿਓਂ ਜਾ ਕੇ। ਇਸ ਤਰਾਂ ਵਾਸਕੋਵ ਨੂੰ ਗੋਲ਼ੀਆਂ ਭਰਨ ਵਾਸਤੇ ਕੀਮਤੀ ਪਲ ਮਿਲ ਗਏ। ਉਹ ਪਲ, ਜਿਨ੍ਹਾਂ ਵਾਸਤੇ ਮਗਰੋਂ ਆਪਣੇ ਰੱਖਿਅਕ ਨੂੰ ਰਹਿੰਦੀ ਜਿੰਦਗੀ ਵੋਦਕਾ ਪਿਆਉਣ ਦਾ ਰਿਵਾਜ ਹੈ।

ਲੜਾਈ ਕਿੰਨਾ ਚਿਰ ਹੁੰਦੀ ਰਹੀ, ਮਗਰੋਂ ਕਿਸੇ ਨੂੰ ਵੀ ਇਹ ਪਤਾ ਨਹੀਂ ਸੀ। ਜੇ ਮਿੰਟਾਂ ਸਕਿੰਟਾਂ ਦੇ ਹਿਸਾਬ ਨਾਲ਼ ਗਿਣੀਏਂ, ਤਾਂ ਇੱਕ ਇੱਕ ਛਿਣਭੰਗਰ ਦੀ ਮੁੱਠਭੇੜ ਸੀ, ਜਿਵੇਂ ਫੌਜੀ ਨੇਮਾਂ ਅਨੁਸਾਰ ਕੋਈ ਵੀ ਮੁੱਠਭੇੜ ਹੋਣੀ ਚਾਹੀਦੀ ਹੈ। ਪਰ ਜੇ ਇਸ ਨੂੰ ਸਰੀਰਕ ਬਲ, ਸਰੀਰ ਦੇ ਤਣਾਓ ਅਤੇ ਇਸ ਨਾਲ਼ ਜੁੜੇ ਖਤਰੇ ਨਾਲ਼ ਮਾਪਿਆ ਜਾਏ, ਤਾਂ ਇਸ ਦਾ ਮੁੱਲ ਕਿਸੇ ਦੀ ਜਿੰਦਗੀ ਦਾ ਇੱਕ ਹਿੱਸਾ ਵੀ ਹੋ ਸਕਦਾ ਸੀ ਤੇ ਉਹਨਾਂ ਵਿੱਚੋਂ ਕਿਸੇ ਦੀ ਪੂਰੀ ਜਿੰਦਗੀ ਵੀ ਲੇਖੇ ਲੱਗ ਸਕਦੀ ਸੀ।

ਗਾਲੀਆ ਚਿਤਵਿਰਤਕ ਏਨੀ ਡਰੀ ਹੋਈ ਸੀ ਕਿ ਉਹਨੇ ਇੱਕ ਵੀ ਗੋਲ਼ੀ ਨਹੀਂ ਚਲਾਈ। ਉਹ ਇੱਕ ਪੱਥਰ ਉਹਲੇ ਮੂੰਹ ਲੁਕਾ ਕੇ ਲੰਮੀ ਪਈ ਰਹੀ ਸੀ ਤੇ ਆਪਣੇ ਹੱਥ ਕੰਨਾਂ ਉੱਤੇ ਰੱਖ ਛੱਡੇ ਸਨ। ਉਹਦੀ ਰਫਲ ਉਹਦੇ ਕੋਲ਼ ਹੀ ਪਰੇ ਪਈ ਰਹੀ ਸੀ। ਜੇਨੀਆ ਨੇ ਫੁਰਤੀ ਵਿਖਾਈ ਤੇ ਅਟਕਲ ਨਾਲ਼ ਹੀ ਗੋਲ਼ੀਆਂ ਦਾਗਦੀ ਰਹੀ ਸੀ—ਨਿਸ਼ਾਨਾ ਬੰਨ੍ਹਣ ਦਾ ਕੋਈ ਮੌਕਾ ਨਹੀਂ ਸੀ। ਇਹ ਕੋਈ ਚਾਂਦਮਾਰੀ ਦਾ ਮੈਦਾਨ ਨਹੀਂ ਸੀ, ਉਹਦਾ ਖਿਆਲ ਸੀ ਕਿ ਕਿਸੇ ਨੂੰ ਤਾਂ ਉਹ ਫੁੰਡੇਗੀ ਹੀ।

ਦੋ ਛੋਟੀਆਂ ਮਸ਼ੀਨਗੱਨਾਂ ਤੇ ਇੱਕ ਰਫਲ—ਬਸ ਕੁੱਲ ਇਨੇ ਹੀ ਹਥਿਆਰ ਵਰਤੇ ਗਏ ਸਨ ਤੇ ਇਸ ਦੇ ਬਾਵਜੂਦ ਜਰਮਨ ਮੈਦਾਨ ਛੱਡ ਗਏ। ਇਸ ਕਰਕੇ ਨਹੀਂ ਕਿ ਉਹ ਡਰ ਗਏ ਸਨ—ਨਹੀਂ, ਡਰੇ ਹੋਏ ਨਹੀਂ ਸਨ। ਸਗੋਂ ਇਸ ਦਾ ਕਾਰਨ ਇਹ ਸੀ ਕਿ ਹਾਲਾਤ ਸਪੱਸ਼ਟ ਨਹੀਂ ਸਨ। ਇਸ ਕਰਕੇ ਥੋੜ੍ਹਾ ਚਿਰ ਮੋੜਵੀਂਆਂ ਗੋਲ਼ੀਆਂ ਵਰ੍ਹਾਂ ਕੇ, ਉਹ ਪਿੱਛੇ ਹਟ ਗਏ ਸਨ, ਬਿਨਾਂ ਗੋਲ਼ਾ ਬਾਰੀ ਦੀ ਆੜ ਦੇ, ਬਿਨਾਂ ਕਿਸੇ ਦਸਤੇ ਦੀ ਆੜ ਲਏ ਦੇ—ਉਹ ਤਾਂ ਬੱਸ ਭੱਜ ਕੇ ਜੰਗਲ ਵਿੱਚ ਜਾ ਵੜੇ ਸਨ।

ਅਚਾਨਕ ਹੀ ਗੋਲ਼ੀਆਂ ਚੱਲਣੀਆਂ ਬੰਦ ਹੋ ਗਈਆਂ। ਸਿਰਫ ਕੋਮੇਲਕੋਵਾ ਹੀ ਗੋਲ਼ੀ ਚਲਾਉਂਦੀ ਰਹੀ, ਹਰ ਵਾਰੀ ਝਟਕੇ ਨਾਲ਼ ਉਹਦਾ ਸਰੀਰ ਕੰਬ ਜਾਂਦਾ। ਜਦੋਂ ਕਾਰਤੂਸਾਂ ਦੀ ਪੇਟੀ ਖਤਮ ਹੋ ਗਈ ਤਾਂ ਉਸ ਨੇ ਵੀ ਗੋਲ਼ੀ ਚਲਾਉਣੀ ਬੰਦ ਕਰ ਦਿੱਤੀ। ਉਸ ਨੇ ਸਾਰਜੈਂਟ ਮੇਜਰ ਵੱਲ ਵੇਖਿਆ ਜਿਵੇਂ ਉਹਨੇ ਸਿਰਫ ਹਵਾ ਲੈਣ ਵਾਸਤੇ ਸਿਰ ਚੁੱਕਿਆ ਹੋਵੇ।

"ਬੱਸ, ਇੰਨੀ ਹੀ ਗੱਲ ਸੀ", ਸਾਰਜੈਂਟ ਮੇਜਰ ਨੇ ਲੰਮਾ ਸਾਹ ਲਿਆ। ਇੰਨੀ ਡੂੰਘੀ ਚੁੱਪ ਸੀ ਕਿ ਬੰਦੇ ਦੇ ਕੰਨਾਂ ਵਿੱਚ ਸਾਂ ਸਾਂ ਹੁੰਦੀ ਸੀ। ਹਰ ਪਾਸੇ ਬਰੂਦ, ਪੱਥਰਾਂ ਦੀ ਧੂੜ ਅਤੇ ਧੂਏਂ ਦੀ ਮੁਸ਼ਕ ਸੀ। ਸਾਰਜੈਂਟ ਮੇਜਰ ਨੇ ਹੱਥਾਂ ਨਾਲ਼ ਆਪਣਾ ਮੂੰਹ ਪੂੰਝਿਆ ਤੇ ਵੇਖਿਆ ਕਿ ਹੱਥਾਂ ਨੂੰ ਲਹੂ ਲੱਗ ਗਿਆ ਸੀ। ਪੱਥਰਾਂ ਦੀਆਂ ਚਿੱਪਰਾਂ ਨਾਲ਼ ਉਹਦਾ ਮੂੰਹ ਛਿੱਲਿਆ ਗਿਆ ਸੀ।

"ਫੱਟੜ ਹੋ ਗਏ ਓ ?" ਓਸੀਆਨੀਨਾ ਨੇ ਫੁਸਰ-ਫੁਸਰ ਕਰ ਕੇ ਪੁੱਛਿਆ।

"ਨਹੀਂ", ਸਾਰਜੈਂਟ ਮੇਜਰ ਨੇ ਆਖਿਆ। "ਤੂੰ ਓਧਰ ਨਿਗਾਹ ਰੱਖ, ਓਸੀਆਨੀਨਾ।"

ਉਸ ਨੇ ਖੜੇ ਹੋ ਕੇ ਪੱਥਰ ਉੱਤੋਂ ਦੀ ਵੇਖਿਆ— ਕੋਈ ਗੋਲ਼ੀ ਨਹੀਂ ਚੱਲੀ। ਉਸ ਨੇ ਚੁਫੇਰੇ ਨਜ਼ਰ ਮਾਰੀ ਤੇ ਵੇਖਿਆ ਕਿ ਸਾਹਮਣੇ ਬਰਚ ਦੀ ਝਿੜੀ ਵਿੱਚ ਜਿਹੜੀ ਜੰਗਲ ਦੇ ਨਾਲ਼ ਲਗਦੀ ਸੀ, ਰੁੱਖਾਂ ਦੀਆਂ ਟੀਸੀਆਂ ਹਿਲਜੁੱਲ ਰਹੀਆਂ ਸਨ। ਉਹ ਆਪਣੇ ਪਸਤੌਲ ਦੀ ਮੁੱਠ ਨੂੰ ਹੱਥ ਪਾ ਕੇ ਸਰਕ ਕੇ ਅਗਾਂਹ ਹੋ ਗਿਆ ਅਤੇ ਭੱਜ ਕੇ ਇੱਕ ਹੋਰ ਪੱਥਰ ਦੇ ਉਹਲੇ ਜਾ ਲੁਕਿਆ। ਉਸ ਨੇ ਫਿਰ ਉੱਠ ਕੇ ਇੱਧਰ ਉੱਧਰ ਵੇਖਿਆ। ਜਿਸ ਥਾਂ ਤੋਂ ਧਮਾਕੇ ਨਾਲ਼ ਕਾਈ ਉੱਡ ਗਈ ਸੀ ਉੱਥੇ ਲਹੂ ਦੇ ਕਾਲ਼ੇ-ਕਾਲ਼ੇ ਧੱਬੇ ਸਨ। ਢੇਰ ਸਾਰਾ ਲਹੂ ਡੁੱਲ੍ਹਾ ਹੋਇਆ ਸੀ ਪਰ ਕੋਈ ਲਾਸ਼ ਨਜ਼ਰ ਨਹੀਂ ਸੀ ਆਉਂਦੀ। ਜ਼ਰੂਰ ਚੁੱਕ ਕੇ ਲੈ ਗਏ ਹੋਣਗੇ।

ਚਟਾਨਾਂ ਤੇ ਝਾੜੀਆਂ ਦਾ ਗੁਪਤ ਸਰਵੇਖਣ ਕਰ ਕੇ ਸਾਰਜੈਂਟ ਮੇਜਰ ਇਸ ਨਤੀਜੇ 'ਤੇ ਪੁੱਜਾ ਕਿ ਜਰਮਨ ਆਪਣੇ ਪਿੱਛੇ ਕੋਈ ਆੜ ਦੇਣ ਵਾਲ਼ਾ ਦਸਤਾ ਨਹੀਂ ਸੀ ਛੱਡ ਗਏ । ਉਹ ਤਣਕੇ ਸਿੱਧਾ ਖੜ੍ਹਾ ਹੋ ਗਿਆ ਤੇ ਠੰਡੇ ਦਿਲ-ਦਿਮਾਗ ਨਾਲ਼ ਕੁੜੀਆਂ ਵੱਲ ਤੁਰ ਪਿਆ ਭਾਵੇਂ ਉਹਦੇ ਚਿਹਰੇ ਵਿੱਚੋਂ ਚੀਸਾਂ ਉੱਠ ਰਹੀਆਂ ਸਨ ਅਤੇ ਉਹ ਬੁਰੀ ਤਰਾਂ ਥੱਕਿਆ ਹੋਇਆ ਸੀ। ਜਿਵੇਂ ਕਿਸੇ ਭਾਰ ਹੇਠ ਦੱਬਿਆ ਹੋਇਆ ਹੋਵੇ। ਸਿਗਰਟ ਪੀਣ ਨੂੰ ਵੀ ਉਹਦਾ ਜੀਅ ਨਹੀਂ ਸੀ ਕਰਦਾ। ਉਹਦਾ ਜੀਅ ਕਰਦਾ ਸੀ ਕਿ ਲੰਮਾ ਪੈ ਜਾਏ, ਬਸ ਦਸ ਕੁ ਮਿੰਟ ਵਾਸਤੇ ਲੰਮਾ ਪੈ ਜਾਏ, ਪਰ ਹਾਲੇ ਉਹ ਕੁੜੀਆਂ ਦੇ ਕੋਲ਼ ਪਹੁੰਚਿਆ ਵੀ ਨਹੀਂ ਸੀ ਕਿ ਅਚਾਨਕ ਓਸੀਆਨੀਨਾ ਪੁੱਛਣ ਲੱਗੀ-

"ਤੁਸੀਂ ਕਮਿਊਨਿਸਟ ਓ, ਕਾਮਰੇਡ ਸਾਰਜੈਂਟ ਮੇਜਰ ?"

"ਮੈਂ ਬਾਲਸ਼ਵਿਕ ਪਾਰਟੀ ਦਾ ਮੈਂਬਰ ਹਾਂ..."

"ਤੁਸੀਂ ਸਾਡੀ ਕੋਮਸੋਮੋਲ ਦੀ ਮੀਟਿੰਗ ਦੀ ਪ੍ਰਧਾਨਗੀ ਕਰੋ।"

ਸਾਰਜੈਂਟ ਮੇਜਰ ਨੂੰ ਆਪਣੇ ਕੰਨਾਂ 'ਤੇ ਯਕੀਨ ਨਹੀਂ ਸੀ ਆ ਰਿਹਾ।

"ਮੀਟਿੰਗ ?"

ਅਚਾਨਕ ਉਸ ਨੇ ਵੇਖਿਆ ਕਿ ਚਿਤਵਿਰਤਕ ਦੀਆਂ ਅੱਖਾਂ ਵਿੱਚੋਂ ਹੰਝੂਆਂ ਦਾ ਹੜ੍ਹ ਵਹਿ ਰਿਹਾ ਸੀ ਅਤੇ ਕੋਮੇਲਕੋਵਾ, ਜਿਹੜੀ ਬਰੂਦ ਨਾਲ਼ ਧੁਆਂਖੀ ਹੋਈ ਜਿਪਸਣ ਲਗਦੀ ਸੀ, ਅੱਖਾਂ ਵਿੱਚੋਂ ਅੱਗ ਵਰ੍ਹਾਉਂਦੀ ਚਿਲਾ ਰਹੀ ਸੀ-

ਉਹ ਸਾਰੀ ਗੱਲ ਸਮਝ ਗਿਆ।

"ਮੀਟਿੰਗ ? ਬੜੀ ਚੰਗੀ ਗੱਲ ਐ !" ਤਾਅ ਵਿੱਚ ਆਏ, ਫੇਦੋਤ ਵਾਸਕੋਵ ਨੇ ਆਖਣਾ ਸ਼ੁਰੂ ਕੀਤਾ।" ਇਹ ਤਾਂ ਕਮਾਲ ਦੀ ਗੱਲ ਹੋਈ—ਮੀਟਿੰਗ। ਸੋ ਅਸੀਂ ਮੀਟਿੰਗ ਕਰਾਂਗੇ ਜਿਸ ਵਿੱਚ ਅਸੀਂ ਕਾਮਰੇਡ ਚਿਤਵਿਰਤਕ ਦੇ ਵਿਹਾਰ ਉਤੇ ਬਹਿਸ ਕਰਾਂਗੇ, ਕਸੌਟੀ ਉਤੇ ਪੂਰੀ ਨਾ ਉਤਰਨ ਕਰਕੇ ਉਹਦੀ ਨਿਖੇਧੀ ਕਰਾਂਗੇ ਅਤੇ ਸੁਹਣੀ ਤਰਾਂ ਲਿਖੀ ਕਾਰਵਾਈ ਦੀ ਸੰਖੇਪ ਰਿਪੋਰਟ ਵਿੱਚ ਸਭ ਕੁੱਝ ਦਰਜ ਕਰਾਂਗੇ। ਠੀਕ ਹੈ ਨਾ ?...

ਅੱਗੋਂ ਕੋਈ ਨਹੀਂ ਬੋਲੀ। ਗਾਲੀਆ ਵੀ ਚੁੱਪ ਕਰ ਗਈ ਤੇ ਉਹਦੀ ਗੱਲ ਸੁਣਨ ਲੱਗ ਪਈ।

"ਅਤੇ ਫਿਰ ਜਰਮਨ ਆਪਣੀਆਂ ਤਰਮੀਮਾਂ ਪੇਸ਼ ਕਰਨਗੇ। ਇਹ ਚੰਗੀ ਗੱਲ ਹੈ ?...ਨਹੀਂ, ਇਹ ਚੰਗੀ ਗੱਲ ਨਹੀਂ। ਇਸ ਕਰਕੇ ਮੈਂ ਤੁਹਾਡੇ ਸਾਰਜੈਂਟ ਮੇਜਰ ਅਤੇ ਕਮਿਊਨਿਸਟ ਦੀ ਹੈਸੀਅਤ

ਵਿੱਚ ਹਾਲ ਦੀ ਘੜੀ ਮੀਟਿੰਗਾਂ ਵੀਟਿੰਗਾਂ ਕਰਨ ਦੀ ਇਜ਼ਾਜ਼ਤ ਨਹੀਂ ਦੇਵਾਂਗਾ। ਆਓ ਮੈਂ ਹਾਲਤ ਦੀ ਰਿਪੋਰਟ ਪੇਸ਼ ਕਰਾਂ—ਜਰਮਨ ਪਿੱਛੇ ਹਟ ਕੇ ਜੰਗਲ ਵਿੱਚ ਜਾ ਵੜੇ ਹਨ। ਜਿੱਥੇ ਗਰਨੇਡ ਚੱਲਿਆ ਸੀ ਉੱਥੇ ਢੇਰ ਸਾਰਾ ਲਹੂ ਡੁਲ੍ਹਿਆ ਹੋਇਆ ਹੈ। ਇਸ ਦਾ ਮਤਲਬ ਹੈ ਕਿ ਕੋਈ ਨਾ ਕੋਈ ਮਰਿਆ ਜ਼ਰੂਰ ਹੋਵੇਗਾ। ਅਸੀਂ ਫਰਜ ਕਰ ਸਕਦੇ ਹਾਂ ਕਿ ਉਹ ਹੁਣ 13 ਜਣੇ ਹਨ। ਇਹ ਹੈ ਪਹਿਲੀ ਗੱਲ। ਦੂਜੀ ਗੱਲ ਇਹ ਹੈ ਕਿ ਮੇਰੇ ਕੋਲ਼ ਕਾਰਤੂਸਾਂ ਦੀ ਇੱਕ ਪੂਰੀ ਪੇਟੀ ਬਚੀ ਹੋਈ ਹੈ। ਤੇਰੇ ਕੋਲ਼, ਓਸੀਆਨੀਨਾ ?"

"ਇੱਕ ਪੂਰੀ ਤੇ ਦੂਜੀ ਅੱਧੀ।"

"ਠੀਕ ਹੈ। ਜਿੱਥੋਂ ਤੱਕ ਬੁਜਦਿਲੀ ਦਾ ਸਵਾਲ ਹੈ—ਬੁਜ਼ਦਿਲੀ ਵਾਲ਼ੀ ਕੋਈ ਗੱਲ ਨਹੀਂ। ਬੁਜ਼ਦਿਲੀ ਦਾ ਸਵਾਲ, ਬੀਬਾ, ਸਿਰਫ ਦੂਜੀ ਟੱਕਰ ਵਿੱਚ ਹੀ ਪੈਦਾ ਹੋ ਸਕਦਾ ਹੈ। ਪਹਿਲੀ ਟੱਕਰ ਵਿੱਚ ਤਾਂ ਬੌਖਲਾਹਟ ਹੁੰਦੀ ਹੈ। ਅਨਾੜੀਪਨ ਕਰਕੇ। ਠੀਕ ਏ ਨਾ, ਸੈਨਿਕ ਚਿਤਵਿਰਤਕ ?"

"ਹਾਂ..."

"ਜੇ ਇਹ ਗੱਲ ਹੈ ਤਾਂ ਮੇਰਾ ਹੁਕਮ ਹੈ ਆਪਣੀਆਂ ਅੱਖਾਂ ਪੂੰਝ ਤੇ ਵਗਦਾ ਨੱਕ ਸਾਫ ਕਰ। ਓਸੀਆਨੀਨਾ ਅੱਗੇ ਜਾਏਗੀ ਅਤੇ ਜੰਗਲ ਉੱਤੇ ਨਿਗਾਹ ਰੱਖੇਗੀ। ਥੱਕ ਗਈਆਂ ਸੈਨਿਕੋ—ਕੁੱਝ ਖਾ ਪੀ ਲਓ ਤੇ ਜਿੱਥੋਂ ਤੱਕ ਸੰਭਵ ਹੋ ਸਕੇ ਆਰਾਮ ਕਰ ਲਓ। ਕੋਈ ਸਵਾਲ ਤੇ ਨਹੀਂ ?... ਸ਼ੁਰੂ ਕਰੋ ਫਿਰ।"

ਉਹਨਾਂ ਨੇ ਚੁੱਪ ਚਾਪ ਬਹਿ ਕੇ ਕੁੱਝ ਖਾਧਾ ਪੀਤਾ। ਸਾਰਜੈਂਟ ਮੇਜਰ ਦਾ ਕੁੱਝ ਖਾਣ ਨੂੰ ਜੀਅ ਨਹੀਂ ਸੀ ਕਰਦਾ। ਉਹ ਤਾਂ ਸਿਰਫ ਇਹ ਚਾਹੁੰਦਾ ਸੀ ਕਿ ਬੈਠ ਕੇ ਲੱਤਾਂ ਨਿਸਲ ਕਰੇ, ਪਰ ਹਿੰਮਤ ਕਰ ਕੇ ਉਹਨੇ ਵੀ ਕੁੱਝ ਖਾ ਲਿਆ ਕਿਉਂਕਿ ਸਰੀਰ ਵਿੱਚ ਸਤਿਆ ਦੀ ਲੋੜ ਸੀ। ਉਹਦੀਆਂ ਸੈਨਿਕ ਕੁੜੀਆਂ ਨੇ ਇੱਕ ਦੂਜੀ ਨਾਲ਼ ਅੱਖ ਨਾ ਮਿਲਾਈ ਅਤੇ ਮਜ਼ਬੂਤ ਜਵਾਨ ਦੰਦਾਂ ਨਾਲ਼ ਚਿੱਥ ਚਿੱਥ ਕੇ ਹਾਬੜਿਆਂ ਵਾਂਗ ਖਾਂਦੀਆਂ ਰਹੀਆਂ। ਸਾਰਜੈਂਟ ਮੇਜਰ ਇਸ ਗੱਲ 'ਤੇ ਵੀ ਖੁਸ਼ ਸੀ ਕਿ ਉਹਨਾਂ ਨੇ ਹਾਲੇ ਤੱਕ ਢੇਰੀ ਨਹੀਂ ਸੀ ਢਾਹੀ, ਉਹ ਹਾਲੇ ਡਟੀਆਂ ਹੋਈਆਂ ਸਨ।

ਦੁਮੇਲ ਤੇ ਸੂਰਜ ਹੇਠਾਂ ਹੋ ਗਿਆ ਸੀ ਅਤੇ ਜੰਗਲ ਦਾ ਸਿਰਾ ਜਿਵੇਂ-ਜਿਵੇਂ ਹਨੇਰਾ ਹੁੰਦਾ ਜਾਂਦਾ ਸੀ, ਸਾਰਜੈਂਟ ਮੇਜਰ ਦਾ ਤੌਖਲਾ ਵਧਦਾ ਜਾਂਦਾ ਸੀ। ਕੁਮਕ ਪਹੁੰਚਣ ਵਿੱਚ ਦੇਰ ਹੋ ਗਈ ਸੀ ਅਤੇ ਜਰਮਨ ਇਸ ਦੁਧੀਆ ਧੁੰਦਲਕੇ ਦਾ ਲਾਭ ਉਠਾ ਕੇ ਉਸ 'ਤੇ ਹੱਲਾ ਬੋਲ ਸਕਦੇ ਅਤੇ ਝੀਲਾਂ ਦੇ ਵਿਚਕਾਰ ਜਮੀਨ ਦੀ ਤੰਗ ਜਿਹੀ ਧਰਤੀ ਉੱਤੋਂ ਲੰਘ ਸਕਦੇ ਸਨ ਜਾਂ ਜੰਗਲ ਵਿੱਚ ਕਿਧਰੇ ਲੋਪ ਹੋ ਸਕਦੇ ਸਨ। ਫਿਰ ਉਹਨਾਂ ਨੂੰ ਲੱਭਣ ਦਾ ਯਤਨ ਅਰੰਭਿਆ ਜਾਏ! ਅਸਲ ਹਾਲਤ ਦਾ ਪਤਾ ਲਾਉਣ ਲਈ ਉਸ ਨੂੰ ਹੁਣੇ ਹੀ ਖੋਜ਼ ਸ਼ੁਰੂ ਕਰ ਦੇਣੀ ਚਾਹੀਦੀ ਹੈ, ਫਿਰ ਉਹਨਾਂ ਦੀ ਪੈੜ ਨੱਪਣੀ ਚਾਹੀਦੀ ਹੈ। ਉਸ ਨੂੰ ਇਹ ਕੰਮ ਤਾਂ ਕਰਨਾ ਚਾਹੀਦਾ ਹੈ, ਪਰ ਤਾਕਤ ਨਹੀਂ ਰਹਿ ਗਈ।

ਹਾਂ, ਗੱਲ ਉਸ ਤਰਾਂ ਦੀ ਨਹੀਂ ਸੀ ਬਣ ਰਹੀ ਜਿਸ ਤਰਾਂ ਉਹ ਚਾਹੁੰਦਾ ਸੀ। ਉਸ ਦੀ ਇੱਕ ਸੈਨਿਕ ਦੀ ਜਾਨ ਜਾਂਦੀ ਰਹੀ ਸੀ ਅਤੇ ਆਪਣੇ ਆਪ ਨੂੰ ਉਸ ਨੇ ਜਾਹਿਰ ਕਰ ਦਿੱਤਾ ਸੀ ਅਤੇ ਉਹਦੀ ਟੋਲੀ ਨੂੰ ਆਰਾਮ ਕਰਨ ਦੀ ਲੋੜ ਸੀ ਅਤੇ ਕੁਮਕ ਹਾਲੇ ਤੱਕ ਪਹੁੰਚੀ ਨਹੀਂ ਸੀ।

ਫਿਰ ਵੀ, ਸਾਰਜੈਂਟ ਮੇਜਰ ਨੇ ਸਿਰਫ ਓਨਾ ਹੀ ਚਿਰ ਆਰਾਮ ਕੀਤਾ ਜਿੰਨਾ ਚਿਰ ਓਸੀਆਨੀਨਾ ਕੁੱਝ ਖਾਂਦੀ ਪੀਂਦੀ ਰਹੀ ਸੀ। ਫਿਰ ਉਹ ਹੰਭਲ਼ਾ ਮਾਰ ਕੇ ਉੱਠ ਖਲੋਤਾ, ਆਪਣੀ

ਪੇਟੀ ਨੂੰ ਹੋਰ ਕਸ ਚਾੜ੍ਹੀ ਅਤੇ ਸਖ਼ਤ ਆਵਾਜ਼ ਵਿੱਚ ਬੋਲਿਆ–

"ਸੈਨਿਕ ਚਿਤਵਿਰਤਕ ਮੇਰੇ ਨਾਲ਼ ਖੋਜ ਭਾਲ਼ ਵਾਸਤੇ ਜਾਵੇਗੀ। ਜੂਨੀਅਰ ਸਾਰਜੈਂਟ ਓਸੀਆਨੀਨਾ ਇੱਥੇ ਰਹੇਗੀ। ਤੇਰਾ ਕੰਮ ਹੈ—ਇੱਕ ਵਾਜਿਬ ਫਾਸਲਾ ਰੱਖ ਕੇ ਮਗਰ ਮਗਰ ਆਉਣਾ। ਜਦੋਂ ਗੋਲ਼ੀ ਦੀ ਆਵਾਜ਼ ਆਵੇ, ਲੁਕ ਜਾਓ—ਇਹ ਹੁਕਮ ਹੈ। ਲੁਕ ਜਾਓ ਤੇ ਸਾਡੇ ਵਾਪਸ ਆਉਣ ਤੱਕ ਲੁਕੀਆਂ ਰਹੋ। ਜੇ ਅਸੀਂ ਵਾਪਸ ਨਾ ਮੁੜੀਏ, ਫੌਰਨ ਪਿੱਛੇ ਹਟ ਜਾਓ, ਚੁੱਪ ਚਾਪ ਬਿਨਾਂ ਕਿਸੇ ਹਿਲਜੁਲ ਦੇ, ਸਾਡੇ ਪਹਿਲੇ ਮੋਰਚਿਆਂ ਰਾਹੀਂ ਪੱਛਮ ਵੱਲ। ਜਿੱਨਾ ਚਿਰ ਕੋਈ ਬੰਦਾ ਮਿਲਦਾ ਨਹੀਂ—ਅਤੇ ਫਿਰ ਰਿਪੋਰਟ ਕਰੋ।

ਉਹਦੇ ਮਨ ਵਿੱਚੋਂ ਇਹ ਖਿਆਲ ਲੰਘਿਆ ਕਿ ਇਸ ਕਿਸਮ ਦੀ ਕਾਰਵਾਈ ਕਰਨ ਵਾਸਤੇ ਚਿਤਵਿਰਤਕ ਨੂੰ ਨਾਲ਼ ਨਹੀਂ ਖੜ੍ਹਨਾ ਚਾਹੀਦਾ। ਇਸ ਕੰਮ ਲਈ ਕੋਮੇਲਕੋਵਾ ਹੀ ਯੋਗ ਸੀ। ਉਹ ਐਸੀ ਕਾਮਰੇਡ ਸੀ ਜਿਸ 'ਤੇ ਭਰੋਸਾ ਕੀਤਾ ਜਾ ਸਕੇ, ਜਿਹੜੀ ਇੱਕ ਦਿਨ ਵਿੱਚ ਦੋ ਅਜ਼ਮਾਇਸ਼ਾਂ ਵਿੱਚੋਂ ਲੰਘ ਚੁੱਕੀ ਸੀ। ਇਹ ਐਸੀਆਂ ਅਜਮਾਇਸ਼ਾਂ ਸਨ ਜਿਨ੍ਹਾਂ ਬਾਰੇ ਮਰਦ ਵੀ ਕੋਈ ਵਿਰਲਾ ਟਾਵਾਂ ਡੀਂਗ ਮਾਰ ਸਕਦਾ ਸੀ। ਤਾਂ ਵੀ ਉਹਨਾਂ ਦੇ ਅਫਸਰ ਦੀ ਹੈਸੀਅਤ ਵਿੱਚ ਉਹ ਮਹਿਜ ਇੱਕ ਫੌਜੀ ਕਮਾਂਡਰ ਹੀ ਨਹੀਂ। ਇਸ ਤੋਂ ਕੁੱਝ ਵਧੇਰੇ ਸੀ। ਉਹਨਾਂ ਦਾ ਉਸਤਾਦ ਵੀ ਬਣਨਾ ਉਹਦਾ ਫਰਜ ਸੀ। ਇਹ ਗੱਲ ਵੀ ਫੌਜੀ ਨੇਮਾਂ ਦੇ ਅਨੁਕੂਲ ਸੀ।

ਅਤੇ ਸਾਰਜੈਂਟ ਮੇਜਰ ਫੌਜੀ ਨੇਮਾਂ ਦਾ ਬੜਾ ਸਤਿਕਾਰ ਕਰਦਾ ਸੀ। ਉਸ ਨੂੰ ਇਹ ਨੇਮ ਜੁਬਾਨੀ ਯਾਦ ਸਨ। ਉਹ ਬੜੀ ਬਰੀਕੀ ਨਾਲ਼ ਇਹਨਾਂ 'ਤੇ ਅਮਲ ਕਰਦਾ ਸੀ। ਇਸੇ ਕਰਕੇ ਹੀ ਉਹਨੇ ਗਾਲੀਆ ਨੂੰ ਆਖਿਆ–

"ਆਪਣਾ ਕਿਟ–ਬੈਗ ਤੇ ਵੱਡਾ ਕੋਟ ਇੱਥੇ ਹੀ ਰਹਿਣ ਦੇ। ਮੇਰੀਆਂ ਪੈੜਾਂ ਉੱਤੇ ਮਗਰ ਮਗਰ ਆਵੀਂ ਅਤੇ ਜੋ ਕੁੱਝ ਮੈਂ ਕਰਾਂ ਉਹਨੂੰ ਅੱਖਾਂ ਖੋਹਲ ਕੇ ਵੇਖਦੀ ਰਹੀਂ ਤੇ ਇੱਕ ਗੱਲ ਹੋਰ, ਭਾਵੇਂ ਕੁੱਝ ਵੀ ਹੋ ਜਾਏ, ਬੋਲਣਾ ਨਹੀਂ, ਚੀਕ ਨਹੀਂ ਮਾਰਨੀ ਤੇ ਰੋਣ ਦੀ ਤਾਂ ਗੱਲ ਹੀ ਭੁੱਲ ਜਾ।"

ਚਿਤਵਿਰਤਕ ਨੇ ਉਹਦੀ ਗੱਲ ਸੁਣ ਕੇ ਛੇਤੀ ਨਾਲ਼ ਸਿਰ ਹਿਲਾ ਦਿੱਤਾ। ਉਹਦੀਆਂ ਅੱਖਾਂ ਵਿੱਚ ਸਹਿਮ ਛਾਇਆ ਹੋਇਆ ਸੀ।....

11

ਜਰਮਨ ਟੱਕਰ ਲੈਣ ਤੋਂ ਕਿਉਂ ਕਤਰਾ ਗਏ ਸਨ ? ਉਸ ਵੇਲ਼ੇ ਕਤਰਾ ਗਏ, ਜਦੋਂ ਉਹਨਾਂ ਨੇ ਤਜ਼ਰਬਾਕਾਰ ਕੰਨਾਂ ਨਾਲ਼ ਜ਼ਰੂਰ ਜਾਣ ਲਿਆ ਹੋਵੇਗਾ ਕਿ ਉਹਨਾਂ ਦੇ ਵਿਰੋਧੀ ਕਿੱਨੇ ਕੁ ਤਕੜੇ (ਜਾਂ ਸਗੋਂ, ਕਮਜ਼ੋਰ) ਹਨ ?

ਇਹ ਫਜ਼ੂਲ ਕਿਸਮ ਦੇ ਸਵਾਲ ਨਹੀਂ ਸਨ ਅਤੇ ਜੇ ਵਾਸਕੋਵ ਇਹਨਾਂ ਸਵਾਲਾਂ ਉੱਤੇ ਸਿਰ ਖਪਾਈ ਕਰ ਰਿਹਾ ਸੀ ਤਾਂ ਇਹ ਸਿਰਫ ਉਹਦਾ ਖੋਰਚੀਪੁਣਾ ਹੀ ਨਹੀਂ ਸੀ। ਦੁਸ਼ਮਣ ਨੂੰ ਸਮਝਣ ਦੀ ਲੋੜ ਹੁੰਦੀ ਹੈ। ਉਸ ਦੀ ਹਰ ਕਾਰਵਾਈ, ਉਸ ਦੀ ਹਰ ਹਰਕਤ ਦਾ ਉੱਕਾ ਹੀ ਸਪੱਸ਼ਟ ਗਿਆਨ ਹੋਣਾ ਚਾਹੀਦਾ ਹੈ। ਤੁਸੀਂ ਦੁਸ਼ਮਣ ਬਾਰੇ ਸੋਚਣਾ ਉਦੋਂ ਹੀ ਸ਼ੁਰੂ ਕਰਦੇ ਹੋ ਜਦੋਂ ਤੁਹਾਨੂੰ ਇਸ ਗੱਲ ਦਾ ਬਿਲਕੁਲ ਸਪੱਸ਼ਟ ਪਤਾ ਲੱਗ ਜਾਂਦਾ ਹੈ ਕਿ ਉਹ ਆਪਣੇ ਬਾਰੇ ਕੀ ਸੋਚ ਰਿਹਾ ਹੋਵੇਗਾ। ਆਖਰ, ਲੜਾਈ ਸਿਰਫ ਇੰਨਾ ਹੀ ਮਸਲਾ ਨਹੀਂ ਕਿ ਕੌਣ ਗੋਲ਼ੀਆਂ ਵੱਧ ਚਲਾਉਂਦਾ ਹੈ ਤੇ ਕੌਣ ਘੱਟ। ਲੜਾਈ ਬਹੁਤਾ ਕਰਕੇ ਸਵਾਲ ਇਹ ਹੁੰਦਾ ਹੈ ਕਿ ਕੌਣ ਕਿਸ ਨੂੰ ਛਲ ਜਾਂਦਾ ਹੈ।

ਨੇਮ ਇਸ ਤਰਾਂ ਦੇ ਉਲੀਕੇ ਗਏ ਸਨ ਕਿ ਤੁਸੀਂ ਆਜ਼ਾਦੀ ਨਾਲ਼ ਸੋਚ ਸਕੋ, ਬਹੁਤ ਦੂਰ ਤੱਕ ਸੋਚ ਸਕੋ, ਜਿੱਨੀ ਦੂਰ ਦੂਜੀ ਧਿਰ ਹੈ—ਆਪਣੇ ਦੁਸ਼ਮਣ ਬਾਰੇ ਸੋਚ ਸਕੋ।

ਪਰ ਫੇਦੋਤ ਵਾਸਕੋਵ ਨੇ ਭਾਵੇਂ ਘਟਨਾਵਾਂ ਨੂੰ ਕਿੱਨਾ ਵੀ ਉਲ਼ਟ ਪੁਲ਼ਟ ਕੇ ਵੇਖਿਆ, ਉਹਨਾਂ ਦੇ ਵੱਖ ਵੱਖ ਪਹਿਲੂਆਂ ਨੂੰ ਵਿਚਾਰਿਆ, ਉਸ ਨੂੰ ਇੱਕੋ ਗੱਲ ਸਪੱਸ਼ਟ ਹੁੰਦੀ ਜਾਪਦੀ ਸੀ—ਜਰਮਨ ਉਹਨਾਂ ਬਾਰੇ ਕੁੱਝ ਨਹੀਂ ਸਨ ਜਾਣਦੇ। ਇਸ ਦਾ ਮਤਲਬ ਸੀ ਕਿ ਜਿਹੜੇ ਦੋ ਬੰਦੇ ਉਸ ਨੇ ਮਾਰ ਦਿੱਤੇ ਸਨ ਉਹ ਅਗਾਂਉਂ ਆਈ ਪਾਰਟੀ ਨਹੀਂ ਸੀ, ਸਗੋਂ ਸੂਹੀਏ ਸਨ। ਇਸ ਦਾ ਇਹ ਵੀ ਮਤਲਬ ਸੀ ਕਿ ਵੱਡਾ ਟੋਲਾ ਉਹਨਾਂ ਦੇ ਪਿੱਛੇ-ਪਿੱਛੇ ਆ ਰਿਹਾ ਸੀ ਤੇ ਉਸ ਨੂੰ ਇਹ ਪਤਾ ਨਹੀਂ ਸੀ ਕਿ ਉਹਦੇ ਨਾਲ਼ ਕੀ ਵਾਪਰਨ ਵਾਲ਼ਾ ਹੈ। ਸੋਚ ਵਿਚਾਰ ਪਿੱਛੋਂ ਉਹ ਇਸ ਨਤੀਜੇ ਉੱਤੇ ਪੁੱਜਾ ਸੀ, ਪਰ ਇਸ ਤੋਂ ਉਹ ਕੀ ਫਾਇਦਾ ਉਠਾ ਸਕਦਾ ਹੈ ਇਸ ਬਾਰੇ ਹਾਲੇ ਉਹਦਾ ਦਿਮਾਗ ਸਾਫ ਨਹੀਂ ਸੀ।

ਸਾਰਜੈਂਟ ਮੇਜਰ ਆਪਣੇ ਦਿਮਾਗ ਨੂੰ ਖੁਰਚੀ ਗਿਆ। ਤੱਥਾਂ ਨੂੰ ਇਉਂ ਹੇਠਾਂ ਉੱਤੇ ਕਰ ਕੇ ਵੇਖਦਾ ਰਿਹਾ ਜਿਵੇਂ ਕੋਈ ਤਾਸ਼ ਫੈਂਟਦਾ ਹੈ, ਪਰ ਉਹਦਾ ਧਿਆਨ ਮੁੱਖ ਮਸਲੇ ’ਤੇ ਹੀ ਕੇਂਦਰਿਤ ਸੀ। ਉਹ ਚੁੱਪ ਚਾਪ ਅਗਾਂਹ ਸਰਕਦਾ ਗਿਆ। ਉਹ ਹਰ ਚੀਜ਼ ਦੀ ਬਿੜਕ ਲੈ ਰਿਹਾ ਸੀ। ਉਸ ਨੇ ਜਿਵੇਂ ਸੱਚ ਮੁੱਚ ਹੀ ਆਪਣੇ ਕੰਨ ਖੜ੍ਹੇ ਕੀਤੇ ਹੋਏ ਸਨ। ਪਰ ਪੌਣ ਦੇ ਹਲਕੇ ਹਲਕੇ ਬੁਲਿਆਂ ਵਿੱਚੋਂ ਨਾ ਕੋਈ ਆਵਾਜ਼ ਆਉਂਦੀ ਸੀ ਨਾ ਮਹਿਕ ਅਤੇ ਵਾਸਕੋਵ ਬਿਨਾਂ ਅਟਕੇ ਰੁਕੇ ਦੇ ਅੱਗੇ ਵਧਦਾ ਗਿਆ ਅਤੇ ਲਾਚਾਰ ਕੁੜੀ ਉਹਦੇ ਪਿੱਛੇ-ਪਿੱਛੇ ਆਪਣੇ ਆਪ ਨੂੰ ਧੂਹੀ ਘਸੀਟੀ ਗਈ। ਸਾਰਜੈਂਟ ਮੇਜਰ ਕਦੇ ਕਦੇ ਪਿੱਛੇ ਮੁੜ ਕੇ ਉਹਦੇ ਵੱਲ ਵੇਖ ਲੈਂਦਾ ਸੀ, ਪਰ ਹਾਲੇ ਤੱਕ ਸੈਨਿਕ ਨੇ ਕੋਈ ਐਸੀ ਗੱਲ ਨਹੀਂ ਸੀ ਕੀਤੀ ਜਿਸ ਕਾਰਨ ਉਹਨੂੰ ਡਾਂਟ ਪੈਂਦੀ। ਉਹ ਹੁਕਮ ਉੱਤੇ ਅਮਲ ਕਰ ਰਹੀ ਸੀ, ਉਸ ਦੇ ਮਗਰ-ਮਗਰ ਜਾ ਰਹੀ ਸੀ, ਪਰ ਬੇਦਿਲ ਜਿਹੀ। ਉਹਦੀ ਚਾਲ ਵਿੱਚ ਕੋਈ ਫੁਰਤੀ ਨਹੀਂ ਸੀ। ਜਾਪਦਾ ਸੀ ਜਿਵੇਂ ਹਾਲੇ ਤੱਕ ਉਹ ਸੂੰ-ਸੂੰ ਕਰਦੀਆਂ ਸਿਰ ਤੋਂ ਲੰਘਦੀਆਂ ਗੋਲ਼ੀਆਂ ਬਾਰੇ ਹੀ ਸੋਚ ਰਹੀ ਹੋਵੇ।

ਅਸਲ ਵਿੱਚ ਗਾਲੀਆ ਵਰ੍ਹਦੀਆਂ ਗੋਲ਼ੀਆਂ ਬਾਰੇ ਸਭ ਕੁੱਝ ਭੁੱਲ ਭੁਲਾ ਗਈ ਸੀ। ਉਹਦੀਆਂ ਅੱਖਾਂ ਵਿੱਚ ਇੱਕ ਦੂਸਰੀ ਤਸਵੀਰ ਫਿਰ ਰਹੀ ਸੀ। ਤਿੱਖੇ ਨੈਣ ਨਕਸ਼ਾਂ ਵਾਲ਼ਾ ਸੋਨੀਆਂ ਦਾ ਘਸਮੈਲ਼ਾ ਜਿਹਾ ਚਿਹਰਾ, ਉਸ ਦੀਆਂ ਬੇਨੂਰ, ਅੱਧ ਖੁੱਲ੍ਹੀਆਂ ਅੱਖਾਂ ਅਤੇ ਲਹੂ ਨਾਲ਼ ਆਕੜੀ ਹੋਈ ਉਹਦੀ ਕਮੀਜ਼। ਅਤੇ ....ਹਿੱਕ ਵਿੱਚ ਦੋ ਫੱਟ.... ਸੌੜੇ ਜਿਹੇ ਜਿਵੇਂ ਬਲੇਡ ਦੇ ਚੀਰ ਹੋਣ। ਉਹ ਨਾ ਤਾਂ ਸੋਨੀਆਂ ਬਾਰੇ ਸੋਚ ਰਹੀ ਸੀ ਨਾ ਹੀ ਮੌਤ ਬਾਰੇ—ਉਹ ਸਰੀਰਕ ਤੌਰ ’ਤੇ, ਬੇਹੋਸ਼ੀ ਦੀ ਹੱਦ ਤੱਕ ਇਉਂ ਮਹਿਸੂਸ ਕਰ ਰਹੀ ਸੀ ਜਿਵੇਂ ਕੋਈ ਛੁਰੀ ਉਹਦੀਆਂ ਆਂਦਰਾਂ ਨੂੰ ਚੀਰਦੀ ਹੋਵੇ, ਉਹਦੇ ਮਾਸ ਦੀਆਂ ਬੋਟੀਆਂ ਲਾਹੁੰਦੀ ਹੋਵੇ, ਉਹਦੀਆਂ ਨਾਸਾਂ ਵਿੱਚ ਲਹੂ ਦੀ ਮੁਸ਼ਕ ਚੜ੍ਹ ਰਹੀ ਹੋਵੇ। ਗਾਲੀਆ ਹਮੇਸ਼ਾਂ ਹੀ ਵਾਸਤਵਿਕ ਸੰਸਾਰ ਦੇ ਮੁਕਾਬਲੇ ਕਾਲਪਨਿਕ ਸੰਸਾਰ ਵਿੱਚ ਵਧੇਰੇ ਚੁਸਤੀ ਨਾਲ਼ ਜਿਉਂਦੀ ਰਹੀ ਸੀ ਅਤੇ ਇਸ ਵੇਲ਼ੇ ਉਹ ਚਾਹੁੰਦੀ ਸੀ ਕਿ ਇਹ ਸਭ ਕੁੱਝ ਭੁੱਲ ਜਾਵੇ, ਇਹ ਸਭ ਕੁੱਝ ਨੂੰ ਯਾਦ ਵਿੱਚੋਂ ਮਿਟਾ ਦੇਵੇ, ਪਰ ਉਹ ਇਸ ਤਰਾਂ ਨਹੀਂ ਸੀ ਕਰ ਸਕੀ। ਨਤੀਜਾ ਇਹ ਹੋਇਆ ਕਿ ਉਹ ਐਸੀ ਡਰੀ, ਐਸੀ ਡਰੀ ਕਿ ਉਹਦੇ ਹੋਸ਼ ਹਵਾਸ ਉੱਡ ਗਏ ਤੇ ਇਸ ਮਾਰੂ ਸਹਿਮ ਦੇ ਭਾਰ ਹੇਠ ਇਸ ਤਰਾਂ ਦਬ ਗਈ ਕਿ ਉਹਦਾ ਦਿਮਾਗ ਸੋਚਣੋ ਜਵਾਬ ਦੇ ਗਿਆ।

ਕੁਦਰਤੀ ਹੀ, ਸਾਰਜੈਂਟ ਮੇਜਰ ਨੂੰ ਕੁੱਝ ਪਤਾ ਨਹੀਂ ਸੀ ਕਿ ਗਾਲੀਆ ਦੀ ਹਾਲਤ ਕੀ ਹੈ। ਉਹ ਨਹੀਂ ਸੀ ਜਾਣਦਾ ਕਿ ਇਹ ਸੈਨਿਕ, ਜਿਸ ਨਾਲ਼ ਉਹਦੀ ਜਿੰਦਗੀ ਤੇ ਮੌਤ ਦਾ ਸਵਾਲ ਇਉਂ ਡੂੰਘਾ ਜੁੜਿਆ ਹੋਇਆ ਹੈ, ਪਹਿਲਾਂ ਹੀ ਮਰ ਚੁੱਕੀ ਹੋਈ ਹੈ। ਉਹ ਮਰ ਚੁੱਕੀ ਹੈ, ਤਾਂ ਉਹਦਾ ਅਜੇ ਜਰਮਨਾਂ ਨਾਲ਼ ਵਾਹ ਨਹੀਂ ਸੀ ਪਿਆ, ਅਜੇ ਇੱਕ ਵਾਰ ਵੀ ਉਹਨਾਂ ਉੱਤੇ ਗੋਲ਼ੀ ਨਹੀਂ ਸੀ ਵਰ੍ਹਾਈ।

ਵਾਸਕੋਵ ਨੇ ਹੱਥ ਖੜ੍ਹਾ ਕੀਤਾ। ਪੈੜ ਸੱਜੇ ਪਾਸੇ ਨੂੰ ਮੁੜ ਗਈ ਸੀ। ਬਹੁਤ ਹੀ ਫਿੱਕੀ ਫਿੱਕੀ, ਪਥਰੀਲੀ ਜ਼ਮੀਨ ਉੱਤੇ ਮਸਾਂ ਹੀ ਵਿਖਾਈ ਦਿੰਦੀ, ਇੱਥੇ ਸਿੱਲ੍ਹ ਕਾਈ ਉੱਤੇ ਪਾਣੀ–ਭਰੀ ਪੈੜ ਬਿਲਕੁਲ ਅਸ਼ਪੱਸ਼ਟ ਹੋ ਗਈ ਸੀ। ਇਉਂ ਲਗਦਾ ਸੀ ਜਿਵੇਂ ਅਚਾਨਕ ਹੀ ਜਰਮਨਾਂ ਦੇ, ਭਾਰੀ ਬੋਝ ਹੇਠਾਂ, ਇੱਥੇ ਪੈਰ ਥਿੜਕ ਗਏ ਹੋਣ ਅਤੇ ਉਹ ਪੈਰਾਂ ਦੇ ਵੱਡੇ ਵੱਡੇ ਨਿਸ਼ਾਨ ਪਿੱਛੇ ਛੱਡ ਗਏ ਹੋਣ।

"ਠਹਿਰ ਜਾ ਇੱਥੇ", ਸਾਰਜੈਂਟ ਮੇਜਰ ਨੇ ਹੌਲ਼ੀ ਜਿਹੀ ਆਖਿਆ। ਆਪ ਉਹ ਸੱਜੇ ਪਾਸੇ ਹੋ ਪਿਆ, ਪੈੜ ਦੇ ਨਾਲ਼ ਨਾਲ਼। ਉਸ ਨੇ ਝਾੜੀਆਂ ਵਿੱਚ ਵੇਖਿਆ ਚਾਖਿਆ ਅਤੇ ਉਸ ਨੂੰ ਲਾਸ਼ਾਂ ਮਿਲ ਗਈਆਂ ਜਿਹੜੀਆਂ ਕਾਹਲੀ ਵਿੱਚ ਇਕੱਠੀਆਂ ਕੀਤੀਆਂ ਝਾੜੀਆਂ ਮੋਹੜੀਆਂ ਦੇ ਹੇਠਾਂ ਇੱਕ ਛੋਟੇ ਜਿਹੇ ਮਘੋਰੇ ਵਿੱਚ ਪਈਆਂ ਸਨ। ਉਸ ਨੇ ਬੜੇ ਧਿਆਨ ਨਾਲ਼ ਝਾੜੀਆਂ ਮੋਹੜੀਆਂ ਨੂੰ ਇੱਕ ਪਾਸੇ ਹਟਾਇਆ। ਦੋ ਲਾਛਾਂ ਪਈਆਂ ਸਨ ਜਿਨ੍ਹਾਂ ਦੇ ਮੂੰਹ ਹੇਠ ਵੱਲ ਸਨ। ਉਹ ਲਾਛਾਂ ਦੇ ਕੋਲ਼ ਨਿੱਠ ਕੇ ਬਹਿ ਗਿਆ ਤੇ ਉਹਨਾਂ ਨੂੰ ਜਾਂਚਣ ਘੋਖਣ ਲੱਗਾ। ਜਿਹੜੀ ਲਾਛ ਉੱਪਰ ਪਈ ਸੀ ਉਸ ਦੀ ਖੋਪੜੀ ਦੇ ਪਿਛਲੇ ਪਾਸੇ ਛੋਟੀ ਜਿਹੀ ਮੋਰੀ ਸੀ ਪਰ ਲਹੂ ਦਾ ਕੋਈ ਨਿਸ਼ਾਨ ਨਹੀਂ ਸੀ ਅਤੇ ਛੋਟੇ ਛੋਟੇ ਮੁੰਨੇ ਹੋਏ ਵਾਲ਼ ਝੁਲਸੇ ਹੋਏ ਸਨ।

"ਗੋਲ਼ੀ ਮਾਰ ਦਿੱਤੀ", ਸਾਰਜੈਂਟ ਮੇਜਰ ਨੇ ਮਨ ਵਿੱਚ ਸੋਚਿਆ, "ਆਪਣੇ ਹੀ ਬੰਦਿਆਂ ਨੇ। ਸਿਰ ਦੇ ਪਿਛਲੇ ਪਾਸੇ। ਫੱਟੜ ਹੋ ਗਿਆ ਸੀ, ਸੋ ਉਹਨਾਂ ਨੇ ਫਸਤਾ ਵੱਢ ਦਿੱਤਾ—ਇਹ ਉਹਨਾਂ ਦਾ ਅਸੂਲ ਹੈ..."

ਵਾਸਕੋਵ ਨੇ ਥੁੱਕ ਦਿੱਤਾ। ਮੁਰਦੇ ਉੱਤੇ ਥੁੱਕ ਦਿੱਤਾ, ਭਾਵੇਂ ਇਹ ਘੋਰ ਘਿਣਾਉਣਾ ਗੁਨਾਹ ਸੀ। ਪਰ ਉਹਦੇ ਮਨ ਵਿੱਚ ਉਹਨਾਂ ਵਾਸਤੇ ਸਿਵਾਏ ਨਫਰਤ ਦੇ ਹੋਰ ਕੁੱਝ ਨਹੀਂ ਸੀ। ਉਹਦੇ ਵਾਸਤੇ ਉਹ ਕਿਸੇ ਅਸੂਲ ਕਾਨੂੰਨ ਦੇ ਦਾਇਰੇ ਤੋਂ ਬਾਹਰ ਸਨ, ਮਨੁੱਖਤਾ ਦੀਆਂ ਹੱਦਾਂ ਤੋਂ ਬਾਹਰ ਸਨ।

ਆਖਰ ਮਨੁੱਖ ਨੂੰ ਪਸ਼ੂ ਨਾਲ਼ੋਂ ਅੱਡ ਕਰਨ ਵਾਲ਼ੇ ਇਸ ਅਹਿਸਾਸ ਤੋਂ ਬਿਨਾਂ ਹੋਰ ਕਿਹੜੀ ਗੱਲ ਹੈ ਕਿ ਉਹ ਇੱਕ ਮਨੁੱਖ ਹੈ। ਜਦੋਂ ਇਹ ਅਹਿਸਾਸ ਮਰ ਜਾਂਦਾ ਹੈ, ਉਹ ਦਰਿੰਦਾ ਬਣ ਜਾਂਦਾ ਹੈ। ਦੋ ਲੱਤਾਂ ਤੇ ਦੋ ਬਾਹਾਂ ਵਾਲ਼ਾ ਦਰਿੰਦਾ, ਖੌਫਨਾਕ ਦਰਿੰਦਾ, ਬੇਹੱਦ ਭਿਆਨਕ। ਤਾਂ ਫਿਰ ਤੁਹਾਡੇ ਦਿਲ ਵਿੱਚ ਉਹਦੇ ਲਈ ਕੋਈ ਮਨੁੱਖੀ ਭਾਵਨਾ ਨਹੀਂ ਰਹਿ ਜਾਂਦੀ, ਨਾ ਤਰਸ, ਨਾ ਰਹਿਮ। ਉਸ ਦੀ ਖੂਬ ਪਿਟਾਈ ਕਰਨੀ ਚਾਹੀਦੀ ਹੈ, ਐਸੀ ਪਿਟਾਈ ਕਿ ਉਹ ਰੀਂਗਦਾ ਹੋਇਆ ਆਪਣੇ ਘੁਰਨੇ ਵਿੱਚ ਜਾ ਵੜੇ, ਸਗੋਂ ਉੱਥੇ ਵੀ ਉਹਦੀ ਪਿਟਾਈ ਕਰਨੀ ਚਾਹੀਦੀ ਹੈ, ਜਿੰਨਾ ਚਿਰ ਉਹਨੂੰ ਚੇਤਾ ਨਾ ਆ ਜਾਵੇ ਕਿ ਕਦੇ ਉਹ ਮਨੁੱਖ ਹੁੰਦਾ ਸੀ, ਜਿਨਾਂ ਚਿਰ ਉਸ ਨੂੰ ਇਸ ਗੱਲ ਦੀ ਸਮਝ ਨਾ ਆ ਜਾਵੇ।

ਦਿਨ ਵੇਲ਼ੇ, ਹਾਲੇ ਕੁੱਝ ਹੀ ਘੰਟੇ ਪਹਿਲਾਂ ਉਸ ਨੂੰ ਰੋਹ ਨੇ ਉਕਸਾਇਆ ਸੀ। ਉਹਦੇ ਅੰਦਰ ਬਦਲੇ ਦੀ ਅੱਗ ਭੜਕੀ ਸੀ। ਸਿੱਧੀ ਸਾਦੀ ਗੱਲ, ਖੂਨ ਦਾ ਬਦਲਾ ਖੂਨ। ਹੁਣ ਅਚਨਚੇਤ ਹੀ

ਸਾਰੀ ਗੱਲ ਨਿੱਤਰ ਗਈ ਅਤੇ ਸਗੋਂ ਪੱਕ ਗਈ। ਪੱਕ ਤੇ ਨਫਰਤ ਦਾ ਰੂਪ ਧਾਰ ਗਈ—ਬੇਰਹਿਮ ਤੇ ਸੋਚੀ ਸਮਝੀ ਨਫ਼ਰਤ। ਪਰ ਬਗੈਰ ਕਿਸੇ ਕ੍ਰੋਧ ਦੇ।

"ਸੋ ਇਹ ਹੈ ਤੁਹਾਡਾ ਕਾਇਦਾ ?...ਯਾਦ ਰੱਖਾਂਗਾ ਮੈਂ।"

ਉਸ ਨੇ ਬੜੇ ਠੰਡੇ ਦਿਲ ਨਾਲ਼ ਗਿਣਤੀ ਕੀਤੀ। ਦੋ ਹੋਰ ਘਟਾਏ, ਤੇ 12 ਰਹਿ ਗਏ। ਪੂਰੇ ਇੱਕ ਦਰਜਨ।

ਉਹ ਵਾਪਸ ਮੁੜਿਆ ਜਿੱਥੇ ਚਿਤਵਿਰਤਕ ਉਡੀਕ ਰਹੀ ਸੀ। ਉਸ ਨੇ ਉਹਦੀਆਂ ਅੱਖਾਂ ਵਿੱਚ ਝਾਕਿਆ—ਅਤੇ ਅਚਾਨਕ ਉਹਨੂੰ ਆਪਣੇ ਅੰਦਰ ਕੁੱਝ ਟੁਟਦਾ ਜਾਪਿਆ। ਉਹ ਡਰੀ ਹੋਈ ਸੀ। ਬੁਰੀ ਤਰਾਂ ਡਰੀ ਹੋਈ ਸੀ, ਅੰਦਰੋਂ ਡਰੀ ਹੋਈ ਸੀ। ਇਹ ਮਾੜੀ ਗੱਲ ਸੀ, ਪਰ ਚੰਗਾ ਹੋਵੇ ਜੇ ਇਹ ਡਰ ਸਾਰੀ ਉਮਰ ਹੀ ਉਹਦੇ ਅੰਦਰ ਨਾ ਬੈਠਾ ਰਹੇ! ਇੱਕਦਮ ਸਾਰਜੈਂਟ ਮੇਜਰ ਨੇ ਪੂਰੀ ਵਾਹ ਲਾ ਕੇ ਆਪਣੇ ਚਿਹਰੇ 'ਤੇ ਖੇੜਾ ਲਿਆਉਣ ਦੀ ਕੋਸ਼ਿਸ ਕੀਤੀ। ਉਹ ਗਾਲੀਆ ਵੱਲ ਵੇਖ ਕੇ ਇਉਂ ਮੁਸਕਰਾਇਆ ਜਿਵੇਂ ਉਹ ਉਸ ਦੀ ਪ੍ਰੇਮਿਕਾ ਹੋਵੇ ਅਤੇ ਅੱਖ ਮਾਰ ਕੇ ਆਖਿਆ।

"ਅਸੀਂ ਦੋ ਬੰਨੇ ਲਾ ਦਿੱਤੇ, ਗਾਲੀਆ! 14 ਵਿੱਚੋਂ ਦੋ ਕੱਢੇ ਤੇ ਬਾਕੀ ਰਹਿ ਗਏ 12। ਮਾੜੇ ਨਹੀਂ ਰਹੇ, ਕਾਮਰੇਡ ਸੈਨਿਕ। ਉਂਝ ਸਾਡੇ ਲਈ ਮਾਮੂਲੀ ਗੱਲ ਏ!"

ਗਾਲੀਆ ਨੇ ਅੱਗੋਂ ਮੂੰਹ ਨਹੀਂ ਖੋਹਲਿਆ। ਉਹ ਮੁਸਕਰਾਈ ਵੀ ਨਹੀਂ। ਉਸ ਨੇ ਸਿਰਫ ਉਹਦੇ ਵੱਲ ਵੇਖਿਆ ਹੀ ਸੀ, ਐਸੀ ਨਜ਼ਰ ਜਿਹੜੀ ਸਭ ਕੁੱਝ ਸਮਝਾ ਗਈ। ਐਸੀ ਹਾਲਤ ਵਿੱਚ, ਜੇ ਕੋਈ ਮਰਦ ਹੋਵੇ, ਉਸ ਦਾ ਰੋਹ ਜਗਾਇਆ ਜਾ ਸਕਦਾ ਹੈ—ਕੋਈ ਵੱਡੀ ਸਾਰੀ ਗਾਲ਼ ਕੱਢ ਕੇ ਜਾਂ ਕੰਨਾਂ ਉੱਤੇ ਘਸੁੰਨ ਜੜ ਕੇ। ਵਾਸਕੋਵ ਨੂੰ ਇਸ ਗੱਲ ਦਾ ਤਜ਼ਰਬਾ ਸੀ। ਪਰ ਇਸ ਕੁੜੀ ਦਾ ਉਹ ਕੀ ਕਰੇ—ਉਸ ਨੂੰ ਸਮਝ ਨਹੀਂ ਸੀ ਆਉਂਦੀ। ਇਸ ਕਿਸਮ ਦਾ ਉਹਨੂੰ ਕੋਈ ਤਜਰਬਾ ਨਹੀਂ ਸੀ। ਇਸ ਬਾਰੇ ਫੌਜੀ ਨੇਮਾਂ ਵਿੱਚ ਕੁੱਝ ਨਹੀਂ ਸਨ ਦਸਦੇ।

"ਕਦੇ ਪਾਵੇਲ ਕੋਰਚਾਗਿਨ ਬਾਰੇ ਕੁੱਝ ਪੜ੍ਹਿਆ ਈ ?"

ਚਿਤਵਿਰਤਕ ਨੇ ਉਹਦੇ ਵੱਲ ਇਉਂ ਵੇਖਿਆ ਜਿਵੇਂ ਕੋਈ ਪਾਗਲ ਵੱਲ ਵੇਖਦਾ ਹੈ, ਪਰ ਗਾਲੀਆ ਨੇ ਸਿਰ ਹਿਲਾ ਦਿੱਤਾ ਅਤੇ ਵਾਸਕੋਵ ਵਧੇਰੇ ਆਸਵੰਦ ਹੋ ਗਿਆ।

"ਸੋ, ਤੂੰ ਪੜ੍ਹਿਆ ਹੈ ਉਹਦੇ ਬਾਰੇ। ਤੇ ਮੈਂ ਉਹਨੂੰ ਵੇਖਿਆ ਹੋਇਆ ਹੈ, ਜਿਵੇਂ ਮੈਂ ਤੈਨੂੰ ਵੇਖ ਰਿਹਾ ਹਾਂ। ਹਾਂ। ਵੇਖੋ ਨਾ, ਸਾਨੂੰ, ਛੋਟੇ ਅਫਸਰਾਂ ਦੀ ਇੱਕ ਟੋਲੀ ਨੂੰ ਜਿੰਨ੍ਹਾਂ ਨੇ ਫੌਜੀ ਤੇ ਸਿਆਸੀ ਸਿਖਲਾਈ ਵਿੱਚ ਚੰਗੇ ਨੰਬਰ ਲਏ ਸਨ, ਮਾਸਕੋ ਵੇਖਣ ਲੈ ਗਏ। ਖੈਰ, ਉੱਥੇ ਅਸੀਂ ਲੈਨਿਨ ਦਾ ਮਕਬਰਾ ਵੇਖਿਆ, ਤਰਾਂ ਤਰਾਂ ਦੇ ਮਹਿਲ ਵੇਖੇ ਤੇ ਮਿਊਜੀਅਮ ਵੇਖੇ ਤੇ ਨਾਲ਼ੇ ਅਸੀਂ ਪਾਵੇਲ ਕੋਰਚਾਗਿਨ ਨੂੰ ਮਿਲੇ, ਤੇ ਭਾਵੇਂ ਬੜੀ ਉੱਚੀ ਪਦਵੀ ਦਾ ਮਾਲਕ ਹੈ, ਪਰ ਉਹ ਸਿੱਧਾ ਸਾਦਾ ਆਦਮੀ ਹੈ, ਦਿਲ ਦਾ ਨੇਕ ਬੰਦਾ। ਉਸ ਨੇ ਸਾਨੂੰ ਬੜੇ ਤਪਾਕ ਨਾਲ਼ ਜੀ ਆਇਆਂ ਆਖਿਆ, ਸਾਨੂੰ ਚਾਹ ਪਿਆਈ ਅਤੇ ਪੁੱਛਣ ਲੱਗਾ–" ਕਿਉਂ ਜਵਾਨੋ, ਕੀ ਹਾਲ ਚਾਲ ਹੈ ਤੁਹਾਡਾ ਫੌਜ ਵਿੱਚ ?"

"ਪਰ ਤੁਸੀਂ ਇੱਡੇ ਵਲ ਛਲ ਕਿਉਂ ਕਰਦੇ ਹੋ ? ਕਾਹਦੇ ਵਾਸਤੇ ?"

ਚਿਤਵਿਰਤਕ ਨੇ ਆਰਾਮ ਨਾਲ਼ ਪੁੱਛਿਆ। "ਕੋਰਚਾਗਿਨ ਨੂੰ ਤਾਂ ਅਧਰੰਗ ਹੋ ਗਿਆ ਸੀ ਅਤੇ ਉਹ ਕੋਰਚਾਗਿਨ ਸੀ ਵੀ ਨਹੀਂ —ਉਹਦਾ ਨਾਂ ਸੀ ਓਸਤਰੋਵਸਕੀ ਅਤੇ ਉਹ ਅੰਨ੍ਹਾ ਹੋ ਵੀ ਹੋ

ਗਿਆ ਸੀ। ਹਿਲਜੁਲ ਨਹੀਂ ਸੀ ਸਕਦਾ ਅਤੇ ਮੇਰੇ ਸਕੂਲ ਦੇ ਮੁੰਡੇ ਕੁੜੀਆਂ ਉਹਨੂੰ ਚਿੱਠੀਆਂ ਲਿਖਦੇ ਹੁੰਦੇ ਸਨ।"

"ਹੋ ਸਕਦਾ ਹੈ ਇਹ ਕੋਈ ਹੋਰ ਕੋਰਚਾਗਿਨ ਹੋਵੇ ?..."

ਵਾਸਕੋਵ ਸ਼ਰਮਿੰਦਾ ਜਿਹਾ ਹੋ ਗਿਆ ਤੇ ਤੈਸ਼ ਵਿੱਚ ਆ ਗਿਆ। ਮੱਛਰ ਨੇ ਵੀ ਬੁਰਾ ਹਾਲ ਕੀਤਾ ਹੋਇਆ ਸੀ—ਇੱਕ ਖਾਸ ਕਿਸਮ ਦਾ ਮੱਛਰ ਜਿਹਾ ਤ੍ਰਿਕਾਲਾਂ ਨੂੰ ਉੱਡਣ ਲਗਦਾ ਹੈ।

"ਹੋ ਸਕਦਾ ਹੈ ਮੈਂ ਗਲਤ ਹੋਵਾਂ। ਪਤਾ ਨਹੀਂ। ਸਿਰਫ ਕਹਿੰਦੇ ਸਨ ਕਿ..."

ਉਹਨਾਂ ਦੇ ਸਾਹਮਣੇ ਕਿਸੇ ਥਾਂ ਇੱਕ ਟਹਿਣੀ ਦੀ ਕਰਚ ਕਰਚ ਹੋਈ। ਬਿਲਕੁਲ ਸਪੱਸ਼ਟ ਤੌਰ 'ਤੇ ਕਿਸੇ ਭਾਰੇ ਪੈਰ ਹੇਠ ਆ ਜਾਣ ਨਾਲ਼ ਹੀ ਟਹਿਣੀ ਦੀ ਕਰਚ-ਕਰਚ ਹੋਈ ਸੀ ਅਤੇ ਵਾਸਕੋਵ ਇਸ ਆਵਾਜ਼ ਨੂੰ ਸੁਣ ਕੇ ਖੁਸ਼ ਹੋ ਗਿਆ। ਉਸ ਨੇ ਆਪਣੀ ਪਹਿਲਕਦਮੀ 'ਤੇ ਆਪਣੇ ਆਪ ਨੂੰ ਕਦੇ ਵੀ ਐਸੀ ਪੁਜ਼ੀਸ਼ਨ ਵਿੱਚ ਨਹੀਂ ਸੀ ਪਾਇਆ। ਜਿੱਥੇ ਉਹਨੂੰ ਝੂਠ ਬੋਲਣਾ ਪਵੇ, ਆਪਣੇ ਮਾਤਹਿਤਾਂ ਅੱਗੇ ਕਦੇ ਉਸ ਨੇ ਆਪਣਾ ਮੌਜੂ ਨਹੀਂ ਸੀ ਬਣਨ ਦਿੱਤਾ। ਉਸ ਦੇ ਜੀਅ ਵਿੱਚ ਆਇਆ ਕਿ ਇਸ ਸੀਵਲ ਕੁੜੀ ਦੀਆਂ ਝਾੜਾਂ ਖਾਣ ਨਾਲ਼ੋਂ ਤਾਂ ਇਹੋ ਚੰਗਾ ਹੋਵੇਗਾ ਉਹ ਦਰਜਣ ਜਰਮਨਾਂ ਨਾਲ਼ ਇਕੱਲਾ ਹੀ ਮੱਥਾ ਲਾ ਲਵੇ।

"ਝਾੜੀਆਂ ਵਿੱਚ ਹੋ ਜਾ!..." ਉਸ ਨੇ ਫੁਸਰ ਫੁਸਰ ਕੀਤਾ। ... "ਤੇ ਬੋਲੀਂ ਨਾ!"

ਉਸ ਨੇ ਚਿਤਵਿਰਤਕ ਨੂੰ ਧੱਕ ਕੇ ਝਾੜੀਆਂ ਵਿੱਚ ਕਰ ਦਿੱਤਾ, ਟਹਿਣੀਆਂ ਨੂੰ ਠੀਕ ਤਰੀਕੇ ਨਾਲ਼ ਜੋੜ ਬੀੜ ਦਿੱਤਾ ਤੇ ਆਪ ਨੇੜੇ ਹੀ ਇੱਕ ਪੱਥਰ ਉਹਲੇ ਸਰਕ ਗਿਆ—ਤੇ ਇਹ ਸਭ ਕੁੱਝ ਐਨ ਵੇਲ਼ੇ ਸਿਰ ਹੀ ਹੋ ਗਿਆ ਸੀ। ਉਸ ਨੇ ਉਪਰ ਨਜ਼ਰ ਮਾਰੀ ਤਾਂ ਫਿਰ ਉਹਨੂੰ ਦੋ ਜਰਮਨ ਵਿਖਾਈ ਦਿੱਤੇ ਪਰ ਇਹ ਬਹੁਤ ਸੰਭਲ਼ ਸੰਭਲ਼ ਕੇ ਤੁਰ ਰਹੇ ਸਨ ਜਿਵੇਂ ਤਪਦੀ ਧਰਤੀ 'ਤੇ ਪੈਰ ਧਰ ਰਹੇ ਹੋਣ। ਉਹਨਾਂ ਦੀਆਂ ਮਸ਼ੀਨਗੰਨਾ ਤਿਆਰ ਬਰ ਤਿਆਰ ਸਨ। ਸਾਰਜੈਂਟ ਮੇਜਰ ਹਾਲੇ ਇਸ ਬਾਰੇ ਸੋਚ ਹੀ ਰਿਹਾ ਸੀ ਕਿ ਜਰਮਨ ਹਾਲੇ ਵੀ ਦੋ ਦੋ ਦੀਆਂ ਟੋਲੀਆਂ ਵਿੱਚ ਕਿਉਂ ਫਿਰ ਰਹੇ ਸਨ ਜਦੋਂ ਇਹਨਾਂ ਦੋਹਾਂ ਦੇ ਪਿੱਛੇ ਅਤੇ ਖੱਬੇ ਵੱਲ ਝਾੜੀਆਂ ਵਿੱਚ ਹਿਲਜੁਲ ਹੋਈ। ਵਾਸਕੋਵ ਨੂੰ ਸਮਝ ਆ ਗਈ ਕਿ ਜਰਮਨਾਂ ਨੇ ਦੋਵੇਂ ਪਾਸੇ ਗਸਤੀ ਟੋਲੀਆਂ ਤਾਇਨਾਤ ਕਰ ਦਿੱਤੀਆਂ ਹਨ ਅਤੇ ਇਸ ਅਚਾਨਕ ਹੋਈ ਮੁੱਠ ਭੇੜ ਅਤੇ ਸੂਹੀਆਂ ਦੇ ਲੋਪ ਹੋ ਜਾਣ ਦੀ ਘਟਨਾ ਨੇ ਉਹਨਾਂ ਨੂੰ ਬੜਾ ਉਲਝਣ ਵਿੱਚ ਪਾਇਆ ਹੋਇਆ ਹੈ।

ਪਰ ਸਾਰਜੈਂਟ ਮੇਜਰ ਨੇ ਹੀ ਜਰਮਨਾਂ ਨੂੰ ਵੇਖਿਆ ਸੀ। ਉਹਨਾਂ ਨੇ ਇਸ ਨੂੰ ਨਹੀਂ ਸੀ ਵੇਖਿਆ ਤੇ ਇਹ ਗੱਲ ਉਹਦੇ ਹੱਥ ਵਿੱਚ ਤੁਰਪ ਦਾ ਪੱਤਾ ਸੀ। ਇਹ ਠੀਕ ਹੈ ਕਿ ਉਹਦੇ ਕੋਲ਼ ਇੱਕੋ ਇੱਕ ਤੁਰਪ ਦਾ ਪੱਤਾ ਹੀ ਸੀ ਪਰ ਜਦੋਂ ਉਸ ਨੇ ਇਹ ਪੱਤਾ ਖੇਡਿਆ ਤਾਂ ਉਹਨਾਂ ਦੇ ਆਹੂ ਲਾਹ ਦੇਵੇਗਾ। ਪਰ ਇਹੋ ਜਿਹੇ ਮੌਕੇ ਕਾਹਲੀ ਕਰਨੀ ਵਾਜਿਬ ਨਹੀਂ ਸੀ ਅਤੇ ਫੇਦੋਤ ਵਾਸਕੋਵ ਕਾਈ ਵਿੱਚ ਹੋਰ ਵੀ ਨੀਵਾਂ ਹੋ ਕੇ ਬਹਿ ਗਿਆ। ਉਹ ਆਪਣੇ ਮੁੜ੍ਹਕੋ ਮੁੜ੍ਹਕੀ ਹੋਏ ਮੱਥੇ ਤੋਂ ਮੱਛਰ ਉਡਾਉਣੋਂ ਵੀ ਡਰਦਾ ਸੀ। ਇਹਨਾਂ ਨੂੰ ਅੱਖ ਬਚਾ ਕੇ ਲੰਘ ਜਾਣ ਦਿਓ। ਇਹਨਾਂ ਦੀਆਂ ਪਿੱਠਾਂ ਉਹਦੇ ਵੱਲ ਹੋ ਲੈਣ ਦਿਓ, ਇਹ ਪਤਾ ਲੱਗ ਜਾਣ ਦਿਓ ਕਿ ਉਹ ਕਿਹੜੇ ਪਾਸੇ ਖੋਜ ਭਾਲ਼ ਰਹੇ ਹਨ ਤੇ ਫਿਰ ਉਹ ਆਪਣੀ ਬਾਜ਼ੀ ਸ਼ੁਰੂ ਕਰੇਗਾ ਅਤੇ ਆਪਣਾ ਪੱਤਾ ਖੇਡੇਗਾ— ਹੁਕਮ ਦਾ ਯੱਕਾ।

ਖਤਰੇ ਵਿੱਚ ਘਿਰਿਆ ਆਦਮੀ ਜਾਂ ਤਾਂ ਉੱਕਾ ਹੀ ਨਹੀਂ ਸੋਚਦਾ ਜਾਂ ਇੱਕੋ ਹੀ ਸਮੇਂ ਦੋ

ਆਦਮੀਆਂ ਵਾਂਗ ਸੋਚਦਾ ਹੈ। ਜਿਸ ਵੇਲ਼ੇ ਇੱਕ ਜਣਾ ਅਗਲੀ ਚਾਲ ਦੀ ਵਿਉਂਤ ਬਣਾ ਰਿਹਾ ਹੁੰਦਾ ਹੈ ਦੂਸਰਾ ਜਣਾ ਉਸ ਵਾਸਤਵਿਕ ਪਲ ਦੀ ਸੰਭਾਲ਼ ਫਿਕਰ ਕਰਦਾ ਹੈ, ਕਿਉਂਕਿ ਉਹ ਸਭ ਕੁੱਝ ਵੇਖਦਾ ਹੈ ਤੇ ਸਭ ਕੁੱਝ ਉਹਦੀ ਨਜ਼ਰ ਵਿੱਚ ਹੁੰਦਾ ਹੈ। ਜਿਸ ਵੇਲ਼ੇ ਵਾਸਕੋਵ ਆਪਣੇ ਪੱਤਿਆਂ ਤੇ ਆਪਣੇ ਤੁਰਪ ਬਾਰੇ ਸੋਚ ਰਿਹਾ ਸੀ, ਉਹਨੇ ਅੱਖ ਝਮਕਣ ਜਿਨੇ ਸਮੇਂ ਤੱਕ ਵੀ ਜਰਮਨਾਂ ਤੋਂ ਨਜ਼ਰ ਨਹੀਂ ਸੀ ਹਟਾਈ ਤੇ ਇੱਕ ਪਲ ਵੀ ਚਿਤਵਿਰਤਕ ਨੂੰ ਨਹੀਂ ਸੀ ਭੁਲਾਇਆ। ਹਾਂ, ਉਹ ਬੜੀ ਚੰਗੀ ਤਰਾਂ ਲੁਕੀ ਹੋਈ ਸੀ, ਇਸ ਪੱਖੋਂ ਉਹਦੇ ਮਨ ਨੂੰ ਚੈਨ ਸੀ ਅਤੇ ਜਰਮਨ ਉਹਦੇ ਤੋਂ ਲਾਂਭੇ ਲਾਂਭੇ ਹੀ ਲੰਘਦੇ ਜਾਪਦੇ ਸਨ ਇਸ ਕਰਕੇ ਇਸ ਪਾਸਿਓਂ ਕਿਸੇ ਅਭਾਗੀ ਘਟਨਾ ਦੇ ਵਾਪਰਨ ਦੀ ਕੋਈ ਆਸ ਨਹੀਂ ਸੀ। ਜਾਪਦਾ ਸੀ ਕਿ ਜਰਮਨਾਂ ਨੂੰ ਇਸ ਇਲਾਕੇ ਨੂੰ, ਇੱਕ ਤਰਾਂ ਨਾਲ਼, ਹਲਕਿਆਂ ਵਿੱਚ ਵੰਡ ਰਹੇ ਸਨ ਅਤੇ ਵਾਸਕੋਵ ਤੇ ਚਿਤਵਿਰਤਕ ਵੱਖੋ ਵੱਖਰੇ ਹਲਕਿਆਂ ਦੇ ਵਿਚਕਾਰ ਆਉਂਦੇ ਜਾਪਦੇ ਸਨ। ਇਸ ਦਾ ਮਤਲਬ ਇਹ ਸੀ ਕਿ ਉਹ ਮੌਕੇ ਦੀ ਤਾੜ ਵਿੱਚ ਰਹਿਣ, ਮੂਹੋਂ ਕੋਈ ਆਵਾਜ਼ ਨਾ ਕੱਢਣ, ਉਹਨਾਂ ਦੇ ਸਾਹ ਲੈਣ ਦੀ ਵੀ ਆਵਾਜ਼ ਨਾ ਆਵੇ, ਕਾਈ ਤੇ ਝਾੜੀਆਂ ਵਿੱਚ ਲੁਕੇ ਰਹਿਣ— ਅਤੇ ਉਸ ਤੋਂ ਬਾਅਦ ਜੇ ਕਾਰਵਾਈ ਕਰਨੀ ਹੋਵੇ ਕਰਨ। ਇਹ ਜ਼ਰੂਰੀ ਸੀ ਕਿ ਪਹਿਲਾਂ ਉਹ ਇਕੱਠੇ ਹੋਣ, ਆਪਣੇ ਨਿਸ਼ਾਨਿਆਂ ਦੀ ਵੰਡ ਕਰ ਲੈਣ ਅਤੇ ਫਿਰ ਆਪਣੀ ਇੱਕ ਸੋਵੀਅਤ ਰਫਲ ਤੇ ਇੱਕ ਜਰਮਨ ਮਸ਼ੀਨਗਨ ਨਾਲ਼ ਗੋਲ਼ੀਆਂ ਦਾ ਮੀਂਹ ਵਰ੍ਹਾ ਦੇਣ।

ਜਾਪਦਾ ਸੀ ਜਿਵੇਂ ਜਰਮਨ ਪਹਿਲਾਂ ਵਾਲ਼ੇ ਰਾਹ ਹੀ ਫੇਰ ਜਾ ਰਹੇ ਸਨ। ਅਵੇਰੇ ਜਾਂ ਸਵੇਰੇ ਓਸੀਆਨੀਨਾ ਤੇ ਕਾਮੇਲਕੋਵਾ ਨਾਲ਼ ਉਹਨਾਂ ਦਾ ਟਾਕਰਾ ਹੋਣਾ ਜ਼ਰੂਰੀ ਸੀ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਾਰਜੈਂਟ ਮੇਜਰ ਨੂੰ ਇਸ ਗੱਲ ਦਾ ਫਿਕਰ ਤਾਂ ਸੀ, ਪਰ ਬਹੁਤਾ ਨਹੀਂ। ਕੁੜੀਆਂ ਪਹਿਲੋਂ ਵੀ ਗੋਲ਼ੀਆਂ ਦੀ ਮਾਰ ਹੇਠ ਆ ਚੁੱਕੀਆਂ ਸਨ ਅਤੇ ਉਹ ਸੁਚੇਤ ਰਹੀਆਂ ਸਨ। ਉਹ ਚੁੱਪ ਚਾਪ ਕਿਧਰੇ ਲੁਕ ਕੇ ਬਹਿ ਸਕਦੀਆਂ ਸਨ। ਇਸ ਦੇ ਨਾਲ਼ ਹੀ, ਉਹ ਉਸ ਵੇਲ਼ੇ ਕਾਰਵਾਈ ਕਰਨ ਦੀ ਵਿਉਂਤ ਬਣਾ ਰਿਹਾ ਸੀ ਜਦੋਂ ਜਰਮਨ ਉਹਦੇ ਅੱਗੋਂ ਦੀ ਲੰਘ ਕੇ ਦੋ ਤਰਫੀ ਗੋਲ਼ੀਆਂ ਦੀ ਮਾਰ ਵਿੱਚ ਆ ਜਾਣ।

ਤੋੜ ਫੋੜ ਕਰਨ ਵਾਲ਼ੇ ਸਿੱਧੇ ਹੀ ਲੰਘ ਆਏ, ਉਸ ਝਾੜੀ ਨੂੰ ਛੱਡ ਕੇ ਜਿਸ ਦੇ ਪਿੱਛੇ ਉਹਨਾਂ ਤੋਂ ਕੋਈ ਵੀਹ ਕੁ ਮੀਟਰ ਖੱਬੇ ਪਾਸੇ ਚਿਤਵਿਰਤਕ ਲੁਕੀ ਹੋਈ ਸੀ। ਉਹਨਾਂ ਦੇ ਪਹਿਰੇਦਾਰ ਥੋੜ੍ਹੇ ਜਿਹੇ ਫਾਸਲੇ ਉੱਤੇ ਉਹਨਾਂ ਦੇ ਸੱਜੇ ਖੱਬੇ ਤੁਰੇ ਆਉਂਦੇ ਸਨ। ਉਹ ਆਪਣੇ ਆਪ ਨੂੰ ਜ਼ਾਹਿਰ ਨਹੀਂ ਸੀ ਹੋਣ ਦੇ ਰਹੇ, ਪਰ ਵਾਸਕੋਵ ਜਾਣਦਾ ਸੀ ਕਿ ਉਹ ਕਿਧਰੋਂ ਦੀ ਲੰਘਣਗੇ। ਉਹਦਾ ਖਿਆਲ ਸੀ ਕਿ ਉਹਨਾਂ ਦਾ ਉਸ ਦੇ ਆਪਣੇ ਜਾਂ ਗਾਲੀਆ ਨਾਲ਼ ਕੋਈ ਟਾਕਰਾ ਨਹੀਂ ਹੋਵੇਗਾ। ਪਰ ਫਿਰ ਵੀ ਬਚਾਅ ਦੀ ਗੁੰਜਾਇਸ਼ ਰੱਖਣ ਲਈ ਉਸ ਨੇ ਆਪਣੀ ਮਸ਼ੀਨਗੱਨ ਦਾ ਸੇਫਟੀ ਕੈਚ ਲਾਹ ਲਿਆ।

ਜਰਮਨ ਚੁੱਪ ਚਾਪ, ਪੋਲੇ ਪੋਲੇ ਪੈਰ ਰਖਦੇ, ਮਸ਼ੀਨਗੰਨਾਂ ਨੂੰ ਤਣ ਕੇ, ਤੁਰੇ ਜਾਂਦੇ ਸਨ। ਆਪਣੇ ਪਹਿਰੇਦਾਰਾਂ ਦੀ ਓਟ ਵਿੱਚ, ਉਹ ਸੱਜੇ ਖੱਬੇ ਘੱਟ ਵੱਧ ਹੀ ਵੇਖਦੇ ਸਨ। ਮੁਸੀਬਤ, ਜੇ ਕੋਈ ਆਈ ਤਾਂ ਸਾਹਮਣੇ ਤੋਂ ਹੀ ਆਵੇਗੀ। ਪਰ ਕੁੱਝ ਕੁ ਹੋਰ ਕਦਮਾਂ ਨਾਲ਼ ਉਹ ਚਿਤਵਿਰਤਕ ਤੇ ਵਾਸਕੋਵ ਦੀ ਗੋਲ਼ੀ ਦੀ ਮਾਰ ਦੀ ਹੱਦ ਵਿੱਚ ਆ ਜਾਣਗੇ ਅਤੇ ਓਸ ਪਲ ਤੋਂ ਉਹਨਾਂ ਦੀਆਂ ਪਿੱਠਾਂ ਸਾਰਜੈਂਟ ਮੇਜਰ ਦੇ ਸ਼ਿਕਾਰੀਆਂ ਵਾਲ਼ੇ ਨਿਸ਼ਾਨੇ ਦੀ ਸੇਧ ਵਿੱਚ ਹੋਣਗੀਆਂ।

ਝਾੜੀਆਂ ਵਿੱਚ ਉੱਚੀ ਉੱਚੀ ਸਰ ਸਰ ਹੋਈ ਅਤੇ ਗਾਲੀਆ ਚਿਤਵਿਰਤਕ ਅਚਨਚੇਤ

ਹੀ ਉਹਨਾਂ ਵਿੱਚੋਂ ਬਾਹਰ ਨਿੱਕਲ ਆਈ। ਉਸ ਨੇ ਆਪਣੀਆਂ ਬਾਂਹਵਾਂ ਸਿਰਲੱਥਾਂ ਵਾਂਗ ਉੱਪਰ ਨੂੰ ਖੜ੍ਹੀਆਂ ਕੀਤੀਆਂ ਅਤੇ ਸੂਟ ਵੱਟ ਕੇ ਜਰਮਨਾਂ ਦੇ ਅੱਗੋਂ ਦੀ ਖਾਲੀ ਥਾਂ ਨੂੰ ਪਾਰ ਕਰਨ ਲੱਗੀ। ਉਹ ਸਮਝ ਨਹੀਂ ਸੀ ਰਹੀ ਕਿ ਉਹ ਕਰ ਕੀ ਰਹੀ ਹੈ।

"ਹਾ....ਏ.....ਏ!" ਉਸ ਦੀ ਚੀਕ ਨਿੱਕਲੀ।

ਮਸਾਂ ਦਸ ਕੁ ਕਦਮਾਂ ਦੀ ਵਿੱਥ ਤੋਂ ਗੋਲ਼ੀਆਂ ਦੀ ਬਾੜ੍ਹ ਆ ਪਈ ਸੀ। ਦੌੜੀ ਜਾਂਦੀ ਦੀ ਤਣੀ ਹੋਈ ਪਤਲੀ ਪਿੱਠ ਵਿੱਚ ਗੋਲ਼ੀ ਲੱਗੀ ਅਤੇ ਗਾਲ਼ੀਆ ਮੂੰਹ ਪਰਨੇ ਜ਼ਮੀਨ ਉੱਤੇ ਡਿੱਗ ਪਈ। ਸਹਿਮ ਨਾਲ਼ ਉਸ ਨੇ ਹਾਲੇ ਵੀ ਆਪਣਾ ਸਿਰ ਤਣਿਆ ਹੋਈਆਂ ਬਾਹਾਂ ਵਿੱਚ ਲਿਆ ਹੋਇਆ ਸੀ। ਉਸ ਦੀ ਆਖਰੀ ਚੀਕ ਮੌਤ ਦੀ ਘਰੜ ਘਰੜ ਵਿੱਚ ਗੁਆਚ ਗਈ ਅਤੇ ਰਿੜ੍ਹਦੀ ਜਾਂਦੀ ਦੀਆਂ ਲੱਤਾਂ ਨਾਲ਼ ਕਾਈ ਘਿਸਰਦੀ ਜਾ ਰਹੀ ਸੀ ਤੇ ਪੈਰ ਹੇਠਾਂ ਧਸਦੇ ਜਾਂਦੇ ਸਨ ਜਿਨ੍ਹਾਂ ਉੱਤੇ ਉਹਨੇ ਮਰ ਗਈ ਸੋਨੀਆ ਦੇ ਬੂਟ ਚਾੜ੍ਹੇ ਹੋਏ ਸਨ।

ਖੁੱਲ੍ਹੀ ਥਾਂ 'ਤੇ ਮੁਕੰਮਲ ਚੁੱਪ ਸੀ। ਇੱਕ ਪਲ ਦੀ ਪਲ ਉੱਥੇ ਕੋਈ ਹਰਕਤ ਨਹੀਂ ਹੋਈ ਗਾਲੀਆ ਦੀਆਂ ਲੱਤਾਂ ਵੀ ਹੌਲ਼ੀ ਹੌਲ਼ੀ ਹਿੱਲ ਰਹੀਆਂ ਸਨ, ਜਿਵੇਂ ਸੁਪਨੇ ਵਿੱਚ ਹੁੰਦਾ ਹੈ। ਵਾਸਕੋਵ ਵੀ ਆਪਣੇ ਪੱਥਰ ਦੇ ਓਹਲੇ ਖਾਮੋਸ਼ ਪਿਆ ਰਿਹਾ। ਉਹ ਟਸ ਤੋਂ ਮਸ ਨਹੀਂ ਸੀ ਹੋਇਆ, ਉਸ ਨੂੰ ਹਾਲੇ ਇਹ ਸਮਝਣ ਦਾ ਸਮਾਂ ਨਹੀਂ ਸੀ ਮਿਲਿਆ ਕਿ ਉਹਦੀਆਂ ਸਾਰੀਆਂ ਵਿਉਂਤਾਂ ਮਿੱਟੀ ਵਿੱਚ ਮਿਲ ਗਈਆਂ ਹਨ ਅਤੇ ਉਹਦਾ ਤਰੁੱਪ ਦਾ ਪੱਤਾ ਹਾਰ ਗਿਆ ਹੈ। ਕੌਣ ਜਾਣਦਾ ਹੈ ਕਿ ਉਹ ਕਿੰਨਾ ਕੁ ਚਿਰ ਇਸੇ ਹਾਲਤ ਵਿੱਚ ਪਿਆ ਰਹਿੰਦਾ, ਜਾਂ ਬਾਅਦ ਵਿੱਚ ਉਹ ਕਿਸ ਤਰਾਂ ਦੀ ਕਾਰਵਾਈ ਕਰਦਾ, ਪਰ ਅਚਾਨਕ ਹੀ ਉਸ ਨੂੰ ਆਪਣੇ ਪਿੱਛਿਓਂ ਇੱਕ ਭਿਆਨਕ ਆਵਾਜ਼ ਆਈ। ਕੋਈ ਦੌੜਦਾ ਹੋਇਆ ਹਰ ਚੀਜ਼ ਨੂੰ ਪੈਰਾਂ ਹੇਠਾਂ ਮਿਧਦਾ ਕੁਚਲਦਾ ਹੋਇਆ ਆਉਂਦਾ ਸੀ। ਉਸ ਨੇ ਅੰਦਾਜਾ ਲਾਇਆ ਕਿ ਸੱਜੇ ਹੱਥ ਵਾਲ਼ਾ ਜਰਮਨ ਪਹਿਰੇਦਾਰ ਗੋਲ਼ੀਆਂ ਦੀ ਆਵਾਜ਼ ਸੁਣ ਕੇ ਸਿੱਧਾ ਨੱਕ ਦੀ ਸੇਧ ਉਹਦੇ ਵੱਲ ਸ਼ੂਟ ਵੱਟੀ ਆ ਰਿਹਾ ਹੈ।

ਉਸ ਨੇ ਕੁੱਝ ਸੋਚਿਆ ਵਿਚਾਰਿਆ ਨਹੀਂ। ਇਸ ਕੰਮ ਵਾਸਤੇ ਕੋਈ ਵਕਤ ਨਹੀਂ ਸੀ ਅਤੇ ਫੇਦੋਤ ਵਾਸਕੋਵ ਨੂੰ ਵੱਡੀ ਗੱਲ ਦਾ ਪਤਾ ਸੀ ਕਿ ਉਹਨੇ ਜਰਮਨਾਂ ਨੂੰ ਭਟਕਾਉਣਾ ਹੈ। ਉਹਨਾਂ ਨੂੰ ਕਿਸੇ ਹੋਰ ਪਾਸੇ ਵੱਲ ਲੈ ਜਾਣਾ ਹੈ ਅਤੇ ਆਪਣੀਆਂ ਰਹਿੰਦੀਆਂ ਸੈਨਿਕ ਕੁੜੀਆਂ ਵੱਲ ਜਾਣੋਂ ਰੋਕਣਾ ਹੈ। ਇਸ ਗੱਲ ਦਾ ਆਪਣੇ ਮਨ ਵਿੱਚ ਫੈਸਲਾ ਕਰਕੇ ਉਹ ਉੱਛਲ ਕੇ ਖੜ੍ਹਾ ਹੋ ਗਿਆ ਅਤੇ ਗਾਲੀਆ ਦੀ ਦਿਹ ਉੱਤੇ ਝੁਕੇ ਹੋਏ ਦੋ ਅਕਾਰਾਂ ਉੱਤੇ ਖੁੱਲ੍ਹੀ ਗੋਲ਼ੀ ਚਲਾ ਦਿੱਤੀ। ਝਾੜੀਆਂ ਦੇ ਉਹਲੇ ਭੱਜੇ ਆਉਂਦੇ ਦੋ ਬੰਦਿਆਂ ਵੱਲ ਉਸ ਨੇ ਗੋਲ਼ੀਆਂ ਦੀ ਲੰਮੀ ਵਾੜ੍ਹ ਛੱਡੀ ਅਤੇ ਫੇਰ ਨੀਵਾਂ ਹੋ ਕੇ ਸਿਨੀਊਖੀਨਾ ਟਿਲਿਆਂ ਤੋਂ ਜੰਗਲ ਵੱਲ ਸੂਟ ਵੱਟ ਗਿਆ।

ਕਿਸੇ ਨੂੰ ਗੋਲ਼ੀ ਲੱਗੀ ਹੈ ਜਾਂ ਨਹੀਂ ਉਸ ਨੇ ਨਹੀਂ ਸੀ ਵੇਖਿਆ। ਉਹਦੇ ਦਿਮਾਗ ਵਿੱਚ ਹੋਰ ਬਹੁਤ ਸਾਰੀਆਂ ਗੱਲਾਂ ਸਨ। ਇਸ ਵੇਲ਼ੇ ਉਹਨੇ ਕਿਵੇ ਨਾ ਕਿਵੇਂ ਜਰਮਨਾਂ ਤੋਂ ਬਚ ਕੇ ਨਿੱਕਲਣਾ, ਸਹੀ ਸਲਾਮਤ ਜੰਗਲ ਵਿੱਚ ਪਹੁੰਚਣਾ ਅਤੇ ਕੁੜੀਆਂ ਦਾ ਬਚਾ ਕਰਨਾ ਸੀ। ਜਿਹੜੀਆਂ ਕੁੜੀਆਂ ਬਾਕੀ ਰਹਿ ਗਈਆਂ ਸਨ ਉਹਨਾਂ ਨੂੰ ਬਚਾਉਣਾ ਉਹਦਾ ਫਰਜ ਸੀ। ਇਨਾਂ ਹੀ ਬਰਦਾਸ਼ਤ ਕਰ ਲੈਣਾ ਕਾਫੀ ਸੀ ਕਿ ਦੂਜੀਆਂ ਮਰ ਗਈਆਂ ਸਨ। ਕਾਫੀ ਹੀ ਨਹੀਂ ਬਲਕਿ ਬਹੁਤ ਹੋ ਗਿਆ ਸੀ, ਉਮਰ ਭਰ ਲਈ ਕਾਫੀ ਹੋ ਗਿਆ ਸੀ।

ਬੜੇ ਚਿਰ ਤੋਂ ਸਾਰਜੈਂਟ ਮੇਜਰ ਨੇ ਇਸ ਤਰਾਂ ਦੀ ਦੌੜ ਨਹੀਂ ਲਾਈ, ਜਿਸ ਤਰਾਂ ਦੀ ਉਸ ਸ਼ਾਮ ਲਾਉਣੀ ਪਈ ਸੀ। ਉਹ ਝਾੜੀਆਂ ਦੇ ਵਿੱਚੋਂ ਦੀ ਪਾਸੇ ਵਟਦਾ ਲੰਘਦਾ ਰਿਹਾ ਸੀ, ਪੱਥਰਾਂ ਦੇ ਵਿੱਚੋਂ ਦੀ ਵਲ਼ ਵਿੰਗ ਮਾਰ ਕੇ ਉਡਦਾ ਰਿਹਾ ਸੀ। ਉਹ ਡਿੱਗ ਪੈਂਦਾ, ਉੱਠ ਪੈਂਦਾ, ਫੇਰ ਦੌੜਨ ਲਗਦਾ। ਉਹ ਗੋਲ਼ੀਆਂ ਤੋਂ ਬਚਣ ਲਈ ਜ਼ਮੀਨ ’ਤੇ ਲੰਮਾ ਪੈ ਜਾਂਦਾ ਜਿਹੜੀਆਂ ਉਹਦੇ ਸਿਰ ਉਤੇ ਦਰਖਤਾਂ ਦੇ ਪੱਤਿਆਂ ਨੂੰ ਉਡਾਈ ਜਾਂਦੀਆਂ ਲੰਘਦੀਆਂ ਸਨ। ਜਵਾਬ ਵਿੱਚ ਉਹ ਆਪਣੀ ਛੋਟੀ ਮਸ਼ੀਨਗੱਨ ਨਾਲ਼ ਥਾਂ ਥਾਂ ਉਹਨਾਂ ਅਕਾਰਾਂ ਉੱਤੇ ਜਿਨਾਂ ਦਾ ਝੌਲ਼ਾ ਪੈਂਦਾ ਸੀ ਗੋਲ਼ੀਆਂ ਵਰ੍ਹਾਉਂਦਾ ਰਿਹਾ ਅਤੇ ਖ਼ੂਬ ਸ਼ੋਰ ਮਚਾਉਂਦਾ ਰਿਹਾ। ਉਹ ਝਾੜੀਆਂ ਨੂੰ ਮਿਧਦਾ ਭੰਨਦਾ ਰਿਹਾ, ਦਗੜ ਦਗੜ ਕਰਦਾ ਦੌੜਦਾ ਰਿਹਾ ਤੇ ਉਨਾ ਚਿਰ ਸ਼ੋਰ ਮਚਾਉਂਦਾ ਰਿਹਾ ਜਿਨਾ ਚਿਰ ਉਹਦਾ ਸੰਘ ਨਹੀਂ ਬਹਿ ਗਿਆ। ਇਸ ਵਾਸਤੇ ਕਿ ਜਰਮਨਾਂ ਨੂੰ ਝਾਂਸਾ ਦੇ ਕੇ ਆਪਣੇ ਮਗਰ ਲਾਇਆਂ ਬਗੈਰ ਪਿੱਛੇ ਹਟਣ ਦਾ ਉਸ ਨੂੰ ਕੋਈ ਹੱਕ ਨਹੀਂ ਸੀ। ਉਸ ਲਈ ਇਹ ਖੇਡ, ਅੱਗ ਦੀ ਖੇਡ, ਖੇਡਣਾ ਲਾਜ਼ਮੀ ਸੀ।

ਪਰ ਇਸ ਗੱਲ ਦਾ ਉਹਨੂੰ ਪੱਕਾ ਯਕੀਨ ਸੀ ਕਿ ਜਰਮਨ ਉਸ ਨੂੰ ਘੇਰ ਕੇ ਫੜ ਨਹੀਂ ਸਕਦੇ। ਇਸ ਗੱਲੋਂ ਉਹ ਬੇਫਿਕਰ ਸੀ। ਉਹ ਇਸ ਥਾਂ ਦੇ ਵਾਕਫ ਨਹੀਂ ਸਨ, ਉਹ ਰਹਿ ਵੀ ਥੋੜ੍ਹੇ ਗਏ ਸਨ ਅਤੇ ਸਭ ਤੋਂ ਵੱਡੀ ਗੱਲ, ਇਹ ਸੀ ਕਿ ਉਹਨਾਂ ਨੂੰ ਅਚਨਚੇਤ ਹੋ ਗਈ ਮੁੱਠਭੇੜ ਅਜੇ ਤੱਕ ਯਾਦ ਸੀ, ਆਹਮੋ ਸਾਹਮਣੀ ਲੜਾਈ ਚੰਗੀ ਤਰਾਂ ਯਾਦ ਸੀ। ਇਸ ਕਰਕੇ ਉਸ ਦਾ ਪਿੱਛਾ ਕਰਦੇ ਹੋਏ ਵੀ, ਉਹ ਆਲ਼ੇ ਦੁਆਲ਼ੇ ਝਾਤੀ ਮਾਰ ਲੈਣਾ ਨਹੀਂ ਸੀ ਭੁਲਦੇ ਜੇ ਇਹ ਗੱਲ ਨਾ ਹੁੰਦੀ ਤਾਂ ਉਹ ਜਰਮਨਾਂ ਨੂੰ ਕਦੇ ਜਿੱਚ ਨਾ ਕਰਦਾ, ਉਹਨਾਂ ਨੂੰ ਇਨਾ ਰੋਹ ਨਾ ਚੜ੍ਹਾਉਂਦਾ ਕਿ ਉਹ ਬੇਤਹਾਸ਼ਾ ਉਹਦਾ ਪਿੱਛਾ ਕਰਨ, ਤੇ ਉਹਨਾਂ ਨੂੰ ਇਸ ਗੱਲ ਦੀ ਹੋਸ਼ ਸਮਝ ਹੀ ਨਾ ਆਵੇ ਕਿ ਜੇ ਸਹੀ ਅਰਥਾਂ ਵਿੱਚ ਵੇਖਿਆ ਜਾਵੇ ਤਾਂ ਉਹਨਾਂ ਦਾ ਵਿਰੋਧੀ ਸਿਰਫ ਇੱਕੋ ਹੀ ਬੰਦਾ ਹੈ। ਸਿਰਫ ਇੱਕ....

ਧੁੰਦ ਨੇ ਵੀ ਉਸ ਦੀ ਮਦਦ ਕੀਤੀ ਸੀ। ਬਹਾਰ ਦੀ ਓਸ ਰੁੱਤੇ ਧੁੰਦ ਵੀ ਬੜੀ ਪੈਂਦੀ ਰਹੀ ਸੀ। ਦੁਮੇਲ ਤੋਂ ਸੂਰਜ ਦੇ ਲੋਪ ਹੋਣ ਦੀ ਦੇਰ ਹੁੰਦੀ ਕਿ ਖੁੱਲ੍ਹੀਆਂ ਥਾਵਾਂ ’ਤੇ ਧੁੰਦ ਪਸਰ ਜਾਂਦੀ, ਪਰਤਾਂ ਵਿੱਚ ਬੰਝ ਕੇ ਤੁਰਦੀ ਫਿਰਦੀ, ਝਾੜੀਆਂ ਉੱਤੇ ਗਲੇਫੀ ਜਾਂਦੀ ਅਤੇ ਇਸ ਗਾੜ੍ਹੀ ਦੁਧੀਆ ਧੁੰਦ ਵਿੱਚ ਇੱਕ ਆਦਮੀ ਤਾਂ ਕੀ, ਪੂਰੀ ਦੀ ਪੂਰੀ ਰਜਮੈਂਟ ਲੁਕ ਸਕਦੀ ਸੀ। ਵਾਸਕੋਵ ਕਿਸੇ ਵੀ ਪਲ ਧੁੰਦ ਦੇ ਬੱਦਲ ਵਿੱਚ ਚੁੱਭੀ ਮਾਰ ਸਕਦਾ ਸੀ—ਲਭਦੇ ਫਿਰਨ ਉਹਨੂੰ! ਪਰ ਮੁਸ਼ਕਲ ਇਹ ਸੀ ਕਿ ਧੁੰਦ ਦੀਆਂ ਇਹ ਚਿੱਟੀਆਂ ਜੀਭਾਂ ਲਮਕ ਕੇ ਝੀਲਾਂ ਤੱਕ ਚਲੀਆਂ ਗਈਆਂ ਸਨ ਅਤੇ ਇਸ ਦੇ ਉਲਟ, ਉਹ ਜਰਮਨਾਂ ਨੂੰ ਭੁਚਲਾ ਕੇ ਜੰਗਲ ਵੱਲ ਲਿਆ ਰਿਹਾ ਸੀ। ਇਸ ਕਰ ਕੇ ਉਹ ਧੁੰਦ ਦਾ ਸਹਾਰਾ ਸਿਰਫ ਉਦੋਂ ਹੀ ਲੈਂਦਾ ਜਦੋਂ ਹੋਰ ਕੋਈ ਚਾਰਾ ਨਹੀਂ ਸੀ ਰਹਿੰਦਾ। ਇਸ ਤੋਂ ਮਗਰੋਂ ਉਹ ਫੇਰ ਬਾਹਰ ਨਿੱਕਲ਼ ਆਉਂਦਾ ਜਿਵੇਂ ਜਰਮਨਾਂ ਨੂੰ ਆਖ ਰਿਹਾ ਹੋਵੇ, “ਹੈਲੋ, ਕੀ ਹਾਲ ਚਾਲ ਏ, ਮੈਂ ਜਿਉਂਦਾ ਜਾਗਦਾ ਆਂ।....”

ਬੇਸ਼ੱਕ, ਉਹਦੀ ਕਿਸਮਤ ਚੰਗੀ ਸੀ। ਬਹੁਤੀ ਵਾਰੀ ਆਦਮੀ ਇਸ ਤੋਂ ਕਿਤੇ ਘੱਟ ਗਿਣਤੀ ਵਿੱਚ ਆਹਮੋ ਸਾਹਮਣੇ ਗੋਲ਼ੀਆਂ ਚੱਲਣ ਨਾਲ਼ ਛਾਣਨੀ ਹੋ ਜਾਂਦਾ ਹੈ। ਪਰ ਉਹ ਕਿਸਮਤ ਵਾਲ਼ਾ ਸੀ। ਆਪਣੀ ਹੀ ਮੌਤ ਨਾਲ਼ ਲੁਕਣ ਮੀਟੀ ਖੇਡਣ ਤੋਂ ਮਗਰੋਂ ਉਹ ਜੰਗਲ ਵਿੱਚ ਪਹੁੰਚ ਗਿਆ।

ਉਹ ਇਕੱਲਾ ਹੀ ਨਹੀਂ ਜਰਮਨਾਂ ਦੀ ਟੋਲੀ ਵੀ ਉਸ ਦੇ ਮਗਰੇ ਮਗਰ ਸੀ ਅਤੇ ਜੰਗਲ ਵਿੱਚ ਪਹੁੰਚ ਕੇ ਉਹਦੀ ਮਸ਼ੀਨਗੱਨ ਨੇ ਆਖਰੀ ਵਾਰ ਤੜ-ਤੜ ਕੀਤੀ ਅਤੇ ਚੁੱਪ ਹੋ ਗਈ। ਇਸ ਨੂੰ ਫੇਰ ਭਰਨ ਵਾਸਤੇ ਉਹਦੇ ਕੋਲ਼ ਕੁੱਝ ਨਹੀਂ ਸੀ ਤੇ ਇਹ ਹੁਣ ਉਹਦੇ ਹੱਥਾਂ ਵਿੱਚ ਵਾਧੂ ਭਾਰ ਸੀ। ਇਸ ਕਰਕੇ ਫੇਦੋਤ ਵਾਸਕੋਵ ਨੇ ਉਸ ਨੂੰ ਡਿੱਗੀਆਂ ਝੜੀਆਂ ਲੱਕੜਾਂ ਦੇ ਇੱਕ ਢੇਰ ਹੇਠਾਂ ਧੱਕ ਦਿੱਤਾ ਅਤੇ ਆਪ ਨਿਹੱਥਾ ਹੀ ਪਿੱਛੇ ਹਟਣ ਲੱਗ ਪਿਆ।

ਇਸ ਥਾਂ ਧੁੰਦ ਨਹੀਂ ਸੀ ਅਤੇ ਗੋਲ਼ੀਆਂ ਰੁੱਖਾਂ ਦੇ ਤਣਿਆਂ ਨੂੰ ਆ ਆ ਕੇ ਵੱਜਦੀਆਂ ਸਨ ਤੇ ਉਹਨਾਂ ਦੇ ਸ਼ੱਕ ਛੌਂਡੇ ਲੱਥ-ਲੱਥ ਕੇ ਉਡਦੇ ਸਨ। ਉਹਦੇ ਕੋਲ਼ ਇੰਨਾ ਵਕਤ ਨਹੀਂ ਸੀ ਕਿ ਉਹ ਆਪਣੇ ਤੇ ਜਰਮਨਾਂ ਵਿਚਕਾਰ ਇੱਕ ਫਾਸਲਾ ਕਾਇਮ ਕਰ ਲਵੇ। ਵੇਲ਼ਾ ਆ ਗਿਆ ਸੀ ਕਿ ਉਹ ਆਪਣੀ ਚਮੜੀ ਬਚਾਉਣ ਬਾਰੇ ਸੋਚੇ, ਪਰ ਰੋਹ ਵਿੱਚ ਆਏ ਹੋਏ ਜਰਮਨ, ਅਖੀਰ ਉਹਨੂੰ ਇੱਕ ਅੱਧਚੱਕਰ ਵਿੱਚ ਘੇਰ ਲੈਣ ਵਿੱਚ ਸਫਲ ਹੋ ਗਏ। ਉਹ ਉਸ ਨੂੰ ਅਗਾਂਹ ਤੋਂ ਅਗਾਂਹ ਧੱਕੀ ਲਈ ਜਾਂਦੇ ਸਨ ਤੇ ਉਸ ਨੂੰ ਸਾਹ ਵੀ ਨਹੀਂ ਸੀ ਲੈਣ ਦਿੰਦੇ। ਜਾਹਿਰ ਸੀ ਕਿ ਉਸ ਨੂੰ ਜਿਉਂਦਾ ਕਾਬੂ ਕਰ ਲੈਣ ਦੀ ਆਸ ਵਿੱਚ ਦਲਦਲ ਵੱਲ ਧੱਕ ਲਿਜਾਣ ਦੀ ਕੋਸ਼ਿਸ ਕਰ ਰਹੇ ਸਨ। ਉਹ ਐਸੀ ਪੁਜੀਸ਼ਨ ਵਿੱਚ ਉਸ ਨੂੰ ਲੈ ਗਏ ਕਿ, ਜੇ ਸਾਰਜੈਂਟ ਮੇਜਰ ਉਹਨਾਂ ਦਾ ਕਮਾਂਡਰ ਹੁੰਦਾ, ਤਾਂ ਉਹ ਕੈਦੀ ਨੂੰ ਪੁੱਛ ਪੜਤਾਲ਼ ਵਾਸਤੇ ਕਾਬੂ ਕਰ ਲੈਣ ਲਈ ਉਹਨਾਂ ਨੂੰ ਢੇਰ ਸਾਰੇ ਤਮਗੇ ਦੇਣ ਦਾ ਇਕਰਾਰ ਕਰਦਾ।

ਜਿਵੇਂ ਹੀ ਉਸ ਨੂੰ ਖਿਆਲ ਆਇਆ, ਜਿਵੇਂ ਹੀ ਉਸ ਨੇ ਸੁੱਖ ਦਾ ਸਾਹ ਲੈਂਦਿਆਂ ਮਹਿਸੂਸ ਕੀਤਾ ਕਿ ਬਹੁਤੀ ਸੰਭਾਵਨਾ ਇਸ ਗੱਲ ਦੀ ਹੈ ਕਿ ਉਹ ਇਸ ਨੂੰ ਗੋਲ਼ੀ ਨਹੀਂ ਮਾਰਨਗੇ, ਤਿਵੇਂ ਹੀ ਕੋਈ ਚੀਜ਼ ਉਹਦੀ ਬਾਂਹ ਉਤੇ ਅਰਕ ਦੇ ਹੇਠਾਂ ਕਰਕੇ ਵੱਜੀ। ਫੇਦੋਤ ਵਾਸਕੋਵ ਨੂੰ ਇਸ ਦੀ ਤੁਰੰਤ ਹੀ ਸਮਝ ਨਹੀਂ ਸੀ ਆਈ ਕਿ ਕੀ ਹੋਇਆ ਹੈ। ਉਸਨੇ ਸੋਚਿਆ ਕਿ ਉਸਦੀ ਬਾਂਹ ਕਿਸੇ ਤਿੱਖੀ ਟਹਿਣੀ ਨਾਲ਼ ਅੜ ਗਈ ਸੀ। ਫੇਰ ਅਚਾਨਕ ਹੀ ਉਸ ਨੂੰ ਲੱਗਾ ਕਿ ਨਿੱਘੀ-ਨਿੱਘੀ ਕੋਈ ਚੀਜ਼ ਉਹਦੇ ਗੁੱਟ ਵੱਲ ਨੂੰ ਰਿੜ੍ਹਦੀ ਆਉਂਦੀ ਹੈ। ਲਹੂ ਬਹੁਤਾ ਨਹੀਂ ਸੀ ਨਿੱਕਲਿਆ। ਗੋਲ਼ੀ ਮਸਾਂ ਨਾਲ਼ੀ ਨੂੰ ਛੋਹੀ ਹੀ ਸੀ, ਪਰ ਇਸ ਹਾਲਤ ਵਿੱਚ ਹੁਣ ਉਹ ਕਰ ਕੀ ਸਕਦਾ ਸੀ ? ਲੋੜ ਇਸ ਗੱਲ ਦੀ ਸੀ ਕਿ ਆਲ਼ੇ ਦੁਆਲ਼ੇ ਨਜ਼ਰ ਮਾਰ ਕੇ ਵੇਖੇ, ਹਾਲਤ ਦਾ ਅੰਦਾਜਾ ਕਰੇ, ਜਖਮ ਉੱਤੇ ਪੱਟੀ ਬੰਨ੍ਹੇ ਅਤੇ ਥੋੜ੍ਹਾ ਚਿਰ ਸਾਹ ਲਵੇ। ਉਹ ਜਰਮਨਾਂ ਦੇ ਘੇਰੇ ਨੂੰ ਤੋੜ ਕੇ ਨਿੱਕਲ ਨਹੀਂ ਸੀ ਸਕਦਾ। ਸਿਰਫ ਇੱਕੋ ਹੀ ਰਾਹ ਬਾਕੀ ਰਹਿ ਗਿਆ ਸੀ ਕਿ ਉਹ ਦਲਦਲ ਵਿੱਚ ਜਾ ਵੜੇ। ਕਿਸੇ ਗੱਲ ਦੀ ਪ੍ਰਵਾਹ ਕੀਤੇ ਬਗੈਰ!

ਬਚਾਅ ਦੀ ਇਸ ਦੌੜ ਵਿੱਚ ਉਹਨੇ ਆਪਣੀ ਪੂਰੀ ਵਾਹ ਲਾ ਦਿੱਤੀ ਸੀ। ਕੋਈ ਕਸਰ ਨਹੀਂ ਸੀ ਰਹਿਣ ਦਿੱਤੀ। ਉਹਦਾ ਸਾਹ ਕਿਧਰੇ ਉਹਦੇ ਸੰਘ ਵਿੱਚ ਅੜਿਆ ਹੋਇਆ ਸੀ। ਜਦੋਂ ਉਹ ਅਚਾਨਕ ਹੀ ਨਿਸ਼ਾਨੀ ਵਾਲ਼ੇ ਦਿਆਰ ਕੋਲ਼ ਪਹੁੰਚ ਗਿਆ। ਉਸ ਨੇ ਝਪਟ ਕੇ ਇੱਕ ਟੋਹਣੀ ਫੜ ਲਈ ਅਤੇ ਸੁਤੇ ਸਿੱਧ ਹੀ ਉਸ ਨੇ ਸਮਝ ਲਿਆ ਕਿ ਉੱਥੇ ਪੰਜ ਟੋਹਣੀਆਂ ਹੋਰ ਪਈਆਂ ਸਨ ਪਰ ਉਸ ਨੂੰ ਇਸ ਗੱਲ ਦੀ ਅਹਿਮੀਅਤ ਦਾ ਖਿਆਲ ਨਹੀਂ ਆਇਆ। ਜੰਗਲ ਵਿੱਚ ਜਰਮਨਾਂ ਦੀ ਦਗੜ ਦਗੜ ਦੀਆਂ ਧਮਕਾਂ ਪੈਂਦੀਆਂ ਸਨ, ਉਹਨਾਂ ਦੀਆਂ ਆਵਾਜ਼ਾਂ ਗੂੰਜਦੀਆਂ ਸਨ ਅਤੇ ਜਰਮਨਾਂ ਦੀਆਂ ਗੋਲ਼ੀਆਂ ਸ਼ੂਕਦੀਆਂ ਸਨ।

ਦਲਦਲ ਵਿੱਚੋਂ ਲੰਘ ਕੇ ਉਹ ਟਾਪੂ ਉੱਤੇ ਕਿਵੇਂ ਆ ਗਿਆ ਸੀ, ਮਗਰੋਂ ਉਸ ਨੂੰ ਇਸ ਦਾ ਚੇਤਾ ਨਹੀਂ ਸੀ ਰਿਹਾ। ਉਹ ਸਿਰਫ ਉੱਥੇ ਆ ਗਿਆ ਸੀ, ਮੁੜੇ ਤੁੜੇ ਬੇਡੌਲ ਦਿਆਰਾਂ ਦੀ ਛਾਵੇਂ। ਪਾਲ਼ਾ ਲੱਗਣ ਨਾਲ਼ ਉਹਨੂੰ ਸੋਝੀ ਆਈ ਸੀ ਕਿ ਉਹਦਾ ਸਰੀਰ ਕੰਬ ਰਿਹਾ ਹੈ ਜਿਵੇਂ ਤਾਪ ਚੜ੍ਹਿਆ ਹੋਵੇ ਅਤੇ ਉਹਦਾ ਦੰਦੋੜਿੱਕਾ ਵੱਜ ਰਿਹਾ ਸੀ। ਹੌਲ਼ੀ-ਹੌਲ਼ੀ ਉਹਨੂੰ ਮਹਿਸੂਸ ਹੋਣ ਲੱਗਾ ਕਿ ਉਹਦੀ ਬਾਂਹ ਵਿੱਚ ਮੱਠੀ-ਮੱਠੀ ਪੀੜ ਹੋ ਰਹੀ ਸੀ, ਇਸ ਦੀ ਵਜਾਹ ਨਮੀ ?

ਫੇਦੋਤ ਵਾਸਕੋਵ ਨੂੰ ਮਗਰੋਂ ਯਾਦ ਨਹੀਂ ਸੀ ਆਉਂਦਾ ਕਿ ਉਹ ਕਿੰਨਾ ਕੁ ਚਿਰ ਉੱਥੇ ਪਿਆ ਰਿਹਾ ਸੀ। ਪਰ ਉਹਨੇ ਹਿਸਾਬ ਲਾਇਆ ਕਿ ਬਥੇਰਾ ਚਿਰ ਹੋ ਗਿਆ ਹੋਵੇਗਾ ਕਿਉਂਕਿ ਹੁਣ ਮੌਤ ਵਰਗੀ ਚੁੱਪ ਨੇ ਉਹਦੇ ਦੁਆਲ਼ੇ ਘੇਰਾ ਪਾਇਆ ਹੋਇਆ ਸੀ। ਜਰਮਨਾਂ ਨੇ ਪਿੱਛਾ ਕਰਨਾ ਜ਼ਰੂਰ ਛੱਡ ਦਿੱਤਾ ਹੋਵੇਗਾ। ਪਹੁ-ਫੁਟਾਲੇ ਵੇਲ਼ੇ ਧੁੰਦ ਹੋਰ ਸੰਘਣੀ ਹੋ ਗਈ ਸੀ ਅਤੇ ਜਮੀਨ ਦੇ ਨੇੜੇ ਆ ਟਿਕੀ ਸੀ ਅਤੇ ਇਸ ਦੀ ਸਿੱਲ੍ਹ ਕਾਰਨ ਠੰਡ ਵਾਸਕੋਵ ਦੇ ਹੱਡਾਂ ਵਿੱਚ ਜਾ ਵੜੀ ਸੀ। ਉਹਦੇ ਜਖਮ ਵਿੱਚੋਂ ਲਹੂ ਨਹੀਂ ਸੀ ਵਗ ਰਿਹਾ। ਉਹਦੀ ਬਾਂਹ ਮੋਢਿਆਂ ਤੱਕ ਚਿੱਕੜ ਨਾਲ਼ ਲਿੱਬੜੀ ਹੋਈ ਸੀ। ਗੋਲ਼ੀ ਲੱਗਣ ਨਾਲ਼ ਹੋਈ ਮੋਰੀ ਵਿੱਚ ਮਿੱਟੀ ਜੰਮ ਗਈ ਸੀ ਅਤੇ ਸਾਰਜੈਂਟ ਮੇਜਰ ਨੇ ਮਿੱਟੀ ਨੂੰ ਲਾਹੁਣ ਦੀ ਕੋਸ਼ਿਸ਼ ਨਾ ਕੀਤੀ। ਉਸ ਨੇ ਇਹਦੇ ਉੱਪਰ ਪੱਟੀ ਬੰਨ੍ਹ ਦਿੱਤੀ ਜਿਹੜੀ ਖੁਸ਼ਕਿਸਮਤੀ ਨਾਲ਼ ਉਹਦੀ ਜੇਬ ਵਿੱਚੋਂ ਨਿੱਕਲ਼ ਆਈ ਸੀ ਤੇ ਫਿਰ ਉਸ ਨੇ ਆਸ ਪਾਸ ਨਜ਼ਰ ਮਾਰ ਕੇ ਵੇਖਿਆ।

ਜੰਗਲ ਦੇ ਪਾਰ ਚਾਨਣਾ ਪਸਰਦਾ ਜਾ ਰਿਹਾ ਸੀ ਅਤੇ ਦਲਦਲ ਦੇ ਉੱਪਰ ਅਸਮਾਨ ਰੰਗਾਂ ਨਾਲ਼ ਜਗਮਗ ਕਰ ਉੱਠਿਆ ਸੀ ਅਤੇ ਧੁੰਦ ਜ਼ਮੀਨ ਦੇ ਹੋਰ ਨੇੜੇ ਦੱਬਦੀ ਜਾ ਰਹੀ ਸੀ ਤੇ ਇੱਥੇ ਡੂੰਘੀ ਥਾਂ ਬੈਠਾ, ਫੇਦੋਤ ਵਾਸਕੋਵ ਪਾਲ਼ੇ ਨਾਲ਼ ਕੰਬੀ ਜਾ ਰਿਹਾ ਸੀ, ਜਿਵੇਂ ਬਰਫ ਵਰਗੇ ਠੰਡੇ ਦੁੱਧ ਵਿੱਚ ਪਿਆ ਹੋਵੇ ਅਤੇ ਆਪਣੀ ਪਿਆਰੀ ਫਲਾਸਕ ਲਈ ਤਾਂਘ ਰਿਹਾ ਸੀ। ਬਚਣ ਦਾ ਸਿਰਫ ਇੱਕੋ ਹੀ ਤਰੀਕਾ ਸੀ—ਟੱਪਣਾ ਕੁੱਦਣਾ ਅਤੇ ਉਹ ਟਪੂਸੀਆਂ ਮਾਰਨ ਲੱਗ ਪਿਆ ਤੇ ਉਨਾ ਚਿਰ ਉੱਛਲਦਾ ਭੁੜਕਦਾ ਰਿਹਾ ਜਿੰਨਾ ਚਿਰ ਮੁੜ੍ਹਕਾ ਨਹੀਂ ਚੋਅ ਪਿਆ। ਇਨੇ ਚਿਰ ਨੂੰ ਧੁੰਦ ਮਿਟਣੀ ਸ਼ੁਰੂ ਹੋ ਗਈ ਸੀ ਤੇ ਹੁਣ ਉਹ ਨਜ਼ਰ ਭਰ ਕੇ ਚੰਗੀ ਤਰਾਂ ਚੁਫੇਰੇ ਝਾਕ ਸਕਦਾ ਸੀ।

ਜਰਮਨਾਂ ਵੱਲੋਂ ਹੁਣ ਖਤਰੇ ਦਾ ਕੋਈ ਆਸਾਰ ਨਜ਼ਰ ਨਹੀਂ ਸੀ ਆਉਂਦਾ। ਬੇਸ਼ੱਕ, ਉਹ ਵਾਸਕੋਵ ਦੀ ਉਡੀਕ ਵਿੱਚ ਪਏ ਹੋਣਗੇ, ਪਰ ਇਸ ਗੱਲ ਦੀ ਬਹੁਤੀ ਸੰਭਾਵਨਾ ਨਹੀਂ ਸੀ। ਉਹਨਾਂ ਨੇ ਇਸ ਦਲਦਲ ਨੂੰ ਅਲੰਘ ਸਮਝਿਆ ਹੋਵੇਗਾ ਤੇ ਇਸ ਕਰਕੇ ਸਾਰਜੈਂਟ ਮੇਜਰ ਵਾਸਕੋਵ ਨੂੰ ਮਰ ਗਿਆ ਸਮਝ ਛੱਡਿਆ ਹੋਵੇਗਾ।

ਦੂਸਰੇ ਪਾਸੇ ਵੱਲ, ਜਿੱਧਰੋਂ ਸਟੇਸ਼ਨ ਨੂੰ ਰਾਹ ਜਾਂਦਾ ਸੀ, ਸਿੱਧਾ ਮਾਰੀਆ ਨਿਕੀਫੋਰੋਵਨਾ ਕੋਲ਼, ਫੇਦੋਤ ਵਾਸਕੋਵ ਨੇ ਉਸ ਪਾਸੇ ਵੱਲ ਬਹੁਤਾ ਧਿਆਨ ਨਹੀਂ ਦਿੱਤਾ। ਉਸ ਪਾਸੇ ਤੋਂ ਕੋਈ ਖਤਰਾ ਨਹੀਂ ਸੀ, ਉਹ ਪਾਸਾ ਤਾਂ ਜਿੰਦਗੀ ਦਾ ਇਕਰਾਰ ਦਿੰਦਾ ਸੀ, ਸ਼ਾਇਦ ਅੱਧਾ ਪਿਆਲਾ ਸ਼ਰਾਬ ਦਾ, ਸੂਰ ਦੀ ਚਰਬੀ ਨਾਲ਼ ਤਲ਼ੇ ਹੋਏ ਆਂਡੇ ਅਤੇ ਪਿਆਰ ਕਰਨ ਵਾਲ਼ੀ ਮਕਾਨ ਮਾਲਕਣ। ਉਸ ਨੂੰ ਉਸ ਪਾਸੇ ਨਹੀਂ ਸੀ ਵੇਖਣਾ ਚਾਹੀਦਾ, ਉਸ ਦੇ ਮਨ ਵਿੱਚ ਲਾਲਸਾ ਨਹੀਂ ਸੀ ਜਾਗਣੀ ਚਾਹੀਦੀ, ਪਰ ਕੁਮਕ, ਮਦਦ ਜਿਸ ਦੀ ਉਹ ਉੱਧਰੋਂ ਉਡੀਕ ਕਰ ਰਿਹਾ ਸੀ ਅਜੇ ਤੱਕ ਨਹੀਂ ਸੀ ਆਈ। ਇਸ ਕਾਰਨ ਹੀ ਉਹ ਕਦੇ ਕਦੇ ਚੋਰ ਅੱਖਾਂ ਨਾਲ਼ ਉਸ ਪਾਸੇ ਵੇਖ ਲੈਂਦਾ ਸੀ।

ਉਸ ਥਾਂ ਔਹ ਕਾਲ਼ਾ ਜਿਹਾ ਕੀ ਹੈ, ਕਾਲ਼ਾ ਜਿਹਾ ਧੱਬਾ ਜਿਸ ਨੇ ਸਾਰਜੈਂਟ ਮੇਜਰ ਨੂੰ

ਉਲਝਣ ਵਿੱਚ ਪਾ ਦਿੱਤਾ ਹੋਇਆ ਸੀ। ਇੱਕ ਪਲ ਆਇਆ ਜਦੋਂ ਉਹ ਕੋਲ਼ ਜਾਣ ਲਈ ਹੰਭਲਾ ਮਾਰਨ ਲੱਗਾ ਸੀ, ਬਸ ਵੇਖਣ ਵਾਸਤੇ ਕਿ ਇਹ ਹੈ ਕੀ, ਪਰ ਥਕਾਵਟ ਨੇ ਉਸ ਦਾ ਸਾਹ ਸਤ ਨਚੋੜ ਲਿਆ ਹੋਇਆ ਸੀ ਤੇ ਉਹਨੇ ਸੋਚਿਆ ਕਿ ਉਹ ਆਰਾਮ ਕਰੇ ਤੇ ਜਿਸ ਵੇਲ਼ੇ ਉਹ ਆਰਾਮ ਕਰ ਹਟਿਆ ਤਾਂ ਚਾਨਣ ਬਹੁਤ ਹੋ ਗਿਆ ਸੀ ਤੇ ਉਹ ਸਮਝ ਗਿਆ ਕਿ ਦਲਦਲ ਵਿੱਚ ਉਹ ਕਾਲ਼ਾ ਜਿਹਾ ਧੱਬਾ ਕੀ ਚੀਜ਼ ਸੀ। ਉਸੇ ਹੀ ਪਲ ਉਹਨੂੰ ਸਮਝ ਆ ਗਈ ਕਿ ਦਿਆਰ ਦੇ ਰੁੱਖ ਕੋਲ਼ ਪਈਆਂ ਪੰਜ ਟਹਿਣੀਆਂ ਦਾ ਕੀ ਮਤਲਬ ਹੈ। ਉਹ ਪੰਜ ਸਨ ਇਸਦਾ ਮਤਲਬ ਸੀ ਕਿ ਸੈਨਿਕ ਬਰੀਚਕੀਨਾ ਸਹਾਰੇ ਵਾਸਤੇ ਟੋਹਣੀ ਲਏ ਬਗੈਰ ਹੀ ਇਸ ਲਾਹਨਤੀ ਦਲਦਲ ਵਿੱਚ ਕੁੱਦ ਪਈ ਹੋਵੇਗੀ।

ਹੁਣ ਉਹਦੀ ਫੌਜੀ ਸਕਰਟ ਹੀ ਉਹਦੀ ਨਿਸ਼ਾਨੀ ਰਹਿ ਗਈ ਸੀ। ਹੋਰ ਕੁੱਝ ਨਹੀਂ ਸੀ ਰਿਹਾ, ਉਸ ਦੀ ਇਹ ਆਸ ਵੀ ਨਹੀਂ ਸੀ ਰਹੀ ਕਿ ਮਦਦ ਬਹੁੜ ਸਕਦੀ ਹੈ....

12

....ਤੇ ਵਾਸਕੋਵ ਨੂੰ ਅਚਾਨਕ ਉਸ ਪ੍ਰਭਾਤ ਦੇ ਚੇਤਾ ਆ ਗਿਆ ਜਦੋਂ ਉਸ ਨੇ ਜਰਮਨਾਂ ਦੀ ਗਿਣਤੀ ਕੀਤੀ ਸੀ ਜਿਹੜੇ ਜੰਗਲ ਵਿੱਚ ਨਜ਼ਰ ਆਏ ਸਨ। ਉਸ ਨੂੰ ਆਪਣੇ ਖੱਬੇ ਮੋਢੇ ਉੱਤੇ ਸੋਨੀਆ ਗੁਰਵਿਚ ਦੀ ਕੀਤੀ ਘੁਸਰ ਮੁਸਰ ਦਾ, ਲੀਜ਼ਾ ਬਰੀਚਕੀਨਾ ਦੀਆਂ ਟੱਡੀਆਂ ਹੋਈਆਂ ਅੱਖਾਂ ਅਤੇ ਗਾਲੀਆ ਚਿਤਵਿਰਤਕ ਦਾ ਚੇਤਾ ਆ ਗਿਆ ਜਿਸ ਦੇ ਇੱਕ ਪੈਰ ਨੂੰ ਬਰਚੇ ਦੇ ਛਿਲਕੇ ਦਾ ਆੜਾ ਬਾੜਾ ਕਰਕੇ ਬਣਾਇਆ ਬੂਟ ਬੰਨ੍ਹਿਆਂ ਹੋਇਆ ਸੀ। ਇਸ ਸਭ ਕੁੱਝ ਉਸ ਦੀ ਕਲਪਨਾ ਵਿੱਚੋਂ ਲੰਘ ਗਿਆ ਤੇ ਉਹ ਉੱਚੀ ਸਾਰੀ ਬੋਲਿਆ–

"ਸੋ, ਬਰੀਚਕੀਨਾ ਵਾਪਸ ਪਹੁੰਚੀ ਹੀ ਨਹੀਂ..."

ਉਸ ਦੀ ਭਰੜਾਈ ਹੋਈ, ਸਰਦੀ ਲੱਗ ਕੇ ਬਹਿ ਗਏ ਗਲ਼ੇ ਵਿੱਚੋਂ ਨਿੱਕਲ਼ੀ ਆਵਾਜ਼ ਹੌਲ਼ੀ-ਹੌਲ਼ੀ ਸਾਰੀ ਦਲਦਲ ਉੱਤੇ ਫੈਲ ਗਈ ਤੇ ਇੱਕ ਵਾਰੀ ਫਿਰ ਮੁਕੰਮਲ ਚੁੱਪ ਤਣ ਗਈ। ਰੱਬ ਦੀ ਮਾਰੀ ਇਸ ਥਾਂ ਉੱਤੇ ਮੱਛਰ ਵੀ ਚੁੱਪ ਚਾਪ ਹੀ ਡੰਗ ਮਾਰਦਾ ਸੀ। ਸਾਰਜੈਂਟ ਮੇਜਰ ਨੇ ਇੱਕ ਲੰਮਾ ਸਾਹ ਲਿਆ ਅਤੇ ਦ੍ਰਿੜ ਇਰਾਦੇ ਨਾਲ਼ ਜਿਲ੍ਹਣ ਵਿੱਚ ਕਦਮ ਰੱਖ ਦਿੱਤਾ। ਉਹ ਆਪਣੀ ਟੋਹਣੀ ਉੱਤੇ ਝੁਕਿਆ ਹੋਇਆ, ਕੋਮੇਲਕੋਵਾ ਤੇ ਓਸੀਆਨੀਨਾ ਬਾਰੇ ਸੋਚਦਾ ਹੋਇਆ ਤੇ ਇਹ ਆਸ ਕਰਦਾ ਹੋਇਆ ਪਰਲੇ ਕੰਢੇ ਜਾ ਰਿਹਾ ਸੀ ਕਿ ਉਹ ਜਿਉਂਦੀਆਂ ਹੋਣ ਸਹੀ। ਉਸ ਨੂੰ ਆਪਣੀ ਪੇਟੀ ਨਾਲ਼ ਬੰਨ੍ਹੇ ਪਸਤੌਲ ਦਾ ਵੀ ਖਿਆਲ ਆਇਆ ਜਿਹੜਾ ਹੁਣ ਉਹਦਾ ਇੱਕੋ ਇੱਕ ਹਥਿਆਰ ਸੀ।

ਜਰਮਨ ਜੇ ਇੱਕ ਵੀ ਬੰਦੇ ਨੂੰ ਇੱਥੇ ਛੱਡ ਜਾਂਦੇ ਤਾਂ ਸਾਰਜੈਂਟ ਮੇਜਰ ਚਿੱਕੜ ਵਿੱਚ ਮੂੰਹ ਲੁਕਾਈ ਹਮੇਸ਼ਾਂ ਲਈ ਇੱਥੇ ਪਿਆ ਰਹਿੰਦਾ ਜਿੰਨਾ ਚਿਰ ਉਹਦੀ ਦਿਹ ਗਲ਼ ਸੜ ਨਾ ਜਾਂਦੀ। ਉਹ ਉਸ ਨੂੰ ਕਿਸੇ ਵੀ ਥਾਂ ਤੋਂ ਨਿਸ਼ਾਨਾ ਬਣਾ ਸਕਦੇ ਸਨ ਕਿਉਂਕਿ ਉਹ ਸੀਨਾ ਤਾਣੀ ਸਿੱਧਾ ਕੰਢੇ ਵੱਲ ਆ ਰਿਹਾ ਸੀ ਤੇ ਚੌਫਾਲ ਲੰਮੇ ਪੈ ਜਾਣ ਲਈ ਕੋਈ ਨਿੱਗਰ ਜ਼ਮੀਨ ਉੱਥੇ ਨਹੀਂ ਸੀ। ਪਰ ਜਰਮਨ ਉੱਥੇ ਕਿਸੇ ਨੂੰ ਛੱਡ ਕੇ ਨਹੀਂ ਸੀ ਗਏ ਅਤੇ ਫੇਦੋਤ ਵਾਸਕੋਵ ਨੂੰ ਜਾਣੇ ਪਛਾਣੇ ਨਾਲ਼ੇ ਤੱਕ ਪੁੱਜਣ ਲਈ ਕੋਈ ਤਕਲੀਫ ਨਾ ਹੋਈ। ਕਿਵੇਂ ਨਾ ਕਿਵੇਂ ਉਸ ਨੇ ਹੱਥ ਮੂੰਹ ਧੋਤਾ ਅਤੇ ਰੱਜ ਕੇ ਪਾਣੀ ਪੀਤਾ। ਫਿਰ ਉਸਨੇ ਆਪਣੀ ਛਾਤੀ ਵਾਲ਼ੀ ਜੇਬ ਨੂੰ ਫੋਲ ਫਾਲ ਕੇ ਕਾਗਜ਼ ਦਾ ਇੱਕ ਟੁਕੜਾ

ਲੱਭਿਆ ਅਤੇ ਤਮਾਕੂ ਦੀ ਥਾਂ ਥੋੜ੍ਹੀ ਜਿਹੀ ਸੁੱਕੀ ਕਾਈ ਪਾ ਕੇ ਇੱਕ ਸਿਗਰਟ ਬਣਾਈ ਤੇ ਚਕਮਾਕ ਚੰਗਿਆੜੇ ਨਾਲ਼ ਇਸ ਨੂੰ ਸੁਲਘਾ ਕੇ ਸੂਟੇ ਲਾਉਣ ਲੱਗਾ। ਹੁਣ ਉਹ ਕੁੱਝ ਸੋਚ ਵਿਚਾਰ ਕਰ ਸਕਦਾ ਸੀ।

ਇਉਂ ਲਗਦਾ ਸੀ ਜਿਉਂ ਆਪਣੀ ਇਹ ਲੜਾਈ ਉਹ ਕੱਲ੍ਹ ਹੀ ਹਾਰ ਗਿਆ ਸੀ, ਭਾਵੇਂ ਉਸ ਨੇ ਦੁਸ਼ਮਣ ਦੇ ਚੌਥਾਈ ਹਿਸੇ ਨੂੰ ਹੂੰਝਾ ਫੇਰ ਸੁੱਟਿਆ ਸੀ। ਲੜਾਈ ਉਹ ਇਸ ਕਰਕੇ ਹਾਰ ਗਿਆ ਸੀ ਕਿ ਉਹ ਜਰਮਨਾਂ ’ਤੇ ਕਾਬੂ ਨਹੀਂ ਸੀ ਪਾ ਸਕਿਆ, ਕਿਉਂਕਿ ਉਸ ਦਾ ਆਪਣਾ ਠੀਕ ਠੀਕ ਅੱਧਾ ਅਮਲਾ ਮਾਰਿਆ ਗਿਆ ਸੀ, ਸਾਰਾ ਗੋਲ਼ੀ ਬਰੂਦ ਵਰਤਿਆ ਜਾ ਚੁੱਕਾ ਸੀ ਅਤੇ ਹੁਣ ਉਹਦੇ ਕੋਲ਼ ਸਿਰਫ ਇੱਕੋ ਹੀ ਹਥਿਆਰ, ਉਹਦਾ ਪਸਤੌਲ ਰਹਿ ਗਿਆ ਸੀ। ਭਾਵੇਂ ਉਹ ਕਿਸੇ ਪਾਸੇ ਤੋਂ ਵੀ ਇਸ ਗੱਲ ਨੂੰ ਵੇਖਦਾ, ਕਿਸੇ ਵੀ ਦ੍ਰਿਸ਼ਟੀ ਨਾਲ਼ ਵਿਚਾਰਦਾ, ਜਾਪਦਾ ਇਸ ਤਰਾਂ ਹੀ ਸੀ ਅਤੇ ਸਭ ਤੋਂ ਮਾੜੀ ਗੱਲ ਤਾਂ ਇਹ ਸੀ ਕਿ ਉਹਨੂੰ ਇਹ ਨਹੀਂ ਸੀ ਪਤਾ ਲਗਦਾ ਕਿ ਜਰਮਨਾਂ ਦੀ ਖੋਜ ਭਾਲ਼ ਕਿਹੜੇ ਪਾਸੇ ਕਰੇ। ਵਾਸਕੋਵ ਨੂੰ ਤਲਖੀ ਆ ਗਈ। ਜਾਂ ਤਾਂ ਭੁੱਖਾ ਹੋਣ ਕਰਕੇ ਜਾਂ ਮੁਸ਼ਕ ਮਾਰਦੀ ਸਿਗਰਟ ਕਰਕੇ, ਜਾਂ ਆਪਣੀ ਇਕੱਲ ਤੇ ਉਦਾਸੀ ਭਰੇ ਵਿਚਾਰਾਂ ਕਰਕੇ ਜਿਨ੍ਹਾਂ ਨੇ ਭੂੰਡਾਂ ਵਾਂਗ ਉਹਦੇ ਸਿਰ ਵਿੱਚ ਝੁਰਮਟ ਪਾਇਆ ਹੋਇਆ ਸੀ। ਭੂੰਡਾਂ ਵਾਂਗ ਜਿਹੜੇ ਸਿਰਫ ਡੰਗ ਹੀ ਮਾਰਦੇ ਸਨ ਤੇ ਬਦਲੇ ਵਿੱਚ ਦਿੰਦੇ ਕੁੱਝ ਨਹੀਂ ਸਨ...

ਕੁੱਝ ਵੀ ਹੋਵੇ ਉਸ ਨੂੰ ਆਪਣੇ ਰਹਿੰਦੇ ਦਸਤੇ ਕੋਲ਼ ਪਹੁੰਚਣਾ ਚਾਹੀਦਾ ਹੈ। ਬੇਸ਼ੱਕ ਸਿਰਫ ਦੋ ਕੁੜੀਆਂ ਹੀ ਬਚੀਆਂ ਰਹਿ ਗਈਆਂ ਸਨ, ਪਰ ਇਹ ਤਾਂ ਸਭ ਤੋਂ ਵੱਧ ਸਿਆਣੀਆਂ ਸਨ। ਤਿੰਨੇ ਮਿਲ ਕੇ ਉਹ ਇੱਕ ਚੰਗਾ ਦਸਤਾ ਬਣ ਜਾਣਗੇ, ਪਰ ਐਸਾ ਦਸਤਾ ਜਿਸ ਕੋਲ਼ ਹਥਿਆਰ ਨਹੀਂ ਹੋਣਗੇ। ਇਸ ਦਾ ਮਤਲਬ ਸੀ ਕਿ ਇੱਕ ਕਮਾਂਡਰ ਦੀ ਹੈਸੀਅਤ ਵਿੱਚ ਇਹਨਾਂ ਦੋ ਸਵਾਲਾਂ ਦਾ ਜਵਾਬ ਲੱਭਣਾ ਉਹਦਾ ਕੰਮ ਸੀ—ਕੀ ਕੀਤਾ ਜਾਵੇ ਅਤੇ ਕਾਹਦੇ ਨਾਲ਼ ਲੜਿਆ ਜਾਵੇ। ਇਹਦੇ ਵਾਸਤੇ ਉਹਨੂੰ ਇੱਕ ਹੀ ਕੰਮ ਕਰਨਾ ਪੈਣਾ ਸੀ। ਪਹਿਲਾਂ ਪੱਕੀ ਤਰਾਂ ਹਾਲਤ ਦਾ ਪਤਾ ਕਰਨਾ ਅਤੇ ਜਰਮਨਾਂ ਨੂੰ ਲੱਭਣਾ ਅਤੇ ਥੋੜ੍ਹੇ ਥੋੜ੍ਹੇ ਹਥਿਆਰ ਪ੍ਰਾਪਤ ਕਰਨਾ।

ਬੀਤੀ ਰਾਤ ਅੰਨ੍ਹੇਵਾਹ ਉਹਦਾ ਪਿੱਛਾ ਕਰਦਿਆਂ ਜਰਮਨ ਇਉਂ ਬੇਪ੍ਰਵਾਹੀ ਨਾਲ਼ ਭੱਜੇ ਫਿਰਦੇ ਰਹੇ ਸਨ, ਜਿਵੇਂ ਕੋਈ ਘਰ ਵਿੱਚ ਭੱਜਾ ਫਿਰਦਾ ਹੈ ਅਤੇ ਜੰਗਲ ਵਿੱਚ ਬੇਅੰਤ ਪੈੜਾਂ ਛੱਡ ਗਏ ਸਨ। ਫੇਦੋਤ ਵਾਸਕੋਵ ਨੇ ਉਹਨਾਂ ਨੂੰ ਇਸ ਤਰਾਂ ਘੋਖਿਆ ਜਿਸ ਤਰਾਂ ਨਕਸ਼ਾ ਪੜ੍ਹਿਆ ਜਾਂਦਾ ਹੈ। ਉਸ ਨੇ ਪੈਰ-ਚਿਨ੍ਹਾਂ ਨੂੰ ਇੱਕ ਦੂਜੇ ਨਾਲ਼ੋਂ ਨਿਖੇੜਿਆ, ਇਹਨਾਂ ਨੂੰ ਇੱਕ ਦੂਜੇ ਨਾਲ਼ ਮੇਲਿਆ, ਟਕਰਾਇਆ। ਉਹਦੇ ਹਿਸਾਬ ਮੁਤਾਬਿਕ, ਪਿੱਛਾ ਕਰਨ ਵਾਲ਼ੇ ਜਰਮਨ ਦਸਾਂ ਤੋਂ ਵੱਧ ਨਹੀਂ ਸਨ ਇਸ ਦਾ ਮਤਲਬ ਇਹ ਸੀ ਕਿ ਜਾਂ ਤਾਂ ਉਹ ਕਿਸੇ ਨੂੰ ਪਿੱਛੇ ਆਪਣੇ ਸਾਮਾਨ ਦੀ ਰਾਖੀ ਕਰਨ ਵਾਸਤੇ ਛੱਡ ਆਏ ਸਨ ਜਾਂ ਉਸ ਨੇ ਉਹਨਾਂ ਵਿੱਚੋਂ ਕਿਸੇ ਹੋਰ ਨੂੰ ਵੀ ਮਾਰ ਦਿੱਤਾ ਸੀ। ਇਸ ਹਿਸਾਬ ਦਾ ਵੀ ਉਹਦਾ ਅੰਦਾਜਾ ਸੀ ਕਿ ਉਹ ਬਾਰਾਂ ਜਣੇ ਸਨ ਕਿਉਂਕਿ ਉਸ ਨੇ ਬਿਨਾਂ ਕੋਈ ਨਿਸ਼ਾਨਾ ਲਏ ਦੇ ਗੋਲ਼ੀ ਚਲਾਈ ਸੀ। ਨਿਸ਼ਾਨਾ ਬੰਨ੍ਹਣ ਦਾ ਵਕਤ ਹੀ ਕਿੱਥੇ ਸੀ।

ਪੈਰਾਂ ਨੂੰ ਨੱਪਦਾ ਹੋਇਆ, ਉਹ ਜੰਗਲ ਦੇ ਸਿਰੇ ’ਤੇ ਪੁੱਜ ਗਿਆ ਜਿੱਥੇ ਉਹਨੂੰ ਝੀਲ ਵੋਪ, ਸੀਨੀਉਖੀਨਾ ਟਿੱਲੇ ਅਤੇ ਸੱਜੇ ਪਾਸੇ ਦੂਰ ਤੱਕ ਫੈਲੀਆਂ ਝਾੜੀਆਂ ਤੇ ਦਿਆਰ ਦੀਆਂ ਝਿੜੀਆਂ ਦਾ ਭਰਪੂਰ ਦ੍ਰਿਸ਼ ਵਿਖਾਈ ਦਿੰਦਾ ਸੀ। ਇੱਥੇ ਆ ਕੇ ਫੇਦੋਤ ਵਾਸਕੋਵ ਥੋੜ੍ਹੇ ਚਿਰ ਵਾਸਤੇ ਰੁਕ

ਗਿਆ ਤਾਂ ਜੋ ਉਹ ਆਪਣੇ ਚਾਰ ਚੁਫੇਰੇ ਨਜ਼ਰ ਮਾਰ ਸਕੇ, ਪਰ ਉਸ ਨੂੰ ਕੋਈ ਵੀ ਵਿਖਾਈ ਨਾ ਦਿੱਤਾ, ਨਾ ਆਪਣੀਆਂ ਸੈਨਿਕ ਕੁੜੀਆਂ ਨਾ ਹੀ ਧਾੜਵੀ। ਉਹਦੇ ਅੱਗੇ ਪਿੱਛੇ, ਸੱਜੇ ਖੱਬੇ ਚੁੱਪ ਹੀ ਚੁੱਪ ਸੀ। ਹਵਾ ਵੀ ਟਿਕੀ ਹੋਈ ਸੀ। ਬੜੀ ਹੀ ਸ਼ਾਂਤ ਸੁਹਾਵਣੀ ਪ੍ਰਭਾਤ ਸੀ ਅਤੇ ਇਸ ਸਵਰਗੀ ਸ਼ਾਂਤੀ ਵਿੱਚ ਹੀ ਕਿਧਰੇ ਮਸ਼ੀਨਗੱਨਾਂ ਲਈ ਫਿਰਦੇ ਜਰਮਨ ਅਤੇ ਪੁਰਾਣੇ ਮਾਡਲਾਂ ਦੀਆਂ ਰਫਲਾਂ ਵਾਲ਼ੀਆਂ ਦੋ ਰੂਸੀ ਕੁੜੀਆਂ ਲੁਕੀਆਂ ਸਨ।

ਪੱਥਰਾਂ ਚਟਾਨਾਂ ਵਿੱਚੋਂ ਆਪਣੀਆਂ ਸੈਨਿਕ ਕੁੜੀਆਂ ਨੂੰ ਲੱਭਣਾ ਸਾਰਜੈਂਟ ਮੇਜਰ ਨੂੰ ਭਾਵੇਂ ਕਿੰਨਾ ਦਿਲਖਿੱਚਵਾਂ ਜਾਪਦਾ ਸੀ, ਤਾਂ ਵੀ ਉਸ ਨੇ ਜੰਗਲ ਦੀ ਆੜ ਛੱਡਣਾ ਮੁਨਾਸਿਬ ਨਾ ਸਮਝਿਆ। ਉਸ ਨੂੰ ਕੋਈ ਹੱਕ ਨਹੀਂ ਸੀ ਕਿ ਆਪਣੀ ਜਾਨ ਨੂੰ ਖਤਰੇ ਵਿੱਚ ਪਾਵੇ, ਉੱਕਾ ਹੀ ਕੋਈ ਹੱਕ ਨਹੀਂ ਸੀ ਕਿਉਂਕਿ ਸਾਰੀ ਤਲਖੀ ਤੇ ਮਾਯੂਸੀ ਦੇ ਬਾਵਜੂਦ, ਉਹ ਆਪਣੇ ਆਪ ਨੂੰ ਹਾਰਿਆ ਹੋਇਆ ਬੰਦਾ ਸਮਝਣ ਤੋਂ ਇਨਕਾਰੀ ਸੀ। ਉਹ ਇਸ ਤਰਾਂ ਸੋਚ ਵੀ ਨਹੀਂ ਸੀ ਸਕਦਾ। ਇਸ ਕਰਕੇ ਸ਼ਾਂਤ ਪਸਾਰਾਂ ਨੂੰ ਜੀਅ ਭਰ ਕੇ ਵੇਖਣ ਤੋਂ ਮਗਰੋਂ ਫੇਦੋਤ ਵਾਸਕੋਵ ਝਿੜੀ ਵਿੱਚ ਲੋਪ ਹੋ ਗਿਆ ਅਤੇ ਪਹਾੜੀ ਦੇ ਉੱਤੇ ਚੱਕਰ ਮਾਰਦੇ ਤੇ ਲੇਗੋਨਤੋਵੋ ਝੀਲ ਵੱਲ ਜਾਂਦੇ ਆਪਣੇ ਵਿੰਗੇ-ਟੇਢੇ ਰਾਹੇ ਤੁਰ ਪਿਆ।

ਉਹਦੀਆਂ ਗਿਣਤੀਆਂ ਮਿਣਤੀਆਂ ਬਹੁਤ ਸਿੱਧੀਆਂ ਸਾਦੀਆਂ ਸਨ। ਉਸ ਨੇ ਇਸ ਤਰਾਂ ਸੋਚਿਆ ਸੀ ਕਿ ਜਿਹੜੇ ਜਰਮਨ ਕੱਲ੍ਹ ਉਸ ਦਾ ਪਿੱਛਾ ਕਰਦੇ ਰਹੇ ਸਨ ਉਹਨਾਂ ਨੂੰ ਰਾਤ ਵੇਲ਼ੇ, ਉਤਰ ਦੀਆਂ ਚਿੱਟੀਆਂ ਰਾਤਾਂ ਵਿੱਚ ਵੀ, ਹੋਰ ਜਿਆਦਾ ਪਿੱਛਾ ਕਰਦੇ ਰਹਿਣ ਵਿੱਚ ਬੇਆਰਾਮੀ ਮਹਿਸੂਸ ਹੋਵੇਗੀ। ਬਹੁਤ ਸੰਭਾਵਨਾ ਇਸ ਗੱਲ ਦੀ ਹੈ ਕਿ ਉਹ ਲੋਅ ਲੱਗਣ ਦੀ ਉਡੀਕ ਕਰਨਗੇ ਅਤੇ ਆਪਣਾ ਵਕਤ ਕੱਟਣ ਲਈ ਲੇਗਨਤੋਵੋ ਝੀਲ ਦੇ ਕੰਢੇ ਵਾਲ਼ੇ ਜੰਗਲ ਨਾਲ਼ੋਂ ਹੋਰ ਚੰਗੀ ਥਾਂ ਉਹਨਾਂ ਨੂੰ ਕਿਹੜੀ ਲੱਭੇਗੀ ਜਿੱਥੇ ਪਿੱਛੇ ਵੀ ਹਟਿਆ ਜਾ ਸਕਦਾ ਹੈ। ਪਿੱਛੇ ਕੋਈ ਦਲਦਲ ਤਾਂ ਨਹੀਂ। ਇਸ ਲਈ ਫੇਦੋਤ ਵਾਸਕੋਵ ਨੇ ਪਾਣੀ ਦੇ ਵਿੱਚੋਂ ਲੰਘਦੀ ਪਹਾੜੀ ਦੇ ਜਾਣੇ ਪਛਾਣੇ ਪੱਥਰਾਂ ਉੱਤੇ ਨਾ ਜਾਣ ਦਾ ਫੈਸਲਾ ਕੀਤਾ ਅਤੇ ਕਿਸੇ ਅਣਪਛਾਤੇ ਰਾਹ ਤੁਰ ਪਿਆ।

ਇੱਥੇ ਉਹ ਸੰਭਲ ਸੰਭਲ ਕੇ ਕਦਮ ਰਖਦਾ ਸੀ। ਇੱਕ ਦਰਖਤ ਤੋਂ ਦੂਜੇ ਦਰਖਤ ਤੱਕ ਜਾਂਦਾ ਸੀ ਕਿਉਂਕਿ ਅਚਨਚੇਤ ਹੀ ਪੈਰਾਂ ਦੇ ਨਿਸ਼ਾਨ ਗਾਇਬ ਹੋ ਗਏ ਸਨ ਪਰ ਜੰਗਲ ਵਿੱਚ ਚੁੱਪ ਚਾਂ ਸੀ। ਸਿਰਫ ਪੰਛੀਆਂ ਦੀ ਆਵਾਜ਼ ਹੀ ਆਉਂਦੀ ਸੀ ਤੇ ਉਹਨਾਂ ਦੀਆਂ ਆਵਾਜ਼ਾਂ ਤੋਂ ਫੇਦੋਤ ਵਾਸਕੋਵ ਸਮਝ ਗਿਆ ਸੀ ਕਿ ਨੇੜੇ ਤੇੜੇ ਕੋਈ ਬੰਦਾ ਨਹੀਂ ਹੈ।

ਇਸ ਤਰਾਂ ਤੁਰਦੇ ਤੁਰਦੇ ਉਹਨੂੰ ਚੋਖਾ ਸਮਾਂ ਬੀਤ ਗਿਆ ਤੇ ਉਹ ਸੋਚਣ ਲੱਗ ਪਿਆ ਕਿ ਉਹਦੀਆਂ ਗਿਣਤੀਆਂ ਮਿਣਤੀਆਂ ਗਲਤ ਹਨ ਅਤੇ ਉਹ ਜਰਮਨਾਂ ਨੂੰ ਐਸੀ ਥਾਂ ਲੱਭ ਰਿਹਾ ਹੈ ਜਿੱਥੇ ਉਹ ਕਦੇ ਹੋ ਹੀ ਨਹੀਂ ਸਕਦੇ। ਉਹਦੇ ਸਾਹਮਣੇ ਠੀਕ ਸੇਧ ਫੜਨ ਦੀ ਕੋਈ ਨਿਸ਼ਾਨੀ ਵੀ ਨਹੀਂ ਸੀ, ਸਿਵਾਏ ਆਪਣੇ ਸਹਿਜ ਗਿਆਨ ਦੇ, ਪਰ ਉਹਦਾ ਸਹਿਜ-ਗਿਆਨ ਉਸ ਨੂੰ ਇਹ ਦਸਦਾ ਸੀ ਕਿ ਉਹ ਬਿਲਕੁਲ ਠੀਕ ਸੇਧ ਵੱਲ ਜਾ ਰਿਹਾ ਹੈ। ਉਸ ਨੂੰ ਆਪਣੇ ਸ਼ਿਕਾਰੀਆਂ ਵਾਲ਼ੇ ਸਹਿਜ ਗਿਆਨ ਉੱਤੇ ਸ਼ੱਕ ਹੋਣ ਹੀ ਲੱਗਾ ਸੀ ਜਦੋਂ ਐਨ ਉਸ ਦੇ ਸਾਹਮਣੇ ਇੱਕ ਖਰਗੋਸ਼ ਨੇ ਸਿਰ ਕੱਢਿਆ। ਖਰਗੋਸ਼ ਛਾਲਾਂ ਮਾਰਦਾ ਖੁੱਲ੍ਹੀ ਪੱਧਰੀ ਥਾਂ ਵਿੱਚ ਆ ਗਿਆ ਅਤੇ ਵਾਸਕੋਵ ਦੀ ਮੌਜੂਦਗੀ ਤੋਂ ਬੇਖਬਰ, ਆਪਣੀਆਂ ਪਿਛਲੀਆਂ ਲੱਤਾਂ ਦੇ ਭਾਰ ਬਹਿ ਕੇ ਪਿੱਛੇ ਵੱਲ ਝਾਤੀਆਂ ਮਾਰਨ ਲੱਗਾ।

ਖਰਗੋਸ਼ ਸਹਿਮਿਆ ਹੋਇਆ ਸੀ। ਪ੍ਰਤੱਖ ਸੀ ਕਿ ਉਹ ਬੰਦਿਆਂ ਨੂੰ ਵੇਖ ਕੇ ਡਰ ਗਿਆ ਸੀ ਜਿਹੜੇ ਸ਼ਾਇਦ ਉਸ ਨੇ ਕਦੇ ਵੇਖੇ ਨਹੀਂ ਸਨ। ਇਸੇ ਕਰਕੇ ਹੀ ਹੁਣ ਉਸ ਨੂੰ ਕੋਈ ਖੁਤਖੁਤੀ ਜਿਹੀ ਲੱਗੀ ਹੋਈ ਸੀ। ਖਰਗੋਸ਼ ਵਾਂਗ ਹੀ ਸਾਰਜੈਂਟ ਮੇਜਰ ਨੇ ਵੀ ਆਪਣੇ ਕੰਨ ਖੜ੍ਹੇ ਕਰ ਲਏ ਤੇ ਉਸੇ ਪਾਸੇ ਝਾਕਣ ਲੱਗ ਪਿਆ ਜਿੱਧਰ ਖਰਗੋਸ਼ ਝਾਕ ਰਿਹਾ ਸੀ।

ਬੜਾ ਚਿਰ ਉਹ ਝਾਕਦਾ ਰਿਹਾ, ਬੜਾ ਚਿਰ ਕੰਨ ਲਾ ਕੇ ਬਿੜਕਾਂ ਲੈਂਦਾ ਰਿਹਾ, ਪਰ ਉਹਨੂੰ ਕੋਈ ਵੀ ਗੈਰ ਮਾਮੂਲੀ ਗੱਲ ਨਜ਼ਰ ਨਾ ਆਈ। ਖਰਗੋਸ਼ ਏਧਸ ਰੁੱਖਾਂ ਦੀ ਝਿੜੀ ਵਿੱਚ ਕਿਧਰੇ ਲੋਪ ਹੋ ਗਿਆ ਤੇ ਜੋਰ ਪੈਣ ਨਾਲ਼ ਫੇਦੋਤ ਦੀਆਂ ਅੱਖਾਂ ਵਿੱਚੋਂ ਪਾਣੀ ਵਗਣ ਲੱਗ ਪਿਆ, ਪਰ ਇਸ ਤੋਂ ਮਗਰੋਂ ਵੀ ਢੇਰ ਚਿਰ ਤੱਕ ਉਹ ਆਪਣੀ ਥਾਂ ਤੋਂ ਨਹੀਂ ਹਿੱਲਿਆ। ਉਸ ਨੂੰ ਜਿੱਨਾ ਆਪਣੇ ਕੰਨਾ ਉੱਤੇ ਵਿਸ਼ਵਾਸ਼ ਸੀ ਉਸ ਤੋਂ ਬਹੁਤਾ ਖਰਗੋਸ਼ ਉਤੇ ਵਿਸ਼ਵਾਸ਼ ਸੀ ਅਤੇ ਜਦੋਂ ਉਹ ਉਸ ਪਾਸੇ ਤੁਰਨ ਲੱਗਾ ਜਿਸ ਪਾਸੇ ਖਰਗੋਸ਼ ਝਾਕਦਾ ਪਿਆ ਸੀ ਤਾਂ ਉਹ ਬਿਲਕੁਲ ਚੁੱਪਚਾਪ ਕਦਮ ਵਧਾ ਰਿਹਾ ਸੀ ਜਿਵੇਂ ਕੋਈ ਪਰਛਾਵਾਂ ਜਾ ਰਿਹਾ ਹੋਵੇ।

ਪਹਿਲਾਂ ਤਾਂ ਉਹਨੂੰ ਕੁੱਝ ਵੀ ਵਿਖਾਈ ਨਾ ਦਿੱਤਾ, ਪਰ ਫੇਰ ਉਹਨੂੰ ਝਾੜੀਆਂ ਵਿੱਚੋਂ ਕਿਸੇ ਭੂਰੀ ਜਿਹੀ ਚੀਜ਼ ਦਾ ਝੌਲਾ ਪਿਆ। ਇਸ ਦੀ ਅਜੀਬ ਜਿਹੀ ਸ਼ਕਲ ਸੀ ਤੇ ਕਿਤੋਂ ਕਿਤੋਂ ਕਾਈ ਨੇ ਓਹਲਾ ਕੀਤਾ ਹੋਇਆ ਸੀ। ਆਪਣੇ ਹੱਥਾਂ ਨਾਲ਼ ਉਸ ਨੇ ਟਹਿਣੀਆਂ ਨੂੰ ਇੱਕ ਪਾਸੇ ਕੀਤਾ ਅਤੇ ਉਹਦਾ ਹੱਥ ਇੱਕ ਪੁਰਾਣੀ ਝੁੱਗੀ ਦੀ ਕਾਈ-ਉੱਗੀ ਕੰਧ ਨੂੰ ਜਾ ਲੱਗਿਆ ਜਿਹੜੀ ਜਮੀਨ ਵਿੱਚ ਡੂੰਘੀ ਧਸ ਗਈ ਹੋਈ ਸੀ।

"ਲੇਗੋਨਤ ਇੱਥੇ ਰਹਿੰਦਾ ਸੀ", ਸਾਰਜੈਂਟ ਮੇਜਰ ਨੇ ਸੋਚਿਆ।

ਉਹ ਤਿਲਕ ਕੇ ਨੁੱਕਰ ਦੇ ਪਰਲੇ ਪਾਸੇ ਹੋ ਗਿਆ ਤੇ ਗਲੀ ਸੜੀ ਲੱਕੜ ਦੀ ਮਣ ਵਾਲ਼ਾ ਇੱਕ ਪੁਰਾਣਾ ਖੂਹ ਉਹਦੀ ਨਜ਼ਰ ਪਿਆ। ਰਾਹ ਉੱਤੇ ਘਾਹ ਬੂਟ ਉੱਗਿਆ ਹੋਇਆ ਸੀ ਅਤੇ ਝੁੱਗੀ ਦਾ ਦਰਵਾਜ਼ਾ ਹੁਣ ਇੱਕ ਕਬਜੇ ਦੇ ਆਸਰੇ ਟੇਢਾ ਹੋ ਗਿਆ ਹੋਇਆ ਸੀ। ਉਸ ਨੇ ਆਪਣਾ ਪਸਤੌਲ ਹੱਥ ਵਿੱਚ ਫੜ ਲਿਆ ਤੇ ਕੰਨ ਖੜ੍ਹੇ ਕਰ ਲਏ। ਉਸ ਨੇ ਓਨਾ ਚਿਰ ਕੰਨ ਉਸ ਪਾਸੇ ਲਾ ਰੱਖੇ ਜਿੰਨਾ ਚਿਰ ਸਿਰ ਵਿੱਚੋਂ ਘੂੰ ਘੂੰ ਦੀਆਂ ਆਵਾਜ਼ਾਂ ਨਹੀਂ ਆਉਣ ਲੱਗ ਪਈਆਂ। ਫਿਰ ਉਹ ਪੱਬਾਂ ਭਾਰ ਦਰਵਾਜੇ ਤੱਕ ਆਇਆ ਅਤੇ ਦਰਵਾਜੇ ਦੀ ਚੁਗਾਠ ਤੇ ਜੰਗਾਲ ਖਾਧੇ ਕਬਜੇ ਉੱਤੇ ਨਜ਼ਰ ਮਾਰੀ। ਉਸ ਨੇ ਵੇਖਿਆ ਕਿ ਘਾਹ ਮਿੱਧਿਆ ਹੋਇਆ ਸੀ ਤੇ ਪੈਰਾਂ ਦੇ ਨਿਸ਼ਾਨ ਅਜੇ ਤੱਕ ਸਿੱਲ੍ਹੇ ਸਨ। ਇਸ ਸਭ ਕੁੱਝ ਤੋਂ ਉਹ ਸਮਝ ਗਿਆ ਕਿ ਦਰਵਾਜਾ ਮਸਾਂ ਘੰਟਾ ਕੁ ਪਹਿਲਾਂ ਹੀ ਤੋੜਿਆ ਗਿਆ ਹੈ।

ਸਵਾਲ ਇਹ ਸੀ ਕਿ ਕਿਉਂ ? ਇਹ ਤਾਂ ਯਕੀਨੀ ਗੱਲ ਸੀ ਕਿ ਜਰਮਨਾਂ ਨੇ ਇਸ ਵੀਰਾਨ ਝੁੱਗੀ ਦਾ ਦਰਵਾਜਾ ਕਿਸੇ ਉਤਸੁਕਤਾ ਕਾਰਨ ਤਾਂ ਨਹੀਂ ਸੀ ਤੋੜਿਆ। ਇਸ ਦੀ ਉਹਨਾਂ ਨੂੰ ਲੋੜ ਸੀ। ਸ਼ਾਇਦ ਉਹਨਾਂ ਨੂੰ ਕਿਸੇ ਪਨਾਹਗਾਹ ਦੀ ਭਾਲ਼ ਸੀ। ਹੋ ਸਕਦਾ ਹੈ ਕਿ ਉਹਨਾਂ ਦੇ ਨਾਲ਼ ਕੋਈ ਫੱਟੜ ਹੋਣ, ਹੋ ਸਕਦਾ ਹੈ ਉਹਨਾਂ ਨੇ ਕੋਈ ਚੀਜ਼ ਲੁਕਾਉਣੀ ਹੋਵੇ। ਸਾਰਜੈਂਟ ਮੇਜਰ ਨੂੰ ਇਸਦੀ ਹੋਰ ਕੋਈ ਵਜਾਹ ਨਹੀਂ ਸੀ ਦਿਸਦੀ ਤੇ ਇਸੇ ਕਰਕੇ ਉਹ ਝਾੜੀਆਂ ਵਿੱਚ ਪਿੱਛੇ ਹਟ ਗਿਆ। ਇਸ ਗੱਲ ਵੱਲ ਉਸ ਨੇ ਉਚੇਚਾ ਧਿਆਨ ਦਿੱਤਾ ਕਿ ਕਿਸੇ ਕਿਸਮ ਦਾ ਕੋਈ ਨਿਸ਼ਾਨ ਪਿੱਛੇ ਨਾ ਰਹਿ ਜਾਵੇ। ਉਹ ਰਿੜ੍ਹਦਾ ਰਿੜ੍ਹਦਾ ਝਿੜੀ ਵਿੱਚ ਆ ਗਿਆ ਅਤੇ ਉੱਥੇ ਅਹਿੱਲ ਪਿਆ ਰਿਹਾ।

ਜਿਉਂ ਹੀ ਮੱਛਰ ਉਹਨੂੰ ਦੰਦੀਆਂ ਵੱਢਣ ਲੱਗਾ ਕਿ ਇੱਕ ਘਾਬਰੀ ਹੋਈ ਗੁਟਾਰ ਦੀ ਚੂੰ ਚੂੰ ਉਹਨੂੰ ਸੁਣਾਈ ਦਿੱਤੀ। ਇਸ ਤੋਂ ਮਗਰੋਂ ਟਹਿਣੀ ਦੇ ਟੁੱਟਣ ਤੇ ਕਿਸੇ ਚੀਜ਼ ਦੇ ਟੁਣਕਣ ਦੀ ਆਵਾਜ਼ ਆਈ ਤੇ ਉਹਨੇ ਵੇਖਿਆ ਕਿ ਅੱਗੜ ਪਿੱਛੜ ਬਾਰਾਂ ਦੇ ਬਾਰਾਂ ਜਣੇ ਜੰਗਲ ਤੋਂ ਲੇਗਨਤੋਵੋ ਦੀ ਝੁੱਗੀ ਵੱਲ ਜਾ ਰਹੇ ਸਨ। ਇਹਨਾਂ ਵਿੱਚੋਂ ਗਿਆਰਾਂ ਬੰਦਿਆਂ ਨੇ ਭਾਰ ਚੁੱਕਿਆ ਹੋਇਆ ਸੀ (ਵਿਸਫੋਟਕ ਪਦਾਰਥ ਹੋਵੇਗਾ, ਸਾਰਜੈਂਟ ਮੇਜਰ ਨੇ ਸੋਚਿਆ) ਅਤੇ ਬਾਰ੍ਹਵਾਂ ਇੱਕ ਸੋਟੀ ਉੱਤੇ ਉਲਰਿਆ ਹੋਇਆ, ਬੁਰੀ ਤਰਾਂ ਲੰਗ ਮਾਰਦਾ ਜਾ ਰਿਹਾ ਸੀ। ਉਹ ਝੁੱਗੀ ਦੇ ਕੋਲ਼ ਪੁੱਜੇ, ਆਪਣਾ ਭਾਰ ਲਾਹ ਕੇ ਰੱਖਿਆ ਅਤੇ ਫੱਟੜ ਧੜੱਮ ਕਰਕੇ ਪੌੜੀਆਂ ਉੱਤੇ ਬਹਿ ਗਿਆ। ਇੱਕ ਜਣਾ ਵਿਸਫੋਟਕ ਪਦਾਰਥ ਨੂੰ ਝੁੱਗੀ ਵਿੱਚ ਰੱਖਣ ਲੱਗ ਪਿਆ ਅਤੇ ਬਾਕੀ ਸਭ ਸਿਗਰਟ ਪੀਣ ਲੱਗ ਪਏ ਅਤੇ ਨਕਸ਼ੇ ਉੱਤੇ ਨਜ਼ਰ ਮਾਰਦੇ ਹੋਏ ਕਿਸੇ ਗੱਲ 'ਤੇ ਵਿਚਾਰ ਕਰਨ ਲੱਗ ਪਏ।

ਵਾਸਕੋਵ ਨੂੰ ਮੱਛਰ ਵੱਢ ਵੱਢ ਖਾ ਰਿਹਾ ਸੀ, ਉਹਦਾ ਲਹੂ ਪੀ ਰਿਹਾ ਸੀ, ਪਰ ਉਸ ਨੇ ਅੱਖ ਝਮਕਣ ਦੀ ਵੀ ਹਿੰਮਤ ਨਾ ਕੀਤੀ। ਉਹ ਜਰਮਨਾਂ ਦੇ ਬਹੁਤ ਹੀ ਨੇੜੇ ਸੀ। ਮਸਾਂ ਦੋ ਕਦਮਾਂ ਦੀ ਵਿੱਥ ਉੱਤੇ। ਉਹਨੇ ਪਸਤੌਲ ਘੁੱਟ ਕੇ ਫੜਿਆ ਹੋਇਆ ਸੀ ਤੇ ਇੱਕ ਇੱਕ ਲਫਜ ਸੁਣ ਰਿਹਾ ਸੀ ਪਰ ਉਹਦੇ ਪਿੜ ਪੱਲੇ ਕੁੱਝ ਨਹੀਂ ਸੀ ਪੈਂਦਾ। ਗੱਲਬਾਤ ਦੀ ਕਿਤਾਬ ਤੋਂ ਜਰਮਨ ਭਾਸ਼ਾ ਦੇ ਸਿਰਫ ਅੱਠ ਵਾਕ ਸਿੱਖੇ ਸਨ ਤੇ ਉਹਨਾਂ ਨੂੰ ਉਹ ਲਮਕਾਵੇਂ ਰੂਸੀ ਉਚਾਰਣ ਵਿੱਚ ਹੀ ਸਮਝ ਸਕਦਾ ਸੀ।

ਪਰ ਉਹਦੀ ਉਲਝਣ ਛੇਤੀ ਹੀ ਦੂਰ ਹੋ ਗਈ। ਸਭ ਤੋਂ ਵੱਡੇ ਅਫਸਰ ਨੇ ਜਿਹੜਾ ਵਿਚਾਲੇ ਖੜ੍ਹਾ ਸੀ ਤੇ ਜਿਸ ਦੇ ਨਕਸ਼ੇ ਉਤੇ ਸਭ ਘੋਖਵੀਆਂ ਨਜ਼ਰਾਂ ਸੁੱਟ ਰਹੇ ਸਨ, ਆਪਣੇ ਹੱਥ ਦਾ ਇਸ਼ਾਰਾ ਕੀਤਾ ਅਤੇ ਦਸ ਜਰਮਨ ਆਪਣੀ ਛੋਟੀ ਮਸ਼ੀਨਗੱਨ ਚੁੱਕ ਕੇ ਜੰਗਲ ਨੂੰ ਤੁਰ ਪਏ। ਜਿਸ ਵੇਲ਼ੇ ਉਹ ਵਿਖਾਈ ਦੇਣੋ ਹਟ ਗਏ ਤਾਂ ਸਾਮਾਨ ਝੁੱਗੀ ਵਿੱਚ ਲਿਜਾਣ ਵਾਲ਼ੇ ਨੇ ਫੱਟੜ ਨੂੰ ਆਸਰਾ ਦੇ ਕੇ ਖੜ੍ਹਾ ਕੀਤਾ ਅਤੇ ਉਹਨੂੰ ਝੁੱਗੀ ਦੇ ਅੰਦਰ ਲੈ ਗਿਆ।

ਅਖੀਰ ਹੁਣ ਵਾਸਕੋਵ ਸਾਹ ਲੈ ਸਕਦਾ ਸੀ ਤੇ ਮੱਛਰਾਂ ਨਾਲ਼ ਸਿੱਝ ਸਕਦਾ ਸੀ। ਸਾਰੀ ਗੱਲ ਹੁਣ ਸਾਫ ਹੋ ਗਈ ਸੀ ਅਤੇ ਵੇਲ਼ਾ ਆ ਗਿਆ ਸੀ ਫੈਸਲਾ ਕਰਨ ਦਾ। ਜਾਹਿਰ ਸੀ ਕਿ ਜਰਮਨ ਸੀਨੀਊਖੀਨਾ ਟਿੱਲਿਆਂ ਵੱਲ ਬੇਰੀਆਂ ਤੋੜਨ ਤਾਂ ਗਏ ਨਹੀਂ ਸਨ ਸਗੋਂ ਉਹਨਾਂ ਨੇ ਪਾਣੀ ਦੇ ਵਿੱਚੋਂ ਦੀ ਜਾਂਦੇ ਰਾਹ ਲੰਘਣ ਦੀ ਧਾਰੀ ਹੋਈ ਸੀ। ਉਹ ਆਪਣਾ ਸਾਮਾਨ ਲੈ ਕੇ ਓਧਰ ਨਹੀਂ ਸੀ ਗਏ ਤਾਂ ਜੋ ਰਾਹ ਦੀ ਜਾਂਚ ਪੜਤਾਲ਼ ਸੌਖੀ ਤਰਾਂ ਹੋ ਸਕੇ।

ਇਸ ਵਿੱਚ ਕੋਈ ਸ਼ੱਕ ਨਹੀਂ ਸੀ ਕਿ ਸੌਖਿਆਂ ਹੀ ਉਹਨਾਂ ਤੋਂ ਅੱਗੇ ਲੰਘ ਸਕਦਾ ਸੀ, ਕੁੜੀਆਂ ਨੂੰ ਲੱਭ ਸਕਦਾ ਸੀ ਅਤੇ ਸਭ ਕੁੱਝ ਫੇਰ ਮੁੱਢੋਂ ਸੁੱਢੋਂ ਸ਼ੁਰੂ ਕਰ ਸਕਦਾ ਸੀ। ਅੜਿੱਕਾ ਸਿਰਫ ਇੱਕ ਹੀ ਸੀ—ਹਥਿਆਰ ਨਹੀਂ ਸਨ। ਹਥਿਆਰਾਂ ਤੋਂ ਬਗੈਰ ਜਰਮਨਾਂ ਨਾਲ਼ ਟੱਕਰ ਲੈਣ ਦਾ ਕੋਈ ਫਾਇਦਾ ਨਹੀਂ ਸੀ।

ਓਸ ਘੜੀ ਝੁੱਗੀ ਵਿੱਚ ਦੋ ਮਸ਼ੀਨਗੱਨਾ ਸਨ। ਟੁੱਟੇ ਹੋਏ ਦਰਵਾਜੇ ਦੇ ਐਨ ਪਿੱਛੇ। ਦੋ ਗੱਨਾਂ—ਕੇਡੀ ਵੱਡੀ ਦੌਲਤ ਸੀ! ਪਰ ਇਹਨਾਂ ਨੂੰ ਕਿਵੇਂ ਹਾਸਲ ਕੀਤਾ ਜਾਏ, ਹਾਲੇ ਤੱਕ ਵਾਸਕੋਵ ਨੂੰ ਕੁੱਝ ਨਹੀਂ ਸੀ ਸੁੱਝਿਆ। ਖੁੱਲ੍ਹਮ ਖੁੱਲ੍ਹਾ ਤੌਰ 'ਤੇ ਇਹਨਾਂ ਨੂੰ ਹਾਸਲ ਕਰਨ ਦੀ ਕੋਸ਼ਿਸ਼ ਕਰਨਾ ਮੌਤ ਨੂੰ ਵਾਜਾਂ ਮਾਰਨ ਵਾਲ਼ੀ ਗੱਲ ਸੀ। ਰਾਤ ਦੇ ਉਨੀਂਦੇ ਤੇ ਫੱਟੜ ਬਾਂਹ ਨਾਲ਼ ਸੱਚਮੁੱਚ ਮੌਤ ਸਹੇੜਨ ਵਾਲ਼ੀ ਗੱਲ ਸੀ। ਇਸ ਕਰਕੇ ਫੇਦੋਤ ਇਸ ਗੱਲ ਦੀ ਉਡੀਕ ਕਰਨ ਲੱਗਾ ਕਿ ਜਰਮਨ

ਝੁੱਗੀ ਵਿੱਚੋਂ ਕਦੋਂ ਬਾਹਰ ਨਿੱਕਲਦੇ ਹਨ।

ਉਡੀਕ ਖਤਮ ਹੋਈ ਤੇ ਉਹਨਾਂ ਵਿੱਚੋਂ ਇੱਕ ਬਾਹਰ ਨਿੱਕਲ਼ਿਆ, ਮੱਛਰਾਂ ਦੇ ਲੜਨ ਨਾਲ਼ ਉਹਦਾ ਮੂੰਹ ਸੁੱਜ ਗਿਆ ਸੀ, ਉਸ ਨੂੰ ਇਸ ਗੱਲ ਦਾ ਉੱਕਾ ਹੀ ਕੋਈ ਅਹਿਸਾਸ ਨਹੀਂ ਸੀ ਕਿ ਉਹ ਆਪਣੀ ਮੌਤ ਦੇ ਮੂੰਹ ਵਿੱਚ ਜਾ ਰਿਹਾ ਹੈ। ਸ਼ਾਇਦ ਉਹ ਆਪਣੇ ਤੇ ਆਪਣੇ ਸਾਥੀ ਵਾਸਤੇ ਪਾਣੀ ਲੱਭਣ ਵਾਸਤੇ ਆਪਣੀ ਮਸ਼ੀਨਗੱਨ ਨੂੰ ਮੋਢੇ ਨਾਲ਼ ਲਟਕਾਈ, ਆਪਣੀ ਪੇਟੀ ਨਾਲ਼ ਦੋ ਫਲਾਸਕਾਂ ਅੜਾਈ, ਹੌਲ਼ੀ-ਹੌਲ਼ੀ ਬਾਹਰ ਆਇਆ ਸੀ। ਕੁੱਝ ਦੇਰ ਉਹ ਕੰਨ ਖੜ੍ਹੇ ਕਰਕੇ ਆਲ਼ੇ ਦੁਆਲ਼ੇ ਝਾਕਦਾ ਖੜ੍ਹਾ ਰਿਹਾ, ਪਰ ਅਖੀਰ ਕੰਧ ਤੋਂ ਪਰੇ ਹਟਿਆ ਤੇ ਖੂਹ ਵੱਲ ਤੁਰ ਪਿਆ। ਵਾਸਕੋਵ ਨੇ ਮਲਕੜੇ ਜਿਹੇ ਆਪਣਾ ਪਸਤੌਲ ਉਤਾਂਹ ਕੀਤਾ। ਉਸ ਨੇ ਆਪਣੇ ਸਾਹ ਨੂੰ ਇਉਂ ਰੋਕਿਆ ਹੋਇਆ ਸੀ ਜਿਵੇਂ ਉਹ ਨਿਸ਼ਾਨੇਬਾਜ਼ੀ ਦੇ ਮੁਕਾਬਲੇ ਵਿੱਚ ਹਿੱਸਾ ਲੈ ਰਿਹਾ ਹੋਵੇ ਅਤੇ ਹੌਲ਼ੀ ਜਿਹੀ ਘੋੜਾ ਦੱਬ ਦਿੱਤਾ। ਠਾਹ ਦੀ ਆਵਾਜ਼ ਆਈ ਤੇ ਜਰਮਨ ਲੁੜਕ ਕੇ ਮੂਧੇ ਮੂੰਹ ਡਿੱਗ ਪਿਆ। ਪੂਰੀ ਤਸੱਲੀ ਕਰ ਲੈਣ ਲਈ, ਸਾਰਜੈਂਟ ਮੇਜਰ ਨੇ ਇੱਕ ਗੋਲ਼ੀ ਹੋਰ ਮਾਰੀ ਤੇ ਉਹ ਆਪਣੀ ਆੜ ਵਿੱਚੋਂ ਬਾਹਰ ਆਉਣ ਹੀ ਵਾਲ਼ਾ ਸੀ ਕਿ ਕਿਸੇ ਚਮਤਕਾਰੀ ਢੰਗ ਨਾਲ਼ ਹੀ ਉਹਦਾ ਧਿਆਨ ਟੁੱਟੇ ਹੋਏ ਦਰਵਾਜੇ ਦੇ ਪਾੜ ਵਿੱਚ ਗਨ ਦੀ ਨਾਲ਼ੀ ਦੀ ਅਸਪਾਤੀ ਚਮਕ ਉੱਤੇ ਜਾ ਪਿਆ। ਉਹ ਰੁਕ ਗਿਆ। ਦੂਸਰੇ ਜਰਮਨ ਨੇ, ਜਿਹੜਾ ਫੱਟੜ ਸੀ, ਪਹਿਲੇ ਨੂੰ ਓਟ ਦਿੱਤੀ ਹੋਈ ਸੀ ਤੇ ਸਭ ਕੁੱਝ ਵੇਖ ਲਿਆ ਸੀ ਤੇ ਜੇ ਵਾਸਕੋਵ ਖੂਹ ਵੱਲ ਦੌੜਦਾ ਤਾਂ ਉਹ ਫੁੰਡਿਆ ਜਾਂਦਾ।

ਵਾਸਕੋਵ ਸੁੰਨ ਹੋ ਗਿਆ। ਇਹ ਯਕੀਨੀ ਸੀ ਕਿ ਜਰਮਨ ਆਪਣੀ ਗੱਨ ਚਲਾਵੇ। ਖਤਰੇ ਦੀ ਇਤਲਾਹ ਦੇਣ ਲਈ ਬਸ ਇੱਕ ਬਾੜ੍ਹ ਦੀ ਉੱਚੀ ਤੇ ਗੂੰਜਵੀਂ ਆਵਾਜ਼ ਦੀ ਲੋੜ ਸੀ। ਸਾਰੀ ਟੋਲੀ ਪਿਛਾਂਹ ਛੂਟ ਵੱਟ ਆਉਂਦੀ, ਜੰਗਲ ਨੂੰ ਛਾਣ ਮਾਰਦੀ ਅਤੇ ਸਾਰਜੈਂਟ ਮੇਜਰ ਦਾ ਸਫਾਇਆ ਹੋ ਜਾਂਦਾ। ਇਸ ਵਾਰੀ ਉਹ ਬਚ ਕੇ ਨਹੀਂ ਸੀ ਨਿੱਕਲ ਸਕਦਾ।

ਪਰ ਜਰਮਨ ਨੇ ਗੋਲ਼ੀ ਨਹੀਂ ਸੀ ਚਲਾਈ। ਉਹ ਉਡੀਕ ਰਿਹਾ ਸੀ, ਆਪਣੀ ਮਸ਼ੀਨਗੱਨ ਦੀ ਨਾਲ਼ੀ ਨੂੰ ਹੌਲ਼ੀ-ਹੌਲ਼ੀ ਸੱਜੇ ਖੱਬੇ ਘੁਮਾਈ ਜਾ ਰਿਹਾ ਸੀ ਅਤੇ ਕੋਈ ਸਿਗਨਲ ਨਹੀਂ ਸੀ ਦੇ ਰਿਹਾ। ਉਸ ਨੇ ਆਪਣੇ ਸਾਥੀ ਨੂੰ ਖੂਹ ਦੀ ਮਣ ਦੇ ਨਾਲ਼ ਮੂੰਹ ਪਰਨੇ ਡਿਗਦੇ ਵੇਖਿਆ ਸੀ ਉਹਦਾ ਸਰੀਰ ਅਜੇ ਵੀ ਤੜਪ ਰਿਹਾ ਸੀ, ਪਰ ਉਹਨੇ ਮਦਦ ਵਾਸਤੇ ਕਿਸੇ ਨੂੰ ਨਹੀਂ ਸੀ ਸੱਦਿਆ। ਉਹ ਉਡੀਕ ਰਿਹਾ ਸੀ। ਕਾਹਦੇ ਵਾਸਤੇ ਉਡੀਕ ਰਿਹਾ ਸੀ ?

ਅਚਾਨਕ ਹੀ ਵਾਸਕੋਵ ਨੂੰ ਸਾਰੀ ਗੱਲ ਸਮਝ ਆ ਗਈ। ਉਹਨੂੰ ਸਮਝ ਆ ਗਈ ਕਿ ਇਹ ਆਦਮੀ ਤਾਂ ਆਪਣੀ ਚਮੜੀ ਬਚਾ ਰਿਹਾ ਹੈ, ਨਾਜ਼ੀ ਹਰਾਮਜ਼ਾਦਾ। ਉਸ ਨੇ ਆਪਣੇ ਦਮ ਤੋੜ ਰਹੇ ਸਾਥੀ ਦੀ, ਫੌਜੀ ਹੁਕਮਾਂ ਦੀ ਜਾਂ ਆਪਣੇ ਸਾਥੀ ਦਸਤੇ ਦੀ ਜਿਹੜਾ ਝੀਲ ਵੱਲ ਗਿਆ ਹੋਇਆ ਸੀ ਕੋਈ ਪ੍ਰਵਾਹ ਨਹੀਂ ਕੀਤੀ। ਇਸ ਵੇਲ਼ੇ ਬੱਸ ਇੱਕੋ ਹੀ ਚਿੰਤਾ ਸੀ ਉਹਦੀ ਕਿ ਵਾਸਕੋਵ ਦਾ ਧਿਆਨ ਆਪਣੇ ਵੱਲ ਨਾ ਖਿੱਚੇ। ਉਹ ਆਪਣੇ ਦੁਸ਼ਮਣ ਤੋਂ ਸਹਿਮਿਆਂ ਹੋਇਆ ਸੀ ਜਿਹੜਾ ਉਹਦੀਆਂ ਨਜ਼ਰਾਂ ਤੋਂ ਓਹਲੇ ਸੀ ਅਤੇ ਰੱਬ ਅੱਗੇ ਬਸ ਇੱਕੋ ਅਰਦਾਸ ਕਰ ਰਿਹਾ ਸੀ ਕਿ ਕਿਵੇਂ ਨਾ ਕਿਵੇਂ ਉਹ ਝੁੱਗੀ ਦੀਆਂ ਮੋਟੀਆਂ ਮੋਟੀਆਂ ਲੱਕੜਾਂ ਦੇ ਓਹਲੇ ਬੈਠਾ ਬਚਿਆ ਰਹੇ।

ਹਾਂ, ਇਹ ਜਰਮਨ ਕੋਈ ਸੂਰਮਾ ਨਹੀਂ ਸੀ ਜਿਹੜਾ ਮੌਤ ਦਾ ਸਾਹਮਣਾ ਕਰਨ ਤੋਂ ਡਰਦਾ ਸੀ ਅਤੇ ਸਾਰਜੈਂਟ ਮੇਜਰ ਨੇ ਇਸ ਤਰਾਂ ਮਹਿਸੂਸ ਕਰਕੇ ਸੁੱਖ ਦਾ ਸਾਹ ਲਿਆ।

ਉਸ ਨੇ ਆਪਣਾ ਪਸਤੌਲ ਖੋਲ ਵਿੱਚ ਰੱਖਿਆ ਅਤੇ ਚੁੱਪ ਚਾਪ ਪਿੱਛੇ ਹਟ ਗਿਆ ਅਤੇ ਛੇਤੀ ਛੇਤੀ ਝੁੱਗੀ ਦਾ ਚੱਕਰ ਕੱਟ ਕੇ ਸਾਹਮਣੇ ਪਾਸੇ ਤੋਂ ਖੂਹ ਵੱਲ ਰੀਂਗਣ ਲੱਗਾ। ਉਹਦਾ ਖਿਆਲ ਠੀਕ ਹੀ ਨਿੱਕਲਿਆ, ਜਰਮਨ ਦੀ ਨਜ਼ਰ ਮਰੇ ਪਏ ਬੰਦੇ ਵੱਲ ਨਹੀਂ ਸੀ। ਸਾਰਜੈਂਟ ਮੇਜਰ ਬੜੇ ਆਰਾਮ ਨਾਲ਼ ਲਾਸ਼ ਕੋਲ਼ ਪਹੁੰਚ ਗਿਆ, ਉਹਦੀ ਮਸ਼ੀਨਗੱਨ, ਚਾਰਜਰ ਤੇ ਰਾਖਵੇਂ ਚਾਰਜਰਾਂ ਦੀ ਥੈਲੀ ਨੂੰ ਉਹਦੇ ਗਲ਼ੋਂ ਲਾਹਿਆ ਅਤੇ ਅਛੋਪਲੇ ਜਿਹੇ ਜੰਗਲ ਵਿੱਚ ਮੁੜ ਆਇਆ।

ਹੁਣ ਸਾਰੀ ਗੱਲ ਰਫਤਾਰ ਉੱਤੇ ਨਿਰਭਰ ਸੀ ਕਿਉਂਕਿ ਉਸ ਨੇ ਵਿੰਗ ਵਲੇਵਿਆਂ ਵਾਲ਼ੇ ਰਾਹ ਜਾਣ ਜਾ ਫੈਸਲਾ ਕੀਤਾ ਸੀ। ਆਪਣੀ ਜਾਨ ਉਹਨੂੰ ਜੋਖਮ ਵਿੱਚ ਪਾਉਣੀ ਹੀ ਪੈਣੀ ਸੀ ਤੇ ਉਹਨੇ ਪਾਈ ਵੀ ਅਤੇ ਕਿਸਮਤ ਨੇ ਉਹਦਾ ਸਾਥ ਦਿੱਤਾ। ਜਿਸ ਵੇਲ਼ੇ ਉਹ ਦੌੜਦਾ ਜਾਂਦਾ ਦਿਆਰ ਦੇ ਉਸ ਜੰਗਲ ਵਿੱਚ ਜਾ ਵੜਿਆ ਜਿਸ ਦੇ ਵਿੱਚੋਂ ਦੀ ਟਿਲਿਆਂ ਵੱਲ ਰਾਹ ਜਾਂਦਾ ਸੀ, ਸਿਰਫ ਉਦੋਂ ਹੀ ਉਸ ਨੇ ਥੋੜ੍ਹਾ ਜਿਹਾ ਆਰਾਮ ਕੀਤਾ।

ਇਹ ਉਹਦੀ ਜਾਣੀ ਪਛਾਣੀ ਥਾਂ ਸੀ ਜਿੱਥੇ ਢਿੱਡ ਪਰਨੇ ਰਿੜ੍ਹਨ ਦੀ ਉਹਨੂੰ ਚੰਗੀ ਜਾਂਚ ਸੀ। ਇੱਥੇ ਹੀ ਕਿੱਧਰੇ ਉਹਦੀਆਂ ਸੈਨਿਕ ਕੁੜੀਆਂ ਸਨ ਜੇ ਉਹ ਪੂਰਬ ਵੱਲ ਨਾ ਚਲੀਆਂ ਗਈਆਂ ਹੋਣ। ਭਾਵੇਂ ਉਸ ਨੇ ਆਪ ਹੀ ਉਹਨਾਂ ਨੂੰ ਆਖਿਆ ਸੀ ਕਿ ਜੇ ਕੋਈ ਅਬੀ ਨਬੀ ਵਾਪਰ ਜਾਏ ਤਾਂ ਉਹ ਚਲੀਆਂ ਜਾਣ। ਪਰ ਇਸ ਵੇਲ਼ੇ ਵਾਸਕੋਵ ਇਹ ਵਿਸ਼ਵਾਸ਼ ਕਰਨ ਨੂੰ ਤਿਆਰ ਨਹੀਂ ਸੀ। ਉਹ ਇਹ ਵਿਸ਼ਵਾਸ਼ ਕਰਨਾ ਹੀ ਨਹੀਂ ਸੀ ਚਾਹੁੰਦਾ।

ਇਸ ਥਾਂ ਉਹਨੇ ਥੋੜ੍ਹਾ ਚਿਰ ਆਰਾਮ ਕੀਤਾ। ਕੰਨ ਖੜ੍ਹੇ ਕਰਕੇ ਬਿੜਕ ਲੈਣ ਦੀ ਕੋਸ਼ਿਸ ਕੀਤੀ ਕਿ ਜਰਮਨਾਂ ਦੀ ਕੋਈ ਆਵਾਜ਼ ਆਉਂਦੀ ਹੈ ਜਾਂ ਨਹੀਂ ਅਤੇ ਫੇਰ ਪੂਰੀ ਚੌਕਸੀ ਨਾਲ਼ ਸੀਨੀਊਖੀਨਾ ਟਿੱਲਿਆਂ ਵੱਲ ਤੁਰ ਪਿਆ। ਚੌਵੀ ਘੰਟੇ ਪਹਿਲਾਂ ਉਹ ਤੇ ਓਸੀਆਨੀਨਾ ਇਸੇ ਰਾਹ ਤੋਂ ਲੰਘੇ ਸਨ। ਉਸ ਵੇਲ਼ੇ ਸਭ ਜਿਉਂਦੇ ਸਨ, ਸਾਰੇ ਹੀ, ਸਿਵਾਏ ਲੀਜ਼ਾ ਬਰੀਚਕੀਨਾ ਦੇ।....

ਆਖਰ ਉਹ ਪਿੱਛੇ ਹਟ ਗਏ ਸਨ। ਇਹ ਠੀਕ ਹੈ ਕਿ ਬਹੁਤੀ ਦੂਰ ਨਹੀਂ ਸੀ ਗਏ। ਸਿਰਫ ਨਦੀ ਦੇ ਪਾਰ, ਜਿੱਥੇ ਬੀਤੀ ਸਵੇਰ ਉਹਨਾਂ ਨੇ ਜਰਮਨਾਂ ਖਾਤਰ ਉਹ ਨਾਟਕ ਖੇਡਿਆ ਸੀ। ਫੇਦੋਤ ਵਾਸਕੋਵ ਨੇ ਇਸ ਸੰਭਾਵਨਾ ਬਾਰੇ ਸੋਚਿਆ ਨਹੀਂ ਸੀ ਅਤੇ ਜਿਸ ਵੇਲ਼ੇ ਉਹ ਉਸ ਨੂੰ ਪੱਥਰਾਂ ਵਿਚਕਾਰ ਜਾਂ ਆਪਣੇ ਸਾਬਕਾ ਮੋਰਚਿਆਂ ਉੱਤੇ ਵੀ ਨਾ ਮਿਲੀਆਂ, ਤਾਂ ਅਖੀਰ ਉਹ ਨਦੀ ਕਿਨਾਰੇ ਆ ਗਿਆ। ਹੁਣ ਉਹ ਭਾਲ਼ ਨਹੀਂ ਸੀ ਕਰ ਰਿਹਾ ਸਗੋਂ ਗੁਆਚਾ ਗੁਆਚਾ ਫਿਰ ਰਿਹਾ ਸੀ। ਉਸ ਨੇ ਹੁਣ ਸਮਝ ਲਿਆ ਕਿ ਉਹ ਇਕੱਲਾ ਹੀ ਰਹਿ ਗਿਆ ਹੈ, ਬਿਲਕੁਲ ਇਕੱਲਾ, ਫੱਟੜ ਬਾਂਹ ਵਾਲ਼ਾ ਇੱਕ ਆਦਮੀ। ਉਸ ਇਸ ਹੱਦ ਤੱਕ ਢਹਿੰਦੀ ਕਲਾ ਵਿੱਚ ਸੀ ਕਿ ਉਹਦਾ ਦਿਮਾਗ ਬੌਂਦਲਾ ਗਿਆ ਤੇ ਉਹ ਘੋਰ ਨਿਰਾਸ਼ਾ ਵਿੱਚ ਡੁੱਬਾ ਇੱਥੇ ਆ ਪਹੁੰਚਾ ਸੀ। ਪਰ ਜਿਉਂ ਹੀ ਉਹ ਪਾਣੀ ਦਾ ਘੁੱਟ ਭਰਨ ਲਈ ਗੋਡਿਆਂ ਭਾਰ ਹੋਇਆ, ਉਹਦੇ ਕੰਨਾਂ ਵਿੱਚ ਘੁਸਰ ਮੁਸਰ ਹੋਈ–

"ਫੇਦੋਤ ਵਾਸਕੋਵ..."

ਤੇ ਉੱਚੀ ਆਵਾਜ਼ ਵਿੱਚ ਫੇਰ ਉਸ ਨੇ ਸੁਣਿਆਂ :

"ਫੇਦੋਤ ਵਾਸਕੋਵ !...ਕਾਮਰੇਡ ਸਾਰਜੈਂਟ ਮੇਜਰ !...."

ਉਹ ਉੱਛਲ ਕੇ ਖੜ੍ਹਾ ਹੋ ਗਿਆ ਤੇ ਉਹ ਦੌੜਦੀਆਂ ਹੋਈਆਂ, ਪਾਣੀ ਦੇ ਛਿੱਟੇ ਉਡਾਉਂਦੀਆਂ, ਪਰਲੇ ਕੰਢੇ ਤੋਂ ਉਹਦੇ ਵੱਲ ਆ ਰਹੀਆਂ ਸਨ। ਉਹਨਾਂ ਨੇ ਆਪਣੀਆਂ ਸਕਰਟਾਂ

ਵੀ ਉੱਚੀਆਂ ਨਹੀਂ ਸੀ ਕੀਤੀਆਂ। ਵਾਸਕੋਵ ਉਹਨਾਂ ਵੱਲ ਦੌੜਿਆ ਅਤੇ ਨਦੀ ਦੇ ਵਿਚਕਾਰ ਤਿੰਨਾਂ ਨੇ ਹੀ ਇੱਕ ਦੂਜੇ ਨੂੰ ਕਲਾਵੇ ਵਿੱਚ ਲੈ ਲਿਆ। ਦੋਵੇਂ ਕੁੜੀਆਂ ਉਸ ਨੂੰ ਚੰਬੜ ਗਈਆਂ। ਉਹਦੇ ਗਲ਼ ਨਾਲ਼ ਲਟਕ ਗਈਆਂ। ਉਸ ਨੂੰ ਚੁੰਮਣ ਲੱਗੀਆਂ, ਜਿਸ ਹਾਲਤ ਵਿੱਚ ਵੀ ਉਹ ਸੀ, ਮਿੱਟੀ ਘੱਟੇ ਨਾਲ਼ ਲਿੱਬੜਿਆ, ਮੁੜ੍ਹਕੋ ਮੁੜ੍ਹਕੀ ਹੋਇਆ। ਦਾੜ੍ਹੀ ਦੇ ਵਾਲ਼ ਵਧੇ ਹੋਏ...

"ਕੀ ਕਰਦੀਆਂ ਜੇ, ਕੁੜੀਓ, ਕੀ ਕਰਦੀਆਂ ਜੇ!..."

ਉਸ ਦੀਆਂ ਡਾਡਾਂ ਨਿੱਕਲ਼ ਚੱਲੀਆਂ ਸਨ। ਉਹਦੀਆਂ ਝਿੰਮਣੀਆਂ ਵਿੱਚ ਅੱਥਰੂ ਕੰਬਣ ਲੱਗ ਪਏ ਸਨ। ਉਹ ਬਹੁਤ ਹੀ ਨਿਸੱਤਾ ਹੋ ਗਿਆ ਸੀ। ਕੁੜੀਆਂ ਦੇ ਮੋਢਿਆਂ ਉੱਤੇ ਬਾਹਾਂ ਰੱਖ ਕੇ, ਉਹ ਨਦੀ ਦੇ ਪਰਲੇ ਕੰਢੇ ਗਿਆ। ਕੋਮੇਲਕੋਵਾ ਘੁੱਟ ਘੁੱਟ ਕੇ ਉਹਦੇ ਨਾਲ਼ ਲੱਗ ਲੱਗ ਜਾਂਦੀ, ਉਹਦੀਆਂ ਖੁਰਦਰੀਆਂ ਗੱਲ੍ਹਾਂ ਨੂੰ ਥਪਕਦੀ ਪਲੋਸਦੀ।

"ਉਫ, ਮੇਰੀਓ ਬੱਚੀਓ, ਬੀਬੀਓ ਕੁੜੀਓ! ਤੁਸੀਂ ਕੁੱਝ ਖਾਧਾ ਪੀਤਾ ਵੀ, ਸੁੱਤੀਆਂ ਵੀ ਘੜੀ ਪਲ ਕਿ ਨਹੀਂ?"

"ਸਾਡਾ ਜੀਅ ਨਹੀਂ ਕੀਤਾ, ਕਾਮਰੇਡ ਸਾਰਜੈਂਟ ਮੇਜਰ..."

"ਗੋਲ਼ੀ ਮਾਰੋ ਸਾਰਜੈਂਟ ਮੇਜਰ ਨੂੰ, ਮੈਂ ਨਹੀਂ ਹੁਣ ਤੁਹਾਡਾ ਸਾਰਜੈਂਟ ਮੇਜਰ। ਹੁਣ ਤੁਸੀਂ ਮੇਰੀਆਂ ਭੈਣਾਂ ਜੇ, ਤੇ ਮੈਂ ਤੁਹਾਡਾ ਭਰਾ। ਸੋ ਮੈਨੂੰ ਫੇਦੋਤ ਕਰ ਕੇ ਬੁਲਾਓ, ਜਾਂ ਫੇਦੀਆ ਆਖ ਕੇ, ਜਿਵੇਂ ਮੇਰੀ ਮਾਂ ਆਖਦੀ ਹੁੰਦੀ ਸੀ..."

ਉਹਨਾਂ ਦੇ ਵੱਡੇ ਕੋਟ, ਕਿੱਟ-ਬੈਗ ਤੇ ਰਫਲਾਂ ਝਾੜੀਆਂ ਵਿੱਚ ਸਨ। ਵਾਸਕੋਵ ਸਿੱਧਾ ਆਪਣੇ ਕਿੱਟ-ਬੈਗ ਕੋਲ਼ ਗਿਆ। ਅਜੇ ਉਹਨੇ ਇਸ ਨੂੰ ਹੱਥ ਵੀ ਨਹੀਂ ਸੀ ਲਾਇਆ ਕਿ ਜੇਨੀਆ ਨੇ ਪੁੱਛਿਆ:

"ਗਾਲੀਆ ਦੀ ਕੋਈ ਖ਼ਬਰ?"

ਉਸ ਨੇ ਇਹ ਗੱਲ ਸਹਿਜੇ ਜਿਹੇ ਝਿਜਕਦਿਆਂ ਹੋਇਆਂ ਪੁੱਛੀ ਸੀ। ਸਾਰੀ ਗੱਲ ਉਹ ਸਮਝਦੀਆਂ ਸਨ ਤੇ ਸਿਰਫ ਪੱਕ ਕਰਨਾ ਚਾਹੁੰਦੀਆਂ ਸਨ। ਸਾਰਜੈਂਟ ਮੇਜਰ ਨੇ ਕੋਈ ਜਵਾਬ ਨਹੀਂ ਦਿੱਤਾ। ਚੁੱਪ ਕਰਕੇ ਉਹਨੇ ਆਪਣਾ ਕਿੱਟ-ਬੈਗ ਖੋਹਲਿਆ, ਥੋੜ੍ਹੀ ਜਿਹੀ ਸੁੱਕੀ ਰੋਟੀ, ਲੂਣ ਵਾਲ਼ੀ ਚਰਬੀ ਅਤੇ ਫਲਾਸਕ ਕੱਢੀ। ਤਿੰਨਾਂ ਮੱਗਾਂ ਵਿੱਚ ਥੋੜ੍ਹੀ ਥੋੜ੍ਹੀ ਸ਼ਰਾਬ ਪਾਈ, ਰੋਟੀ ਦੇ ਟੁਕੜੇ ਕੀਤੇ ਤੇ ਥੋੜ੍ਹੀ ਜਿਹੀ ਚਰਬੀ ਕੱਟ ਕੇ ਰੱਖੀ। ਫਿਰ ਉਸ ਨੇ ਮੱਗ ਕੁੜੀਆਂ ਦੇ ਹੱਥਾਂ ਵਿੱਚ ਫੜਾਏ ਅਤੇ ਆਪਣਾ ਮੱਗ ਉੱਪਰ ਉੱਠਾ ਕੇ ਜਾਮ ਤਜ਼ਵੀਜ਼ ਕੀਤਾ-

"ਸਾਡੀਆਂ ਸਾਥਣਾਂ ਵੀਰਾਂਗਣਾਂ ਦੀ ਮੌਤ ਮਰੀਆਂ ਹਨ। ਗਾਲੀਆ ਚਿਤਵਿਰਤਕ ਆਹਮੋ ਸਾਹਮਣੀਆਂ ਚਲਦੀਆਂ ਗੋਲ਼ੀਆਂ ਨਾਲ਼ ਅਤੇ ਲੀਜ਼ਾ ਬਰੀਚਕੀਨਾ ਦਲਦਲ ਵਿੱਚ। ਇਸ ਤਰਾਂ ਸੋਨੀਆਂ ਸਮੇਤ ਤਿੰਨ ਜਣੀਆਂ ਸਾਥੋਂ ਸਦਾ ਲਈ ਵਿੱਛੜ ਗਈਆਂ ਹਨ। ਸੋ ਇਹ ਭਾਣੇ ਦੀ ਗੱਲ ਹੈ। ਪਰ ਇਸ ਗੱਲ ਨੂੰ ਚੌਵੀ ਘੰਟੇ ਹੋ ਗਏ ਹਨ ਕਿ ਅਸੀਂ ਦੁਸ਼ਮਣ ਨੂੰ ਚੱਕਰਾਂ ਵਿੱਚ ਪਾਇਆ ਹੋਇਆ ਹੈ। ਚੌਵੀ ਘੰਟੇ! ...ਤੇ ਹੁਣ ਸਾਡੀ ਵਾਰੀ ਹੈ ਚੌਵੀ ਘੰਟੇ ਹੋਰ ਹਾਸਲ ਕਰਨਾ। ਸਾਨੂੰ ਕੋਈ ਕੁਮਕ ਮਿਲਣ ਦੀ ਆਸ ਨਹੀਂ ਰੱਖਣੀ ਚਾਹੀਦੀ ਅਤੇ ਜਰਮਨ ਇਸ ਪਾਸੇ ਵੱਲ ਆ ਰਹੇ ਹਨ। ਆਓ ਆਪਣੀਆਂ ਭੈਣਾਂ ਦੀ ਯਾਦ ਵਿੱਚ ਜਾਮ ਪੀਏ, ਤੇ ਅਗਲੀ ਕਾਰਵਾਈ ਵਾਸਤੇ ਤਿਆਰ ਹੋ ਜਾਈਏ। ਬਹੁਤੀ ਸੰਭਾਵਨਾ ਇਸ ਗੱਲ ਦੀ ਹੈ ਕਿ ਇਹ ਸਾਡੀ ਆਖਰੀ ਲੜਾਈ ਹੋਵੇ..."

13

ਇਹੋ ਜਿਹੀ ਆਫਤ ਵੀ ਹੁੰਦੀ ਹੈ ਜਿਹੜੀ ਇੱਕ ਵੱਡੇ ਵੱਡੇ ਵਾਲ਼ਾਂ ਵਾਲ਼ੀ ਰਿੱਛਣੀ ਵਾਂਗ ਬੰਦੇ ਉੱਤੇ ਟੁੱਟ ਪੈਂਦੀ ਹੈ। ਉਹ ਬੰਦੇ ਨੂੰ ਜੱਫਾ ਮਾਰਦੀ ਹੈ, ਉਹਦੀਆਂ ਬੋਟੀਆਂ ਤੋੜਦੀ ਹੈ ਅਤੇ ਜਾਨ ਦੇ ਲਾਲੇ ਪਾ ਦਿੰਦੀ ਹੈ। ਪਰ ਫਿਰ ਬੰਦੇ ਨੂੰ ਅਧਮੋਇਆ ਛੱਡ ਕੇ ਚਲੀ ਜਾਂਦੀ ਹੈ ਤੇ ਬੰਦਾ ਮਹਿਸੂਸ ਕਰਦਾ ਹੈ ਕਿ ਉਹ ਅਜੇ ਜਿਉਂਦਾ ਹੈ, ਉਹਦਾ ਸਾਹ ਤੁਰਦਾ ਹੈ ਅਤੇ ਉਹ ਜਿਉਂਦਾ ਰਹਿ ਸਕਦਾ ਹੈ, ਮਾਨੋ ਉਹਨੂੰ ਕੁੱਝ ਹੋਇਆ ਨਹੀਂ ਹੁੰਦਾ।

ਪਰ ਕਈ ਵਾਰੀ ਕੋਈ ਮਾਮੂਲੀ ਜਿਹੀ ਗਲਤੀ ਹੋ ਜਾਂਦੀ ਹੈ, ਬਹੁਤ ਨਿਗੂਣੀ ਜਿਹੀ ਅਣਗਹਿਲੀ, ਪਰ ਇਸ ਦੇ ਐਸੇ ਨਤੀਜੇ ਨਿੱਕਲਦੇ ਹਨ ਜਿਨ੍ਹਾਂ ਨੂੰ ਕੋਈ ਬਰਦਾਸ਼ਤ ਨਹੀਂ ਕਰ ਸਕਦਾ।

ਇਹੋ ਜਿਹੀ ਹੀ ਇੱਕ ਨਿਗੂਣੀ ਭੁੱਲ ਵਾਸਕੋਵ ਕੋਲੋ ਹੋ ਗਈ ਜਿਸ ਵੇਲ਼ੇ ਨਾਸ਼ਤਾ ਕਰਨ ਮਗਰੋਂ ਉਹਨਾਂ ਨੇ ਲੜਾਈ ਦੀਆਂ ਤਿਆਰੀਆਂ ਆਰੰਭ ਦਿੱਤੀਆਂ। ਉਸ ਨੇ ਆਪਣੇ ਕਿੱਟ-ਬੈਗ ਦੀ ਫੋਲਾ-ਫਾਲੀ ਕੀਤੀ, ਇਸ ਨੂੰ ਛੰਡਿਆ ਝਾੜਿਆ ਅਤੇ ਹਰ ਇੱਕ ਚੀਜ਼ ਨੂੰ ਟੋਹ ਕੇ ਵੇਖਿਆ ਇੱਕ ਵਾਰੀ, ਦੋ ਵਾਰੀ, ਤਿੰਨ ਵਾਰੀ—ਪਰ ਕੁੱਝ ਨਾ ਲੱਭਿਆ।

ਦੂਜੇ ਗਰਨੇਡ ਵਾਸਤੇ ਪਲੀਤਾ ਅਤੇ ਆਪਣੇ ਪਸਤੌਲ ਵਾਸਤੇ ਕਾਰਤੂਸ ਨਿਗੂਣੀਆਂ ਚੀਜ਼ਾਂ ਸਨ, ਪਰ ਪਲੀਤੇ ਬਗੈਰ ਗਰਨੇਡ ਤਾਂ ਬਸ ਲੋਹੇ ਦਾ ਡਲਾ ਸੀ। ਬੇਜ਼ਾਨ ਡਲ਼ਾ ਜਿਵੇਂ ਕੋਈ ਪੱਥਰ-ਗੀਟਾ ਹੋਵੇ।

"ਹੁਣ ਸਾਡੇ ਕੋਲ਼ ਗਰਨੇਡ ਕੋਈ ਨਹੀਂ, ਕੁੜੀਓ।"

ਉਸ ਨੇ ਮੁਸਕਰਾ ਕੇ ਆਖਿਆ ਤਾਂ ਜੋ ਉਹ ਪ੍ਰੇਸ਼ਾਨ ਨਾ ਹੋਣ ਤੇ ਉਹ ਕੁੜੀਆਂ ਵੀ ਐਸੀਆਂ ਝੱਲੀਆਂ, ਕਿ ਉਹ ਵੀ ਅੱਗੋਂ ਮੁਸਕਰਾ ਪਈਆਂ, ਚਮਕ ਪਈਆਂ।

"ਕੋਈ ਗੱਲ ਨਹੀਂ, ਫੇਦੋਤ, ਸਾਰ ਲਵਾਂਗੇ ਇਸ ਤੋਂ ਬਿਨਾਂ ਹੀ!"

ਇਹ ਆਖਣ ਵਾਲ਼ੀ ਕੋਮੇਲਕੋਵਾ ਸੀ ਫੇਦੋਤ ਦਾ ਨਾਂ ਲੈਂਦਿਆਂ ਮਾੜੀ ਜਿਹੀ ਜਬਾਨ ਥਿੜਕੀ ਸੀ ਉਹਦੀ ਸ਼ਰਮ ਨਾਲ਼ ਚਿਹਰਾ ਵੀ ਲਾਲ ਹੋ ਗਿਆ ਸੀ। ਗੱਲ ਕੁਦਰਤੀ ਸੀ। ਉਹ ਆਪਣੇ ਕਮਾਂਡਰ ਨੂੰ ਉਹਦੇ ਨਾਂ ਨਾਲ਼ ਬੁਲਾਉਣਾ ਗਿੱਝੀ ਹੋਈ ਨਹੀਂ ਸੀ।

ਜਰਮਨਾਂ ਦੀਆਂ ਗੋਲ਼ੀਆਂ ਦਾ ਜਵਾਬ ਦੇਣ ਵਾਸਤੇ ਉਹਨਾਂ ਕੋਲ਼ ਤਿੰਨ ਰਫਲਾਂ, ਦੋ ਛੋਟੀਆਂ ਮਸ਼ੀਨਗੱਨਾਂ ਤੇ ਇੱਕ ਪਸਤੌਲ ਸੀ। ਜਦੋਂ ਉਹਨਾਂ ਉੱਤੇ ਗੋਲ਼ੀਆਂ ਦਾ ਮੀਂਹ ਵਰ੍ਹਾਉਣ ਲਈ ਦੁਸ਼ਮਣ ਕੋਲ਼ ਦਸ ਮਸ਼ੀਨਗੱਨਾਂ ਹੋਣ ਤਾਂ ਇਹ ਹਥਿਆਰ ਕੁੱਝ ਵੀ ਨਹੀਂ ਸਨ। ਪਰ ਆਸ ਰੱਖਣੀ ਚਾਹੀਦੀ ਹੈ ਕਿ ਜੰਗਲ ਉਹਨਾਂ ਦੀ ਬਹੁਤ ਮਦਦ ਕਰੇਗਾ। ਜੰਗਲ ਅਤੇ ਨਦੀ।

"ਲੈ ਫੜ, ਗੀਤਾ, ਆਪਣੀ ਮਸ਼ੀਨਗੰਨ ਵਾਸਤੇ ਹੋਰ ਚਾਰਜਰ। ਛੋਟੀ ਬਾੜ੍ਹ, ਸਮਝ ਗਈ। ਨਦੀ ਤੋਂ ਪਾਰ ਗੋਲ਼ੀਆਂ ਸੁੱਟਣ ਲਈ ਰਫਲ ਵਰਤੀਂ ਤੇ ਗੱਨ ਦੀਆਂ ਗੋਲ਼ੀਆਂ ਓਸ ਵੇਲ਼ੇ ਵਾਸਤੇ ਸਾਂਭ ਰੱਖੀਂ ਜਦੋਂ ਉਹ ਨਦੀ ਪਾਰ ਕਰਨ ਲੱਗਣ। ਓਦੋਂ ਇਹ ਬਹੁਤ ਕੰਮ ਆਉਣਗੀਆਂ। ਬਹੁਤ ਜਿਆਦਾ। ਸਮਝ ਗਈ?"

"ਸਮਝ ਗਈ, ਫੇਦੋਤ..."

ਇਹਦੀ ਜਬਾਨ ਵੀ ਥਿੜਕ ਗਈ। ਵਾਸਕੋਵ ਹੀ ਹੀ ਕਰਦਾ ਬੋਲਿਆ:

"ਮੇਰਾ ਖਿਆਲ ਏ, ਜੇ ਫੇਦੀਆ ਆਖੇ ਤਾਂ ਸੌਖੀ ਰਹੇ। ਮੇਰਾ ਨਾਂ ਕੋਈ ਸਰਲ ਰਵਾਂ ਨਹੀਂ, ਇਹ ਠੀਕ ਹੈ, ਪਰ ਕੀ ਕੀਤਾ ਜਾਏ...

ਜਰਮਨਾਂ ਨਾਲ਼ ਉਹਨਾਂ ਦੇ ਬੀਤੇ ਚੌਵੀ ਘੰਟੇ ਭੰਗ ਦੇ ਭਾੜੇ ਹੀ ਨਹੀਂ ਸੀ ਗਏ। ਹੁਣ ਉਹ ਪਹਿਲਾਂ ਨਾਲ਼ੋਂ ਦੂਣੇ ਚੌਣੇ ਸਾਵਧਾਨ ਸਨ ਅਤੇ ਇੱਕ ਇੱਕ ਪੱਥਰ ਓਹਲੇ ਨਿਗਾਹ ਮਾਰ ਕੇ ਚੱਲਣ ਸਦਕਾ ਉਹਨਾਂ ਦੀ ਰਫਤਾਰ ਮੱਠੀ ਹੋ ਗਈ ਸੀ। ਜਿੱਨਾ ਵੱਧ ਤੋਂ ਵੱਧ ਹੋ ਸਕਦਾ ਸੀ ਉਹਨਾਂ ਇਲਾਕੇ ਨੂੰ ਛਾਣ ਮਾਰਿਆ ਤੇ ਜਦੋਂ ਉਹ ਨਦੀ ਦੇ ਕੰਢੇ ਤੇ ਅੱਪੜੇ ਤਾਂ ਗੋਡੇ ਗੋਡੇ ਧੁੱਪਾਂ ਚੜ੍ਹ ਆਈਆਂ ਸਨ। ਹੂ-ਬ-ਹੂ ਸਭ ਕੁੱਝ ਪਹਿਲਾਂ ਵਾਂਗ ਹੋ ਰਿਹਾ ਸੀ। ਸਿਰਫ ਇਨਾ ਫਰਕ ਸੀ ਕਿ ਇਸ ਵਾਰ ਨਦੀ ਦੇ ਪਾਰ ਜੰਗਲ਼ ਵਿੱਚ ਕੁੜੀਆਂ ਦੀਆਂ ਆਵਾਜ਼ਾਂ ਨਹੀਂ ਛਣਕਦੀਆਂ ਸਨ ਅਤੇ ਜੰਗਲ ਦੀ ਖਾਮੋਸ਼ੀ ਭੇਦਭਰੀ ਤੇ ਖਤਰਨਾਕ ਸੀ। ਜਰਮਨ ਖਤਰੇ ਤੋਂ ਬੜੇ ਸੁਚੇਤ ਸਨ। ਉਹਨਾਂ ਨੇ ਪਾਣੀ ਦੇ ਕੰਢੇ ਆਉਣ ਵਿੱਚ ਬੜੀ ਦੇਰ ਲਾਈ ਸੀ। ਭਾਵੇਂ ਝਾੜੀਆਂ ਵਿੱਚ ਲੁਕੇ ਉਹ ਨਜ਼ਰ ਆਉਂਦੇ ਸਨ।

ਫੇਦੋਤ ਵਾਸਕੋਵ ਕੁੜੀਆਂ ਨੂੰ ਓਸ ਥਾਂ ਛੱਡ ਆਇਆ ਸੀ ਜਿੱਥੇ ਨਦੀ ਇੱਕ ਚੌੜਾ ਖਮ ਖਾਂਦੀ ਸੀ। ਕੁੜੀਆਂ ਨੂੰ ਮੋਰਚਾ ਮੱਲਣ ਦੀ ਥਾਂ ਉਹਨੇ ਆਪ ਚੁਣ ਕੇ ਦਿੱਤੀ ਸੀ ਅਤੇ ਉਹਨਾਂ ਨੂੰ ਨਿਸ਼ਾਨੀਆਂ ਵੀ ਸਮਝਾ ਦਿੱਤੀਆਂ ਸਨ। ਪਾਣੀ ਦੇ ਅੰਦਰ ਵਧਿਆ ਹੋਇਆ ਜ਼ਮੀਨ ਦਾ ਉਹ ਟੋਟਾ ਉਹਨੇ ਆਪਣੇ ਵਾਸਤੇ ਚੁਣਿਆਂ ਜਿੱਥੇ ਇੱਕ ਦਿਨ ਪਹਿਲਾਂ ਜੇਨੀਆਂ ਕੋਮੇਲਕੋਵਾ ਨੇ, ਇੱਕ ਤਰਾਂ ਨਾਲ਼ ਆਪਣੇ ਬਦਨ ਨਾਲ਼ ਜਰਮਨਾਂ ਨੂੰ ਰੋਕਿਆ ਸੀ। ਇਸ ਥਾਂ ਦੋਵੇਂ ਕੰਢੇ ਤਕਰੀਬਨ ਇੱਕ ਦੂਜੇ ਨਾਲ਼ ਜੁੜ ਹੀ ਜਾਂਦੇ ਸਨ ਅਤੇ ਦੋਹੀਂ ਪਾਸੀਂ ਪਾਣੀ ਦੇ ਕੰਢੇ ਤੋਂ ਹੀ ਜੰਗਲ ਸ਼ੁਰੂ ਹੋ ਜਾਂਦਾ ਸੀ ਅਤੇ ਨਦੀ ਨੂੰ ਪਾਰ ਕਰਨ ਅਤੇ ਰੋਕਣ ਲਈ ਇਸ ਤੋਂ ਚੰਗੀ ਥਾਂ ਹੋਰ ਕੋਈ ਨਹੀਂ ਸੀ। ਇਸ ਦੇ ਇਲਾਵਾ ਇਹੋ ਥਾਂ ਸੀ। ਜਿੱਥੇ ਜਰਮਨ ਵਾਰ ਵਾਰ ਵਿਖਾਈ ਦਿੰਦੇ ਸਨ। ਉਹਨਾਂ ਦਾ ਖਿਆਲ ਸੀ ਕਿ ਘਬਰਾਏ ਹੋਣ ਦੁਸ਼ਮਣ ਨੂੰ ਉਹ ਇਸ ਤਰਾਂ ਭੜਕਾਹਟ ਵਿੱਚ ਲੈ ਆਉਣਗੇ। ਪਰ ਹਾਲੇ ਤੱਕ ਨਿਗਰਾਨੀ ਰੱਖਣ ਵਾਲ਼ਿਆਂ ਵਿੱਚ ਘਬਰਾਇਆ ਕੋਈ ਨਹੀਂ ਸੀ ਕਿਉਂਕਿ ਵਾਸਕੋਵ ਨੇ ਆਪਣੀਆਂ ਸੈਨਿਕ ਕੁੜੀਆਂ ਨੂੰ ਮਨ੍ਹਾਂ ਕੀਤਾ ਹੋਇਆ ਸੀ ਕਿ ਓਨਾ ਚਿਰ ਗੋਲ਼ੀ ਉੱਕਾ ਹੀ ਨਾ ਚਲਾਉਣ ਜਿੱਨਾ ਚਿਰ ਜਰਮਨ ਪਾਣੀ ਵਿੱਚ ਨਾ ਆ ਜਾਣ। ਉਸ ਵੇਲ਼ੇ ਤੱਕ, ਉਹਦਾ ਹੁਕਮ ਸੀ, ਸਾਹ ਵੀ ਉੱਚਾ ਨਾ ਲੈਣ ਤਾਂ ਜੋ ਪੰਛੀ ਡਰ ਕੇ ਚਹਿਕਣੋਂ ਹੀ ਨਾ ਹਟ ਜਾਣ।

ਸਭ ਕੁੱਝ ਹੱਥ ਵਿੱਚ ਸੀ, ਹਰ ਚੀਜ਼ ਤਿਆਰ ਸੀ। ਗੱਨਾਂ ਵਿੱਚ ਗੋਲ਼ੀਆਂ ਭਰ ਲਈਆਂ ਗਈਆਂ ਸਨ, ਰਫਲਾਂ ਦੇ ਸੇਫਟੀ ਕੈਚ ਖੋਹਲੇ ਹੋਏ ਸਨ ਤਾਂ ਜੋ ਮਿੱਥੇ ਹੋਏ ਵਕਤ ਤੋਂ ਪਹਿਲਾਂ ਕੋਈ ਚਿੜੀ ਵੀ ਫੜਕ ਕੇ ਖ਼ਬਰਦਾਰ ਨਾ ਕਰ ਦੇਵੇ। ਸਾਰਜੈਂਟ ਮੇਜਰ ਤਕਰੀਬਨ ਸ਼ਾਂਤ ਅਡੋਲ ਸਾਹਮਣੇ ਕੰਢੇ ਉੱਤੇ ਨਜ਼ਰਾਂ ਗੱਡੀ ਬੈਠਾ ਸੀ, ਸਿਰਫ ਉਹਦੀ ਬਾਂਹ ਵਿੱਚ ਚੀਸਾਂ ਪੈਂਦੀਆਂ ਸਨ ਜਿਵੇਂ ਦੁਖਦੀ ਦਾੜ੍ਹ ਵਿੱਚ ਚਰਾਟਾਂ ਉਠਦੀਆਂ ਹਨ।

ਤੇ ਓਧਰ ਦੂਜੇ ਪਾਸੇ ਸਭ ਕੁੱਝ ਇਸ ਦੇ ਉਲ਼ਟ ਸੀ। ਚਹਿਕਦੇ ਪੰਛੀ ਖਾਮੋਸ਼ ਸਨ ਅਤੇ ਗੁਟਾਰ ਲਗਾਤਾਰ ਸੰਘ ਪਾੜੀ ਜਾ ਰਹੀ ਸੀ। ਇਸ ਵੇਲ਼ੇ ਸਭ ਕੁੱਝ ਫੇਦੋਤ ਵਾਸਕੋਵ ਦੀ ਨਜ਼ਰ ਵਿੱਚ ਸੀ। ਉਹ ਸਭ ਕੁੱਝ ਵੇਖ ਰਿਹਾ ਤੇ ਉਡੀਕ ਰਿਹਾ ਸੀ ਤੇ ਉਹਨੇ ਉਸ ਪਲ ਦਾ ਠੀਕ ਠੀਕ ਹਿਸਾਬ ਲਾ ਲਿਆ ਸੀ ਜਦੋਂ ਜਰਮਨ ਉਡੀਕਦੇ ਰਹਿਣ ਦੀ ਇਸ ਖੇਡ ਤੋਂ ਅੱਕ ਥੱਕ ਜਾਣਗੇ।

ਇਸ ਦੇ ਬਾਵਜੂਦ ਪਹਿਲੀ ਗੋਲ਼ੀ ਦਾਗਣ ਵਾਲ਼ਾ ਉਹ ਆਪ ਨਹੀਂ ਸੀ ਅਤੇ ਭਾਵੇਂ ਸਾਰਜੈਂਟ ਮੇਜਰ ਨੂੰ ਇਸ ਗੋਲ਼ੀ ਦੀ ਆਸ ਤਾਂ ਸੀ ਤਾਂ ਵੀ ਉਹ ਤ੍ਰਬਕ ਉੱਠਿਆ ਸੀ। ਠਾਹ ਦੀ ਆਵਾਜ਼ ਹਮੇਸ਼ਾਂ ਅਚਨਚੇਤੀ, ਹਮੇਸ਼ਾਂ ਅਣਕਿਆਸੀ ਹੁੰਦੀ ਹੈ। ਨਦੀ ਦੇ ਹੇਠਲੇ ਪਾਸੇ ਉਹਦੇ ਖੱਬੇ ਹੱਥ ਵੱਲੋਂ ਇਹ ਆਵਾਜ ਆਈ ਸੀ ਤੇ ਇਸ ਦੇ ਮਗਰੋਂ ਇੱਕ ਵਾਰੀ ਫੇਰ ਠਾਹ ਤੇ ਇੱਕ ਵਾਰੀ ਫੇਰ। ਵਾਸਕੋਵ ਨੇ ਨਦੀ ਦੇ ਮੋੜ ਵੱਲ ਨਜ਼ਰ ਮਾਰੀ ਤੇ ਵੇਖਿਆ ਕਿ ਇੱਕ ਜਰਮਨ ਰੀਂਘਦਾ ਹੋਇਆ ਪਾਣੀ ਵਿੱਚੋਂ ਬਾਹਰ ਆਪਣੇ ਕੰਢੇ ਵੱਲ ਵਾਪਸ ਆ ਰਿਹਾ ਸੀ ਕਿ ਉਹਦੇ ਚੁਫੇਰੇ ਗੋਲ਼ੀਆਂ ਦੀ ਬੁਛਾੜ ਹੋਈ ਪਰ ਉਸ ਨੂੰ ਲੱਗੀ ਕੋਈ ਨਹੀਂ ਸੀ। ਜਰਮਨ ਕਰਚ ਕਰਚ ਕਰਦੇ ਪੱਥਰਾਂ ਉੱਤੇ ਇੱਕ ਲੱਤ ਨੂੰ ਘਸੀਟਦਾ ਹੋਇਆ ਹੱਥਾਂ ਪੈਰਾਂ ਦੇ ਭਾਰ ਭੱਜ ਉਠਿਆ ਸੀ।

ਫੇਰ ਮਸ਼ੀਨਗੱਨਾਂ ਨੇ ਗੋਲ਼ੀਆਂ ਵਰ੍ਹਾ ਦਿੱਤੀਆਂ ਜਿਹੜੀਆਂ ਜਖਮੀ ਜਰਮਨ ਨੂੰ ਆੜ ਦੇ ਰਹੀਆਂ ਸਨ ਅਤੇ ਸਾਰਜੈਂਟ ਮੇਜਰ ਭੁੜਕ ਕੇ ਉੱਠਣਾ ਅਤੇ ਕੁੜੀਆਂ ਵੱਲ ਸੂਟ ਵੱਟ ਜਾਣਾ ਚਾਹੁੰਦਾ ਸੀ ਪਰ ਉਸ ਨੇ ਆਪਣੇ ਆਪ ਨੂੰ ਰੋਕ ਲਿਆ ਤੇ ਐਨ ਵੇਲ਼ੇ ਸਿਰ ਰੋਕ ਲਿਆ। ਦੂਜੇ ਪਾਸਿਓਂ ਝਾੜੀਆਂ ਵਿੱਚੋਂ ਚਾਰ ਜਰਮਨ ਇਕੱਠੇ ਹੀ ਤੀਰ ਵਾਂਗ ਦੌੜੇ। ਜ਼ਾਹਿਰ ਸੀ ਕਿ ਉਹਨਾਂ ਨੂੰ ਗੋਲ਼ੀਆਂ ਦੀ ਆੜ ਵਿੱਚ ਨਦੀ ਪਾਰ ਕਰ ਜਾਣ ਤੇ ਜੰਗਲ ਵਿੱਚ ਲੁਕਣ ਦੀ ਆਸ ਸੀ। ਇਸ ਤਰਾਂ ਦੀ ਹਾਲਤ ਵਿੱਚ ਇੱਕ ਰਫਲ ਨਾਲ਼ ਕੁੱਝ ਨਹੀਂ ਸੀ ਬਣਨਾ, ਕਿਉਂਕਿ ਹਰ ਇੱਕ ਗੋਲ਼ੀ ਚਲਾਉਣ ਮਗਰੋਂ ਬੋਲਟ ਚੜ੍ਹਾਉਣ ਦਾ ਵਕਤ ਨਹੀਂ ਸੀ ਮਿਲਣਾ। ਇਸ ਕਰਕੇ ਫੇਦੋਤ ਵਾਸਕੋਵ ਨੇ ਆਪਣੀ ਮਸ਼ੀਨਗੱਨ ਚੁੱਕ ਲਈ। ਉਹਦੇ ਘੋੜਾ ਦੱਬਣ ਦੀ ਦੇਰ ਸੀ ਕਿ ਦੂਜੇ ਪਾਸੇ ਝਾੜੀਆਂ ਵਿੱਚ ਦੋ ਥਾਂਵਾਂ 'ਤੇ ਚਾਨਣ ਨੇ ਲਿਸ਼ਕਾਰਾ ਮਾਰਿਆ ਤੇ ਹਵਾ ਵਿੱਚ ਸ਼ੂਕਦੀਆਂ ਗੋਲ਼ੀਆਂ ਉਹਦੇ ਸਿਰ ਉੱਤੋਂ ਦੀ ਲੰਘ ਗਈਆਂ।

ਇਸ ਲੜਾਈ ਵਿੱਚ ਵਾਸਕੋਵ ਇੱਕੋ ਗੱਲ ਜਾਣਦਾ ਸੀ—ਪਿੱਛੇ ਨਹੀਂ ਹਟਣਾ। ਆਪਣੇ ਪਾਸੇ ਤੋਂ ਇੱਕ ਚੱਪਾ ਜ਼ਮੀਨ ਵੀ ਨਹੀਂ ਛੱਡਣੀ। ਭਾਵੇਂ ਕਿੰਨਾ ਵੀ ਔਖਾ ਹੋਵੇ, ਕਿੰਨੀ ਵੀ ਨਾਉਮੀਦੀ ਹੋਵੇ, ਉਸ ਨੇ ਆਪਣਾ ਮੋਰਚਾ ਨਹੀਂ ਸੀ ਛੱਡਣਾ। ਉਹਦੇ ਵਾਸਤੇ ਡਟੇ ਰਹਿਣਾ ਜ਼ਰੂਰੀ ਸੀ, ਵਰਨਾ ਦੁਸ਼ਮਣ ਉਸ ਨੂੰ ਕੁਚਲ ਕੇ ਰੱਖ ਦੇਵੇਗਾ—ਤੇ ਕਹਾਣੀ ਖਤਮ ਹੋ ਜਾਵੇਗੀ। ਉਸ ਨੂੰ ਇਉਂ ਲੱਗ ਰਿਹਾ ਸੀ ਕਿ ਸਾਰਾ ਰੂਸ ਉਸ ਦੀ ਪਿੱਠ ਪਿੱਛੇ ਹੈ। ਰੂਸ ਦਾ ਆਖਰੀ ਜਿਉਂਦਾ ਰਹਿ ਗਿਆ ਸਪੂਤ ਤੇ ਰਖਵਾਲਾ ਉਹ ਆਪ ਹੈ, ਫੇਦੋਤ ਵਾਸਕੋਵ, ਹੋਰ ਕੋਈ ਨਹੀਂ ਸੀ। ਸਿਰਫ ਉਹ ਸੀ, ਦੁਸ਼ਮਣ ਸੀ ਅਤੇ ਰੂਸ ਸੀ।

ਤੇ ਕੁੜੀਆਂ ਵੱਲੋਂ ਉਹ ਬਿੜਕਾਂ ਲੈਂਦਾ ਰਿਹਾ ਸੀ ਜਿਵੇਂ ਕਿਸੇ ਤੀਸਰੇ ਕੰਨ ਨਾਲ਼। ਉਹਨਾਂ ਦੀਆਂ ਰਫਲਾਂ ਤੜ ਤੜ ਕਰਦੀਆਂ ਹਨ ਜਾਂ ਨਹੀਂ। ਜੇ ਉਹ ਗੋਲ਼ੀ ਚਲਾ ਰਹੀਆਂ ਹਨ ਤਾਂ ਇਸ ਦਾ ਮਤਲਬ ਹੋਇਆ ਕਿ ਜਿਉਂਦੀਆਂ ਹਨ। ਇਸ ਦਾ ਮਤਲਬ ਸੀ ਉਹ ਆਪਣਾ ਮੋਰਚਾ, ਆਪਣਾ ਰੂਸ ਸਾਂਭਿਆ ਹੋਇਆ ਹੈ। ਡਟੀਆਂ ਹੋਈਆਂ ਸਨ !...

ਜਦੋਂ ਓਸ ਪਾਸੇ ਵੱਲ ਗਰਨੇਡ ਪਾਟਦੇ ਵੀ ਸੁਣਦੇ ਸਨ, ਉਦੋਂ ਵੀ ਉਹ ਡਰਿਆ ਨਹੀਂ ਸੀ। ਉਸ ਨੂੰ ਮਹਿਸੂਸ ਹੋਣ ਲੱਗ ਪਿਆ ਸੀ ਕਿ ਛੇਤੀ ਹੀ ਸਾਹ ਲੈਣ ਦਾ ਵਕਤ ਆਉਣ ਵਾਲ਼ਾ ਹੈ ਕਿਉਂਕਿ ਜਰਮਨ ਐਸੇ ਦੁਸ਼ਮਣ ਨਾਲ਼ ਲੰਮੀ ਲੜਾਈ ਨਹੀਂ ਸੀ ਲੜ ਸਕਦੇ ਜਿਸ ਦੀ ਤਾਕਤ ਦਾ, ਗਿਣਤੀ ਦਾ ਉਹਨਾਂ ਨੂੰ ਪਤਾ ਨਹੀਂ ਸੀ, ਉਹਨਾਂ ਨੂੰ ਵੀ ਲੋੜ ਸੀ ਕਿ ਆਸ ਪਾਸ ਨਜ਼ਰ ਮਾਰ

ਲੈਣ, ਆਪਣੇ ਪੱਤਿਆਂ ਨੂੰ ਫੈਂਟ ਲੈਣ ਅਤੇ ਫੇਰ ਨਵੇਂ ਸਿਰੇ ਇਹਨਾਂ ਦੀ ਵੰਡ ਕਰਨ। ਜਿਹੜੇ ਚਾਰ ਜਰਮਨ ਨਦੀ ਦੇ ਪਾਰੋਂ ਉਹਦੇ ਵੱਲ ਆ ਰਹੇ ਸਨ ਉਹ ਇਨੀ ਫੁਰਤੀ ਨਾਲ਼ ਦੌੜ ਗਏ ਕਿ ਉਹ ਵੇਖ ਨਾ ਸਕਿਆ ਜੋ ਉਹਨਾਂ ਵਿੱਚੋਂ ਕਿਸੇ ਨੂੰ ਗੋਲ਼ੀ ਲੱਗੀ ਸੀ ਜਾਂ ਨਹੀਂ। ਉਹਨਾਂ ਨੇ ਉਸ ਨੂੰ ਡਰਾਉਣ ਦੀ ਕੋਸ਼ਿਸ਼ ਕਰਦਿਆਂ, ਝਾੜੀਆਂ ਵਿੱਚੋਂ ਉਹਦੇ ਉੱਤੇ ਮੋੜਵੇਂ ਫਾਇਰ ਕੀਤੇ ਸਨ, ਫੇਰ ਉਹਨਾਂ ਗੋਲ਼ੀ ਚਲਾਉਣੀ ਬੰਦ ਕਰ ਦਿੱਤੀ ਤੇ ਫਿਰ ਪਾਣੀ ਉੱਤੇ ਸਿਰਫ ਧੂਆਂ ਹੀ ਮੰਡਲਾਉਂਦਾ ਰਹਿ ਗਿਆ ਸੀ।

ਕੁੱਝ ਮਿੰਟ ਉਸ ਦੇ ਹੱਥ ਆ ਗਏ ਸਨ। ਬੇਸ਼ੱਕ ਇਸ ਦਿਨ ਮਿੰਟਾਂ ਨਾਲ਼ ਵਕਤ ਦਾ ਹਿਸਾਬ ਲਾਉਣ ਵਾਲ਼ਾ ਨਹੀਂ ਸੀ ਕਿਉਂਕਿ ਉਸ ਨੂੰ ਕਿਸੇ ਪਾਸੇ ਤੋਂ ਵੀ ਸਹਾਇਤਾ ਅਪੜਨ ਦੀ ਆਸ ਨਹੀਂ ਸੀ। ਇਸ ਦੇ ਬਾਵਜੂਦ ਉਹਨਾਂ ਨੇ ਵੈਰੀ ਦੇ ਆਹੂ ਲਾਹੇ ਸਨ। ਵੈਰੀ ਨੂੰ ਆਪਣੇ ਦੰਦ ਵਿਖਾਏ ਸਨ ਅਤੇ ਦੂਜੀ ਵਾਰ ਉਹ ਸੌਖਿਆਂ ਹੀ ਇਸੇ ਥਾਂ ਟੱਕਰ ਲੈਣ ਵਾਲ਼ਾ ਨਹੀਂ ਸੀ। ਵਾਸਕੋਵ ਦਾ ਯਕੀਨ ਸੀ ਕਿ ਦੁਸ਼ਮਣ ਆਪਣੀ ਕਿਸਮਤ ਅਜ਼ਮਾਈ ਲਈ ਕੋਈ ਹੋਰ ਥਾਂ ਲੱਭੇਗਾ। ਬਹੁਤੀ ਸੰਭਾਵਨਾ ਸੀ ਨਦੀ ਦੇ ਉਤਾੜ੍ਹ ਵੱਲ ਕਿਧਰੇ, ਕਿਉਂਕਿ ਨਦੀ ਦੇ ਮੋੜ ਤੋਂ ਹੇਠਾਂ ਵੱਲ ਕੰਢੇ ਤਾਂ ਬਸ ਪੱਥਰ ਦੀਆਂ ਦੀਵਾਰਾਂ ਸਨ। ਇਸ ਲਈ ਜ਼ਰੂਰੀ ਹੈ ਕਿ ਉਹ ਭੱਜ ਕੇ ਸੱਜੇ ਪਾਸੇ ਵੱਲ ਕਿਸੇ ਹੋਰ ਥਾਂ ਚਲਾ ਜਾਵੇ ਅਤੇ ਕੁੜੀਆਂ ਵਿੱਚ ਇੱਕ ਨੂੰ ਆਪਣੀ ਥਾਂ ਛੱਡ ਜਾਵੇ...

ਵਾਸਕੋਵ ਨੇ ਆਪਣੀ ਵਿਉਂਤ ਬਾਰੇ ਅਜੇ ਚੰਗੀ ਤਰਾਂ ਸੋਚਿਆ ਵੀ ਨਹੀਂ ਸੀ ਕਿ ਉਸ ਨੂੰ ਆਪਣੇ ਪਿੱਛੇ ਕਦਮਾਂ ਦੀ ਆਵਾਜ਼ ਸੁਣਾਈ ਦਿੱਤੀ। ਉਸ ਨੇ ਮੁੜ ਕੇ ਵੇਖਿਆ। ਕੋਮੇਲਕੋਵਾ ਝਾੜੀਆਂ ਵਿੱਚੋਂ ਸਿੱਧੀ ਉਹਦੇ ਵੱਲ ਭੱਜੀ ਆ ਰਹੀ ਸੀ।

"ਆਪਣਾ ਸਿਰ ਨੀਵਾਂ ਰੱਖ।"

"ਛੇਤੀ ਕਰੋ! ....ਗੀਤਾ!...."

"ਗੀਤਾ ਨੂੰ ਕੀ ਹੋਇਆ ਹੈ!" ਫੇਦੋਤ ਵਾਸਕੋਵ ਨੇ ਇਹ ਗੱਲ ਨਹੀਂ ਪੁੱਛੀ। ਉਸ ਨੂੰ ਕੋਮੇਲਕੋਵਾ ਦੀਆਂ ਅੱਖਾਂ ਤੋਂ ਹੀ ਪਤਾ ਲੱਗ ਗਿਆ ਸੀ। ਉਸ ਨੇ ਝਪਟ ਕੇ ਆਪਣੇ ਹਥਿਆਰ ਚੁੱਕੇ ਅਤੇ ਦੌੜ ਕੇ ਕੋਮੇਲਕੋਵਾ ਤੋਂ ਵੀ ਪਹਿਲਾਂ ਟਿਕਾਣੇ ਪਹੁੰਚ ਗਿਆ। ਓਸੀਆਨੀਨਾ ਇੱਕ ਦਿਆਰ ਦੀ ਟੇਕ ਲੈ ਕੇ ਦੂਹਰੀ ਹੋਈ ਬੈਠੀ ਤਰਲੋਮੱਛੀ ਹੋ ਰਹੀ ਸੀ। ਉਸਨੇ ਆਪਣੇ ਬੇਜਾਨ ਬੁੱਲ੍ਹਾਂ ਉੱਤੇ ਮੁਸਕਾਨ ਲਿਆਉਣ ਦੀ ਕੋਸ਼ਿਸ਼ ਕੀਤੀ। ਉਹ ਸੁੱਕੇ ਬੁੱਲ੍ਹਾਂ ਉੱਤੇ ਆਪਣੀ ਜਬਾਨ ਫੇਰ ਫੇਰ ਕੇ ਉਹਨਾਂ ਨੂੰ ਗਿੱਲਾ ਕਰ ਰਹੀ ਸੀ ਤੇ ਆਪਣੇ ਹੱਥਾਂ ਨਾਲ਼ ਢਿੱਡ ਨੂੰ ਘੁੱਟਿਆ ਹੋਇਆ ਸੀ। ਲਹੂ ਦੀ ਧਾਰ ਉਹਦੇ ਹੱਥਾਂ ਵਿੱਚੋਂ ਹੇਠਾਂ ਨੂੰ ਵਹਿ ਰਹੀ ਸੀ।

"ਕੀ ਸੀ?" ਵਾਸਕੋਵ ਨੇ ਸਿਰਫ ਇਨਾ ਹੀ ਪੁੱਛਿਆ।

"ਗਰਨੇਡ...."

ਉਹਨੇ ਗੀਤਾ ਨੂੰ ਪਿੱਠ ਪਰਨੇ ਲਿਟਾ ਦਿੱਤਾ ਅਤੇ ਉਹਦੇ ਹੱਥ ਫੜ ਲਏ। ਗੀਤਾ ਉਹਨੂੰ ਹੱਥ ਨਹੀਂ ਸੀ ਫੜਨ ਦੇਣਾ ਚਾਹੁੰਦੀ। ਪੀੜ ਨਾਲ਼ ਉਸ ਦੀ ਜਾਨ ਨਿੱਕਲ਼ ਰਹੀ ਸੀ। ਧੋਲੇ ਜਿਹੇ ਉਸ ਨੇ ਉਹਦੇ ਹੱਥ ਪਰੇ ਕੀਤੇ ਤੇ ਉਹ ਸਮਝ ਗਿਆ ਕਿ ਕਹਾਣੀ ਖਤਮ ਹੈ...ਜੋ ਕੁੱਝ ਹੋਇਆ ਸੀ ਉਸ ਨੂੰ ਵੇਖਿਆ ਵੀ ਨਹੀਂ ਸੀ—ਲਹੂ, ਪਾਟੇ ਹੋਏ ਕੱਪੜੇ ਤੇ ਚਮੜੇ ਦੀ ਪੇਟੀ ਜਿਉਂਦੇ ਮਾਸ ਵਿੱਚ ਵੜੀ ਹੋਈ।

"ਲੀਰਾਂ ਚਾਹੀਦੀਆਂ ਨੇ!" ਉਹ ਚਿਲਾਇਆ। "ਹੇਠਾਂ ਪਾਉਣ ਵਾਲ਼ੇ ਸਭ ਕੱਪੜੇ ਫੜਾ ਦੇ।" ਕੰਬਦੇ ਹੱਥਾਂ ਨਾਲ਼ ਜੇਨੀਆ ਨੇ ਆਪਣਾ ਕਿੱਟ ਬੈਗ ਖੋਹਲਿਆ ਅਤੇ ਕੋਈ ਕੂਲ਼ਾ ਕੂਲ਼ਾ ਤਿਲਕਵਾਂ ਜਿਹਾ ਕੱਪੜਾ ਫੜਾਇਆ।

"ਸਿਲਕੀ ਨਹੀਂ ਚਾਹੀਦਾ। ਸੂਤੀ ਦੇ!..."

"ਸੂਤੀ ਕੋਈ ਨਹੀਂ..."

"ਦਫਾ ਕਰ ਇਹਨੂੰ!...." ਉਹ ਦੌੜ ਕੇ ਆਪਣੇ ਕਿੱਟ-ਬੈਗ ਦੀਆਂ ਗੰਢਾਂ ਖੋਹਲਣ ਲੱਗ ਪਿਆ। ਗੰਢਾਂ ਬਹੁਤ ਘੁੱਟ ਕੇ ਦਿੱਤੀਆਂ ਹੋਈਆਂ ਸਨ...

"ਜਰਮਨ...." ਬੁੱਲ੍ਹ ਟੇਰਦੀ ਗੀਤਾ ਬੋਲੀ। "ਕਿੱਥੇ ਨੇ ਜਰਮਨ?"

ਪਲ ਦੀ ਪਲ ਡੌਰ ਭੌਰ ਹੋਈ ਜੇਨੀਆ ਨੇ ਗੀਤਾ ਵੱਲ ਵੇਖਿਆ ਤੇ ਅਗਲੇ ਹੀ ਪਲ ਉਸ ਨੇ ਝਪਟ ਕੇ ਆਪਣੀ ਮਸ਼ੀਨਗੱਨ ਹੱਥ ਵਿੱਚ ਲਈ ਅਤੇ ਪਿੱਛੇ ਮੁੜ ਕੇ ਵੇਖੇ ਬਗੈਰ ਕੰਢੇ ਵੱਲ ਦੌੜ ਗਈ।

ਸਾਰਜੈਂਟ ਮੇਜਰ ਨੇ ਹੇਠਾਂ ਪਾਉਣ ਵਾਲ਼ਾ ਕਮੀਜ਼ ਪਜਾਮਾ, ਦੋ ਪੱਟੀਆਂ ਲਈਆਂ ਤੇ ਮੁੜ ਆਇਆ। ਗੀਤਾ ਨੇ ਕੁੱਝ ਸਮਝਾਉਣ ਦੀ ਕੋਸ਼ਿਸ਼ ਕੀਤੀ—ਪਰ ਉਹਨੇ ਕੁੱਝ ਨਹੀਂ ਸੁਣਿਆਂ। ਉਸ ਨੇ ਦੰਦ ਕਰੀਚਦਿਆਂ ਹੋਇਆਂ, ਆਪਣੀ ਛੁਰੀ ਨਾਲ਼ ਗੀਤਾ ਦੀ ਫੌਜੀ ਕਮੀਜ਼, ਸਕਰਟ, ਹੇਠਲੇ ਕੱਪੜੇ ਪਾੜੇ ਜਿਹੜੇ ਲਹੂ ਨਾਲ਼ ਗੜੁੱਚ ਹੋਏ ਪਏ ਸਨ। ਗਰਨੇਡ ਦੀ ਪੱਚਰ ਇੱਕ ਪਾਸੇ ਤੋਂ ਉਹਦਾ ਢਿੱਡ ਪਾੜ ਕੇ ਲੰਘ ਗਈ ਸੀ। ਕਾਲ਼ੇ ਲਹੂ ਵਿੱਚੋਂ ਉਹਦੀਆਂ ਨੀਲੀਆਂ ਭੂਰੀਆਂ ਅੰਤੜੀਆਂ ਵਿਖਾਈ ਦੇ ਰਹੀਆਂ ਸਨ। ਉਸ ਨੇ ਆਪਣੀ ਤਹਿ ਕੀਤੀ ਹੋਈ ਅੰਦਰਲੀ ਝੱਗੀ ਫੱਟ ਦੇ ਉੱਤੇ ਰੱਖੀ ਅਤੇ ਪੱਟੀ ਬੰਨ੍ਹਣ ਲੱਗਾ।

"ਕੋਈ ਨਹੀਂ, ਗੀਤਾ, ਕੋਈ ਗੱਲ ਨਹੀਂ...ਐਵੇਂ ਉੱਪਰ ਉੱਪਰ ਹੀ ਜ਼ਖਮ ਹੈ, ਅੰਦਰੋਂ ਸਭ ਠੀਕ ਠਾਕ ਹੈ। ਤੂੰ ਨੌਂ ਬਰ ਨੌਂ ਹੋ ਜਾਵੇਂਗੀ...."

ਨਦੀ ਦੇ ਕੰਢੇ ਗੋਲ਼ੀਆਂ ਦੀ ਤੜ ਤੜ ਹੋਈ। ਇੱਕ ਵਾਰੀ ਫੇਰ ਚਾਰ ਚੁਫੇਰੇ ਠਾਹ ਠਾਹ ਦੀਆਂ ਆਵਾਜ਼ਾਂ ਗੂੰਜਣ ਲੱਗੀਆਂ, ਪੱਤੇ ਝੜਨ ਖਿੰਡਣ ਲੱਗੇ। ਪਰ ਵਾਸਕੋਵ ਪੱਟੀ ਬੰਨ੍ਹਦਾ ਰਿਹਾ ਤੇ ਜਦੋਂ ਉਹ ਵੀ ਕੱਪੜਾ ਰਖਦਾ ਉਸੇ ਵੇਲ਼ੇ ਉਹ ਲਹੂ ਨਾਲ਼ ਗੜੁੱਚ ਹੋ ਜਾਂਦਾ।

"ਜਾ...ਜਾ ਓਧਰ ...." ਗੀਤਾ ਨੇ ਬੜੀ ਮੁਸ਼ਕਲ ਨਾਲ਼ ਆਖਿਆ। "ਜੇਨੀਆ ਉੱਥੇ ਹੈ..."

ਗੋਲ਼ੀਆਂ ਦੀ ਇੱਕ ਹੋਰ ਬਾੜ੍ਹ ਉਹਨਾਂ ਤੱਕ ਆਈ। ਇਸ ਵਾਰੀ ਉਹਨਾਂ ਦੇ ਉੱਤੋਂ ਦੀ ਨਹੀਂ ਲੱਗੀਆਂ। ਗੋਲ਼ੀਆਂ ਉਹਨਾਂ ਨੂੰ ਨਿਸ਼ਾਨਾ ਬਣਾ ਕੇ ਮਾਰੀਆਂ ਗਈਆਂ ਸਨ, ਪਰ ਉਹਨਾਂ ਨੂੰ ਲੱਗੀ ਕੋਈ ਨਹੀਂ। ਸਾਰਜੈਂਟ ਮੇਜਰ ਨੇ ਮੂੰਹ ਭੁਆਇਆ, ਆਪਣਾ ਰਿਵਾਲਵਰ ਕੱਢਿਆ ਅਤੇ ਪਲ ਦੀ ਪਲ ਨਜ਼ਰ ਆਏ ਆਕਾਰ ਉੱਤੇ ਦੋ ਗੋਲ਼ੀਆਂ ਚਲਾ ਦਿੱਤੀਆਂ। ਜਰਮਨ ਨਦੀ ਪਾਰ ਕਰ ਆਏ ਸਨ।

ਜੇਨੀਆ ਦੀ ਮਸ਼ੀਨਗੰਨ ਅਜੇ ਵੀ ਗੋਲ਼ੀਆਂ ਦਾ ਮੀਂਹ ਵਰ੍ਹਾ ਰਹੀ ਸੀ। ਉਹ ਜੰਗਲ ਵਿੱਚ ਹੋਰ ਪਿੱਛੇ, ਹੋਰ ਪਿੱਛੇ ਹਟਦੀ ਜਾਂਦੀ ਗੋਲ਼ੀਆਂ ਦਾਗੀ ਜਾ ਰਹੀ ਸੀ। ਵਾਸਕੋਵ ਸਮਝ ਗਿਆ ਕਿ ਉਹ ਜਰਮਨਾਂ ਨੂੰ ਝਾਂਸਾ ਦੇ ਕੇ ਉਹਨਾਂ ਤੋਂ ਦੂਰ ਲਿਜਾ ਰਹੀ ਹੈ, ਆਪਣੇ ਮਗਰ ਭਜਾਈਂ ਲਈ ਜਾ

ਰਹੀ ਹੈ। ਪਰ ਪ੍ਰਤੱਖ ਸੀ ਕਿ ਸਾਰੇ ਜਰਮਨ ਉਹਦਾ ਪਿੱਛਾ ਨਹੀਂ ਸੀ ਕਰ ਰਹੇ। ਨੇੜੇ ਹੀ ਕਿਧਰੇ ਇੱਕ ਹੋਰ ਜਰਮਨ ਵੀ ਸੀ ਅਤੇ ਸਾਰਜੈਂਟ ਮੇਜਰ ਨੇ ਇੱਕ ਹੋਰ ਫਾਇਰ ਕੀਤਾ। ਉਹਦੇ ਵਾਸਤੇ ਇਹੋ ਵਕਤ ਸੀ ਉਥੋਂ ਚਲੇ ਜਾਣ ਦਾ, ਓਸੀਆਨੀਨਾ ਨੂੰ ਕਿਸੇ ਹੋਰ ਪਾਸੇ ਲੈ ਜਾਣ ਦਾ, ਕਿਉਂਕਿ ਜਰਮਨ ਬਿਲਕੁਲ ਸਿਰ ਉੱਤੇ ਚੜ੍ਹੇ ਸਨ ਅਤੇ ਹਰ ਸਕਿੰਟ ਉਹਨਾਂ ਦਾ ਆਖਰੀ ਸਕਿੰਟ ਹੋ ਸਕਦਾ ਸੀ।

ਉਹਨੇ ਗੀਤਾ ਨੂੰ ਬਾਹਾਂ ਵਿੱਚ ਚੁੱਕ ਲਿਆ। ਪੀੜ ਨਾਲ਼ ਬਿਹਬਲ ਆਪਣੇ ਚਿੱਟੇ ਹੋ ਗਏ ਬੁੱਲ੍ਹਾਂ ਨੂੰ ਟੁਕਦੀ ਗੀਤਾ ਨੇ ਕੀ ਘੁਸਰ ਮੁਸਰ ਕੀਤੀ ਸੀ, ਉਸ ਨੇ ਨਹੀਂ ਸੁਣੀ। ਉਹ ਰਫਲ ਚੁੱਕ ਲੈਣਾ ਚਾਹੁੰਦਾ ਸੀ ਪਰ ਨਹੀਂ ਚੁੱਕ ਸਕਿਆ ਤੇ ਭੱਜ ਕੇ ਝਾੜੀਆਂ ਵੱਲ ਹੋ ਪਿਆ। ਕਦਮ ਕਦਮ ਤੇ ਉਹਦੀ ਖੱਬੀ ਬਾਂਹ ਨੂੰ ਡਾਢੀ ਪੀੜ ਹੋ ਰਹੀ ਸੀ ਜਿਹੜੀ ਉਹਦੇ ਸਰੀਰ ਦੀ ਸੱਤਿਆ ਨਿਚੋੜੀ ਜਾਂਦੀ ਸੀ।

ਕਿੱਟ-ਬੈਗ, ਰਫਲਾਂ, ਵੱਡੇ ਕੋਟ ਅਤੇ ਜੇਨੀਆ ਦੇ ਹੇਠਲੇ ਕੱਪੜੇ—ਬੜੇ ਵਧੀਆ ਮੁਲਾਇਮ ਪਰ ਜੋ ਇਸ ਵੇਲ਼ੇ ਸਾਰਜੈਂਟ ਮੇਜਰ ਦੇ ਕੰਮ ਦੀ ਚੀਜ਼ ਨਹੀਂ ਸਨ—ਦਿਆਰ ਦੇ ਹੇਠਾਂ ਹੀ ਰਹਿ ਗਏ।

ਖੂਬਸੂਰਤ ਹੇਠਲੇ ਕੱਪੜੇ ਜੇਨੀਆ ਦੀ ਕਮਜੋਰੀ ਸੀ। ਕਈ ਚੀਜ਼ਾਂ ਸਨ ਜਿਨ੍ਹਾਂ ਤੋਂ ਬਗੈਰ ਹੀ ਉਹ ਰਹਿ ਸਕਦੀ ਸੀ ਤੇ ਬੜੀ ਖੁਸ਼ੀ ਨਾਲ਼ ਰਹਿ ਸਕਦੀ ਸੀ ਕਿਉਂਕਿ ਉਹ ਖੁਸ਼ਰਹਿਣੀ ਤੇ ਮਿਲਾਪੜੀ ਕੁੜੀ ਸੀ। ਪਰ ਹੇਠਲੇ ਕਪੜਿਆਂ ਦੇ ਇਹ ਜੋੜੇ ਉਹਨੇ ਅੜੀ ਕਰ ਕੇ ਆਪਣੇ ਫੌਜੀ ਕਿੱਟ ਬੈਗ ਵਿੱਚ ਤੁੰਨ ਲਏ ਸਨ। ਇਹ ਕੱਪੜੇ ਜੰਗ ਛਿੜਨ ਤੋਂ ਪਹਿਲਾਂ ਉਹਦੀ ਮਾਂ ਵੱਲੋਂ ਦਿੱਤੀ ਗਈ ਸੌਗਾਤ ਸਨ। ਉਸ ਨੇ ਲਗਾਤਾਰ ਝਿੜਕਾਂ ਝਾੜਾਂ ਖਾਣ, ਫਟੀਗ ਤੇ ਫੌਜੀ ਜੀਵਨ ਦੀਆਂ ਕਈ ਤਰਾਂ ਦੀਆਂ ਹੋਰ ਬੇਆਰਾਮੀਆਂ ਦੇ ਬਾਵਜੂਦ ਇਹ ਕੰਮ ਕੀਤਾ ਸੀ।

ਇੱਕ ਸ਼ਮੀਜ਼ ਤਾਂ ਖਾਸ ਕਰਕੇ ਬਹੁਤ ਵਧੀਆ ਸੀ। ਕੋਈ ਵੀ ਉਹਦੇ ਪਿੱਛੇ ਪਾਗਲ ਹੋ ਸਕਦਾ ਸੀ। ਸਗੋਂ ਜੇਨੀਆਂ ਦੇ ਪਿਓ ਨੇ ਟੋਕਿਆ ਵੀ ਸੀ-

"ਤੂੰ ਤਾਂ ਹੱਦ ਕਰ ਦਿੱਤੀ, ਜੇਨੀਆ। ਕਿੱਧਰ ਚਲੀ ਏਂ ਤੂੰ ?"

"ਪਾਰਟੀ 'ਤੇ!" ਜੇਨੀਆਂ ਨੇ ਮਾਣ ਨਾਲ਼ ਆਖਿਆ ਸੀ, ਭਾਵੇਂ ਉਹ ਬੜੀ ਚੰਗੀ ਤਰਾਂ ਜਾਣਦੀ ਸੀ ਕਿ ਉਹਦੇ ਪਿਓ ਦਾ ਮਤਲਬ ਬਿਲਕੁਲ ਹੋਰ ਹੀ ਸੀ।

ਉਹ ਇੱਕ ਦੂਜੇ ਨੂੰ ਬਹੁਤ ਚੰਗੀ ਤਰਾਂ ਜਾਣਦੇ ਸਮਝਦੇ ਸਨ।

"ਸੂਰ ਮਾਰਨ ਚੱਲੇਂਗੀ ਮੇਰੇ ਨਾਲ਼ ?" ਉਹ ਪੁੱਛਦਾ।

"ਮੈਂ ਨਹੀਂ ਜਾਣ ਦੇਣਾ!" ਡਰ ਕੇ ਉਹਦੀ ਮਾਂ ਆਖਦੀ।

"ਤੁਸੀਂ ਪਾਗਲ ਹੋ ਗਏ ਓ, ਨਿੱਕੀ ਜਿਹੀ ਬਾਲੜੀ ਨੂੰ ਸ਼ਿਕਾਰ ਕਰਨ ਲੈਜਾਣਾ।"

"ਗੇਝ ਪੈ ਜਾਵੇਗੀ!" ਪਿਓ ਹੱਸ ਕੇ ਕਹਿੰਦਾ। "ਲਾਲ ਫੌਜ ਦੇ ਕਮਾਂਡਰ ਦੀ ਧੀ ਨੂੰ ਕਿਸੇ ਚੀਜ਼ ਤੋਂ ਨਹੀਂ ਡਰਨਾ ਚਾਹੀਦਾ।"

ਜੇਨੀਆ ਕਿਸੇ ਗੱਲ ਤੋਂ ਨਹੀਂ ਸੀ ਡਰਦੀ। ਉਹ ਘੋੜ ਸਵਾਰੀ ਕਰਦੀ, ਰਫਲ ਚਲਾਉਣੀ ਸਿਖਦੀ, ਆਪਣੇ ਪਿਓ ਨਾਲ਼ ਸੂਰ ਦਾ ਸ਼ਿਕਾਰ ਕਰਨ ਜਾਂਦੀ ਅਤੇ ਆਪਣੇ ਪਿਓ ਦੇ ਮੋਟਰ ਸਾਇਕਲ ਨੂੰ ਛਾਉਣੀ ਦੇ ਸ਼ਹਿਰ ਵਿੱਚ ਭਜਾਈ ਫਿਰਦੀ। ਪਾਰਟੀਆਂ ਤੇ ਸਮਾਗਮਾਂ ਵਿੱਚ ਉਹ ਜਿਪਸੀ ਤੇ ਸਪੇਨੀ ਨਾਚ ਨਚਦੀ, ਗਿਟਾਰ ਵਜਾਉਂਦੀ ਤੇ ਗਾਉਂਦੀ ਤੇ ਪਤਲੇ ਪਤਲੇ ਲੱਕਾਂ ਵਾਲ਼ੇ

ਲੈਫਟੀਨੈਂਟਾਂ ਨਾਲ਼ ਸੈਰਾਂ ਕਰਦੀ ਰਹਿੰਦੀ। ਇਸ ਤਰਾਂ ਉਹ ਮੁਹੱਬਤ ਦੇ ਜਜ਼ਬੇ ਹੇਠ ਨਹੀਂ, ਸਿਰਫ ਆਪਣੇ ਮਨ ਪ੍ਰਚਾਵੇ ਵਾਸਤੇ ਕਰਦੀ ਸੀ।

"ਲੈਫਟੀਨੈਂਟ ਸੇਰਗਈਚੁਕ ਨੂੰ ਤਾਂ ਤੂੰ ਪਾਗਲ ਕਰ ਛੱਡਿਆ ਹੈ, ਜੇਨੀਆ। ਅੱਜ ਮੇਰੇ ਨਾਲ਼ ਉਹ ਰਿਪੋਰਟ ਪੇਸ਼ ਕਰਨ ਲੱਗਾ—

'ਕਾਮਰੇਡ ਜੇਨ...ਮੇਰਾ ਮਤਲਬ ਹੈ ਜਨਰਲ..."

"ਝੂਠ ਨਾ ਬੋਲੋ, ਪਾਪਾ!"

ਬੜੇ ਖੁਸ਼ੀ ਤੇ ਸੁੱਖ ਆਨੰਦ ਦੇ ਦਿਹਾੜੇ ਸਨ ਉਹ, ਪਰ ਉਹਦੀ ਮਾਂ ਘੂਰੀਆਂ ਵਟਦੀ ਤੇ ਹੌਂਕੇ ਭਰਦੀ ਰਹਿੰਦੀ ਸੀ। ਜੇਨੀਆ ਕੋਠੇ ਜੇਡੀ ਹੋ ਗਈ, ਮੁਟਿਆਰ ਧੀ, ਜਿਵੇਂ ਸਿਆਣੇ ਕਹਿੰਦੇ ਨੇ, ਤੇ ਇਹ ਚਾਲੇ ਨੇ ਇਹਦੇ....ਇਹਦੀ ਮਾਂ ਨੂੰ ਧੀ ਦਾ ਇਹ ਵਿਹਾਰ ਸਮਝ ਨਹੀਂ ਸੀ ਆਉਂਦਾ। ਕਦੇ ਉਹ ਚਾਂਦਮਾਰੀ ਕਰਦੀ, ਘੋੜੇ ਚੜ੍ਹੀ ਜਾਂ ਮੋਟਰ ਸਾਇਕਲ ਚਲਾ ਰਹੀ ਹੁੰਦੀ ਤੇ ਕਦੇ ਸਾਰੀ ਸਾਰੀ ਰਾਤ ਨਾਚ ਕਰਦੀ ਰਹਿੰਦੀ ਤੇ ਲੈਫਟੀਨੈਂਟ ਉਹਨੂੰ ਵੱਡੇ ਵੱਡੇ ਗੁਲਦਸਤੇ ਭੇਂਟ ਕਰਦੇ, ਉਹਦੀ ਬਾਰੀ ਦੇ ਹੇਠਾਂ ਬਿਰਹਾ ਦੇ ਗੀਤ ਗਾਉਂਦੇ ਤੇ ਕਵਿਤਾ ਵਿੱਚ ਉਹਨੂੰ ਚਿੱਠੀਆਂ ਲਿਖਦੇ।

"ਜੇਨਿਚਕਾ, ਤੈਨੂੰ ਏਦਾਂ ਨਹੀਂ ਕਰਨਾ ਚਾਹੀਦਾ। ਪਤਾ ਈ, ਲੋਕ ਕੀ ਗੱਲਾਂ ਕਰਦੇ ਫਿਰਦੇ ਨੇ ਤੇਰੇ ਪਾਪਾ ਬਾਰੇ?"

"ਬੋਲਦੇ ਰਹਿਣ ਜੋ ਬੋਲਦੇ ਨੇ, ਮੰਮੀ!"

"ਕਹਿੰਦੇ ਨੇ, ਕਿ ਤੂੰ ਕਰਨਲ ਲੂਜ਼ਿਨ ਨਾਲ਼ ਫਿਰਦੀ ਰਹਿੰਦੀ ਏਂ ਹਰ ਵੇਲ਼ੇ ਤੇ ਉਹ ਬਾਲ ਬੱਚੇ ਵਾਲ਼ਾ ਏ, ਜੇਨੀਆ। ਇਹ ਕੀ ਗੱਲ ਹੋਈ?"

"ਜਿਵੇਂ ਮੈਨੂੰ ਲੂਜ਼ਿਨ ਦੀ ਲੋੜ ਹੋਵੇ।" ਜੇਨੀਆ ਮੋਢੇ ਹਿਲਾਉਂਦੀ ਕਹਿੰਦੀ ਤੇ ਦੌੜ ਜਾਂਦੀ।

ਲੂਜ਼ਿਨ ਸੁਹਣਾ ਸੁਨੱਖਾ ਸੀ, ਬਹਾਦਰ ਸੀ ਤੇ ਕੁੱਝ ਕੁੱਝ ਗੁੱਝਾ ਆਦਮੀ ਸੀ। ਖਾਲਖਿਨ-ਗੋਲ ਵਿੱਚ ਵਿਖਾਏ ਕਾਰਨਾਮਿਆਂ ਲਈ ਅਤੇ ਫਿਨਲੈਂਡ ਦੀ ਮੁਹਿੰਮ ਵਿੱਚ ਹਿੱਸਾ ਲੈਣ ਬਦਲੇ ਉਹਨੂੰ 'ਲਾਲ ਝੰਡੇ ਦਾ ਆਰਡਰ' ਅਤੇ 'ਲਾਲ ਸਿਤਾਰਾ' ਦੇ ਪੁਰਸਕਾਰ ਮਿਲੇ ਹੋਏ ਸਨ। ਜੇਨੀਆ ਦੀ ਮਾਂ ਦਾ ਖਿਆਲ ਸੀ ਜੇਨੀਆ ਇਸ ਗੱਲ ਬਾਤ ਤੋਂ ਕਤਰਾਉਣ ਦੀ ਕੋਸ਼ਿਸ਼ ਕਰਦੀ ਹੈ ਤਾਂ ਇਸ ਦਾ ਕੋਈ ਕਾਰਨ ਹੈ। ਉਹ ਇਸ ਤਰਾਂ ਮਹਿਸੂਸ ਕਰਦੀ ਸੀ ਤੇ ਉਹਨੂੰ ਪ੍ਰੇਸ਼ਾਨੀ ਹੁੰਦੀ ਸੀ....

ਜਦੋਂ ਆਪਣੇ ਟੱਬਰ ਦੇ ਜੀਆਂ ਦੇ ਮਾਰੇ ਜਾਣ ਮਗਰੋਂ ਉਹ ਸੋਵੀਅਤ ਮੁਹਾਜ਼ ਨੂੰ ਪਾਰ ਕਰ ਆਈ ਸੀ ਤਾਂ ਲੂਜ਼ਿਨ ਨੇ ਉਹਨੂੰ ਸੰਭਾਲਿਆ ਸੀ। ਉਸ ਨੇ ਹੀ ਉਹਦੀ ਮਦਦ ਕੀਤੀ, ਰੱਖਿਆ ਕੀਤੀ ਅਤੇ ਉਹਦੇ ਸੁੱਖ ਆਰਾਮ ਦਾ ਧਿਆਨ ਰੱਖਿਆ। ਕੋਈ ਨਹੀਂ ਆਖ ਸਕਦਾ ਕਿ ਉਹਨੇ ਜੇਨੀਆ ਦੀ ਲਾਚਾਰੀ ਦਾ ਨਾਜ਼ਾਇਜ ਫਾਇਦਾ ਉਠਾਇਆ ਹੋਵੇ, ਸਗੋਂ ਜੇਨੀਆ ਉਸ ਨੂੰ ਮੋਹ ਕਰਨ ਲੱਗ ਪਈ। ਜੇਨੀਆ ਨੂੰ ਸਹਾਰੇ ਦੀ ਲੋੜ ਸੀ, ਇੱਕ ਮੋਢੇ ਦੀ ਲੋੜ ਸੀ ਜਿਸ ਨਾਲ਼ ਲੱਗ ਕੇ ਉਹ ਰੋ ਸਕੇ, ਜਿਸ ਉੱਤੇ ਸਿਰ ਸੁੱਟ ਸਕੇ, ਕੋਈ ਚਾਹੀਦਾ ਸੀ ਜਿਹੜਾ ਉਹਦੇ ਨਾਲ਼ ਹਮਦਰਦੀ ਕਰਦਾ ਉਹਦੇ ਵਾਸਤੇ ਭੱਜ ਨੱਠ ਕਰਦਾ ਤੇ ਉਹ ਇਸ ਭਿਆਨਕ ਯੁੱਧਕਾਲੀ ਸੰਸਾਰ ਵਿੱਚ ਫਿਰ ਆਪਣੇ ਪੈਰਾਂ 'ਤੇ ਖਲੋਣਾ ਚਾਹੁੰਦੀ ਸੀ। ਸਭ ਕੁੱਝ ਉਸੇ ਤਰਾਂ ਹੋਇਆ ਸੀ ਜਿਸ ਤਰਾਂ ਲੋੜ ਸੀ। ਜੇਨੀਆ ਬੌਖਲਾ ਜਾਣ ਵਾਲ਼ੀ ਨਹੀਂ ਸੀ, ਉਹ ਕਦੇ ਨਹੀਂ ਸੀ ਬੌਖਲਾਈ। ਉਹਨੂੰ ਆਪਣੇ ਆਪ ਉੱਤੇ ਭਰੋਸਾ ਸੀ ਅਤੇ ਹੁਣ, ਜਦੋਂ ਜਰਮਨਾਂ ਨੂੰ ਭੁਚਲਾ ਕੇ ਓਸੀਆਨੀਨਾ ਤੋਂ ਦੂਰ ਲਿਜਾ ਰਹੀ ਸੀ

ਉਹਨੂੰ ਇਸ ਸਭ ਕੁੱਝ ਠੀਕ ਠਾਕ ਮੁੱਕ ਜਾਣ ਬਾਰੇ ਇੱਕ ਪਲ ਵੀ ਇਹ ਸ਼ੱਕ ਨਹੀਂ ਸੀ ਹੋਇਆ।

ਜਦੋਂ ਪਹਿਲੀ ਗੋਲ਼ੀ ਉਹਦੀ ਵੱਖੀ ਵਿੱਚ ਲੱਗੀ ਵੀ, ਤਾਂ ਉਹਨੂੰ ਸਿਰਫ ਹੈਰਾਨੀ ਹੀ ਹੋਈ ਸੀ। ਉੱਨੀ ਵਰ੍ਹਿਆਂ ਦੀ ਉਮਰ ਵਿੱਚ ਮਰ ਜਾਣ ਦਾ ਖਿਆਲ ਬਹੁਤ ਬੇਥਵਾ ਸੀ, ਬਹੁਤ ਮੂਰਖਾਂ ਵਾਲ਼ਾ ਅਤੇ ਮੂਲੋਂ ਹੀ ਅਸੰਭਵ ਵੀ।

ਜਰਮਨਾਂ ਦੀ ਗੋਲ਼ੀ ਉਹਨੂੰ ਸਬੱਬ ਨਾਲ਼ ਹੀ ਲੱਗ ਗਈ ਸੀ ਜਿਹੜੇ ਵੇਲਾਂ ਬੂਟਿਆਂ ਵਿੱਚੋਂ ਅੰਨ੍ਹੇਵਾਹ ਗੋਲ਼ੀ ਚਲਾ ਰਹੇ ਸਨ। ਜੇ ਉਹ ਗੋਲ਼ੀ ਚਲਾਉਣੀ ਬੰਦ ਕਰ ਦਿੰਦੀ ਅਤੇ ਮੌਕੇ ਦੀ ਤਾੜ ਵਿੱਚ ਰਹਿੰਦੀ ਤਾਂ ਉਹ ਹੋ ਸਕਦਾ ਹੈ ਕਿ ਉਹ ਬਚ ਵੀ ਜਾਂਦੀ। ਪਰ ਉਹ ਓਨਾ ਚਿਰ ਫਾਇਰ ਕਰਦੀ ਰਹੀ ਜਿਨਾ ਚਿਰ ਗੋਲ਼ੀਆਂ ਮੁੱਕ ਨਹੀਂ ਗਈਆਂ। ਉਹ ਲੰਮੀ ਪਈ ਗੋਲ਼ੀਆਂ ਦਾਗੀ ਜਾ ਰਹੀ ਸੀ ਤੇ ਕਿਧਰੇ ਅੱਗੇ ਪਿੱਛੇ ਹੋਣ ਦੀ ਕੋਸ਼ਿਸ਼ ਨਹੀਂ ਸੀ ਕਰ ਰਹੀ ਕਿਉਂਕਿ ਵਗਦੇ ਜਾਂਦੇ ਲਹੂ ਦੇ ਨਾਲ਼-ਨਾਲ਼ ਉਹਦੀ ਹਿੰਮਤ ਜਵਾਬ ਦਿੰਦੀ ਜਾ ਰਹੀ ਸੀ। ਜਰਮਨਾਂ ਨੇ ਉਸ ਨੂੰ ਬਹੁਤ ਨੇੜਿਓਂ ਹੋ ਕੇ ਮਾਰ ਮੁਕਇਆ ਅਤੇ ਫਿਰ ਢੇਰ ਚਿਰ ਤੱਕ ਖਲੋਤੇ ਉਹਦੇ ਚਿਹਰੇ ਵੱਲ ਵੇਖਦੇ ਰਹੇ। ਮਰਨ ਤੋਂ ਮਗਰੋਂ ਵੀ ਉਹਦਾ ਚਿਹਰਾ ਮਾਣ ਮੱਤਾ ਸੀ, ਉਸ ਤੋਂ ਖੂਬਸੂਰਤੀ ਝਲਕਾਂ ਮਾਰਦੀ ਸੀ।

14

ਰੀਤਾ ਨੂੰ ਪਤਾ ਸੀ ਕਿ ਉਹਦਾ ਜ਼ਖਮ ਘਾਤਕ ਹੈ ਅਤੇ ਉਹ ਬੜੀ ਸਹਿਕ ਸਹਿਕ ਕੇ ਅਤੇ ਔਖੀ ਹੋ ਕੇ ਮਰੇਗੀ। ਹਾਲੇ ਕੋਈ ਖਾਸ ਪੀੜ ਨਹੀਂ ਸੀ ਹੋ ਰਹੀ, ਸਿਰਫ ਉਹਦੇ ਢਿੱਡ ਵਿੱਚ ਜਿਵੇਂ ਅੱਗ ਲੱਗੀ ਹੋਈ ਸੀ। ਅੰਦਰ ਸੜੂੰ-ਸੜੂੰ ਕਰਦਾ ਸੀ ਤੇ ਪਿਆਸ ਲਗਦੀ ਸੀ। ਪਰ ਉਹ ਜਾਣਦੀ ਸੀ ਕਿ ਪਾਣੀ ਨਹੀਂ ਪੀਣਾ ਚਾਹੀਦਾ ਤੇ ਉਹਨੇ ਇੱਕ ਲੀਰ ਜਿਹੀ ਇੱਕ ਛਪੜੀ ਵਿੱਚੋਂ ਭਿਓਂ ਲਈ ਜਿਸ ਨਾਲ਼ ਆਪਣੇ ਬੁੱਲ੍ਹ ਗਿੱਲੇ ਕਰ ਲੈਂਦੀ ਸੀ।

ਵਾਸਕੋਵ ਨੇ ਇੱਕ ਡਿੱਗੇ ਹੋਏ ਫਰ ਰੁੱਖ ਦੀਆਂ ਜੜਾਂ ਹੇਠਾਂ ਉਹਨੂੰ ਓਹਲਾ ਕਰ ਦਿੱਤਾ ਸੀ ਅਤੇ ਟਹਿਣੀਆਂ ਨਾਲ਼ ਉਹਨੂੰ ਕੱਜ ਕੇ ਚਲਾ ਗਿਆ ਸੀ। ਗੋਲ਼ੀ ਚੱਲਣ ਦੀ ਆਵਾਜ ਅਜੇ ਵੀ ਆ ਰਹੀ ਸੀ ਪਰ ਛੇਤੀ ਹੀ ਚੁੱਪ ਵਰਤ ਗਈ ਅਤੇ ਰੀਤਾ ਰੋਣ ਲੱਗ ਪਈ। ਉਹਦੇ ਰੋਣ ਦੀ ਆਵਾਜ਼ ਨਹੀਂ ਸੀ ਨਿੱਕਲ਼ਦੀ, ਉਹ ਹਟਕੋਰੇ ਨਹੀਂ ਸੀ ਭਰਦੀ, ਸਗੋਂ ਉਹਦੀਆਂ ਗੱਲ੍ਹਾਂ ਤੋਂ ਅੱਥਰੂਆਂ ਦੀ ਧਾਰ ਵਗੀ ਜਾ ਰਹੀ ਸੀ। ਉਸ ਸਮਝਦੀ ਸੀ ਕਿ ਜੇਨੀਆ ਹੁਣ ਇਸ ਸੰਸਾਰ ਵਿੱਚ ਨਹੀਂ ਰਹੀ...

ਬਾਅਦ ਵਿੱਚ ਉਹਦੇ ਅੱਥਰੂ ਵਗਣੇ ਬੰਦ ਹੋ ਗਏ। ਉਹਨਾਂ ਨੇ ਉਸ ਬਲਵਾਨ ਹੋਣੀ ਦੇ ਸਾਹਮਣੇ ਕਦਮ ਪਿੱਛੇ ਹਟਾ ਲਏ ਸਨ ਜਿਹੜੀ ਇਸ ਵੇਲ਼ੇ ਰੀਤਾ ਦੇ ਸਾਹਮਣੇ ਖੜ੍ਹੀ ਸੀ, ਜਿਸ ਨੂੰ ਉਸ ਨੇ ਸਿਰ ਮੱਥੇ ਪ੍ਰਵਾਨ ਕਰਨਾ ਸੀ ਤੇ ਆਪਣੇ ਆਪ ਨੂੰ ਉਹਦੇ ਲਈ ਤਿਆਰ ਕਰਨਾ ਸੀ ਅਤੇ ਰੀਤਾ ਨੇ ਜਜ਼ਬਾਤ ਵਿੱਚ ਆਏ ਬਿਨਾਂ, ਹੌਸਲੇ ਨਾਲ਼ ਉਹਦੇ ਵੱਲ ਵੇਖਿਆ।

ਉਹ ਆਪਣੇ ਵਾਸਤੇ, ਆਪਣੀ ਜਾਨ ਵਾਸਤੇ, ਆਪਣੀ ਜਵਾਨੀ ਵਾਸਤੇ ਹੌਂਕੇ ਨਹੀਂ ਸੀ ਭਰ ਰਹੀ ਕਿਉਂਕਿ ਇਸ ਵੇਲ਼ੇ ਜਿਸ ਚੀਜ਼ ਬਾਰੇ ਉਹ ਸੋਚ ਰਹੀ ਸੀ ਉਹ ਉਸ ਦੇ ਆਪਣੇ ਆਪ ਨਾਲ਼ੋਂ ਕਿਤੇ ਵਧੇਰੇ ਅਹਿਮ ਸੀ। ਉਹ ਆਪਣੇ ਪੁੱਤਰ ਨੂੰ ਇੱਕ ਯਤੀਮ ਛੱਡ ਕੇ ਜਾ ਰਹੀ ਸੀ। ਉਹ ਇਸ ਵੇਲ਼ੇ ਬਿਲਕੁਲ ਇਕੱਲਾ ਸੀ, ਸਿਰਫ ਰੀਤਾ ਦੀ ਬਿਮਾਰ ਮਾਂ ਹੀ ਉਹਦੀ ਦੇਖ ਰੇਖ ਕਰ ਰਹੀ ਸੀ ਅਤੇ ਰੀਤਾ ਇਸ ਵੇਲ਼ੇ ਆਪਣੀਆਂ ਅੱਖਾਂ ਅੱਗੇ ਇਹ ਤਸਵੀਰ ਲਿਆਉਣ ਦੀ ਕੋਸ਼ਿਸ਼ ਕਰ

ਰਹੀ ਸੀ ਕਿ ਕਿਵੇਂ ਉਹ ਜੰਗ ਵਿੱਚੋਂ ਜਿਉਂਦਾ ਬਚ ਜਾਏਗਾ। ਤੇ ਮਗਰੋਂ ਉਸ ਦੀ ਜਿੰਦਗੀ ਕਿਸ ਤਰਾਂ ਦੀ ਹੋਵੇਗੀ।

ਥੋੜ੍ਹੇ ਚਿਰ ਮਗਰੋਂ ਵਾਸਕੋਵ ਵਾਪਸ ਆ ਗਿਆ। ਉਸ ਨੇ ਟਹਿਣੀਆਂ ਨੂੰ ਧੱਕ ਕੇ ਇੱਕ ਪਾਸੇ ਕੀਤਾ ਅਤੇ ਆਪਣੀ ਜਖਮੀ ਬਾਂਹ ਨੂੰ ਝੁਲਾਉਂਦਾ ਹੋਇਆ ਚੁੱਪ ਕਰ ਕੇ ਬਹਿ ਗਿਆ।

"ਜੇਨੀਆ ਮਾਰੀ ਗਈ ?"

ਉਸ ਨੇ ਸਿਰ ਹਿਲਾ ਦਿੱਤਾ। ਪਲ ਕੁ ਮਗਰੋਂ ਉਹ ਬੋਲਿਆ :

"ਸਾਡੇ ਕਿੱਟ ਬੈਗ ਹੈ ਨਹੀਂ। ਕਿੱਟ-ਬੈਗ ਤੇ ਰਫਲਾਂ। ਜਾਂ ਤਾਂ ਉਹ ਚੁੱਕ ਕੇ ਲੈ ਗਏ ਜਾਂ ਕਿਧਰੇ ਛੁਪਾ ਗਏ।"

"ਜੇਨੀਆ ਇਕਦਮ ਹੀ...ਦਮ ਤੋੜ ਗਈ ?"

"ਇੱਕ ਦਮ", ਉਸ ਨੇ ਆਖਿਆ, ਪਰ ਉਹ ਜਾਣਦੀ ਸੀ ਕਿ ਉਹ ਸੱਚ ਬੋਲ ਰਿਹਾ। "ਉਹ ਚਲੇ ਗਏ ਹਨ। ਮੇਰਾ ਖਿਆਲ ਹੈ, ਗੋਲ਼ਾ ਬਰੂਦ ਲੈਣ ਲਈ...." ਉਸ ਨੇ ਉਹਦੀਆਂ ਬੁਝੀਆਂ ਬੁਝੀਆਂ, ਸਭ ਕੁੱਝ ਸਮਝ ਰਹੀਆਂ ਨਜ਼ਰਾਂ ਵੱਲ ਵੇਖਿਆ ਅਤੇ ਅਚਨਚੇਤ ਚਿਲਾ ਉੱਠਿਆ "ਉਹਨਾਂ ਨੇ ਸਾਨੂੰ ਹਰਾਇਆ ਨਹੀਂ, ਸਮਝੀ ? ਮੈਂ ਹਾਲੇ ਜਿਉਂਦਾ ਹਾਂ, ਮੈਨੂੰ ਢਾਹੁਣਾ ਕੋਈ ਸੌਖਾ ਨਹੀਂ!"

ਉਹ ਆਪਣੇ ਦੰਦ ਪੀਂਹਦਾ ਹੋਇਆ ਆਪਣੀ ਬਾਂਹ ਨੂੰ ਫੇਰ ਝੁਲਾਉਣ ਲੱਗ ਪਿਆ।

"ਪੀੜ ਹੁੰਦੀ ਏ ?"

"ਐਥੇ ਪੀੜ ਹੁੰਦੀ ਏ" , ਉਹਨੇ ਛਾਤੀ ਨੂੰ ਠਕੋਰਿਆ। "ਐਥੋਂ ਮੈਨੂੰ ਕੋਈ ਕੁਤਰ ਰਿਹਾ ਹੈ, ਗੀਤਾ, ਜਿਵੇਂ ਚੂਹਾ ਕੁਤਰਦਾ ਹੈ। ਮੈਂ ਤੁਹਾਨੂੰ ਫਸਾ ਦਿੱਤਾ-ਤੇ ਕਾਹਦੇ ਵਾਸਤੇ ? ਦਸ ਬਾਰਾਂ ਜਰਮਨਾਂ ਵਾਸਤੇ ?"

"ਪਰ ਇਸ ਤਰਾਂ ਕਿਉਂ ਆਖਦੇ ਓ...ਸਭ ਕੁੱਝ ਜਾਣਦੇ ਓ, ਇਹ ਲੜਾਈ ਹੈ..."

"ਮੈਂ ਸਮਝਦਾ ਹਾਂ ਕਿ ਲੜਾਈ ਚਲ ਰਹੀ ਹੈ ਤੇ ਮਗਰੋਂ ਜਦੋਂ ਅਮਨ ਅਮਾਨ ਹੋ ਜਾਵੇਗਾ ? ਉਦੋਂ ਲੋਕ ਸਮਝਣਗੇ ਕਿ ਤੁਸਾਂ ਸਭਨਾਂ ਦੀਆਂ ਜਾਨਾਂ ਕਿਉਂ ਗਈਆਂ ? ਤੇ ਮੈਂ ਜਰਮਨਾਂ ਨੂੰ ਲੰਘ ਕਿਉਂ ਨਾ ਜਾਣ ਦਿੱਤਾ, ਤੇ ਜੋ ਕੁੱਝ ਮੈਂ ਫੈਸਲਾ ਕੀਤਾ ਉਹ ਕਿਉਂ ਕੀਤਾ ? ਮੈ ਕੀ ਜਵਾਬ ਦੇਵਾਂਗਾ ਜਦੋਂ ਉਹ ਮੈਨੂੰ ਪੁੱਛਣਗੇ, 'ਤੁਸੀਂ ਵੀ ਕਿਸ ਤਰਾਂ ਦੇ ਮਰਦ ਓ, ਸਾਡੀਆਂ ਮਾਵਾਂ ਦੀ ਰੱਖਿਆ ਵੀ ਨਾ ਕਰ ਸਕੇ ? ਇਹ ਕਿਸ ਤਰਾਂ ਹੋ ਗਿਆ ਕਿ ਤੁਸੀਂ ਉਹਨਾਂ ਨੂੰ ਮਰ ਜਾਣ ਦਿੱਤਾ ਤੇ ਆਪ ਪਿੱਛੇ ਜਿਉਂਦੇ ਰਹਿ ਗਏ ? ਕੀ ਤੁਹਾਨੂੰ ਕੀਰੋਵ ਰੇਲਵੇ ਅਤੇ ਚਿੱਟੇ ਸਾਗਰ ਦੀ ਨਹਿਰ ਦੀ ਬਹੁਤੀ ਫਿਕਰ ਸੀ ? ਉਹਨਾਂ ਦੀ ਰਾਖੀ ਉੱਤੇ ਖਲੋਤੇ ਫੌਜੀ ਦਸਤੇ ਵੀ ਤਾਂ ਹੋਣਗੇ, ਮਹਿਜ ਪੰਜ ਕੁੜੀਆਂ ਤੇ ਰਿਵਾਲਵਰ ਵਾਲ਼ੇ ਇੱਕ ਸਾਰਜੈਂਟ ਮੇਜਰ ਨਾਲ਼ੋਂ ਕਿਤੇ ਬਹੁਤੇ!' "

" ਇਉਂ ਨਾ ਆਖੋ", ਉਸ ਨੇ ਹੌਲ਼ੀ ਜਿਹੀ ਆਖਿਆ। "ਆਖਰ ਬੰਦੇ ਦੀ ਮਾਤਭੂਮੀ ਨਹਿਰਾਂ ਤੋਂ ਹੀ ਤਾਂ ਨਹੀਂ ਸ਼ੁਰੂ ਹੁੰਦੀ। ਓਥੋਂ ਤਾਂ ਉੱਕਾ ਹੀ ਨਹੀਂ। ਅਸੀਂ ਆਪਣੇ ਦੇਸ਼ ਦੀ ਰਖਿਆ ਕਰਦੇ ਸਾਂ। ਸਭ ਤੋਂ ਪਹਿਲਾਂ ਆਪਣੀ ਮਾਤਭੂਮੀ ਦੀ ਤੇ ਸਿਰਫ ਇਸ ਤੋਂ ਮਗਰੋਂ ਹੀ ਨਹਿਰ ਦੀ।"

"ਹੂੰ...." ਵਾਸਕੋਵ ਨੇ ਇੱਕ ਵੱਡਾ ਸਾਰਾ ਹੌਂਕਾ ਲਿਆ ਤੇ ਚੁੱਪ ਹੋ ਗਿਆ। "ਖੈਰ, ਤੂੰ ਠਹਿਰ ਇੱਥੇ ਹੀ, ਤੇ ਮੈਂ ਜਾ ਕੇ ਇੱਧਰ ਉੱਧਰ ਨਜ਼ਰ ਮਾਰਾਂ। ਜੇ ਉਹ ਸਾਡੇ ਉਤੇ ਆ ਟਪਕੇ ਤਾਂ

ਅਸੀਂ ਖਤਮ!" ਉਸ ਨੇ ਆਪਣਾ ਰਿਵਾਲਵਰ ਕੱਢਿਆ ਤੇ ਪਤਾ ਨਹੀਂ ਕਿਉਂ ਉਸ ਨੂੰ ਬੜੇ ਧਿਆਨ ਨਾਲ਼ ਬਾਂਹ 'ਤੇ ਰਗੜ ਕੇ ਸਾਫ ਕੀਤਾ। "ਲੈ ਫੜ, ਦੋ ਹੀ ਗੋਲ਼ੀਆਂ ਰਹਿ ਗਈਆਂ ਨੇ ਇਹਦੇ ਵਿੱਚ, ਪਰ ਫੇਰ ਵੀ, ਇਹ ਮਾਮੂਲੀ ਚੀਜ਼ ਨਹੀਂ।"

"ਠਹਿਰ ਜਾਓ!" ਰੀਤਾ ਦੀਆਂ ਨਜ਼ਰਾਂ ਵਾਸਕੋਵ ਦੇ ਚਿਹਰੇ ਨੂੰ ਨਿਹਾਰਦੀਆਂ ਅਸਮਾਨ ਵੱਲ ਵੇਖ ਰਹੀਆਂ ਸਨ ਜਿਸ ਨੂੰ ਟਹਿਣੀਆਂ ਨੇ ਅੱਧ ਪਚੱਧ ਓਹਲਾ ਕੀਤਾ ਹੋਇਆ ਸੀ। "ਯਾਦ ਜੇ ਜਦੋਂ ਆਪਣੇ ਸਟੇਸ਼ਨ ਦੇ ਕੋਲ਼ ਮੇਰਾ ਜਰਮਨਾਂ ਨਾਲ਼ ਮੇਲ ਹੋ ਗਿਆ ਸੀ? ਮੈਂ ਸ਼ਹਿਰ ਵਿੱਚ ਆਪਣੀ ਮਾਂ ਨੂੰ ਮਿਲਣ ਗਈ ਸੀ। ਮੇਰਾ ਇੱਕ ਨਿੱਕਾ ਜਿਹਾ ਪੁੱਤ ਏ, ਤਿੰਨਾਂ ਵਰ੍ਹਿਆਂ ਦਾ। ਅਲੀਕ ਆਖ ਕੇ ਉਹਨੂੰ ਵਾਜ਼ ਮਾਰਦੇ ਨੇ, ਉਹਦਾ ਅਸਲੀ ਨਾਂ ਅਲਬੇਰਟ ਏ। ਮਾਂ ਬਹੁਤ ਸਖਤ ਬਿਮਾਰ ਏ ਤੇ ਉਹ ਬਹੁਤੇ ਦਿਨ ਨਹੀਂ ਕੱਢਣ ਲੱਗੀ ਅਤੇ ਮੇਰਾ ਪਿਓ ਮੁਹਾਜ਼ ਤੋਂ ਗੁੰਮ ਹੋ ਗਿਆ ਹੈ।"

"ਫਿਕਰ ਨਾ ਕਰ, ਰੀਤਾ, ਮੈਂ ਸਭ ਕੁੱਝ ਸਮਝਦਾ ਹਾਂ।"

"ਸ਼ੁਕਰੀਆ ਤੇਰਾ", ਉਸ ਨੇ ਮੁਰਝਾਏ ਹੋਏ ਬੁੱਲ੍ਹਾਂ 'ਤੇ ਮੁਸਕਾਨ ਲਿਆ ਕੇ ਆਖਿਆ। "ਹੱਛਾ, ਹੁਣ ਤੂੰ ਮੇਰੀ ਅੰਤਮ ਇੱਛਾ ਪੂਰੀ ਕਰੇਂਗਾ?"

"ਨਹੀਂ", ਉਸ ਨੇ ਆਖਿਆ।

"ਇਨਕਾਰ ਕਰਨ ਦਾ ਕੀ ਤੁਕ ਹੈ? ਮਰ ਤਾਂ ਮੈਂ ਹਰ ਹਾਲਤ ਵਿੱਚ ਜਾਣਾ ਹੈ। ਇਉਂ ਸਿਰਫ ਬਹੁਤਾ ਦੁੱਖ ਪਾਵਾਂਗੀ।"

"ਮੈਂ ਰਤਾ ਕੁ ਸੂਹ ਲੈ ਕੇ ਫੇਰ ਮੁੜ ਆਵਾਂਗਾ। ਦਿਨ ਢਲਦੇ ਤੱਕ ਅਸੀਂ ਆਪਣੇ ਬੰਦਿਆਂ ਕੋਲ਼ ਹੋਵਾਂਗੇ।"

"ਮੇਰਾ ਮੂੰਹ ਚੁੰਮ", ਉਸ ਨੇ ਅਚਨਚੇਤ ਆਖਿਆ।

ਉਹ ਬੇਢਬੇ ਜਿਹੇ ਅੰਦਾਜ ਨਾਲ਼ ਰੀਤਾ ਉੱਤੇ ਝੁਕ ਗਿਆ ਅਤੇ ਸੰਗਦਿਆਂ ਸੰਗਦਿਆਂ ਉਹਦਾ ਮੱਥਾ ਚੁੰਮ ਲਿਆ।

"ਤੇਰੇ ਵਾਲ ਚੁਭਦੇ ਨੇ...." ਉਸ ਨੇ ਇਨਾ ਹੌਲੀ ਜਿਹੀ ਕਿਹਾ ਕਿ ਤਕਰੀਬਨ ਸੁਣਿਆਂ ਨਹੀਂ ਸੀ ਜਾਂਦਾ। ਉਸ ਨੇ ਆਪਣੀਆਂ ਅੱਖਾਂ ਬੰਦ ਕਰ ਲਈਆਂ। "ਜਾ ਹੁਣ। ਟਹਿਣੀਆਂ ਮੇਰੇ ਉੱਤੇ ਸੁੱਟ ਦੇ ਤੇ ਜਾ ਫਿਰ।"

ਉਸ ਦੀਆਂ ਮਿੱਟੀ ਰੰਗੀਆਂ ਅੰਦਰ ਨੂੰ ਵੜੀਆਂ ਗੱਲ੍ਹਾਂ ਉੱਤੇ ਹੌਲ਼ੀ-ਹੌਲ਼ੀ ਅੱਥਰੂ ਰਿੜ੍ਹਨ ਲੱਗੇ। ਫੇਦੋਤ ਸਹਿਜੇ ਜਿਹੇ ਉੱਠਿਆ, ਸੰਭਲ ਸੰਭਲ ਕੇ ਰੀਤਾ ਨੂੰ ਟਹਿਣੀਆਂ ਨਾਲ਼ ਕੱਜਿਆ ਤੇ ਵੱਡੀਆਂ ਵੱਡੀਆਂ ਪੁਲਾਂਘਾ ਪੁਟਦਾ ਨਦੀ ਵੱਲ, ਜਰਮਨਾਂ ਵੱਲ ਤੁਰ ਪਿਆ।

ਬੇਕਾਰ ਗਰਨੇਡ ਉਹਦਾ ਇੱਕੋ ਇੱਕ ਹਥਿਆਰ ਸੀ ਜਿਹੜਾ ਉਹਦੀ ਜੇਬ ਵਿੱਚ ਭੁੜਕਦਾ ਫਿਰਦਾ ਸੀ।

ਉਸ ਨੇ ਇਨਾ ਸੁਣਿਆ ਨਹੀਂ ਜਿੰਨਾ ਮਹਿਸੂਸ ਕੀਤਾ ਕਿ ਗੋਲ਼ੀ ਚੱਲਣ ਦੀ ਹਲਕੀ ਜਿਹੀ ਆਵਾਜ਼ ਆਈ ਜੋ ਤੁਰੰਤ ਟਹਿਣੀਆਂ ਦੇ ਹੇਠਾਂ ਮਰ ਗਈ। ਉਹਦੇ ਪੈਰ ਥਾਂ 'ਤੇ ਜੰਮ ਗਏ ਅਤੇ ਉਹਨੇ ਜੰਗਲ ਦੀ ਖਾਮੋਸ਼ੀ ਵਿੱਚ ਕੰਨ ਖੜ੍ਹੇ ਕਰ ਲਏ ਅਤੇ ਫਿਰ, ਹਾਲੇ ਵਿਸ਼ਵਾਸ਼ ਦੇ ਜੱਕੋਤੱਕਿਆਂ ਵਿੱਚ, ਉਹ ਫਰ ਦੇ ਰੁੱਖ ਵੱਲ ਵਾਪਸ ਦੌੜ ਆਇਆ।

ਰੀਤਾ ਨੇ ਆਪਣੀ ਪੁੜਪੜੀ ਵਿੱਚ ਗੋਲ਼ੀ ਮਾਰ ਲਈ ਸੀ ਅਤੇ ਲਹੂ ਲਗਭਗ ਨਹੀਂ ਸੀ

ਨਿੱਕਲ਼ਿਆ। ਫੱਟ ਦੇ ਆਲ਼ੇ-ਦੁਆਲ਼ੇ ਨੀਲੀ ਧੂੜ ਜਿਹੀ ਦੇ ਨਿਸ਼ਾਨ ਸਨ ਅਤੇ ਪਤਾ ਨਹੀਂ ਕਿਉਂ ਉਹ ਢੇਰ ਚਿਰ ਤੱਕ ਉਹਦੇ ਵੱਲ ਵੇਖਦਾ ਰਿਹਾ। ਫਿਰ ਉਹ ਰੀਤਾ ਨੂੰ ਥੋੜ੍ਹਾ ਜਿਹਾ ਦੂਰ ਲੈ ਗਿਆ ਅਤੇ ਐਨ ਓਸ ਥਾਂ ਟੋਆ ਪੁੱਟਣ ਲੱਗ ਪਿਆ ਜਿੱਥੇ ਉਹ ਲੇਟੀ ਰਹੀ ਸੀ।

ਇੱਥੇ ਜ਼ਮੀਨ ਪੋਲੀ ਤੇ ਨਰਮ ਸੀ। ਇੱਕ ਸੋਟੀ ਨਾਲ਼ ਉਸਨੇ ਮਿੱਟੀ ਪੁੱਟੀ, ਮੁੱਠਾਂ ਭਰ ਭਰ ਕੇ ਇੱਕ ਪਾਸੇ ਕੀਤੀ ਤੇ ਛੁਰੀ ਨਾਲ਼ ਜੜ੍ਹਾਂ ਪੁੱਟੀਆਂ ਉਖਾੜੀਆਂ। ਜੋ ਉਹਨੇ ਕਰਨਾ ਸੀ ਛੇਤੀ ਛੇਤੀ ਕੀਤਾ ਅਤੇ ਸਾਹ ਲੈਣ ਲਈ ਅਟਕੇ ਬਿਨਾਂ ਹੀ ਉਸ ਉਸ ਪਾਸੇ ਤੁਰ ਪਿਆ ਜਿੱਥੇ ਜੇਨੀਆਂ ਦੀ ਦਿਹ ਪਈ ਸੀ। ਉਹਦੀ ਬਾਂਹ ਨੂੰ ਬੜੀ ਸਖਤ ਪੀੜ ਹੋ ਰਹੀ ਸੀ। ਇੰਨੀ ਸਖਤ ਕਿ ਉਹਦੇ ਕੋਲ਼ੋਂ ਬਰਦਾਸਤ ਨਹੀਂ ਸੀ ਹੁੰਦੀ। ਸਾਰੇ ਜਿਸਮ ਵਿੱਚੋਂ ਚੀਸਾਂ ਉਠਦੀਆਂ ਅਤੇ ਉਹ ਜੇਨੀਆ ਵਾਸਤੇ ਚੱਜ ਨਾਲ਼ ਕਬਰ ਵੀ ਨਹੀਂ ਸੀ ਪੁੱਟ ਸਕਿਆ। ਹਰ ਪਲ ਉਹਨੂੰ ਇਸ ਗੱਲ ਦਾ ਖਿਆਲ ਆਉਂਦਾ ਰਿਹਾ ਸੀ। ਉਸ ਨੂੰ ਇਸ ਦਾ ਅਫਸੋਸ ਸੀ ਅਤੇ ਆਪਣੇ ਝੁਲਸੇ ਹੋਏ ਬੁੱਲ੍ਹਾਂ ਵਿੱਚ ਫੁਸਰ ਫੁਸਰ ਕਰਦਾ ਰਿਹਾ ਸੀ-

"ਮਾਫ ਕਰਦੇ ਮੈਨੂੰ, ਜੇਨੀਆ, ਮਾਫ ਕਰ ਦੇ..."

ਲੜਖੜਾਉਂਦਾ ਤੇ ਠੇਡੇ ਖਾਂਦਾ, ਉਹ ਜਰਮਨਾਂ ਵੱਲ ਸੀਨੀਊਖੀਨਾ ਟਿੱਲਿਆਂ ਤੋਂ ਪਾਰ ਚਲਾ ਗਿਆ। ਰਿਵਾਲਵਰ ਉਹਨੇ ਘੁੱਟ ਕੇ ਮੁੱਠੀ ਵਿੱਚ ਕਾਬੂ ਕੀਤਾ ਹੋਇਆ ਸੀ ਜਿਸ ਵਿੱਚ ਆਖਰੀ ਗੋਲ਼ੀ ਬਾਕੀ ਸੀ ਤੇ ਇਸ ਵੇਲ਼ੇ ਉਹਦੀ ਬੱਸ ਇੱਕੋ ਹੀ ਕਾਮਨਾ ਸੀ ਕਿ ਜਿੰਨੀ ਛੇਤੀ ਹੋ ਸਕੇ ਜਰਮਨਾਂ ਨੂੰ ਜਾ ਮਿਲੇ ਤਾਂ ਜੋ ਇੱਕ ਹੋਰ ਗੋਲ਼ੀ ਮਾਰ ਸਕੇ। ਇਸ ਦਾ ਕਾਰਨ ਇਹ ਸੀ ਕਿ ਉਹਦੇ ਸਰੀਰ ਵਿੱਚ ਹੋਰ ਤਾਕਤ ਹੀ ਕੋਈ ਨਹੀਂ ਸੀ ਰਹਿ ਗਈ। ਉੱਕਾ ਹੀ ਕੋਈ ਤਾਕਤ ਨਹੀਂ ਸੀ, ਸਿਰਫ ਪੀੜ ਸੀ। ਉਹਦੇ ਰੋਮ ਰੋਮ ਵਿੱਚ ਪੀੜ ਸੀ....

ਦੂਧੀਆ ਘੁਸਮੁਸਾ ਪੱਥਰਾਂ ਉੱਤੇ ਮਲਕੜੇ ਜਿਹੇ ਆ ਟਿਕਿਆ ਸੀ ਜਿਹੜੇ ਹਾਲੇ ਵੀ ਨਿੱਘੇ ਸਨ। ਸੱਖਣੀਆਂ ਥਾਵਾਂ 'ਤੇ ਧੁੰਦ ਇਕੱਠੀ ਹੋਣ ਲੱਗ ਪਈ ਸੀ ਅਤੇ ਪੋਲੀ ਪੋਲੀ ਹੁਣ ਥੰਮ੍ਹ ਗਈ ਸੀ—ਅਤੇ ਮੱਛਰਾਂ ਦੇ ਝੁਰਮਟ ਸਾਰਜੈਂਟ ਮੇਜਰ ਉਤੇ ਭੀਂ ਭੀਂ ਕਰਨ ਲੱਗ ਪਏ ਸਨ। ਇਸ ਚਿੱਟੀ ਕੁਹੀਰ ਵਿੱਚ ਉਹਨੂੰ ਆਪਣੀਆਂ ਕੁੜੀਆਂ ਦੇ ਝੌਲ਼ੇ ਪੈਂਦੇ ਸਨ, ਪੰਜਾਂ ਦੀਆਂ ਪੰਜਾਂ ਦੇ ਅਤੇ ਦਿਲਗੀਰ ਹੋਇਆ ਉਹ ਆਪਣੇ ਸਿਰ ਨੂੰ ਸੱਜੇ ਖੱਬੇ ਹਿਲਾਉਂਦਾ ਹੋਇਆ ਕੁੱਝ ਬੁੜ ਬੁੜ ਕਰੀ ਜਾਂਦਾ ਸੀ। ਹਾਲੇ ਤੱਕ ਜਰਮਨ ਨਜ਼ਰ ਨਹੀਂ ਸੀ ਆਏ। ਨਾ ਉਹਨਾਂ ਨੇ ਵਿਖਾਲੀ ਦਿੱਤੀ ਸੀ, ਨਾ ਉਹਨਾਂ ਨੇ ਕੋਈ ਗੋਲ਼ੀ ਚਲਾਈ ਸੀ, ਭਾਵੇਂ ਉਹ ਦਗੜ ਦਗੜ ਕਰਦਾ, ਖੁੱਲ੍ਹਮ ਖੁੱਲ੍ਹਾ ਤੁਰਿਆ ਜਾ ਰਿਹਾ ਸੀ ਕਿਉਂਕਿ ਉਹ ਤਾਂ ਉਹਨਾਂ ਨੂੰ ਮਿਲਣ ਲਈ ਕਾਹਲ਼ਾ ਸੀ। ਵਕਤ ਆ ਗਿਆ ਸੀ ਕਿ ਇਸ ਲੜਾਈ ਨੂੰ ਖਤਮ ਕਰ ਦਿੱਤਾ ਜਾਏ, ਵਕਤ ਆ ਗਿਆ ਸੀ ਇਸ ਵਾਰਤਾ ਦੇ ਅੱਗੇ ਪੂਰਨ ਵਿਰਾਮ ਦਾ ਚਿੰਨ੍ਹ ਲਾ ਦਿੱਤਾ ਜਾਏ ਅਤੇ ਪੂਰਨ ਵਿਰਾਮ ਦਾ ਇਹ ਚਿੰਨ੍ਹ ਇਸ ਵੇਲ਼ੇ ਉਸ ਦੇ ਰਿਵਾਲਵਰ ਦੀ ਅਸਪਾਤੀ ਨੀਲੀ ਨਾਲ਼ੀ ਵਿੱਚ ਸੀ।

ਇਹ ਠੀਕ ਹੈ ਕਿ ਉਹਦੇ ਕੋਲ਼ ਪਲੀਤੇ ਬਗੈਰ ਇੱਕ ਗਰਨੇਡ ਵੀ ਸੀ—ਲੋਹੇ ਦਾ ਇੱਕ ਡਲ਼ਾ। ਉਹ ਕਿਉਂ ਇਸ ਨੂੰ ਆਪਣੇ ਨਾਲ਼ ਚੁੱਕੀ ਫਿਰਦਾ ਸੀ, ਇਸ ਬਾਰੇ ਉਹ ਕੁੱਝ ਨਹੀਂ ਸੀ ਆਖ ਸਕਦਾ। ਉਹ ਸਿਰਫ ਇੱਕ ਆਦਤ ਕਰਕੇ ਹੀ ਚੁੱਕੀ ਫਿਰਦਾ ਸੀ, ਫੌਜੀ ਜਾਇਦਾਦ ਦਾ ਧਿਆਨ ਰੱਖਣ ਦੀ ਆਪਣੀ ਸਾਰਜੈਂਟ ਮੇਜਰ ਦੀ ਆਦਤ ਸਦਕਾ।

ਹੁਣ ਉਸ ਦੇ ਸਾਹਮਣੇ ਨਿਸ਼ਾਨਾ ਕੋਈ ਨਹੀਂ ਸੀ, ਬਸ ਸਿਰਫ ਇੱਕ ਕਾਮਨਾ ਹੀ ਸੀ। ਉਹ ਹੁਣ ਚੱਕਰ ਕੱਟ ਕੇ ਨਹੀਂ ਸੀ ਜਾ ਰਿਹਾ, ਪੈੜਾਂ ਦੀ ਖੋਜ ਭਾਲ਼ ਨਹੀਂ ਸੀ ਕਰ ਰਿਹਾ—ਉਹ ਤਾਂ ਸਿੱਧਾ ਤੁਰਿਆ ਜਾਂਦਾ ਸੀ ਜਿਵੇਂ ਕੋਈ ਮਸ਼ੀਨੀ ਮਨੁੱਖ ਜਾਂਦਾ ਹੈ। ਪਰ ਜਰਮਨ ਹਾਲੇ ਵੀ ਕੋਈ ਨਹੀਂ ਸੀ ਕਿਧਰੇ...

ਉਹ ਛੋਟੇ ਛੋਟੇ ਦਿਆਰਾਂ ਦੀ ਝਿੜੀ ਲੰਘ ਆਇਆ ਸੀ ਅਤੇ ਜੰਗਲ ਵਿੱਚ ਦੀ ਤੁਰਿਆ ਜਾ ਰਿਹਾ ਸੀ ਅਤੇ ਪਲੋ ਪਲ ਲੇਗੋਨਤ ਦੀ ਉਸ ਝੁੱਗੀ ਦੇ ਨੇੜੇ ਪਹੁੰਚਦਾ ਜਾ ਰਿਹਾ ਸੀ ਜਿੱਥੋਂ ਉਸ ਦਿਨ ਸਵੇਰੇ ਐਡੀ ਸੌਖ ਨਾਲ਼ ਹੀ ਉਹਨੇ ਇੱਕ ਹਥਿਆਰ ਕਾਬੂ ਕਰ ਲਿਆ ਸੀ। ਉਸ ਨੇ ਇੱਕ ਪਲ ਵੀ ਇਹ ਨਹੀਂ ਸੀ ਸੋਚਿਆ ਕਿ ਆਖਰ ਉਹ ਉਸ ਪਾਸੇ ਹੀ ਕਿਉਂ ਜਾ ਰਿਹਾ ਹੈ, ਪਰ ਉਹਦਾ ਸ਼ਿਕਾਰੀਆਂ ਵਾਲ਼ਾ ਅਚੁਕ ਸਹਿਜ ਗਿਆਨ ਯਕੀਨੀ ਤੌਰ ’ਤੇ ਉਹਨੂੰ ਉਸ ਪਾਸੇ ਲੈ ਗਿਆ ਸੀ। ਉਹ ਸਿਰਫ ਇਸ ਗਿਆਨ ਦੇ ਹੁਕਮ ਦਾ ਬੱਧਾ ਹੋਇਆ ਹੀ ਗਿਆ ਸੀ ਅਤੇ ਹੁਣ ਆਪਣੇ ਇਸ ਸਹਿਜ-ਗਿਆਨ ਦੀ ਆਗਿਆ ਪਾਲ਼ਦਿਆਂ ਹੀ ਉਹਨੇ ਚਾਲ ਮੱਠੀ ਕਰ ਲਈ, ਬਿੜਕਾਂ ਲੈਣੀਆਂ ਸ਼ੁਰੂ ਕੀਤੀਆਂ ਅਤੇ ਝਾੜੀਆਂ ਵਿੱਚ ਸਰਕ ਗਿਆ।

ਖੂਹ ਦੇ ਨਾਲ਼ ਦੀ ਖੁੱਲ੍ਹੀ ਥਾਂ ’ਤੇ ਝੁੱਗੀ ਕੋਈ ਸੌ ਮੀਟਰ ਤੋਂ ਹੀ ਦਿਸ ਪੈਂਦੀ ਸੀ। ਇਹ ਸੌ ਮੀਟਰ ਫਾਸਲਾ ਵਾਸਕੋਵ ਨੇ ਬਿਨਾਂ ਕਿਸੇ ਖੜਾਕ ਆਵਾਜ਼ ਦੇ, ਲੱਗਭੱਗ ਇਉਂ ਪੂਰਾ ਕੀਤਾ ਜਿਵੇਂ ਉਹਦਾ ਕੋਈ ਭਾਰ ਹੀ ਨਾ ਹੋਵੇ। ਉਸ ਨੂੰ ਪਤਾ ਸੀ ਕਿ ਦੁਸ਼ਮਣ ਓਸ ਥਾਂ ਹੈ। ਇਹ ਗੱਲ ਉਹ ਪੱਕੀ ਤਰਾਂ ਜਾਣਦਾ ਸੀ, ਆਪਣੇ ਸਹਿਜ-ਗਿਆਨ ਸਦਕਾ ਉਹਨੂੰ ਇਸ ਤਰਾਂ ਹੀ ਪਤਾ ਸੀ ਜਿਸ ਤਰਾਂ ਬਘਿਆੜ ਨੂੰ ਪਤਾ ਹੁੰਦਾ ਹੈ ਕਿ ਉਹਦੇ ਰਾਹ ਵਿੱਚ ਕਿਹੜੀ ਥਾਂ ਤੋਂ ਖਰਗੋਸ਼ ਛਾਲ਼ ਮਾਰ ਕੇ ਨਿੱਕਲੇਗਾ।

ਖੁੱਲ੍ਹੀ ਥਾਂ ਦੇ ਇੱਕ ਸਿਰੇ ਉੱਤੇ ਝਾੜੀਆਂ ਵਿੱਚ ਉਹ ਪੱਥਰ ਬਣਿਆ ਖਲੋਤਾ ਸੀ। ਢੇਰ ਚਿਰ ਤੱਕ ਉਹ ਉਸ ਥਾਂ ਅਹਿੱਲ ਖੜ੍ਹਾ ਰਿਹਾ ਅਤੇ ਸੁਤੇ ਸਿੱਧ ਹੀ ਖੂਹ ਦੀ ਮਣ ਵੱਲ—ਜਿਸ ਜਰਮਨ ਨੂੰ ਉਹਨੇ ਮਾਰਿਆ ਸੀ ਉਹਦੀ ਲਾਸ਼ ਉੱਥੇ ਨਹੀਂ ਸੀ— ਅਤੇ ਝੁੱਗੀ ਵੱਲ, ਇਸ ਦੇ ਨੇੜੇ ਦੀਆਂ ਹਨੇਰੀਆਂ ਝਾੜੀਆਂ ਵੱਲ ਝਾਕਦਾ ਜਾਂਚਦਾ ਰਿਹਾ। ਕੋਈ ਵੀ ਖਾਸ ਗੱਲ ਨਹੀਂ ਸੀ, ਸ਼ੱਕ ਸੁਬ੍ਹੇ ਵਾਲ਼ੀ ਤਾਂ ਉੱਕਾ ਹੀ ਕੋਈ ਨਹੀਂ ਸੀ, ਪਰ ਤਾਂ ਵੀ ਸਾਰਜੈਂਟ ਮੇਜਰ ਸਬਰ ਨਾਲ਼ ਉਡੀਕ ਕਰਦਾ ਰਿਹਾ ਤੇ ਜਦੋਂ ਝੁੱਗੀ ਦੀ ਇੱਕ ਨੁੱਕਰ ਤੋਂ ਹੌਲ਼ੀ ਹੌਲ਼ੀ ਇੱਕ ਫਿੱਕਾ ਜਿਹਾ ਧੱਬਾ ਹਿੱਲਿਆ, ਉਸ ਨੂੰ ਕੋਈ ਹੈਰਾਨੀ ਨਹੀਂ ਸੀ ਹੋਈ। ਉਸ ਨੂੰ ਇਸ ਗੱਲ ਦਾ ਇਲਮ ਸੀ ਕਿ ਪਹਿਰੇਦਾਰ ਠੀਕ ਇਸ ਹੀ ਥਾਂ ਹੋਵੇਗਾ।

ਹੌਲ਼ੀ-ਹੌਲ਼ੀ ਉਹ ਸੰਤਰੀ ਵੱਲ ਤੁਰ ਪਿਆ, ਬੇਅੰਤ ਹੌਲ਼ੀ। ਇਉਂ ਹੌਲ਼ੀ ਹੌਲ਼ੀ, ਜਿਵੇਂ ਕੋਈ ਸੁਪਨੇ ਵਿੱਚ ਤੁਰਦਾ ਹੈ, ਉਹ ਆਪਣਾ ਪੈਰ ਚੁਕਦਾ ਤੇ ਹੌਲ਼ੀ ਜਿਹੀ ਫੁੱਲ ਵਾਂਗ ਜ਼ਮੀਨ ਉੱਤੇ ਟਿਕਾਉਂਦਾ। ਜਾਪਦਾ ਸੀ ਉਹ ਕਦਮ ਨਹੀਂ ਰਖਦਾ ਸਗੋਂ ਤਿਲ ਤਿਲ ਕਰ ਕੇ ਆਪਣੇ ਜਿਸਮ ਦਾ ਭਾਰ ਹੇਠਾਂ ਕੇਰਦਾ ਹੈ ਤਾਂ ਜੋ ਇੱਕ ਵੀ ਟਹਿਣੀ ਕਰਚ-ਕਰਚ ਨਾ ਕਰੇ। ਇਸ ਤਰੀਕੇ ਨਾਲ਼, ਅਜੀਬ ਤਰਾਂ ਦਾ ਇਹ ਪੰਛੀ ਨਾਚ ਨਚਦਿਆਂ, ਉਸ ਨੇ ਖੁੱਲ੍ਹੀ ਥਾਂ ਦਾ ਪੂਰਾ ਚੱਕਰ ਕੱਟਿਆ ਅਤੇ ਅਹਿਲ ਖਲੋਤੇ ਸੰਤਰੀ ਦੇ ਪਿੱਛੇ ਆ ਖੜ੍ਹਾ ਹੋਇਆ ਤੇ ਇਸ ਤੋਂ ਮਗਰੋਂ ਉਸ ਨੇ ਹੋਰ ਵੀ ਹੌਲ਼ੀ ਤੇ ਪੋਲੇ-ਪੋਲੇ, ਚੌੜੀ ਚਕਲੀ ਤੇ ਹਨੇਰੀ ਪਿੱਠ ਵੱਲ ਵਧਣਾ ਸ਼ੁਰੂ ਕੀਤਾ। ਉਹ ਤੁਰਦਾ ਨਹੀਂ ਸੀ, ਉਹ

ਤਾਂ ਤਰਦਾ ਸੀ।

ਇੱਕ ਕਦਮ ਦੀ ਵਿੱਥ ਉਤੇ ਉਹ ਰੁਕ ਗਿਆ। ਢੇਰ ਚਿਰ ਤੋਂ ਉਹਨੇ ਆਪਣਾ ਸਾਹ ਰੋਕਿਆ ਹੋਇਆ ਸੀ ਅਤੇ ਹੁਣ ਇਸ ਗੱਲ ਦੀ ਉਡੀਕ ਵਿੱਚ ਸੀ ਕਿ ਉਹਦਾ ਦਿਲ ਟਿਕਾਣੇ ਆ ਜਾਏ। ਬਹੁਤ ਪਹਿਲਾਂ ਹੀ ਉਹਨੇ ਆਪਣਾ ਰਿਵਾਲਵਰ ਖੋਲ ਵਿੱਚ ਤਿਲਕਾ ਲਿਆ ਹੋਇਆ ਸੀ ਅਤੇ ਇਸ ਵੇਲ਼ੇ ਆਪਣੇ ਸੱਜੇ ਹੱਥ ਵਿੱਚ ਉਹਨੇ ਆਪਣੀ ਛੁਰੀ ਫੜੀ ਹੋਈ ਸੀ ਅਤੇ ਮਨੁੱਖੀ ਸਰੀਰ ਦੀ ਤਿੱਖੀ ਮੁਸ਼ਕ ਉਹਦੀਆਂ ਨਾਸਾਂ ਨੂੰ ਚੜ੍ਹ ਰਹੀ ਸੀ। ਉਸਨੇ ਇੱਕੋ ਇੱਕ ਫੈਸਲਾਕੁਨ ਵਾਰ ਵਾਸਤੇ ਆਪਣੀ ਛੁਰੀ ਨੂੰ ਸੂਤ ਕਰ ਕੇ ਤਣ ਲਿਆ।

ਪਰ ਹਾਲੇ ਵੀ ਉਹ ਆਪਣੇ ਸਰੀਰ ਦੀ ਸਾਰੀ ਸਤਿਆ ਇਕੱਠੀ ਕਰ ਰਿਹਾ ਸੀ। ਸਰੀਰ ਵਿੱਚ ਤਾਕਤ ਬਹੁਤ ਮਾਮੂਲੀ ਰਹਿ ਗਈ ਸੀ, ਬਹੁਤ ਹੀ ਥੋੜ੍ਹੀ ਅਤੇ ਖੱਬੀ ਬਾਂਹ ਹੁਣ ਕਿਸੇ ਕੰਮ ਜੋਗੀ ਨਹੀਂ ਸੀ ਰਹੀ।

ਉਸ ਨੇ ਆਪਣੇ ਪੂਰੇ ਜੋਰ ਨਾਲ਼ ਵਾਰ ਕਰ ਦਿੱਤਾ। ਜਿੰਨੀ ਵੀ ਤਾਕਤ ਉਹਦੇ ਜੁੱਸੇ ਵਿੱਚ ਰਹਿ ਗਈ ਸੀ ਸਾਰੀ ਇਸ ਦੇ ਲੇਖੇ ਲਾ ਦਿੱਤੀ ਅਤੇ ਜਰਮਨ ਨੇ ਚੀਕ ਤੱਕ ਨਹੀਂ ਮਾਰੀ, ਬਸ ਇੱਕ ਅਜੀਬ ਜਿਹੀ ਲੰਮੀ ਸਾਰੀ 'ਹਾਏ' ਹੀ ਕੀਤੀ ਤੇ ਫਿਰ ਫਾਸ਼ਿਸ਼ਟ ਗੋਡਿਆਂ ਪਰਨੇ ਢੇਰੀ ਹੋ ਗਿਆ। ਸਾਰਜੈਂਟ ਮੇਜਰ ਨੇ ਹੁੱਜ ਮਾਰ ਕੇ ਬੂਹਾ ਖੋਲ੍ਹਿਆ ਤੇ ਝੁੱਗੀ ਅੰਦਰ ਜਾ ਧਮਕਿਆ।

"Hande hoch!"

ਉਹ ਸੁੱਤੇ ਪਏ ਸਨ। ਰੇਲ ਮਾਰਗ ਵੱਲ ਆਖਰੀ ਕੂਚ ਤੋਂ ਪਹਿਲਾਂ ਉਹ ਆਰਾਮ ਕਰ ਰਹੇ ਸਨ। ਸਿਰਫ ਇੱਕ ਜਣਾ ਹੀ ਜਾਗਦਾ ਸੀ ਅਤੇ ਉਹ ਗੱਨ ਫੜਨ ਲਈ ਇੱਕ ਨੁੱਕਰ ਵੱਲ ਦੌੜਿਆ, ਪਰ ਵਾਸਕੋਵ ਉਹਦੀ ਹਰਕਤ ਨੂੰ ਤਾੜ ਗਿਆ ਤੇ ਗੋਲ਼ੀ ਮਾਰ ਕੇ ਉਸ ਨੂੰ ਵਿੰਨ੍ਹ ਕੇ ਰੱਖ ਦਿੱਤਾ। ਗੋਲ਼ੀ ਦੀ ਆਵਾਜ਼ ਨੀਵੀਂ ਛੱਤ ਨਾਲ਼ ਟਕਰਾ ਕੇ ਗੂੰਜ ਉੱਠੀ, ਜਰਮਨ ਕੰਧ ਦੇ ਨਾਲ਼ ਜਾ ਡਿੱਗਾ ਅਤੇ ਸਾਰਜੈਂਟ ਮੇਜਰ ਨੂੰ ਜਿੰਨੇ ਕੁ ਜਰਮਨ ਲਫਜ ਆਉਂਦੇ ਸੀ ਉਹ ਸਾਰੇ ਹੀ ਦਿਮਾਗ ਵਿੱਚੋਂ ਪਰ ਲਾ ਕੇ ਉੱਡ ਗਏ।

"ਲਿਗਾਇਤ, ਲਿਗਾਇਤੇ,!"* ਉਹ ਭਰੜਾਈ ਆਵਾਜ਼ ਵਿੱਚ ਚਿਲਾਇਆ।

ਤੇ ਉਹ ਗੰਦੀਆਂ ਗਾਲ਼ਾਂ ਕੱਢਣ ਲੱਗ ਪਿਆ, ਜਿਹੜੀਆਂ ਵੀ ਵੱਧ ਤੋਂ ਵੱਧ ਉਹਨੂੰ ਆਉਂਦੀਆਂ ਸਨ....

...ਨਹੀਂ, ਉਹ ਲੋਕ ਉਸ ਦੇ ਲਲਕਾਰਿਆਂ ਤੋਂ ਨਹੀਂ ਸੀ ਡਰੇ, ਨਾ ਹੀ ਉਸ ਗਰਨੇਡ ਤੋਂ, ਜਿਸ ਦਾ ਡਰਾਵਾ ਸਾਰਜੈਂਟ ਮੇਜਰ ਦੇ ਰਿਹਾ ਸੀ। ਉਸ ਸੋਚ ਵੀ ਨਹੀਂ ਸੀ ਸਕਦੇ, ਸੁਪਨਾ ਵੀ ਨਹੀਂ ਸੀ ਲੈ ਸਕਦੇ ਕਿ ਉਹ ਇਕੱਲਾ ਹੈ, ਕਿ ਆਸ ਪਾਸ ਕਈ ਵੇਰਸਤ ਤੱਕ ਨਾ ਬੰਦਾ ਹੈ ਨਾ ਬੰਦੇ ਦੀ ਜਾਤ। ਉਹਨਾਂ ਦੇ ਫਾਸਿਸਟ ਦਿਮਾਗ ਇਹ ਗੱਲ ਨਹੀਂ ਸੀ ਸਮਝਦੇ ਤੇ ਇਹੋ ਕਾਰਨ ਸੀ ਕਿ ਉਹ ਭੁੰਜੇ ਲੰਮੇ ਪੈ ਗਏ ਸਨ, ਆਪਣੇ ਮੂੰਹ ਹੇਠਾਂ ਨੂੰ ਕਰਕੇ ਜਿਵੇਂ ਉਹਨਾਂ ਨੂੰ ਹੁਕਮ ਦਿੱਤਾ ਗਿਆ ਸੀ। ਚਾਰੇ ਦੇ ਚਾਰੇ ਲੰਮੇ ਪੈ ਗਏ ਸਨ ਅਤੇ ਪੰਜਵਾਂ, ਜਿਹੜਾ ਬਹੁਤ ਫੁਰਤੀਲਾ ਸੀ, ਜਮਪੁਰੀ ਵਿੱਚ ਪਹੁੰਚ ਚੁੱਕਾ ਹੋਇਆ ਸੀ।

ਫੇਰ ਉਹਨਾਂ ਨੇ ਪੇਟੀਆਂ ਨਾਲ਼ ਇੱਕ ਦੂਜੇ ਨੂੰ ਬੰਨ੍ਹਿਆਂ ਤੇ ਅਖੀਰਲੇ ਦੀਆਂ ਫੇਦੋਤ ਵਾਸਕੋਵ

---

* ਲੰਮੇ ਪੈ ਜਾਓ — ਸੰਪਾ.।

ਨੇ ਆਪ ਮੁਸ਼ਕਾਂ ਕਸੀਆਂ। ਜਦੋਂ ਇਹ ਕੰਮ ਮੁੱਕ ਗਿਆ ਤਾਂ ਉਹ ਰੋਣ ਲੱਗ ਪਿਆ। ਮਿੱਟੀ ਘੱਟੇ ਨਾਲ਼ ਲਿੱਬੜੇ, ਵਧੀ ਹੋਈ ਦਾੜ੍ਹੀ ਵਾਲ਼ੇ ਉਹਦੇ ਚਿਹਰੇ ਉੱਤੋਂ ਹੰਝੂਆਂ ਦੀਆਂ ਧਾਰਾਂ ਵਹਿਣ ਲੱਗੀਆਂ। ਉਹਦਾ ਜਿਸਮ ਬੁਰੀ ਤਰਾਂ ਕੰਬਣ ਲੱਗ ਪਿਆ ਪਰ ਨਾਲ਼ ਹੀ ਰੋਈ ਜਾਂਦਾ, ਹੱਸੀ ਜਾਂਦਾ ਅਤੇ ਚਿਲਾਈ ਜਾਂਦਾ ਸੀ–

"ਕਿਉਂ ਅੰਦਾਜਾ ਨਾ ਲੱਗਿਆ ? ਸਮਝ ਨਾ ਸਕੇ ? ਪੰਜ ਕੁੜੀਆਂ ਸਨ, ਕੁੱਲ ਪੰਜ ਕੁੜੀਆਂ, ਬਸ ਪੰਜ।....ਪਰ ਤੁਸੀਂ ਵਾਰਾ ਨਾ ਲੈ ਸਕੇ। ਤੁਸੀਂ ਵਾਰਾ ਲੈ ਸਕਦੇ ਹੀ ਨਹੀਂ ਸੀ ਇੱਥੇ ਹੀ ਤੁਹਾਡਾ ਅੰਤ ਹੋਵੇਗਾ, ਇੱਕ ਇੱਕ ਦਾ ਅੰਤ। ਮੈਂ ਆਪ ਤੁਹਾਡੀਆਂ ਸੰਘੀਆਂ ਨੱਪਾਂਗਾਂ, ਆਪਣੇ ਹੱਥਾਂ ਨਾਲ਼, ਜੇ ਅਫਸਰਾਂ ਨੇ ਤੁਹਾਡੀਆਂ ਜਾਨਾਂ ਬਖਸ਼ ਦਿੱਤੀਆਂ ! ਲਾਉਂਦੇ ਰਹਿਣ ਕੋਰਟਮਾਰਸ਼ਲ਼ ਮੈਨੂੰ ਮਗਰੋਂ ! ਠੀਕ ਹੈ, ਲਾਉਂਦੇ ਰਹਿਣ !"

ਉਹਦੀ ਬਾਂਹ ਨੂੰ ਪੀੜ ਹੋ ਰਹੀ ਸੀ, ਐਸੀ ਪੀੜ ਕਿ ਉਹਦਾ ਸਾਰਾ ਜਿਸਮ ਟੱਸ ਟੱਸ ਕਰ ਰਿਹਾ ਸੀ। ਉਹ ਬੌਂਦਲਾ ਗਿਆ ਤੇ ਉਹਦੇ ਖਿਆਲਾਂ ਵਿੱਚ ਘੜਮੱਸ ਜਿਹੀ ਮੱਚ ਗਈ। ਉਹਨੂੰ ਡਰ ਸੀ ਕਿ ਕਿਧਰੇ ਉਹ ਬੇਹੋਸ਼ ਹੀ ਨਾ ਹੋ ਜਾਏ ਤੇ ਉਹਨੇ ਆਪਣੀ ਰਹਿੰਦੀ ਤਾਕਤ ਦੇ ਸਹਾਰੇ ਹੋਸ਼ ਦਾ ਪੱਲਾ ਫੜੀ ਰੱਖਿਆ ਸੀ।

ਆਪਣਾ ਆਖਰੀ ਸਫਰ ਉਹ ਕਦੇ ਯਾਦ ਨਹੀਂ ਕਰ ਸਕਦਾ। ਜਰਮਨਾਂ ਦੀਆਂ ਪਿੱਠਾਂ ਕਦੇ ਸੱਜੇ ਵੱਲ ਹੁਲਾਰਾ ਖਾਂਦੀਆਂ ਕਦੇ ਖੱਬੇ ਵੱਲ, ਕਿਉਂਕਿ ਵਾਸਕੋਵ ਉਹਨਾਂ ਦੇ ਪਿੱਛੇ ਇਉਂ ਝੂਮਦਾ ਜਾ ਰਿਹਾ ਸੀ ਜਿਵੇਂ ਨਸ਼ੇ ਵਿੱਚ ਧੁੱਤ ਹੋਵੇ ਉਸ ਨੂੰ ਚਾਰ ਪਿੱਠਾਂ ਤੋਂ ਬਿਨਾਂ ਹੋਰ ਕੁੱਝ ਵਿਖਾਈ ਨਹੀਂ ਸੀ ਦਿੰਦਾ ਅਤੇ ਉਹਦੇ ਦਿਮਾਗ ਵਿੱਚ ਸਿਰਫ ਇੱਕੋ ਖਿਆਲ ਘੁੰਮੀ ਜਾ ਰਿਹਾ ਸੀ—ਕਿ ਜੇ ਉਹਦੇ ਹੋਸ਼ ਗੁਆਚਣ ਲੱਗੇ ਤਾਂ ਉਹ ਪਹਿਲਾਂ ਇਹਨਾਂ ਨੂੰ ਗੋਲ਼ੀ ਮਾਰ ਦੇਵੇਗਾ ਅਤੇ ਉਹਦੀ ਚੇਤਨਾ ਜਾਲ਼ੇ ਦੇ ਆਖਰੀ ਤੰਦ ਨਾਲ਼ ਲਟਕੀ ਹੋਈ ਸੀ ਤੇ ਉਹਦੇ ਅੰਗ ਅੰਗ ਵਿੱਚੋਂ ਐਸੀ ਪੀੜ ਉੱਠ ਰਹੀ ਸੀ ਕਿ ਉਹਦੀਆਂ ਚਾਂਗਰਾਂ ਨਿੱਕਲ਼ ਗਈਆਂ, ਚਾਂਗਰਾਂ ਤੇ ਭੁੱਬਾਂ। ਲਗਦਾ ਸੀ ਉਹ ਹੁਣ ਵੀ ਡਿੱਗਾ ਕਿ ਡਿੱਗਾ।

ਪਰ ਉਹਨੇ ਚੇਤਨਾ ਦਾ ਲੜ ਉਦੋਂ ਛੱਡਿਆ ਜਦੋਂ ਕਿਸੇ ਨੇ ਉਹਨਾਂ ਨੂੰ ਵੰਗਾਰਿਆ ਤੇ ਉਹ ਸਮਝ ਗਿਆ ਕਿ ਵੰਗਾਰਨ ਵਾਲ਼ੇ ਆਪਣੇ ਹੀ ਸਨ, ਦੁਸ਼ਮਣ ਨਹੀਂ। ਇਹ ਰੂਸੀ ਸਨ।

ਅੰਤਕਾ

....ਸਲਾਮ ਏ, ਦੋਸਤਾ !

ਤੈਨੂੰ ਉੱਥੇ ਕੰਮ ਵਿੱਚੋਂ ਹੀ ਵਿਹਲ ਨਹੀਂ ਤੇ ਅਸੀਂ ਇਸ ਥਾਂ ਮੱਛੀਆਂ ਫੜ ਰਹੇ ਹਾਂ ਜਿੱਥੇ ਬਹੁਤਾ ਮਿੱਟੀ ਘੱਟਾ ਨਹੀਂ। ਇਹ ਠੀਕ ਹੈ, ਮੱਛਰ ਬਹੁਤ ਲੜਦਾ ਹੈ, ਪਰ ਤਾਂ ਵੀ ਇਉਂ ਹੈ ਜਿਵੇਂ ਸਵਰਗਾਂ ਵਿੱਚ ਹੋਈਏ। ਚੱਲ, ਬੁੱਢੂਆ, ਕੁੱਝ ਦਿਨ ਦੀ ਛੁੱਟੀ ਮੰਗ ਤੇ ਸਾਡੇ ਨਾਲ਼ ਚੱਲ। ਇੱਥੇ ਨਾ ਮੋਟਰਾਂ ਕਾਰਾਂ ਤੇ ਨਾ ਬਹੁਤੇ ਬੰਦੇ। ਹਫਤੇ ਵਿੱਚ ਇੱਕ ਵਾਰ ਮੋਟਰਬੋਟ ਰੋਟੀ ਲੈ ਕੇ ਆਉਂਦੀ ਹੈ। ਵਰਨਾ ਹਫਤਾ ਭਰ ਨੰਗ ਧੜੰਗ ਹੀ ਸੈਰ ਸਪਾਟਾ ਕਰਦੇ ਫਿਰੋ। ਸੈਲਾਨੀਆਂ ਦੇ ਸੁੱਖ ਆਰਾਮ ਵਾਸਤੇ ਦੋ ਖੂਬਸੂਰਤ ਝੀਲਾਂ ਬਣੀਆਂ ਹੋਈਆਂ ਹਨ। ਜਿੱਥੇ ਕਿੰਨੇ ਹੀ ਅੱਡੇ ਟਿਕਾਣੇ ਬਣੇ ਹੋਏ ਹਨ ਅਤੇ ਨਦੀ ਹੈ ਜਿਸ ਵਿੱਚ ਅੰਤਾਂ ਦੀ ਗਰੇਲਿੰਗ ਮੱਛੀ ਹੈ ਅਤੇ ਬੇਹਿਸਾਬ ਖੁੰਬਾਂ !...

ਪਰ ਅੱਜ ਮੋਟਰਬੋਟ ਵਿੱਚ ਇੱਕ ਮੋਟਾ ਤਕੜਾ ਧੌਲ-ਦਾੜ੍ਹੀਆ ਬੁੱਢਾ ਆਇਆ ਜਿਸ ਦੀ ਇੱਕੋ ਬਾਂਹ ਸੀ ਉਹਦੇ ਨਾਲ਼ ਸੀ ਰਾਕਟੀ ਸੈਨਾ ਦਾ ਇੱਕ ਕਪਤਾਨ। ਪ੍ਰਬੰਧਕ ਵੀ ਕੈਸਾ ਮਿਲਿਆ ਕਪਤਾਨ ਨੂੰ—ਅਲਬੇਰਟ ਫੇਦੋਤੋਵਿਚ! ਕਦੇ ਸੁਣਿਆਂ ਹੈ ਇਸ ਤਰਾਂ ਦਾ ਨਾਂ ? ਤੇ ਉਹ ਆਪਣੇ ਬੁੱਢੇ ਸਾਥੀ ਨੂੰ ਕਹਿੰਦਾ ਸੀ—"ਪਾ-ਪਾ!" ਉਹ ਕੁੱਝ ਲੱਭ ਰਹੇ ਸਨ,ਪਰ ਮੈਨੂੰ ਪਤਾ ਨਹੀਂ ਕੀ...

...ਕੱਲ੍ਹ ਮੈਂ ਲਿਖਣ ਵਾਸਤੇ ਵਕਤ ਨਾ ਕੱਢ ਸਕਿਆ, ਸੋ ਸਵੇਰੇ ਖਤਮ ਕਰ ਰਿਹਾ ਹਾਂ। ਜਾਪਦਾ ਹੈ ਕਿ ਇਸ ਥਾਂ ਵੀ ਲੜਾਈ ਹੋਈ ਸੀ.... ਇੱਥੇ ਲੜਾਈ ਉਦੋਂ ਹੋਈ ਸੀ ਜਦੋਂ ਸਾਡਾ ਹਾਲੇ ਜਨਮ ਵੀ ਨਹੀਂ ਸੀ ਹੋਇਆ। ਅਲਬੇਰਟ ਫੇਦੋਤਵਿਚ ਤੇ ਉਹਦਾ ਪੁੱਤਰ ਆਪਣੇ ਨਾਲ਼ ਸੰਗਮਰਮਰ ਦੀ ਇੱਕ ਸਿਲ ਲਿਆਏ ਸਨ। ਅਸੀਂ ਇੱਕ ਕਬਰ ਲੱਭੀ— ਇਹ ਨਦੀ ਦੇ ਪਾਰ, ਜੰਗਲ ਵਿੱਚ ਸੀ। ਕਪਤਾਨ ਦੇ ਪਿਓ ਨੇ ਸਿਰਫ ਉਹਨਾਂ ਨਿਸ਼ਾਨੀਆਂ ਤੋਂ ਹੀ ਲੱਭ ਲਈ ਸੀ ਜਿਨ੍ਹਾਂ ਦਾ ਉਹਨੂੰ ਹੀ ਪਤਾ ਸੀ। ਮੈਂ ਚਾਹੁੰਦਾ ਸਾਂ ਕਿ ਸਿੱਲ੍ਹ ਚੁੱਕ ਲਿਜਾਣ ਵਿੱਚ ਉਹਨਾਂ ਦਾ ਹੱਥ ਵਟਾਵਾਂ—ਪਰ ਇੰਞ ਨਾ ਕਰਨਾ ਹੀ ਚੰਗਾ ਜਾਪਿਆ।

ਅਤੇ ਸਰਘੀ ਵੇਲ਼ਾ ਇੱਥੇ ਬੜਾ ਸ਼ਾਂਤ ਤੇ ਸੁਹਾਣਾ ਹੁੰਦਾ ਹੈ, ਇਸ ਗੱਲ ਦਾ ਅਹਿਸਾਸ ਮੈਨੂੰ ਅੱਜ ਹੀ ਹੋਇਆ ਸੀ।

ਦਸਤਕ ਪ੍ਰਕਾਸ਼ਨ